ਬੁੱਧਵਾਰ, 22 ਜੁਲਾਈ, 2026
7 ਸਾਉਣ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 51

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 22 JULY, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਪ੍ਰੋਟੈਸਟ ਮੋਦੀ ਦੇ ਦਰ ਤੱਕ ਅੱਪੜਿਆ

## ਪੁਲਸ ਰਾਹੁਲ ਤੇ ਹੋਰਨਾਂ ਨੂੰ ਚੁੱਕ ਕੇ ਲੈ ਗਈ



**ਨਵੀਂ ਦਿੱਲੀ** (ਨਵਾਂ ਜ਼ਮਾਨਾ ਸਰਵਿਸ)
ਰਾਹੁਲ ਗਾਂਧੀ ਨੇ ਮੰਗਲਵਾਰ ਪ੍ਰਧਾਨ ਮੰਤਰੀ ਦੇ ਸਰਕਾਰੀ ਨਿਵਾਸ 7, ਲੋਕ ਕਲਿਆਣ ਮਾਰਗ ਦੇ ਬਾਹਰ ਆਪਣੀ ਪਾਰਟੀ ਵੱਲੋਂ ਪ੍ਰੋਟੈਸਟ ਦੀ ਅਗਵਾਈ ਕੀਤੀ ਅਤੇ ਸੋਮਵਾਰ ਪ੍ਰਦਰਸ਼ਨਕਾਰੀਆਂ ਵਿਰੁੱਧ ਪੁਲਸ ਕਾਰਵਾਈ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਅਸਤੀਫੇ ਦੀ ਮੰਗ ਕੀਤੀ। ਰਾਹੁਲ ਦੇ ਨਾਲ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ, ਪ੍ਰਿਅੰਕਾ ਗਾਂਧੀ ਵਾਡਰਾ, ਕੇ ਸੀ ਵੇਣੂਗੋਪਾਲ ਤੇ ਪੰਜਾਬ ਦੇ ਸਾਂਸਦ ਵੀ ਸਨ। ਇਹ ਪਹਿਲੀ ਵਾਰ ਹੈ, ਜਦੋਂ ਰਾਹੁਲ ਨੇ ਪ੍ਰਧਾਨ ਮੰਤਰੀ ਦੇ ਘਰ ਦੇ ਬਾਹਰ ਇਸ ਤਰ੍ਹਾਂ ਦੇ ਪ੍ਰੋਟੈਸਟ ਦੀ ਅਗਵਾਈ ਕੀਤੀ।

ਇੱਕ ਨੇਤਾ ਨੇ ਦੱਸਿਆ ਕਿ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਦੇ ਘਰ ਜਾਣ ਦਾ ਫੈਸਲਾ ਇਸ ਲਈ ਕੀਤਾ, ਕਿਉਂਕਿ ਲੋਕ ਸਭਾ ਸਪੀਕਰ ਨੇ ਵਿਰੋਧੀ ਧਿਰ ਨੂੰ ਸੰਸਦ ਵਿੱਚ ਇਸ ਮੁੱਦੇ ਨੂੰ ਚੁੱਕਣ ਦਾ ਮੌਕਾ ਨਹੀਂ ਦਿੱਤਾ। ਰਾਹੁਲ ਨੇ ਸੰਸਦ ਮੈਂਬਰਾਂ ਨੂੰ ਕਿਹਾ, 'ਚਲੋ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਨੂੰ ਜਗਾਈਏ।'

ਰਾਹੁਲ ਨੇ ਕਿਹਾ, 'ਅਸੀਂ ਸਪੀਕਰ ਕੋਲ ਗਏ ਅਤੇ ਕਿਹਾ ਕਿ ਅਸੀਂ ਵਿਦਿਆਰਥੀ ਮੁੱਦੇ 'ਤੇ ਚਰਚਾ ਕਰਨਾ ਚਾਹੁੰਦੇ ਹਾਂ, ਸਪੀਕਰ ਨੇ ਸਾਨੂੰ ਕਿਹਾ ਕਿ ਚਰਚਾ ਲਈ ਉਨ੍ਹਾ ਨੂੰ ਸਰਕਾਰ ਤੋਂ ਪੁੱਛਣਾ ਪਵੇਗਾ। ਕੀ ਤੁਸੀਂ ਸਮਝਦੇ ਹੋ ਕਿ ਇਸ ਦਾ ਕੀ ਅਰਥ ਹੈ? ਸਪੀਕਰ ਸਾਨੂੰ ਦੱਸ ਰਹੇ ਹਨ ਕਿ ਸੰਸਦ ਵਿੱਚ ਬਹਿਸ ਕਰਨ ਲਈ, ਉਨ੍ਹਾ ਨੂੰ ਸਰਕਾਰ ਤੋਂ ਇਜਾਜ਼ਤ ਲੈਣੀ ਪਵੇਗੀ।"

ਸ਼ਾਮ ਨੂੰ ਪੁਲਸ ਰਾਹੁਲ ਗਾਂਧੀ, ਅਖਿਲੇਸ਼ ਯਾਦਵ, ਚਰਨਜੀਤ ਸਿੰਘ ਚੰਨੀ, ਗੁਰਜੀਤ ਸਿੰਘ ਔਜਲਾ ਸਮੇਤ ਹੋਰਨਾਂ ਨੂੰ ਜਬਰਨ ਚੁੱਕ ਕੇ ਲੈ ਗਈ। ਇਸ ਘਟਨਾਕ੍ਰਮ ਤੋਂ ਪਹਿਲਾਂ ਰਾਹੁਲ ਪਾਰਟੀ ਆਗੂਆਂ ਨੂੰ ਨਾਲ ਲੈ ਕੇ ਹਸਪਤਾਲ ਵਿੱਚ ਦਾਖਲ ਅੰਦੋਲਨਕਾਰੀਆਂ ਨੂੰ ਵੀ ਮਿਲੇ।

## ਵਿਦਿਆਰਥੀਆਂ ਨਾਲ ਏਦਾਂ ਦਾ ਸਲੂਕ ਨਾ ਕਰੋ : ਦਿਲਜੀਤ ਦੋਸਾਂਝ

**ਚੰਡੀਗੜ੍ਹ** : ਦਿਲਜੀਤ ਦੋਸਾਂਝ ਨੇ ਜੰਤਰ ਮੰਤਰ ਵਿਖੇ ਪ੍ਰਦਰਸ਼ਨ ਕਰ ਰਹੇ ਨੌਜਵਾਨਾਂ ਦੇ ਹੱਕ 'ਚ ਨਾਅਰਾ ਮਾਰਿਆ ਹੈ। ਜਦੋਂ ਦਿੱਲੀ 'ਚ ਸਾਲ 2020-21 'ਚ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਚੱਲਿਆ ਸੀ ਤਾਂ ਉਸ ਵੇਲੇ ਦਿਲਜੀਤ ਦੁਸਾਂਝ ਕਿਸਾਨਾਂ ਦੀ ਪਿੱਠ 'ਤੇ ਡਟ ਗਏ ਸਨ। ਉਸ ਸਮੇਂ ਉਨ੍ਹਾਂ ਨੂੰ ਦੇਸ਼ ਵਿਰੋਧੀ ਤੱਕ ਆਖਿਆ ਗਿਆ ਸੀ, ਪ੍ਰੰਤੂ ਉਨ੍ਹਾਂ ਅੰਨਦਾਤੇ ਨੂੰ ਪਿੱਠ ਨਹੀਂ ਦਿਖਾਈ ਸੀ। ਦਿਲਜੀਤ ਨੇ ਹੁਣ ਆਪਣੇ ਸੋਸ਼ਲ ਮੀਡੀਆ ਖਾਤੇ 'ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਦਿੱਲੀ 'ਚ ਚੱਲ ਰਹੇ ਵਿਦਿਆਰਥੀ ਅੰਦੋਲਨ ਦੀ ਹਮਾਇਤ ਕੀਤੀ ਹੈ।

ਦਿਲਜੀਤ ਨੇ ਹੁਣ ਵਿਦਿਆਰਥੀਆਂ ਦੀਆਂ ਮੰਗਾਂ ਸੁਣਨ ਬਾਰੇ ਸਰਕਾਰ ਨੂੰ ਅਪੀਲ ਵੀ ਕੀਤੀ ਹੈ। ਲੰਘੇ ਕੱਲ੍ਹ ਵਿਦਿਆਰਥੀਆਂ 'ਤੇ ਦਿੱਲੀ 'ਚ ਹੋਏ ਲਾਠੀਚਾਰਜ ਦੇ ਹਵਾਲੇ ਨਾਲ ਦਿਲਜੀਤ ਦੁਸਾਂਝ ਨੇ ਲਿਖਿਆ ਹੈ ਕਿ, "ਅੱਜ ਜੋ ਹੋਇਆ, ਬਹੁਤ ਮਾੜਾ ਹੋਇਆ। ਸਟੂਡੈਂਟਸ ਨਾਲ ਇੱਦਾਂ ਟਰੀਟ ਨਹੀਂ ਹੋਣਾ ਚਾਹੀਦਾ ਸੀ... ਮੈਂ ਪ੍ਰਸ਼ਾਸਨ ਨੂੰ ਬੇਨਤੀ ਕਰਦਾ ਹਾਂ ਕਿ ਸਟੂਡੈਂਟਸ ਦੀਆਂ ਡਿਮਾਂਡਜ਼ ਨੂੰ ਸੁਣ ਲਿਆ ਜਾਵੇ, ਲੋਕਾਂ ਦੀ ਆਵਾਜ਼ ਰੱਬ ਦੀ ਆਵਾਜ਼ ਹੁੰਦੀ ਆ।"

## ਦਿੱਲੀ ਤਸ਼ੱਦਦ ਖਿਲਾਫ ਧਾਲੀਵਾਲ ਵੱਲੋਂ ਪੰਜਾਬ ਭਰ 'ਚ ਪ੍ਰੋਟੈਸਟ ਦਾ ਸੱਦਾ



**ਚੰਡੀਗੜ੍ਹ** (ਨ ਜ਼ ਸ)-ਸੀ ਪੀ ਆਈ ਪੰਜਾਬ ਦੇ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਕਾਕਰੋਚ ਜਨਤਾ ਪਾਰਟੀ ਦੀ ਅਗਵਾਈ ਵਿਚ ਜੰਤਰ-ਮੰਤਰ ਦਿੱਲੀ ਤੋਂ ਲੱਖਾਂ ਦੀ ਗਿਣਤੀ ਵਿਚ ਨੌਜਵਾਨ ਮੁਜ਼ਾਹਰਾਕਾਰੀਆਂ ਵੱਲੋਂ ਸੰਸਦ ਚਲੋ ਮਾਰਚ ਦੇ ਦਿੱਤੇ ਸੱਦੇ 'ਤੇ ਜਦੋਂ ਨੌਜਵਾਨ ਸੰਸਦ ਵੱਲ ਵਧ ਰਹੇ ਸਨ ਤਾਂ ਮੋਦੀ ਸਰਕਾਰ ਦੀ ਤੈਅਸ਼ੁਦਾ ਨੀਤੀ ਮੁਤਾਬਕ ਹਰ ਤਰ੍ਹਾਂ ਦੇ ਵਿਰੋਧ ਨੂੰ ਕੁਚਲਣ ਅਤੇ ਤਸ਼ੱਦਦ ਢਾਹੁਣ ਦੀ ਕਾਰਵਾਈ ਕਰਦਿਆਂ ਪੁਲਸ ਅਤੇ ਸੁਰੱਖਿਆ ਫੋਰਸਾਂ ਵੱਲੋਂ ਮੁਜ਼ਾਹਰਾਕਾਰੀਆਂ 'ਤੇ ਲਾਠੀਚਾਰਜ ਕੀਤਾ ਗਿਆ ਅਤੇ ਗੈਸ ਦੇ ਗੋਲੇ ਦਾਗੇ ਗਏ, ਜਿਸ ਨਾਲ ਕਈ ਦਰਜਨਾਂ ਨੌਜਵਾਨ ਅਤੇ ਵਿਦਿਆਰਥੀ ਬੁਰੀ ਤਰ੍ਹਾਂ ਜ਼ਖਮੀ ਕਰ ਦਿਤੇ ਗਏ। ਇਸ ਤਰ੍ਹਾਂ ਦੇ ਘਿਨਾਉਣੇ ਕਾਰਨਾਮੇ ਦੀ ਪੰਜਾਬ ਸੀ ਪੀ ਆਈ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ ਅਤੇ ਸੀ ਪੀ ਆਈ ਵੱਲੋਂ ਪਾਰਟੀ ਦੇ ਸਾਰੇ ਜ਼ਿਲਿਆਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਇਨਸਾਫਪਸੰਦ ਅਤੇ ਜ਼ੁਲਮ ਵਿਰੁੱਧ ਲੜਨ ਵਾਲੇ ਲੋਕਾਂ ਨੂੰ ਨਾਲ ਲੈ ਕੇ ਸਾਰੇ ਪੰਜਾਬ ਵਿਚ ਵਿਰੋਧ ਪ੍ਰਦਰਸ਼ਨ ਕੀਤੇ ਜਾਣ ਅਤੇ ਸੰਘਰਸ਼ਸ਼ੀਲ ਨੌਜਵਾਨਾਂ ਤੇ ਵਿਦਿਆਰਥੀਆਂ ਨਾਲ ਇਕਜੁਟਤਾ ਦਾ ਪ੍ਰਗਟਾਵਾ ਕਰਦੇ ਹੋਏ ਪੰਜਾਬ ਦੀ ਜਨਤਾ ਸਾਹਮਣੇ ਮੋਦੀ ਸਰਕਾਰ ਦੇ ਦੁਰਪ੍ਰਬੰਧ ਅਤੇ ਤਾਨਾਸ਼ਾਹੀ ਦੇ ਕਾਲੇ ਕਾਰਨਾਮੇ ਦੱਸੇ ਜਾਣ ਕਿ 150 ਤੋਂ ਵੱਧ ਪੇਪਰ ਲੀਕ ਹੋਣ ਦੇ ਬਾਵਜੂਦ ਇਹ ਸਰਕਾਰ ਚੁੱਪ ਵੱਟ ਕੇ 7 ਕਰੋੜ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਹੁੰਦਾ ਵੇਖ ਕੇ ਜ਼ਰਾ ਵੀ ਸ਼ਰਮ ਮਹਿਸੂਸ ਨਹੀਂ ਕਰ ਰਹੀ। ਛੇ ਦਰਜਨ ਤੋਂ ਵੱਧ ਬੱਚੇ ਨੀਟ ਦਾ ਪੇਪਰ ਲੀਕ ਹੋਣ ਤੋਂ ਦੁਖੀ ਹੋ ਕੇ ਖੁਦਕਸ਼ੀਆਂ ਕਰ ਗਏ, ਪਰ ਸਰਕਾਰ ਅਜਿਹੀਆਂ ਹਿਰਦੇਵੇਦਕ ਘਟਨਾਵਾਂ ਨੂੰ ਵੀ ਮੂਕ ਦਰਸ਼ਕ ਬਣ ਕੇ ਵੇਖ ਰਹੀ ਹੈ। ਫਿਰ ਵੀ ਆਪਣੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਮੰਤਰੀ ਮੰਡਲ ਵਿਚੋਂ ਬਾਹਰ ਨਹੀਂ ਕਰ ਰਹੀ। ਪ੍ਰਧਾਨ ਮੰਤਰੀ ਦਾ ਇਸ ਸਾਰੇ ਘਟਨਾਕ੍ਰਮ 'ਤੇ ਚੁੱਪ ਰਹਿਣਾ ਕਿਹੜੀ

• ਬਾਕੀ ਸਫਾ 2 'ਤੇ

## ਰਾਸ਼ਨ ਕਾਰਡ ਸਕੀਮ 'ਚ 10 ਲੱਖ ਨਵੇਂ ਲੋਕ ਹੋਣਗੇ ਸ਼ਾਮਲ : ਮਾਨ

### ਮਾਨਸੂਨ ਅਜਲਾਸ 3 ਤੋਂ 10 ਅਗਸਤ ਤੱਕ



**ਚੰਡੀਗੜ੍ਹ** (ਗੁਰਜੀਤ ਬਿੱਲਾ)
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੈਬਨਿਟ ਮੀਟਿੰਗ ਤੋਂ ਬਾਅਦ ਇਕ ਵੱਡਾ ਐਲਾਨ ਕਰਦਿਆਂ ਕਿਹਾ ਕਿ ਰਾਸ਼ਨ ਕਾਰਡ ਸਕੀਮ ਵਿਚ ਲਗਭਗ 10 ਲੱਖ ਨਵੇਂ ਲੋਕਾਂ ਨੂੰ ਸ਼ਾਮਿਲ ਕੀਤਾ ਜਾਵੇਗਾ। 'ਕੋਈ ਨਕਦੀ ਨਹੀਂ, ਕੋਈ ਮੰਗ ਨਹੀਂ' ਦੇ ਸਿਧਾਂਤ 'ਤੇ ਆਧਾਰਤ ਇਕ ਪੂਰੀ ਤਰ੍ਹਾਂ ਡਿਜੀਟਲ ਅਤੇ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਰਾਸ਼ਨ ਕਾਰਡ ਜਾਰੀ ਕੀਤੇ ਜਾਣਗੇ। ਇਸ ਪ੍ਰਕ੍ਰਿਆ ਤਹਿਤ ਲੋੜਵੰਦ ਪਰਵਾਰਾਂ, ਬਜ਼ੁਰਗਾਂ, ਵਿਧਵਾਵਾਂ ਅਤੇ ਅਪਾਹਜਾਂ ਦੇ ਨਾਲ-ਨਾਲ ਕਮਜ਼ੋਰ ਸਮੂਹਾਂ ਨੂੰ ਤਰਜੀਹ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦਾ ਮਾਨਸੂਨ ਸੈਸ਼ਨ 3 ਅਗਸਤ ਤੋਂ 10 ਅਗਸਤ ਤੱਕ ਹੋਵੇਗਾ। ਪੰਜਾਬ ਸਰਕਾਰ ਵੱਲੋਂ ਮਾਨਸੂਨ ਸੈਸ਼ਨ ਵਿੱਚ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2026' ਵਿੱਚ ਸੋਧ ਕੀਤੀ ਜਾ ਸਕਦੀ ਹੈ। ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪੰਜਾਬ ਸਰਕਾਰ ਨੂੰ ਜਿਹੜੇ ਸੁਝਾਅ ਦਿੱਤੇ ਸਨ, ਉਸ ਬਾਰੇ ਐਡਵੋਕੇਟ ਜਨਰਲ ਨਾਲ ਸਲਾਹ ਕੀਤੀ ਜਾਵੇਗੀ। ਐਡਵੋਕੇਟ ਜਨਰਲ ਨਾਲ ਸਲਾਹ ਤੋਂ ਬਾਅਦ ਹੀ ਸੋਧ ਕੀਤੀ ਜਾਵੇਗੀ।

## ਕੈਨੇਡਾ 'ਚ ਪਾਵਰ ਟੂਲ ਚੋਰੀ ਕਰਨ ਦੇ ਦੋਸ਼ 'ਚ 4 ਪੰਜਾਬੀ ਗ੍ਰਿਫ਼ਤਾਰ



**ਵਿੰਨੀਪੈੱਗ** : ਕੈਨੇਡਾ ਦੇ ਸ਼ਹਿਰ ਟੋਰਾਂਟੋ ਨੇੜੇ ਮਾਰਖਮ ਵਿੱਚ ਇੱਕ ਰਿਟੇਲ ਸਟੋਰ ਤੋਂ ਮਹਿੰਗੇ ਬਿਜਲੀ ਦੇ ਸੰਦ ਚੋਰੀ ਕਰਨ ਦੇ ਦੋਸ਼ ਹੇਠ ਯੌਰਕ ਰਿਜਨਲ ਪੁਲਸ ਨੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦ ਕਿ ਇੱਕ ਹੋਰ ਮੁਲਜ਼ਮ ਦੀ ਭਾਲ ਜਾਰੀ ਹੈ। ਪੁਲਸ ਅਨੁਸਾਰ ਇਹ ਘਟਨਾ ਐਤਵਾਰ 19 ਜੁਲਾਈ ਨੂੰ ਸ਼ਾਮ ਕਰੀਬ 7:45 ਵਜੇ ਫੇਅਰਬਰਨ ਡਰਾਈਵ ਅਤੇ ਹਾਈਵੇਅ 7 ਨੇੜੇ ਸਥਿਤ ਇੱਕ ਰਿਟੇਲ ਸਟੋਰ ਵਿੱਚ ਵਾਪਰੀ। ਸਟੋਰ ਦੇ ਅਮਲੇ ਨੇ ਪੰਜ ਵਿਅਕਤੀਆਂ ਨੂੰ ਮਹਿੰਗੇ ਪਾਵਰ ਟੂਲ ਚੋਰੀ ਕਰਦਿਆਂ ਦੇਖਿਆ। ਸੁਰੱਖਿਆ ਕਰਮਚਾਰੀਆਂ ਨੇ ਦੱਸਿਆ ਕਿ ਇਹ ਵਿਅਕਤੀ ਪਹਿਲਾਂ ਹੋਈਆਂ ਚੋਰੀਆਂ ਦੇ ਮਾਮਲਿਆਂ ਨਾਲ ਵੀ ਜੁੜੇ ਹੋਏ ਸਨ। ਨਿਗਰਾਨੀ ਦੌਰਾਨ ਪਤਾ ਲੱਗਿਆ ਕਿ ਉਹ ਬਿਨਾਂ ਭੁਗਤਾਨ ਕੀਤੇ ਸਾਮਾਨ ਲੈ ਕੇ ਸਟੋਰ ਤੋਂ ਬਾਹਰ ਨਿਕਲ ਗਏ। ਸਟੋਰ ਕਰਮਚਾਰੀਆਂ ਨੇ ਬਾਹਰ ਜਾ ਕੇ ਦੇਖਿਆ ਕਿ ਮੁਲਜ਼ਮ ਚੋਰੀ ਕੀਤਾ ਸਮਾਨ ਇੱਕ ਵਾਹਨ ਵਿੱਚ ਰੱਖ ਰਹੇ ਸਨ, ਜਿਸ ਤੋਂ ਬਾਅਦ ਪੁਲਸ ਨੂੰ ਸੂਚਨਾ ਦਿੱਤੀ ਗਈ। ਪੁਲਸ ਅਧਿਕਾਰੀਆਂ ਨੇ ਪਿੱਛਾ ਕਰਕੇ ਚਾਰ ਨੂੰ ਕਾਬੂ ਕਰ ਲਿਆ, ਜਦੋਂ ਕਿ ਪੰਜਵਾਂ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਿਆ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚ ਮੋਹਿਤ ਸ਼ਰਮਾ (36), ਜਿਸ ਦਾ ਕੋਈ ਪੱਕਾ ਪਤਾ ਦਰਜ ਨਹੀਂ, ਮਨਪ੍ਰੀਤ ਸਿੰਘ (30), ਬਰੈਂਪਟਨ, ਵਿਸ਼ਵਜੀਤ ਸਿੰਘ (22) ਮਿਸੀਸਾਗਾ ਅਤੇ ਸੁਖਜਿੰਦਰ ਰੱਖੜਾ (43) ਕਿਚਨਰ ਸ਼ਾਮਲ ਹਨ।

## ਸਰਕਾਰ ਵਧਦੇ ਗੁੱਸੇ ਨੂੰ ਅਣਡਿੱਠ ਨਹੀਂ ਕਰ ਸਕਦੀ : ਅਮਰਜੀਤ ਕੌਰ



**ਲੁਧਿਆਣਾ** (ਐੱਮ ਐੱਸ ਭਾਟੀਆ)-ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਸੰਸਦ ਮਾਰਚ ਦੇ ਸੱਦੇ ਨੂੰ ਮਿਲੀ ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਸ਼ਾਨਦਾਰ ਪ੍ਰਤੀਕਿਰਿਆ ਦਾ ਸਵਾਗਤ ਕੀਤਾ ਹੈ। ਜੰਤਰ-ਮੰਤਰ, ਸੰਸਦ ਮਾਰਗ, ਟਾਲਸਟਾਏ ਮਾਰਗ ਅਤੇ ਆਲੇ-ਦੁਆਲੇ ਦੀਆਂ ਸੜਕਾਂ 'ਤੇ ਇੱਕ ਲੱਖ ਤੋਂ ਵੱਧ ਲੋਕਾਂ ਦੇ ਇਕੱਠੇ ਹੋਣ 'ਤੇ ਏਟਕ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ। ਇਹ ਸੱਦਾ ਏ ਆਈ ਐੱਸ ਐੱਫ ਅਤੇ ਹੋਰ ਸੰਘਰਸ਼ਸ਼ੀਲ ਵਿਦਿਆਰਥੀ-ਨੌਜਵਾਨ ਸੰਗਠਨਾਂ ਵੱਲੋਂ ਪਿਛਲੇ ਇੱਕ ਮਹੀਨੇ ਤੋਂ ਜੰਤਰ-ਮੰਤਰ ਤੇ ਚੱਲ ਰਹੇ ਸੰਘਰਸ਼ ਦੇ ਤਹਿਤ ਦਿੱਤਾ ਗਿਆ ਸੀ। ਮਾਰਚ ਵਿੱਚ ਸ਼ਾਮਲ ਹੋਣ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਪਹੁੰਚੇ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਸੀ। ਉਹ ਖ਼ਰਾਬ ਸਿੱਖਿਆ ਪ੍ਰਣਾਲੀ, ਵੱਖ-ਵੱਖ ਕੋਰਸਾਂ ਵਿੱਚ ਦਾਖ਼ਲਿਆਂ ਅਤੇ ਸਰਕਾਰੀ ਨੌਕਰੀਆਂ ਦੀਆਂ ਭਰਤੀਆਂ ਵਿੱਚ ਪ੍ਰੀਖਿਆ ਪ੍ਰਣਾਲੀ ਅੰਦਰ ਫੈਲੇ ਡੂੰਘੇ ਭ੍ਰਿਸ਼ਟਾਚਾਰ ਦੇ ਵਿਰੁੱਧ ਇਕਜੁੱਟ ਹੋਏ ਸਨ। ਬੇਰੁਜ਼ਗਾਰੀ ਬੇਹੱਦ ਗੰਭੀਰ ਪੱਧਰ ਤੇ

• ਬਾਕੀ ਸਫਾ 2 'ਤੇ

### ਭਾਜਪਾਈ ਨੂੰਹਾਂ !



**ਪਣਜੀ** : ਭਾਜਪਾ ਦੇ ਸਾਬਕਾ ਸੰਸਦ ਮੈਂਬਰ ਨਰਿੰਦਰ ਸਵਾਈਕਰ ਦੀ ਕਾਕਰੋਚ ਜਨਤਾ ਪਾਰਟੀ ਦੇ ਵਿਰੋਧ ਵਿੱਚ ਸੋਸ਼ਲ ਮੀਡੀਆ ਪੋਸਟ ਨੇ ਵਿਵਾਦ ਛੇੜ ਦਿੱਤਾ ਹੈ। ਭਾਜਪਾ ਦੇ ਗੋਆ ਦੇ ਉਪ ਪ੍ਰਧਾਨ ਸਵਾਈਕਰ ਨੇ ਪੋਸਟ ਵਿੱਚ ਕਾਕਰੋਚਾਂ ਅਤੇ ਸਿਓਂਕ ਨਾਲ ਭਰੇ ਭਾਰਤ ਦਾ ਨਕਸ਼ਾ ਦਿਖਾ ਕੇ ਲਿਖਿਆ ਹੈ—ਕਾਕਰੋਚ ਸਿਓਂਕ ਦੇ ਨਾਲ! ਦੇਸ਼ ਨੂੰ ਬਚਾਓ! ਗੋਆ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਸੁਨੀਲ ਕਵਥੰਕਰ ਨੇ ਕਿਹਾ ਕਿ ਭਾਜਪਾ ਨੇਤਾ ਨੂੰ 24 ਘੰਟਿਆਂ ਦੇ ਅੰਦਰ ਇਸ ਪੋਸਟ ਲਈ ਮੁਆਫੀ ਮੰਗਣੀ ਚਾਹੀਦੀ ਹੈ। ਭਾਜਪਾ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਨੂੰ ਰਾਸ਼ਟਰ ਵਿਰੋਧੀ ਜਾਂ ਅੱਤਵਾਦੀ ਕਹਿਣਾ ਬੰਦ ਕਰਨਾ ਚਾਹੀਦਾ ਹੈ। 'ਆਪ' ਵਿਧਾਇਕ ਕਰੂਜ਼ ਸਿਲਵਾ ਨੇ ਸਵਾਈਕਰ ਦੀ ਟਿੱਪਣੀ ਨੂੰ ਸ਼ਰਮਨਾਕ ਦੱਸਿਆ ਹੈ।

## ਤਸ਼ੱਦਦ ਦੌਰਾਨ ਕਈ ਭਾਈ ਘਨੱਈਏ ਨਜ਼ਰ ਆਏ



ਨਿੱਸਲ ਪੁਲਸ ਅਧਿਕਾਰੀ, ਡਿਲਿਵਰੀਮੈਨ ਤੇ ਆਟੋ ਡਰਾਈਵਰ

**ਨਵੀਂ ਦਿੱਲੀ** (ਨ ਜ਼ ਸ)
ਵਿਦਿਆਰਥੀਆਂ, ਨੌਜਵਾਨਾਂ ਤੇ ਆਮ ਲੋਕਾਂ ਦੇ ਸੋਮਵਾਰ ਦੇ ਸੰਸਦ ਵੱਲ ਮਾਰਚ ਵੇਲੇ ਮਨੁੱਖਤਾ ਦੇ ਦਿਲਟੁੰਬਵੇਂ ਨਜ਼ਾਰੇ ਵੀ ਦੇਖਣ ਨੂੰ ਮਿਲੇ। ਸਵੇਰੇ 3 ਵਜੇ, ਜਦੋਂ ਦਿੱਲੀ ਦਾ ਜ਼ਿਆਦਾਤਰ ਹਿੱਸਾ ਸੁੱਤਾ ਪਿਆ ਸੀ, ਇੱਕ ਭੋਜਨ ਡਿਲੀਵਰੀਮੈਨ ਜੰਤਰ-ਮੰਤਰ 'ਤੇ ਪ੍ਰਦਰਸ਼ਨਕਾਰੀਆਂ ਲਈ ਪੈਕੇਟ ਲੈ ਕੇ ਆਇਆ, ਜੋ ਰਾਤ ਭਰ ਉੱਥੇ ਡੇਰਾ ਲਾ ਕੇ ਬੈਠੇ ਸਨ। ਆਰਡਰ ਮੁੰਬਈ ਦੇ ਅਨੁਜ ਰਾਵਤ ਨੇ ਦਿੱਤਾ ਸੀ ਅਤੇ ਇਸ ਦਾ ਭੁਗਤਾਨ ਕੀਤਾ ਗਿਆ। ਰਾਵਤ ਨੇ ਡਿਲੀਵਰੀਮੈਨ ਨੂੰ ਉਨ੍ਹਾਂ ਪ੍ਰਦਰਸ਼ਨਕਾਰੀਆਂ ਵਿੱਚ ਮੁਫਤ ਭੋਜਨ ਵੰਡਣ ਲਈ ਕਿਹਾ, ਜਿਨ੍ਹਾਂ ਨੂੰ ਸਖਤ ਲੋੜ ਸੀ। ਇਸ ਦੀ ਵਾਇਰਲ ਵੀਡੀਓ ਦੇ ਹੇਠਾਂ ਪੋਸਟ ਪਈ ਮਿਲੀ, 'ਇਹ ਉਹ ਭਾਰਤ ਹੈ, ਜਿਸ ਨੂੰ ਅਸੀਂ ਗੁਆਉਣ ਤੋਂ ਇਨਕਾਰ ਕਰਦੇ ਹਾਂ। ਮੀਲਾਂ ਦੂਰ ਬੈਠੇ ਲੋਕ ਜ਼ੋਮੈਟੋ ਅਤੇ ਸਵਿਗੀ ਰਾਹੀਂ ਖਾਣਾ ਆਰਡਰ ਕਰ ਰਹੇ ਹਨ, ਡਿਲੀਵਰੀ ਪਾਰਟਨਰਾਂ ਨੂੰ ਜੰਤਰ-ਮੰਤਰ 'ਤੇ ਭੁੱਖੇ ਪ੍ਰਦਰਸ਼ਨਕਾਰੀਆਂ ਨੂੰ ਖਾਣਾ ਖੁਆਉਣ ਲਈ ਕਹਿ ਰਹੇ ਹਨ। ਇਹੀ ਭਾਰਤ ਦਾ ਵਿਚਾਰ ਹੈ।'

ਇਹ ਦਿੱਲੀ ਵਿੱਚ ਪ੍ਰਦਰਸ਼ਨ ਦੌਰਾਨ ਸਾਹਮਣੇ ਆਏ ਕਈ ਛੋਟੇ-ਮੋਟੇ ਦਿਆਲਤਾ ਦੇ ਕੰਮਾਂ ਵਿੱਚੋਂ ਇੱਕ ਸੀ, ਜਿੱਥੇ ਪੁਲਸ ਦੇ ਤਸ਼ੱਦਦ ਨਾਲ ਕਈ ਲੋਕ ਜ਼ਖਮੀ ਹੋਏ। ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦੇ ਕੇ ਪੰਜ ਸਟੇਸ਼ਨ ਬੰਦ ਕਰ ਦਿੱਤੇ ਸਨ, ਜਿਸ ਕਰਕੇ ਪ੍ਰਦਰਸ਼ਨਕਾਰੀਆਂ ਲਈ ਕੇਂਦਰੀ ਦਿੱਲੀ ਵਿੱਚ ਦਾਖਲ ਹੋਣਾ ਅਤੇ ਬਾਹਰ ਨਿਕਲਣਾ ਮੁਸ਼ਕਲ ਹੋ ਗਿਆ। ਬਿਨਾਂ ਪੈਸੇ ਲਏ ਸਵਾਰੀਆਂ ਢੋਹਣ ਵਾਲਾ ਆਟੋ ਚਾਲਕ

• ਬਾਕੀ ਸਫਾ 2 'ਤੇ

## ਕਿਸਾਨਾਂ ਨਾਲ ਵੈਰ ਜਾਰੀ, ਦਿੱਲੀ ਜਾਂਦੇ ਸ਼ੰਭੂ ਬਾਰਡਰ 'ਤੇ ਰੋਕੇ



**ਪਟਿਆਲਾ** (ਰਜਿੰਦਰ ਥਿੰਦ)
'ਦੇਸ਼ ਬਚਾਓ ਮੋਰਚਾ' ਵੱਲੋਂ ਭਾਰਤ-ਅਮਰੀਕਾ ਵਪਾਰ ਸਮਝੌਤੇ ਖ਼ਿਲਾਫ਼ ਮੰਗਲਵਾਰ ਨੂੰ ਦਿੱਲੀ ਸਥਿਤ ਕਿਸਾਨ ਘਾਟ ਉੱਤੇ ਹੋਣ ਵਾਲੀ ਮਹਾਂਰੈਲੀ 'ਚ ਹਿੱਸਾ ਲੈਣ ਜਾ ਰਹੇ ਪੰਜਾਬ ਦੇ ਕਿਸਾਨਾਂ ਨੂੰ ਸ਼ੰਭੂ ਬਾਰਡਰ ਉੱਤੇ ਵੱਡੀਆਂ-ਵੱਡੀਆਂ ਰੋਕਾਂ ਲਗਾ ਕੇ ਰੋਕ ਲਿਆ ਗਿਆ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਅਤੇ ਹੋਰਨਾਂ ਆਗੂਆਂ ਦੀ ਅਗਵਾਈ ਹੇਠ ਪੰਜਾਬ ਵਿੱਚੋਂ ਵੱਖ-ਵੱਖ ਥਾਵਾਂ ਤੋਂ ਕਿਸਾਨਾਂ ਨੇ ਦਿੱਲੀ ਲਈ ਚਾਲੇ ਪਾਏ ਸਨ। ਇਸ ਮੌਕੇ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਹਰਿਆਣਾ ਦੇ ਖੇਤੀ ਮੰਤਰੀ ਪਹੁੰਚੇ। ਪੰਧੇਰ ਨੇ ਦੱਸਿਆ ਕਿ ਮੰਤਰੀ ਨੇ ਉਨ੍ਹਾਂ ਤੋਂ ਮੰਗ ਪੱਤਰ ਲਿਆ, ਜਿਹੜਾ ਕਿ ਉਹ ਪ੍ਰਧਾਨ ਮੰਤਰੀ ਤੱਕ ਪਹੁੰਚਾਉਣਗੇ। ਇਹ ਵੀ ਸਹਿਮਤੀ ਹੋਈ ਕਿ ਹਿਰਾਸਤ ਵਿੱਚ ਲਏ ਕਿਸਾਨਾਂ ਨੂੰ ਛੱਡ ਦਿੱਤਾ ਜਾਵੇਗਾ। ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੂੰ ਉਨ੍ਹਾਂ ਦੇ ਸਮਰਥਕਾਂ ਸਮੇਤ ਕੁਰੂਕਸ਼ੇਤਰ ਦੇ ਪਿਹੋਵਾ ਤੋਂ ਉਸ ਵੇਲੇ ਹਿਰਾਸਤ ਵਿੱਚ ਲੈ ਲਿਆ ਗਿਆ, ਜਦੋਂ ਉਹ ਦਿੱਲੀ ਵੱਲ ਕੂਚ ਕਰ ਰਹੇ ਸਨ। ਪਿਹੋਵਾ ਤੋਂ ਬੱਸ ਰਾਹੀਂ ਰਵਾਨਾ ਹੋਏ ਕਿਸਾਨਾਂ ਨੂੰ ਕੁਰੂਕਸ਼ੇਤਰ ਪੁਲਸ ਨੇ ਮੰਗਲਵਾਰ ਸਵੇਰੇ

• ਬਾਕੀ ਸਫਾ 2 'ਤੇ

### ਬਰਗਰ ਮਹਿੰਗਾ ਪਿਆ



**ਨਵੀਂ ਦਿੱਲੀ** : ਕਾਕਰੋਚ ਜਨਤਾ ਪਾਰਟੀ ਨੇ ਸੋਮਵਾਰ ਪ੍ਰੋਟੈਸਟ ਦੌਰਾਨ ਅਸੰਵੇਦਨਸ਼ੀਲ ਵਿਹਾਰ ਕਰਨ ਕਰਕੇ ਵਿਜੇਤਾ ਦਹੀਆ ਨੂੰ ਆਪਣੇ ਬੁਲਾਰੇ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਵੀਡੀਓਜ਼ ਵਿੱਚ ਦਹੀਆ ਨੂੰ ਬਰਗਰ ਖਾਂਦੇ ਦਿਖਾਇਆ ਗਿਆ, ਜਦੋਂ ਕਿ ਪ੍ਰਦਰਸ਼ਨਕਾਰੀ ਸੰਸਦ ਵੱਲ ਮਾਰਚ ਕਰਦਿਆਂ ਪੁਲਸ ਦੇ ਡੰਡੇ ਖਾ ਰਹੇ ਸਨ। ਦਹੀਆ ਨੇ ਕਿਹਾ ਕਿ ਲੋਕਾਂ ਨੂੰ ਇਹ ਨਹੀਂ ਦਿਸਿਆ ਕਿ ਹੋਰਨਾਂ ਵਾਂਗ ਉਹ ਦੋ ਰਾਤਾਂ ਤੋਂ ਸੁੱਤਾ ਨਹੀਂ ਸੀ। ਉਸ ਨੂੰ ਬਹੁਤ ਭੁੱਖ ਲੱਗੀ ਹੋਈ ਸੀ। ਪ੍ਰਦਰਸ਼ਨਕਾਰੀਆਂ ਨੂੰ ਅੰਦੋਲਨ ਦੌਰਾਨ ਖਾਣ ਲਈ ਬ੍ਰੇਕ ਲੈਣ ਲਈ ਦੋਸ਼ੀ ਨਹੀਂ ਠਹਿਰਾਇਆ ਜਾਣਾ ਚਾਹੀਦਾ।

## ਮੋਦੀ ਨੇ ਡਾਇਰ ਨੂੰ ਪਿੱਛੇ ਛੱਡ'ਤਾ : ਕੇਜਰੀਵਾਲ



**ਨਵੀਂ ਦਿੱਲੀ** (ਨ ਜ਼ ਸ)-ਸੋਮਵਾਰ ਨੂੰ ਜੰਤਰ-ਮੰਤਰ 'ਤੇ ਸ਼ਾਂਤੀਪੂਰਨ ਪ੍ਰਦਰਸ਼ਨ ਦੇ ਬਾਵਜੂਦ ਲਾਠੀਚਾਰਜ ਤੋਂ ਬਾਅਦ ਝੂਠੇ ਮੁਕੱਦਮੇ ਦਰਜ ਕਰਕੇ ਨੌਜਵਾਨਾਂ ਨੂੰ ਪਰੇਸ਼ਾਨ ਕਰਨ ਦੀਆਂ ਹੋ ਰਹੀਆਂ ਕੋਸ਼ਿਸ਼ਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਨ੍ਹਾਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਕਾਨੂੰਨੀ ਤੇ ਮੈਡੀਕਲ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਹੈ। ਉਨ੍ਹਾ ਕਿਹਾ ਕਿ ਮੋਦੀ ਸਰਕਾਰ ਦੀ ਬਰਬਰਤਾ ਦੇ ਸ਼ਿਕਾਰ ਵਿਦਿਆਰਥੀਆਂ ਨਾਲ ਆਮ ਆਦਮੀ ਪਾਰਟੀ ਖੜ੍ਹੀ ਹੈ। ਮੋਦੀ ਜੀ ਨੇ ਤਾਂ ਅੰਗਰੇਜ਼ਾਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਅੰਗਰੇਜ਼ਾਂ ਨੇ ਵੀ ਸ਼ਾਇਦ ਕਦੇ ਆਜ਼ਾਦੀ ਘੁਲਾਟੀਆਂ 'ਤੇ ਇਸ ਤਰ੍ਹਾਂ ਲਾਠੀਚਾਰਜ ਜਾਂ ਹਮਲਾ ਨਹੀਂ ਕੀਤਾ ਹੋਵੇਗਾ, ਜਿਸ ਤਰ੍ਹਾਂ ਮੋਦੀ ਸਰਕਾਰ ਨੇ ਸੋਮਵਾਰ ਨੂੰ ਆਪਣੇ ਹੀ ਦੇਸ਼ ਦੇ ਬੱਚਿਆਂ 'ਤੇ ਕੀਤਾ ਹੈ।

ਕੇਜਰੀਵਾਲ ਨੇ ਕਿਹਾ ਕਿ ਬੱਚਿਆਂ 'ਤੇ ਕਈ ਝੂਠੀਆਂ ਐੱਫ ਆਈ ਆਰ ਦਰਜ ਕੀਤੀਆਂ ਗਈਆਂ ਹਨ। ਮੈਂ ਸੋਸ਼ਲ ਮੀਡੀਆ 'ਤੇ ਦੇਖਿਆ ਕਿ ਕਈ ਮਾਪੇ ਲਿਖ ਰਹੇ ਹਨ ਕਿ ਉਨ੍ਹਾਂ ਦੇ ਬੱਚੇ ਗਾਇਬ ਹਨ ਅਤੇ ਮਿਲ ਨਹੀਂ ਰਹੇ। ਸ਼ਾਇਦ ਪੁਲਸ ਉਨ੍ਹਾਂ ਨੂੰ ਚੁੱਕ ਕੇ ਕਿਸੇ ਜੇਲ੍ਹ ਜਾਂ ਅਣਪਛਾਤੀ ਜਗ੍ਹਾ ਲੈ ਗਈ ਹੈ ਅਤੇ ਕੋਈ ਕੁਝ ਦੱਸਣ ਵਾਲਾ ਨਹੀਂ ਹੈ। ਇਸ ਤਰ੍ਹਾਂ ਦੀ ਕਰੂਰਤਾ ਅੱਜ ਤੱਕ ਕਦੇ ਨਹੀਂ ਦੇਖੀ ਗਈ। ਅਜਿਹਾ ਲੱਗਦਾ ਹੈ ਕਿ ਮੋਦੀ ਜੀ ਨੇ ਜਲ੍ਹਿਆਂਵਾਲੇ ਬਾਗ ਦੇ ਜਨਰਲ

• ਬਾਕੀ ਸਫਾ 2 'ਤੇ

## ਭਾਜਪਾ ਸਰਕਾਰ ਜ਼ੁਲਮ ਕਮਾ ਰਹੀ : ਬਲਤੇਜ ਪੰਨੂ



**ਚੰਡੀਗੜ੍ਹ** (ਗੁਰਜੀਤ ਬਿੱਲਾ)-ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਇਸ ਨੇ ਦੇਸ਼ ਦੇ ਨੌਜਵਾਨਾਂ ਅਤੇ ਕਿਸਾਨਾਂ ਨੂੰ ਪੂਰੀ ਤਰ੍ਹਾਂ ਤਿਆਗ ਦਿੱਤਾ ਹੈ ਅਤੇ ਗੱਲਬਾਤ ਦੀ ਬਜਾਏ ਜ਼ੁਲਮ ਦਾ ਸਹਾਰਾ ਲਿਆ ਹੈ। ਉਨ੍ਹਾ ਕਿਹਾ ਕਿ ਇਹ ਬਹੁਤ ਮਾੜੀ ਗੱਲ ਹੈ ਕਿ ਅੱਜ ਦੇਸ਼ ਦਾ ਜਵਾਨ ਅਤੇ ਕਿਸਾਨ ਦੋਵੇਂ ਸੜਕਾਂ 'ਤੇ ਹਨ, ਪਰ ਮੋਦੀ ਸਰਕਾਰ ਨੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਅਣਡਿੱਠ ਕਰ ਦਿੱਤਾ ਹੈ। ਪ੍ਰੈੱਸ ਕਾਨਫਰੰਸ 'ਚ ਪੰਨੂ ਨੇ ਕਿਹਾ ਕਿ ਦਿੱਲੀ ਪ੍ਰਦਰਸ਼ਨ ਦੌਰਾਨ 13 ਅਤੇ 14 ਸਾਲ ਦੀਆਂ ਛੋਟੀਆਂ ਬੱਚੀਆਂ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਉਨ੍ਹਾ ਕਿਹਾ ਕਿ ਕਈ ਵਿਦਿਆਰਥੀ ਜ਼ਖ਼ਮੀ ਹੋਏ ਹਨ ਅਤੇ ਕਈ ਅਜੇ ਵੀ ਹਸਪਤਾਲਾਂ ਵਿੱਚ ਇਲਾਜ

• ਬਾਕੀ ਸਫਾ 2 'ਤੇ

## ਬਿਜਲੀ ਕਾਮਿਆਂ ਵੱਲੋਂ ਪੰਜਾਬ ਭਰ 'ਚ ਪ੍ਰਦਰਸ਼ਨ



**ਪਟਿਆਲਾ** (ਨ ਜ਼ ਸ)-ਬਿਜਲੀ ਮੁਲਾਜ਼ਮਾਂ ਦੀਆਂ ਸਿਰਮੌਰ ਜਥੇਬੰਦੀਆਂ ਦੇ ਅਧਾਰਤ ਬਣੇ ਪੀ ਐੱਸ ਈ ਬੀ ਇੰਪਲਾਇਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ. 24), ਮੁਲਾਜ਼ਮ ਯੂਨਾਇਟਿਡ ਆਰਗੇਨਾਈਜ਼ੇਸ਼ਨ, ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ, ਪੈਨਸ਼ਨਰਜ਼ ਵੈੱਲਫੇਅਰ ਫੈਡਰੇਸ਼ਨ ਦੇ ਸੱਦੇ 'ਤੇ ਮੰਗਲਵਾਰ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਵੱਲੋਂ ਦੋ ਦਿਨ ਦੀ ਸਮੂਹਿਕ ਛੁੱਟੀ ਲੈ ਕੇ ਸਮੁੱਚੇ ਪੰਜਾਬ ਦਾ ਕੰਮਕਾਰ ਠੱਪ ਕਰਕੇ ਪੰਜਾਬ ਦੇ ਵੱਖ-ਵੱਖ ਮੰਡਲ/ ਉਪ ਮੰਡਲ ਦਫਤਰਾਂ ਅੱਗੇ ਰੈਲੀਆਂ ਕੀਤੀਆਂ ਗਈਆਂ ਅਤੇ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਵਿਰੁੱਧ ਜ਼ੋਰਦਾਰ ਨਾਹਰੇਬਾਜ਼ੀ ਕੀਤੀ ਗਈ। ਸੰਘਰਸ਼ ਬਾਰੇ ਜਾਣਕਾਰੀ ਦਿੰਦਿਆਂ ਸਾਂਝੇ ਥੜੇ ਦੇ ਆਗੂਆਂ ਕੁਲਵਿੰਦਰ ਸਿੰਘ ਢਿੱਲੋਂ, ਮਨਜੀਤ ਸਿੰਘ ਬਾਸਰਕੇ, ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਗੁਰਭੇਜ ਸਿੰਘ ਢਿੱਲੋਂ, ਰਵੇਲ ਸਿੰਘ ਸਹਾਏਪੁਰ, ਦੇਵਿੰਦਰ ਸਿੰਘ ਪਿਸ਼ੌਰ, ਕੌਰ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਈ ਡੀ ਕਰਦੀ ਨਿੱਤ ਰੇਡ ਪੰਜਾਬ ਅੰਦਰ,
ਗਲਤ ਆ ਭਾਵੇਂ ਜਾਂ ਕੀਤੜੇ ਠੀਕ ਬੇਲੀ।
ਬਾਹਲੀ ਹੋਈ ਸਰਗਰਮ ਹੈ ਜਿਵੇਂ ਈ ਡੀ,
ਹੋਈ ਤਾਂ ਓਦੋਂ ਜਦ ਚੋਣ ਨਜ਼ਦੀਕ ਬੇਲੀ।
ਦਿੱਸਦਾ ਇੰਜ ਕਿ ਲਾਈ ਆ ਘਾਤ ਰੱਖੀ,
ਸਮੇਂ ਦੀ ਕਰਦੀ ਸੀ ਪਈ ਉਡੀਕ ਬੇਲੀ।
ਕਰਦੀ ਪੇਸ਼ ਆ ਇੰਜ ਫਿਰ ਮਾਮਲਾ ਵੀ,
ਜਿਸ ਨੂੰ ਲੈਣ ਕਈ ਵਰਤ ਸ਼ਰੀਕ ਬੇਲੀ।
ਕਰਦੀ ਦਿੱਸਦੀ ਏਜੰਸੀ ਹਰ ਕੰਮ ਜਿੱਦਾਂ,
ਸਿਆਸਤ ਰਹੀ ਹੈ ਝਾਤੀਆਂ ਮਾਰ ਬੇਲੀ।
ਆਪਣੇ ਕੰਮ ਦੇ ਤੀਕਰ ਨਾ ਰਹੀ ਸੀਮਤ,
ਟੱਪਦੀ ਦਿੱਸੇ ਪਈ ਹੱਦਾਂ ਤੋਂ ਪਾਰ ਬੇਲੀ।

-ਤੀਸ ਮਾਰ ਖਾਂ

## ਖੰਭਾ ਡਿੱਗਣ ਨਾਲ ਖਿਡਾਰੀ ਦੀ ਰੀੜ੍ਹ ਦੀ ਹੱਡੀ ਟੁੱਟੀ



**ਗੁਰੂਗ੍ਰਾਮ** : ਸੋਮਵਾਰ ਸ਼ਾਮ ਗੁਰੂਗ੍ਰਾਮ ਦੇ ਸੈਕਟਰ 84 ਸਥਿਤ ਅੰਤ੍ਰਿਕਸ਼ ਹਾਈਟਸ ਸੁਸਾਇਟੀ ਵਿੱਚ ਪ੍ਰੈਕਟਿਸ ਦੌਰਾਨ ਬਾਸਕਟਬਾਲ ਖੰਭਾ ਡਿੱਗਣ ਕਾਰਨ ਡਾਕਟਰ ਦੇ 12 ਸਾਲਾ ਬੇਟੇ ਕਾਰਤਿਕ ਦੀ ਰੀੜ੍ਹ ਦੀ ਹੱਡੀ ਵਿੱਚ ਤਿੰਨ ਥਾਵਾਂ 'ਤੇ ਫ੍ਰੈਕਚਰ ਹੋ ਗਿਆ। ਅਜਿਹੀਆਂ ਘਟਨਾਵਾਂ ਹਰਿਆਣਾ ਵਿੱਚ ਪਹਿਲਾਂ ਵੀ ਹੋਈਆਂ ਹਨ। ਰਾਸ਼ਟਰੀ ਪੱਧਰ ਦੇ ਖਿਡਾਰੀ ਹਾਰਦਿਕ ਦੀ ਰੋਹਤਕ ਵਿੱਚ 750 ਕਿੱਲੋ ਭਾਰਾ ਬਾਸਕਟਬਾਲ ਖੰਭਾ ਡਿੱਗਣ ਕਾਰਨ ਮੌਤ ਹੋ ਗਈ ਸੀ। ਇਸੇ ਤਰ੍ਹਾਂ ਦੇ ਹਾਦਸੇ ਵਿੱਚ ਝੱਜਰ ਦੇ ਬਹਾਦਰਗੜ੍ਹ ਵਿੱਚ ਵੀ ਇੱਕ ਖਿਡਾਰੀ ਦੀ ਮੌਤ ਹੋ ਗਈ ਸੀ।

## ਹਾਕੀ ਟੀਮ 'ਚ 8 ਪੰਜਾਬ ਦੇ, ਕਪਤਾਨ ਹਰਮਨਪ੍ਰੀਤ



**ਜਲੰਧਰ** (ਕਮਲਜੀਤ ਥਾਬਲਕੇ)
ਨੀਦਰਲੈਂਡ ਅਤੇ ਬੈਲਜੀਅਮ ਵਿੱਚ 15 ਅਗਸਤ ਤੋਂ 30 ਅਗਸਤ ਤੱਕ ਹੋਣ ਵਾਲੇ ਵਿਸ਼ਵ ਹਾਕੀ ਕੱਪ 2026 ਵਿੱਚ ਭਾਗ ਲੈਣ ਵਾਲੀ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ 8 ਖਿਡਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਚੁਣੀ ਗਈ ਭਾਰਤੀ ਹਾਕੀ ਟੀਮ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਭਾਰਤੀ ਟੀਮ ਇਸ ਵਾਰ ਵਿਸ਼ਵ ਕੱਪ ਵਿੱਚ ਸੋਨ ਤਮਗਾ ਹਾਸਲ ਕਰਕੇ ਪਰਤੇਗੀ।

ਉਨ੍ਹਾਂ ਦੱਸਿਆ ਕਿ ਪੰਜਾਬ ਲਈ ਮਾਣ ਵਾਲੀ ਗੱਲ ਹੈ ਕਿ ਹਰਮਨਪ੍ਰੀਤ ਸਿੰਘ ਇਸ ਵਾਰ ਵੀ ਭਾਰਤੀ ਹਾਕੀ ਟੀਮ ਦੇ ਕਪਤਾਨ ਹੋਣਗੇ, ਜਦਕਿ ਇਸ ਟੀਮ ਵਿੱਚ ਭਾਰਤ ਦੇ ਸਭ ਤੋਂ ਵੱਧ ਮੈਚ ਖੇਡਣ ਵਾਲੇ ਉਲੰਪੀਅਨ ਮਨਪ੍ਰੀਤ ਸਿੰਘ ਵੀ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਹਾਰਦਿਕ ਸਿੰਘ, ਜਰਮਨਪ੍ਰੀਤ ਸਿੰਘ, ਜੁਗਰਾਜ ਸਿੰਘ, ਸੁਖਜੀਤ ਸਿੰਘ, ਦਿਲਪ੍ਰੀਤ ਸਿੰਘ ਅਤੇ ਮਨਦੀਪ ਸਿੰਘ ਵੀ ਟੀਮ ਵਿੱਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਹ ਟੀਮ ਸੀਨੀਅਰ ਅਤੇ ਜੂਨੀਅਰ ਖਿਡਾਰੀਆਂ ਦਾ ਸੁਮੇਲ ਹੈ। ਟੀਮ ਤੋਂ ਸ਼ਾਨਦਾਰ ਪ੍ਰਦਰਸ਼ਨ ਦੀ ਉਮੀਦ ਕੀਤੀ ਜਾ ਰਹੀ ਹੈ। ਟੀਮ ਦੇ ਹੋਰਨਾਂ ਮੈਂਬਰਾਂ 'ਚ ਮੋਹਿਤ ਐੱਚ ਐੱਸ, ਸੂਰਜ ਕਰਕੇਰਾ, ਅਮਿਤ ਰੋਹੀਦਾਸ, ਸੰਜੇ, ਸੁਮਿਤ, ਯਸ਼ਦੀਪ ਸਿਵਾਚ, ਵਿਵੇਕ ਸਾਗਰ ਪ੍ਰਸਾਦ, ਨੀਲਕੰਤਾ ਸ਼ਰਮਾ, ਰਜਿੰਦਰ ਸਿੰਘ, ਆਦਿਤਿਆ ਅਰਜੁਨ ਲਾਲਗੇ, ਅਭਿਸ਼ੇਕ ਤੇ ਸ਼ਿਲਾਨੰਦ ਲਾਕੜਾ ਸ਼ਾਮਲ ਹਨ। ਭਾਰਤ ਨੂੰ ਪੂਲ ਡੀ ਵਿੱਚ ਇੰਗਲੈਂਡ, ਪਾਕਿਸਤਾਨ ਅਤੇ ਵੇਲਜ਼ ਦੇ ਨਾਲ ਰੱਖਿਆ ਗਿਆ ਹੈ। ਭਾਰਤ ਆਪਣੇ ਸਾਰੇ ਪੂਲ-ਸਟੇਜ ਮੈਚ ਨੀਦਰਲੈਂਡ ਦੇ ਐਮਸਟਲਵੀਨ ਵਿੱਚ ਖੇਡੇਗਾ।

## ਪ੍ਰੇਮ ਵਿਆਹ ਕਰਵਾਉਣ ਵਾਲੀ ਲੜਕੀ ਦਾ ਬੇਰਹਿਮੀ ਨਾਲ ਕਤਲ

**ਫਰੀਦਕੋਟ** : ਅਣਖ ਖਾਤਰ ਕੀਤੇ ਗਏ ਕਤਲ ਦੇ ਸ਼ੱਕੀ ਮਾਮਲੇ ਵਿੱਚ ਕੋਟਕਪੂਰਾ ਨੇੜੇ ਕੋਟਕਪੂਰਾ-ਅੰਮ੍ਰਿਤਸਰ ਕੌਮੀ ਮਾਰਗ 'ਤੇ ਦਿਨ-ਦਿਹਾੜੇ ਲੜਕੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਉਸ ਨੇ ਪਰਵਾਰ ਦੀ ਮਰਜ਼ੀ ਦੇ ਖ਼ਿਲਾਫ਼ ਪਿੰਡ ਦੇ ਹੀ ਨੌਜਵਾਨ ਨਾਲ ਵਿਆਹ ਕਰਵਾਇਆ ਸੀ।

ਮੰਗਲਵਾਰ ਜਦੋਂ ਜੋੜਾ ਮੋਟਰਸਾਈਕਲ 'ਤੇ ਭਗਤਾ ਭਾਈ ਕਾ ਤੋਂ ਕੋਟਕਪੂਰਾ ਵੱਲ ਜਾ ਰਿਹਾ ਸੀ ਤਾਂ ਹਮਲਾਵਰਾਂ ਨੇ ਘੇਰ ਕੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਜਗਦੀਪ ਸਿੰਘ ਤਾਂ ਮੌਕੇ ਤੋਂ ਭੱਜਣ ਤੇ ਜਾਨ ਬਚਾਉਣ 'ਚ ਕਾਮਯਾਬ ਹੋ ਗਿਆ, ਪਰ ਹਮਲਾਵਰਾਂ ਨੇ ਮਹਿਕਪ੍ਰੀਤ ਕੌਰ ਦਾ ਕਤਲ ਕਰ ਦਿੱਤਾ। ਪਿੰਡ ਬੁਰਜ ਹਰਿਕਾ ਦੀ ਰਹਿਣ ਵਾਲੀ ਮਹਿਕਪ੍ਰੀਤ ਕੌਰ ਨੇ ਲੱਗਭੱਗ ਢਾਈ ਮਹੀਨੇ ਪਹਿਲਾਂ ਪ੍ਰੇਮ ਵਿਆਹ ਕਰਵਾਇਆ ਸੀ ਤੇ ਇਹ ਜੋੜਾ ਪਿੰਡ ਛੱਡ ਕੇ ਬਠਿੰਡਾ ਦੇ ਭਗਤਾ ਭਾਈ ਕਾ ਕਸਬੇ ਵਿੱਚ ਰਹਿਣ ਲੱਗ ਪਿਆ ਸੀ।

## ਮੈਗਾ ਸ਼ੂਗਰ ਤੇ ਬਲੱਡ ਟੈਸਟ ਕੈਂਪ ਲਾਇਆ



**ਜਲਾਲਾਬਾਦ (ਜੀਤ ਕੁਮਾਰ)**-ਲਾਇਨਜ਼ ਕਲੱਬ ਜਲਾਲਾਬਾਦ ਗੋਲਡ ਵੱਲੋਂ ਸ੍ਰੀ ਜਸਰਾਜ ਕਾਠਪਾਲ ਦੀ ਬਰਸੀ ਮੌਕੇ ਆਪਣੇ ਸਥਾਈ ਸੇਵਾ ਪ੍ਰੋਜੈਕਟ ਤਹਿਤ ਹਨੂਮਾਨ ਮੰਦਰ, ਤਹਿਸੀਲ ਰੋਡ, ਜਲਾਲਾਬਾਦ ਵਿਖੇ ਮੈਗਾ ਸ਼ੂਗਰ ਚੈੱਕਅਪ ਤੇ ਬਲੱਡ ਟੈਸਟ ਕੈਂਪ ਲਾਇਆ ਗਿਆ। ਕੈਂਪ ਦੌਰਾਨ ਮਰੀਜ਼ਾਂ ਦੇ ਕਿਡਨੀ ਫੰਕਸ਼ਨ ਟੈਸਟ, ਲਿਪਿਡ ਪ੍ਰੋਫਾਈਲ ਸਮੇਤ ਹੋਰ ਜ਼ਰੂਰੀ ਬਲੱਡ ਟੈਸਟ ਕੀਤੇ ਗਏ। ਕੈਂਪ ਦਾ ਲਗਭਗ 100 ਮਰੀਜ਼ਾਂ ਨੇ ਲਾਭ ਉਠਾਇਆ। ਕਲੱਬ ਦੇ ਪ੍ਰਧਾਨ ਲਾਇਨ ਗੌਰਵ ਠਠਾਈ ਨੇ ਦੱਸਿਆ ਕਿ ਇਹ ਇੱਕ ਜਾਗਰੂਕਤਾ ਪ੍ਰੋਜੈਕਟ ਹੈ, ਜਿਸ ਦਾ ਉਦੇਸ਼ ਲੋਕਾਂ ਨੂੰ ਸ਼ੂਗਰ ਅਤੇ ਹੋਰ ਬਿਮਾਰੀਆਂ ਪ੍ਰਤੀ ਸਚੇਤ ਕਰਨਾ ਹੈ। ਉਨ੍ਹਾਂ ਕਿਹਾ ਕਿ ਅਕਸਰ ਲੋਕਾਂ ਨੂੰ ਬਿਮਾਰੀ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਉਹ ਕਾਫ਼ੀ ਵੱਧ ਚੁੱਕੀ ਹੁੰਦੀ ਹੈ। ਇਸ ਲਈ ਸਮੇਂ-ਸਮੇਂ 'ਤੇ ਅਜਿਹੇ ਸਿਹਤ ਜਾਂਚ ਕੈਂਪ ਲਾਉਣਾ ਬਹੁਤ ਜ਼ਰੂਰੀ ਹੈ। ਪ੍ਰੋਜੈਕਟ ਦੇ ਚੇਅਰਮੈਨ ਲਾਇਨ ਹੈਪੀ ਕਾਠਪਾਲ ਨੇ ਦੱਸਿਆ ਕਿ ਲਾਇਨਜ਼ ਕਲੱਬ ਵੱਲੋਂ ਹਨੂਮਾਨ ਮੰਦਰ ਵਿਖੇ ਹਰ ਐਤਵਾਰ ਸ਼ੂਗਰ ਚੈੱਕਅਪ ਕੈਂਪ ਲਾਇਆ ਜਾਂਦਾ ਹੈ ਤੇ ਇਹ ਪ੍ਰੋਜੈਕਟ ਪਿਛਲੇ ਦੋ ਸਾਲਾਂ ਤੋਂ ਨਿਰੰਤਰ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਐੱਸ ਸ੍ਰੀ ਜਸਰਾਜ ਕਾਠਪਾਲ ਜੀ ਦੀ ਯਾਦ ਵਿੱਚ ਕਾਠਪਾਲ ਪਰਵਾਰ ਵੱਲੋਂ ਸ਼ੂਗਰ ਤੋਂ ਇਲਾਵਾ ਹੋਰ ਕਈ ਮਹੱਤਵਪੂਰਨ ਟੈਸਟ ਵੀ ਮੁਫ਼ਤ ਕਰਾਏ ਗਏ। ਕਲੱਬ ਦੇ ਸਕੱਤਰ ਲਾਇਨ ਸ਼ਹਿਜ਼ਾਦ ਚਾਵਲਾ ਨੇ ਦੱਸਿਆ ਕਿ ਇਸ ਮੈਗਾ ਪ੍ਰੋਜੈਕਟ ਨੂੰ ਸਫਲ ਬਣਾਉਣ ਵਿੱਚ ਸ੍ਰੀ ਜਨਨੈਲ ਕੰਪਿਊਟਰਾਈਜ਼ਡ ਲੈਬੋਰਟਰੀ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਲੌਂਗੋਵਾਲ ਨੂੰ ਪੰਜਾਬ ਦੀਆਂ ਸਰਵੋਤਮ ਨਗਰ ਕੌਂਸਲਾਂ 'ਚ ਸ਼ਾਮਲ ਕਰਨਾ ਸਾਡਾ ਟੀਚਾ : ਅਮਨ ਅਰੋੜਾ



**ਲੌਂਗੋਵਾਲ/ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੀ ਹਾਜ਼ਰੀ ਵਿੱਚ ਨਗਰ ਕੌਂਸਲ ਦੀ ਨਵੀਂ ਟੀਮ ਨੇ ਰਸਮੀ ਤੌਰ 'ਤੇ ਆਪਣਾ ਕਾਰਜਭਾਰ ਸੰਭਾਲਿਆ।ਸ਼੍ਰੀਮਤੀ ਤਫ਼ਾਪਲ ਕੌਰ ਪਤਨੀ ਬਲਵਿੰਦਰ ਸਿੰਘ ਨੇ ਪ੍ਰਧਾਨ, ਕੁਲਦੀਪ ਸਿੰਘ ਬੰਟੀ ਨੇ ਸੀਨੀਅਰ ਮੀਤ ਪ੍ਰਧਾਨ ਤੇ ਸ਼੍ਰੀਮਤੀ ਕਰਮਜੀਤ ਕੌਰ ਪਤਨੀ ਗੁਰਜੀਤ ਸਿੰਘ ਕਾਲਾ ਨੇ ਮੀਤ ਪ੍ਰਧਾਨ ਵਜੋਂ ਅਹੁਦੇ ਦਾ ਕਾਰਜਭਾਰ ਸੰਭਾਲਿਆ।ਕੈਬਨਿਟ ਮੰਤਰੀ ਨੇ ਨਵ-ਨਿਯੁਕਤ ਅਹੁਦੇਦਾਰਾਂ ਅਤੇ ਸਮੂਹ ਕੌਂਸਲਰਾਂ ਨੂੰ ਵਧਾਈ ਦਿੰਦਿਆਂ ਲੋਕ-ਸੇਵਾ ਨੂੰ ਸਰਵਉੱਚ ਤਰਜੀਹ ਦੇਣ ਦਾ ਸੱਦਾ ਦਿੱਤਾ।ਅਮਨ ਅਰੋੜਾ ਨੇ ਕਿਹਾ ਕਿ ਲੌਂਗੋਵਾਲ ਵਾਸੀਆਂ ਨੇ ਨਗਰ ਕੌਂਸਲ ਚੋਣਾਂ ਵਿੱਚ ਆਮ ਆਦਮੀ ਪਾਰਟੀ 'ਤੇ ਜੋ ਭਰੋਸਾ ਪ੍ਰਗਟਾਇਆ ਹੈ, ਉਸ 'ਤੇ ਖਰਾ ਉਤਰਨਾ ਨਵੀਂ ਟੀਮ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਸੇਵਾ ਦਾ ਮਿਲਿਆ ਮੌਕਾ ਹਮੇਸ਼ਾ ਲੋਕ-ਭਲਾਈ ਅਤੇ ਇਮਾਨਦਾਰੀ ਨਾਲ ਨਿਭਾਇਆ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਲੌਂਗੋਵਾਲ ਤੇ ਸੁਨਾਮ ਹਲਕੇ ਵਿੱਚ ਹੋਏ ਵਿਕਾਸ ਕਾਰਜ ਟੀਮ ਵਰਕ ਅਤੇ ਲੋਕਾਂ ਦੇ ਸਹਿਯੋਗ ਦਾ ਨਤੀਜਾ ਹਨ।ਉਨ੍ਹਾਂ ਕਿਹਾ ਕਿ ਵਿਕਾਸ ਦੀ ਇਹ ਰਫ਼ਤਾਰ ਹੁਣ ਹੋਰ ਤੇਜ਼ ਕੀਤੀ ਜਾਵੇਗੀ ਤਾਂ ਜੋ ਲੌਂਗੋਵਾਲ ਨੂੰ ਵਿਕਾਸ ਪੱਖੋਂ ਇੱਕ ਮਾਡਲ ਸ਼ਹਿਰ ਬਣਾਇਆ ਜਾ ਸਕੇ।ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਨਗਰ ਕੌਂਸਲ ਸਥਾਨਕ ਸਰਕਾਰ ਦਾ ਸਭ ਤੋਂ ਮਹੱਤਵਪੂਰਨ ਅੰਗ ਹੈ ਤੇ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੁੜੀਆਂ ਬੁਨਿਆਦੀ ਸਹੂਲਤਾਂ ਨੂੰ ਯਕੀਨੀ ਬਣਾਉਣ ਦੀ ਮੁੱਖ ਜ਼ਿੰਮੇਵਾਰੀ ਵੀ ਇਸੇ ਸੰਸਥਾ ਦੀ ਹੈ।ਉਨ੍ਹਾਂ ਨਵੀਂ ਟੀਮ ਨੂੰ ਹਦਾਇਤ ਕੀਤੀ ਕਿ ਸ਼ਹਿਰ ਦੀ ਸਫ਼ਾਈ, ਪੀਣ ਵਾਲੇ ਪਾਣੀ ਦੀ ਨਿਰੰਤਰ ਸਪਲਾਈ, ਸੀਵਰੇਜ ਪ੍ਰਬੰਧ, ਸਟਰੀਟ ਲਾਈਟਾਂ, ਘਰ-ਘਰ ਕੂੜਾ ਇਕੱਠਾ ਕਰਨ ਦੀ ਵਿਵਸਥਾ ਅਤੇ ਹੋਰ ਨਾਗਰਿਕ ਸਹੂਲਤਾਂ ਨੂੰ ਪਹਿਲ ਦੇ ਆਧਾਰ 'ਤੇ ਸੁਧਾਰਿਆ ਜਾਵੇ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਨੂੰ ਸ਼ਹਿਰ ਦੇ ਭਵਿੱਖ ਦੀ ਯੋਜਨਾਬੰਦੀ, ਨਵੇਂ ਵਿਕਾਸ ਕਾਰਜਾਂ ਦੀ ਰੂਪ-ਰੇਖਾ, ਜਨਤਕ ਸਹੂਲਤਾਂ ਦੇ ਵਿਸਥਾਰ ਅਤੇ ਸ਼ਹਿਰ ਦੀ ਸੁੰਦਰਤਾ ਵਧਾਉਣ ਲਈ ਵੀ ਠੋਸ ਯੋਜਨਾਵਾਂ ਤਿਆਰ ਕਰਨੀਆਂ ਚਾਹੀਦੀਆਂ ਹਨ।ਉਨ੍ਹਾਂ ਨੁਮਾਇੰਦਿਆਂ ਨੂੰ ਟੀਮ ਭਾਵਨਾ ਨਾਲ ਕੰਮ ਕਰਨ ਦੀ ਅਪੀਲ ਕੀਤੀ।ਕੈਬਨਿਟ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਨਗਰ ਕੌਂਸਲ ਵਿੱਚ ਕਿਸੇ ਵੀ ਨਾਗਰਿਕ ਨਾਲ ਸਿਆਸੀ, ਸਮਾਜਿਕ ਜਾਂ ਕਿਸੇ ਹੋਰ ਆਧਾਰ 'ਤੇ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ।ਹਰ ਵਿਅਕਤੀ ਦੇ ਜਾਇਜ਼ ਕੰਮ ਬਿਨਾਂ ਖੱਜਲ-ਖੁਆਰੀ, ਬਿਨਾਂ ਭ੍ਰਿਸ਼ਟਾਚਾਰ ਤੇ ਪੂਰੀ ਪਾਰਦਰਸ਼ਤਾ ਨਾਲ ਕੀਤੇ ਜਾਣੇ ਚਾਹੀਦੇ ਹਨ।

## ਖੋਟਿਆਂ ਤੋਂ ਹਿੰਮਤਪੁਰਾ ਬਿਜਲੀ ਘਰ ਤੱਕ ਟੁੱਟੀ ਸੜਕ ਜਲਦ ਬਣਾਉਣ ਦੀ ਮੰਗ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਖੋਟਿਆਂ ਤੋਂ ਲੈ ਕੇ ਹਿੰਮਤਪੁਰਾ ਬਿਜਲੀ ਘਰ ਤੱਕ ਦੀ ਸੜਕ ਦੀ ਖਸਤਾ ਹਾਲਤ ਇਲਾਕੇ ਦੇ ਲੋਕਾਂ ਲਈ ਵੱਡੀ ਮੁਸੀਬਤ ਬਣੀ ਹੋਈ ਹੈ।ਸੜਕ 'ਤੇ ਥਾਂ-ਥਾਂ ਡੂੰਘੇ ਖੱਡੇ ਤੇ ਟੁੱਟਿਆ ਹੋਇਆ ਹਿੱਸਾ ਵਾਹਨ ਚਾਲਕਾਂ ਲਈ ਹਰ ਰੋਜ਼ ਖ਼ਤਰਾ ਬਣਿਆ ਰਹਿੰਦਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਸ ਸੜਕ 'ਤੇ ਲਗਭਗ ਹਰ ਰੋਜ਼ ਕੋਈ ਨਾ ਕੋਈ ਹਾਦਸਾ ਵਾਪਰ ਜਾਂਦਾ ਹੈ ਤੇ ਪਹਿਲਾਂ ਵੀ ਅਨੇਕਾਂ ਹਾਦਸੇ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਕਈ ਲੋਕ ਜ਼ਖ਼ਮੀ ਹੋਏ ਹਨ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਖਣਮੁੱਖ ਭਾਰਤੀ ਪੱਤੋ ਨੇ ਦੱਸਿਆ ਕਿ ਬਰਸਾਤ ਦੇ ਦਿਨਾਂ ਵਿੱਚ ਸੜਕ ਦੇ ਖੱਡਿਆਂ ਵਿੱਚ ਪਾਣੀ ਭਰ ਜਾਣ ਕਾਰਨ ਹਾਦਸਿਆਂ ਦਾ ਖ਼ਤਰਾ ਹੋਰ ਵੀ ਵੱਧ ਜਾਂਦਾ ਹੈ।ਦੋਪਹੀਆ ਵਾਹਨ ਚਾਲਕਾਂ ਨੂੰ ਸਭ ਤੋਂ ਵੱਧ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦਕਿ ਭਾਰੀ ਵਾਹਨਾਂ ਦੀ ਆਵਾਜਾਈ ਵੀ ਪ੍ਰਭਾਵਿਤ ਹੋ ਰਹੀ ਹੈ।ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਨੇ ਸੜਕ ਮਹਿਕਮੇ ਅਤੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਸ ਸੜਕ ਦੀ ਤੁਰੰਤ ਮੁਰੰਮਤ ਜਾਂ ਨਵੀਂ ਸੜਕ ਦਾ ਨਿਰਮਾਣ ਕਰਵਾਇਆ ਜਾਵੇ।ਜੇਕਰ ਸਮੇਂ ਸਿਰ ਕਾਰਵਾਈ ਨਾ ਕੀਤੀ ਗਈ ਤਾਂ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ, ਜਿਸ ਦੀ ਜ਼ਿੰਮੇਵਾਰੀ ਸਬੰਧਤ ਵਿਭਾਗ ਦੀ ਹੋਵੇਗੀ।

## ਐੱਸ ਆਰ ਐੱਸ ਵਿਦਿਆਪੀਠ ਨੇ ਪ੍ਰਾਚੀ ਗੋਇਲ ਦੀ ਨੀਟ 2026 'ਚ ਸ਼ਾਨਦਾਰ ਸਫਲਤਾ 'ਤੇ ਦਿੱਤੀ ਵਧਾਈ



**ਸਮਾਣਾ (ਇਕਬਾਲ ਸਿੰਘ ਬੱਲ)**-ਐੱਸ ਆਰ ਐੱਸ ਵਿਦਿਆਪੀਠ ਦੀ ਬੈਚ 2026 ਦੀ ਵਿਦਿਆਰਥਣ ਪ੍ਰਾਚੀ ਗੋਇਲ ਨੇ ਨੀਟ 2026 ਵਿੱਚ 653 ਅੰਕ ਪ੍ਰਾਪਤ ਕਰਕੇ ਹੋਏ ਆਲ ਇੰਡੀਆ ਰੈਂਕ 1236 ਹਾਸਲ ਕੀਤਾ ਹੈ।ਆਪਣੀ ਪੂਰੀ ਸਕੂਲੀ ਸਿੱਖਿਆ ਐੱਸ ਆਰ ਐੱਸ ਵਿਦਿਆਪੀਠ ਤੋਂ ਪ੍ਰਾਪਤ ਕਰਨ ਵਾਲੀ ਪ੍ਰਾਚੀ ਦੀ ਇਹ ਉਪਲਬਧੀ ਸਕੂਲ ਲਈ ਬੇਹੱਦ ਮਾਣ ਤੇ ਖ਼ੁਸ਼ੀ ਦਾ ਮੌਕਾ ਹੈ ਅਤੇ ਸੰਸਥਾ ਦੀ ਅਕਾਦਮਿਕ ਉਤਕ੍ਰਿਸ਼ਟਤਾ, ਸਮਰਪਿਤ ਮਾਰਗਦਰਸ਼ਨ ਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਸ਼੍ਰੀ ਪਵਨ ਗੋਇਲ ਤੇ ਸ਼੍ਰੀਮਤੀ ਸੀਮਾ ਗੋਇਲ ਦੀ ਧੀ ਪ੍ਰਾਚੀ ਨੇ ਆਪਣੇ ਪੂਰੇ ਵਿਦਿਅਕ ਸਫ਼ਰ ਦੌਰਾਨ ਮਿਹਨਤ, ਅਨੁਸ਼ਾਸਨ ਤੇ ਦ੍ਰਿੜ੍ਹ ਨਿਸ਼ਚੇ ਦੀ ਮਿਸਾਲ ਪੇਸ਼ ਕੀਤੀ।ਉਸ ਦੀ ਇਹ ਸਫਲਤਾ ਪਰਿਵਾਰ ਦੇ ਸਹਿਯੋਗ, ਅਧਿਆਪਕਾਂ ਦੇ ਸਮਰਪਤ ਮਾਰਗਦਰਸ਼ਨ ਤੇ ਉਸ ਦੀ ਅਥਾਹ ਮਿਹਨਤ ਦਾ ਨਤੀਜਾ ਹੈ।ਇਸ ਮੌਕੇ ਚੇਅਰਮੈਨ ਅਮਿਤ ਸਿੰਗਲਾ, ਮੈਨੇਜਿੰਗ ਡਾਇਰੈਕਟਰ ਲਲਿਤ ਸਿੰਗਲਾ, ਵਾਈਸ ਚੇਅਰਪਰਸਨ ਸਮਿਤਾ ਸਿੰਗਲਾ ਤੇ ਪ੍ਰਿੰਸੀਪਲ ਡਾ. ਚੰਦਨਦੀਪ ਨੇ ਪ੍ਰਾਚੀ ਤੇ ਉਸ ਦੇ ਮਾਤਾ-ਪਿਤਾ ਨੂੰ ਦਿਲੋਂ ਵਧਾਈ ਦਿੱਤੀ।

## ਨੰਗਲ ਕਲਾਂ ਵਿਖੇ ਅੱਖਾਂ ਦਾ ਮੁਫ਼ਤ ਚੈੱਕਅੱਪ ਕੈਂਪ ਲਗਾਇਆ



**ਮਾਨਸਾ (ਆਤਮਾ ਸਿੰਘ ਪਮਾਰ)**-ਸਿਹਤ ਵਿਭਾਗ ਤੇ ਦਫ਼ਤਰ ਸਿਵਲ ਸਰਜਨ ਮਾਨਸਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੇ ਪੇਂਡੂ ਖੇਤਰਾਂ 'ਚ ਬਜ਼ੁਰਗਾਂ ਦੀਆਂ ਅੱਖਾਂ ਦੀ ਸਕ੍ਰੀਨਿੰਗ ਕਰਨ ਤੇ ਲੋੜਵੰਦਾਂ ਨੂੰ ਦਵਾਈਆਂ ਅਤੇ ਐਨਕਾਂ ਦੀ ਵੰਡ ਕਰਨ ਸਬੰਧੀ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਅਧੀਨ ਪਿੰਡ ਨੰਗਲ ਕਲਾਂ ਵਿਖੇ ਇੱਕ ਰੋਜ਼ਾ ਮੁਫ਼ਤ ਅੱਖਾਂ ਦੇ ਚੈੱਕਅਪ ਅਤੇ ਐਨਕਾਂ ਵੰਡਣ ਦਾ ਵਿਸ਼ੇਸ਼ ਕੈਂਪ ਲਗਾਇਆ ਗਿਆ।ਇਹ ਕੈਂਪ ਸਿਵਲ ਸਰਜਨ ਮਾਨਸਾ ਡਾ. ਰਣਜੀਤ ਸਿੰਘ ਰਾਏ ਤੇ ਸੀਨੀਅਰ ਮੈਡੀਕਲ ਅਫ਼ਸਰ ਖਿਆਲਾ ਕਲਾਂ ਦੀ ਯੋਗ ਅਗਵਾਈ ਹੇਠ ਸਫਲਤਾਪੂਰਵਕ ਨੇਪਰੇ ਚੜ੍ਹਿਆ।ਕੈਂਪ ਦੌਰਾਨ ਵੱਡੀ ਗਿਣਤੀ 'ਚ ਪਿੰਡ ਦੇ ਲੋਕਾਂ ਵੱਲੋਂ ਸ਼ਮੂਲੀਅਤ ਕੀਤੀ ਗਈ।ਕੈਂਪ ਦੌਰਾਨ ਨੋਡਲ ਅਫ਼ਸਰ ਡਾ. ਨੇਹਾ, ਅਪਥਾਲਮਿਕ ਅਫ਼ਸਰ ਅਭੀਸ਼ੇਕ ਗਰਗ ਤੇ ਆਈ ਸਰਜਨ ਡਾ. ਅਮਨਦੀਪ ਅਰੋੜਾ ਵੱਲੋਂ ਕੈਂਪ 'ਚ ਪਹੁੰਚੇ ਮਰੀਜ਼ਾਂ ਤੇ ਖਾਸ ਕਰਕੇ ਬਜ਼ੁਰਗਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਗਿਆ।ਜਾਂਚ ਉਪਰੰਤ ਲੋੜਵੰਦ ਬਜ਼ੁਰਗਾਂ ਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਤੇ ਐਨਕਾਂ ਮੁਹੱਈਆ ਕਰਵਾਈਆਂ ਗਈਆਂ।ਇਸ ਤੋਂ ਇਲਾਵਾ ਜਿਨ੍ਹਾਂ ਮਰੀਜ਼ਾਂ ਦੀਆਂ ਅੱਖਾਂ 'ਚ ਚਿੱਟੇ ਮੋਤੀਏ ਦੀ ਸ਼ਿਕਾਇਤ ਪਾਈ ਗਈ, ਉਨ੍ਹਾਂ ਨੂੰ ਮੁਫ਼ਤ ਇਲਾਜ ਤੇ ਆਪ੍ਰੇਸ਼ਨ ਲਈ ਸਰਕਾਰੀ ਹਸਪਤਾਲ ਵਿਖੇ ਆਉਣ ਦੀ ਸਲਾਹ ਦਿੱਤੀ ਗਈ। ਇਸ ਮੌਕੇ ਏ.ਐੱਨ.ਐੱਮ. ਅਮਰਜੀਤ ਕੌਰ, ਏ.ਐੱਨ.ਐੱਮ. ਹਰਜੀਤ ਕੌਰ, ਆਸ਼ਾ ਫੈਸਿਲੀਟੇਟਰ ਸਰਬਜੀਤ ਕੌਰ ਤੇ ਸਮੂਹ ਆਸ਼ਾ ਵਰਕਰਾਂ ਹਾਜ਼ਰ ਸਨ।

## ਐੱਨ ਸੀ ਡਬਲਯੂ ਦੀ ਚੇਅਰਪਰਸਨ ਵੱਲੋਂ ਮਹਿਲਾ ਜੇਲ੍ਹ ਦਾ ਨਿਰੀਖਣ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਰਾਸ਼ਟਰੀ ਮਹਿਲਾ ਆਯੋਗ (ਐੱਨ ਸੀ ਡਬਲਯੂ) ਦੇ ਮਾਣਯੋਗ ਚੇਅਰਪਰਸਨ ਸ੍ਰੀਮਤੀ ਵਿਜਯਾ ਰਹਾਟਕਰ ਨੇ ਪਿਛਲੇ ਦਿਨੀਂ ਬਠਿੰਡਾ ਮਹਿਲਾ ਜੇਲ੍ਹ ਦਾ ਦੌਰਾ ਕਰਕੇ ਮਹਿਲਾ ਕੈਦੀਆਂ ਦੀ ਭਲਾਈ, ਰਹਿਣ-ਸਹਿਣ ਦੀਆਂ ਸਥਿਤੀਆਂ ਤੇ ਪੁਨਰਵਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਦਾ ਜਾਇਜ਼ਾ ਲਿਆ।ਇਸ ਦੌਰਾਨ ਉਨ੍ਹਾਂ ਨਾਲ ਆਯੋਗ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।ਇਹ ਦੌਰਾ ਆਯੋਗ ਵੱਲੋਂ ਹਿਰਾਸਤੀ ਸੰਸਥਾਵਾਂ ਦੀ ਨਿਗਰਾਨੀ ਕਰਨ ਤੇ ਇਹ ਯਕੀਨੀ ਬਣਾਉਣ ਦੇ ਲਗਾਤਾਰ ਯਤਨਾਂ ਦਾ ਹਿੱਸਾ ਹੈ ਕਿ ਮਹਿਲਾ ਕੈਦੀਆਂ ਦੇ ਅਧਿਕਾਰ, ਮਾਣ-ਮਰਿਆਦਾ ਤੇ ਭਲਾਈ ਨੂੰ ਤਰਜੀਹ ਦਿੱਤੀ ਜਾਵੇ।ਸ੍ਰੀਮਤੀ ਰਹਾਟਕਰ ਦੀ ਅਗਵਾਈ ਹੇਠ ਐੱਨ ਸੀ ਡਬਲਯੂ ਦੇਸ਼ ਭਰ ਦੀਆਂ ਜੇਲ੍ਹਾਂ ਦਾ ਨਿਯਮਿਤ ਦੌਰਾ ਕਰ ਰਿਹਾ ਹੈ ਤੇ ਰਾਜ ਸਰਕਾਰਾਂ ਨਾਲ ਮਿਲ ਕੇ ਮਹਿਲਾ-ਸੰਵੇਦਨਸ਼ੀਲ ਜੇਲ੍ਹ ਪ੍ਰਸ਼ਾਸਨ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰ ਰਿਹਾ ਹੈ।ਆਯੋਗ ਨੇ ਸਰਕਾਰ ਨੂੰ ਇੱਕ ਵਿਸਤ੍ਰਿਤ ਰਿਪੋਰਟ ਵੀ ਸੌਂਪੀ ਹੈ, ਜਿਸ ਵਿੱਚ ਜੇਲ੍ਹ ਕਾਨੂੰਨਾਂ ਵਿੱਚ ਸੁਧਾਰਾਂ ਦੀ ਸਿਫ਼ਾਰਸ਼ ਕੀਤੀ ਗਈ ਹੈ।ਦੌਰੇ ਦੌਰਾਨ ਚੇਅਰਪਰਸਨ ਨੇ ਮਹਿਲਾ ਕੈਦੀਆਂ ਨਾਲ ਗੱਲਬਾਤ ਕੀਤੀ, ਉਪਲਬਧ ਸਹੂਲਤਾਂ ਦਾ ਜਾਇਜ਼ਾ ਲਿਆ ਤੇ ਕੈਦੀਆਂ ਵਿੱਚ ਜਾਗਰੂਕਤਾ, ਸਿੱਖਿਆ ਤੇ ਮਾਨਸਿਕ ਤੰਦਰੁਸਤੀ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਅੰਦਰੂਨੀ ਪਹਿਲ 'ਰੇਡੀਓ ਉਜਾਲਾ' ਦਾ ਉਦਘਾਟਨ ਵੀ ਕੀਤਾ।ਜੇਲ੍ਹ ਪ੍ਰਸ਼ਾਸਨ ਵੱਲੋਂ ਸਿਹਤ ਸੇਵਾਵਾਂ, ਹੁਨਰ ਵਿਕਾਸ ਅਤੇ ਪੁਨਰਵਾਸ ਦੇ ਮੌਕਿਆਂ ਸਬੰਧੀ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਚੇਅਰਪਰਸਨ ਨੇ ਕਿਹਾ ਕਿ ਜੇਲ੍ਹ ਵਿੱਚ ਕਾਫ਼ੀ ਵੱਡੀ ਗਿਣਤੀ ਵਿੱਚ ਕੈਦੀ ਵਿਚਾਰ ਅਧੀਨ (ਅੰਡਰਟ੍ਰਾਇਲ) ਹਨ।ਉਨ੍ਹਾਂ ਸਮੇਂ-ਸਿਰ ਨਿਆਂ ਦੇ ਸਿਧਾਂਤ ਨੂੰ ਕਾਇਮ ਰੱਖਣ ਲਈ ਲੰਬਿਤ ਮਾਮਲਿਆਂ ਦੇ ਜਲਦੀ ਨਿਪਟਾਰੇ ਦੀ ਲੋੜ 'ਤੇ ਜ਼ੋਰ ਦਿੱਤਾ।

## ਸਰਕਾਰ ਬੁਨਿਆਦੀ ਸਹੂਲਤਾਂ ਦੇਣ ਲਈ ਵਚਨਬੱਧ : ਲਾਡੀ ਢੋਸ



**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਸਦਾ ਵਚਨਬੱਧ ਹੈ ਅਤੇ ਪਿੰਡਾਂ ਤੇ ਸ਼ਹਿਰਾਂ ਦੀ ਦਿੱਖ ਨੂੰ ਹੋਰ ਸੁੰਦਰ ਬਣਾਉਣ ਲਈ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾ ਰਹੀ, ਪਿੰਡਾਂ ਤੇ ਸ਼ਹਿਰਾਂ ਨੂੰ ਗਰਾਂਟਾਂ ਦੇ ਗੱਫੇ ਦੇ ਕੇ ਵੱਧ ਤੋਂ ਵੱਧ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਧਰਮਕੋਟ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਪਿੰਡ ਕਿੱਲੀ ਗਾਂਧਰਾਂ ਵਿਖੇ ਲੋਕ ਮਿਲਣੀ ਦੌਰਾਨ ਪਿੰਡ ਦੀ ਫਿਰਨੀ ਉੱਪਰ ਇੰਟਰਲੌਕ ਟਾਈਲਾਂ ਲਗਾਉਣ ਦਾ ਕੰਮ ਸ਼ੁਰੂ ਕਰਨ ਤੇ ਪਿੰਡ ਵਿੱਚ ਬਣਨ ਜਾ ਰਹੀ ਪਾਰਕ ਦਾ ਉਦਘਾਟਨ ਕਰਨ ਸਮੇਂ ਕੀਤਾ। ਇਸ ਮੌਕੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦਾ ਸਰਪੰਚ ਰਾਜਵੀਰ ਸਿੰਘ ਕੰਗ ਤੇ ਪੰਚਾਇਤ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਤੇ ਜੀ ਆਇਆਂ ਆਖਿਆ। ਇਸ ਮੌਕੇ ਵਿਧਾਇਕ ਢੋਸ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਪਿੰਡਾਂ ਤੇ ਸ਼ਹਿਰਾਂ ਦਾ ਵੱਧ ਤੋਂ ਵੱਧ ਵਿਕਾਸ ਕਰਨਾ ਹੈ, ਤਾਂ ਜੋ ਲੋਕਾਂ ਨੂੰ ਪਹਿਲ ਦੇ ਅਧਾਰ 'ਤੇ ਸਹੂਲਤਾਂ ਮਿਲ ਸਕਣ। ਇਸ ਮੌਕੇ ਬਲਾਕ ਪ੍ਰਧਾਨ ਤੇ ਸਰਪੰਚ ਰਾਜਵੀਰ ਸਿੰਘ ਕੰਗ ਨੇ ਵਿਧਾਇਕ ਢੋਸ ਦਾ ਆਪਣੇ ਗ੍ਰਹਿ ਵਿਖੇ ਪਹੁੰਚਣ ਤੇ ਵਿਕਾਸ ਦੇ ਕੰਮ ਸ਼ੁਰੂ ਕਰਨ 'ਤੇ ਧੰਨਵਾਦ ਕੀਤਾ। ਇਸ ਮੌਕੇ ਤਰਲੋਕ ਸਿੰਘ ਕੰਗ, ਜਗਤਾਰ ਸਿੰਘ ਸੈਕਟਰੀ, ਰਮਨਜੋਤ ਸਿੰਘ ਕੰਗ, ਗੁਰਪ੍ਰੀਤ ਸਿੰਘ ਪ੍ਰਧਾਨ ਫਤਹਿਗੜ੍ਹ ਪੰਜਤੂਰ, ਜਸਪ੍ਰੀਤ ਸਿੰਘ ਕੰਗ, ਰਸ਼ਵਿੰਦਰ ਕੰਗ ਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

## ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੀ ਮੀਟਿੰਗ 'ਚ ਮੰਗਾਂ 'ਤੇ ਚਰਚਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੀ ਇਕ ਮੀਟਿੰਗ ਰਾਕੇਸ਼ ਸ਼ਰਮਾ ਦੀ ਪ੍ਰਧਾਨਗੀ ਵਿੱਚ ਫਿਰੋਜ਼ਪੁਰ ਵਿਖੇ ਹੋਈ, ਜਿਸ ਵਿੱਚ 29 ਜੁਲਾਈ 2026 ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਮਹਾਂਰੈਲੀ ਦੀ ਤਿਆਰੀ ਕੀਤੀ ਗਈ।ਜ਼ਿਲ੍ਹਾ ਫਿਰੋਜ਼ਪੁਰ ਦੀਆਂ ਵੱਖ ਵੱਖ ਜਥੇਬੰਦੀਆਂ ਦੇ ਆਗੂ ਜਿਵੇਂ ਪਾਵਰਕਾਮ ਪੈਨਸ਼ਨਰਜ਼ ਦੇ ਸਾਥੀ ਸੁਰਿੰਦਰ ਸ਼ਰਮਾ, ਚੰਨਣ ਸਿੰਘ, ਮੁਖਤਿਆਰ ਸਿੰਘ, ਸ਼ਾਮ ਸਿੰਘ ਤੇ ਬਿਸ਼ਨ ਸਿੰਘ ਹਾਜ਼ਰ ਸਨ।ਪੰਜਾਬ ਕਨਫੈਡਰੇਸ਼ਨ ਜ਼ਿਲ੍ਹਾ ਫਿਰੋਜ਼ਪੁਰ ਦੇ ਆਗੂ ਪ੍ਰਤਾਪ ਸਿਘ ਢਿੱਲੋਂ, ਕ੍ਰਿਸ਼ਨ ਚੰਦ ਜਾਗੋਵਾਲੀਆ, ਤਰਸੇਮ ਬੇਦੀ ਪੰਜਾਬ ਪ੍ਰਦੇਸ਼, ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜਪਾਲ ਸਿੰਘ ਰਿਟਾਇਰਡ ਡੀਐੱਸਪੀ, ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਕਸ਼ਮੀਰ ਸਿੰਘ, ਅਜੀਤ ਸਿੰਘ ਸੋਢੀ ਸਮੇਤ ਕਈ ਹੋਰ ਆਗੂ ਖਜ਼ਾਨ ਸਿੰਘ, ਬਲਵੀਰ ਸਿੰਘ, ਤਰਸੇਮ ਬੇਦੀ ਸ਼ਾਮਲ ਹੋਏ।ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹਾ ਕੋਆਰਡੀਨੇਟਰ ਰਾਕੇਸ਼ ਸ਼ਰਮਾ, ਕਸ਼ਮੀਰ ਸਿੰਘ ਜੇਲ੍ਹ ਵਿਭਾਗ ਤੇ ਜਾਗੋਵਾਲੀਆ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਪੰਜਾਬ ਸਰਕਾਰ ਪੰਜਾਬ ਦੇ ਮੁਲਾਜ਼ਮਾਂ ਪੈਨਸ਼ਨਰਾਂ ਨਾਲ ਧੱਕਾ ਕਰ ਰਹੀ ਹੈ, 2.59 ਦਾ ਗੁਣਾਂਕ, ਡੀਏ ਦਾ ਬਕਾਇਆ, ਮੈਡੀਕਲ ਭੱਤੇ ਵਿੱਚ ਵਾਧਾ, ਕੈਸ਼ਲੈੱਸ ਸਕੀਮ ਜਾਰੀ ਕਰਨਾ ਆਦਿ ਮੰਗਾਂ ਪੰਜਾਬ ਸਰਕਾਰ ਨੇ ਨਾ ਮੰਨੀਆਂ ਤਾਂ ਪੰਜਾਬ ਦੇ ਪੈਨਸ਼ਨਰਜ਼ 29 ਜੁਲਾਈ 2026 ਨੂੰ ਦਾਣਾ ਮੰਡੀ ਸੰਗਰੂਰ ਵਿਖੇ ਭਾਰੀ ਇਕੱਠ ਕਰਕੇ ਵਿੱਤ ਮੰਤਰੀ ਪੰਜਾਬ ਦੇ ਘਰ ਵੱਲ ਰੋਸ ਮਾਰਚ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

## ਸਫਾ 1 ਦੇ ਬਾਕੀ...

### ਕਿਸਾਨਾਂ ਨਾਲ ਵੈਰ ਜਾਰੀ...

ਹਿਰਾਸਤ ਵਿੱਚ ਲੈ ਲਿਆ। ਕਾਂਗਰਸ ਨੇ ਦੋਸ਼ ਲਾਇਆ ਕਿ ਸਰਕਾਰ ਕਿਸਾਨਾਂ ਦੀ ਆਵਾਜ਼ ਦਬਾਉਣ ਲਈ ਉਨ੍ਹਾਂ ਨੂੰ ਦਿੱਲੀ 'ਚ ਦਾਖ਼ਲ ਹੋਣ ਤੋਂ ਰੋਕ ਰਹੀ ਹੈ। ਕਾਂਗਰਸ ਦੇ ਮੀਡੀਆ ਅਤੇ ਪ੍ਰਚਾਰ ਵਿਭਾਗ ਦੇ ਚੇਅਰਮੈਨ ਅਤੇ ਰਾਜ ਸਭਾ ਮੈਂਬਰ ਪਵਨ ਖੇੜਾ ਨੇ ਦੋਸ਼ ਲਾਇਆ ਕਿ ਸੋਮਵਾਰ ਨੂੰ ਵਿਦਿਆਰਥੀਆਂ ਵੱਲੋਂ ਕੀਤੇ ਗਏ ਜ਼ਬਰਦਸਤ ਪ੍ਰਦਰਸ਼ਨ ਤੋਂ ਬਾਅਦ ਬੌਖਲਾਈ ਸਰਕਾਰ ਹੁਣ ਕਿਸਾਨਾਂ ਨੂੰ ਦਿੱਲੀ ਪਹੁੰਚਣ ਤੋਂ ਰੋਕਣ ਲਈ ਬੈਰੀਕੇਡ ਲਗਾ ਰਹੀ ਹੈ। ਪਵਨ ਖੇੜਾ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ ਐਕਸ 'ਤੇ ਲਿਖਿਆ, "ਸਰਕਾਰ ਨੇ ਕਿਸਾਨਾਂ ਨੂੰ ਰਾਜਧਾਨੀ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ ਬੈਰੀਕੇਡ ਲਗਾ ਦਿੱਤੇ ਹਨ, ਤਾਂ ਜੋ ਦੇਸ਼ ਦੇ ਨੌਜਵਾਨਾਂ ਖ਼ਿਲਾਫ਼ ਕੱਲ੍ਹ ਵਰਤੇ ਗਏ ਬੇਰਹਿਮ ਬਲ ਅਤੇ ਹਿੰਸਕ ਵਤੀਰੇ ਤੋਂ ਬਾਅਦ ਸਰਕਾਰ ਨੂੰ ਇੱਕ ਹੋਰ ਸ਼ਰਮਸਾਰੀ ਦਾ ਸਾਹਮਣਾ ਨਾ ਕਰਨਾ ਪਵੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਕਿਸਾਨ ਭਾਈਚਾਰੇ ਨੂੰ ਭਰੋਸਾ ਦਿੰਦਿਆਂ ਸਪੱਸ਼ਟ ਕੀਤਾ ਹੈ ਕਿ ਸਰਕਾਰ ਕਿਸਾਨਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਵਪਾਰਕ ਸਮਝੌਤੇ ਵਿੱਚ ਉਨ੍ਹਾਂ ਦੇ ਹਿੱਤਾਂ ਨੂੰ ਸਭ ਤੋਂ ਉੱਪਰ ਰੱਖਿਆ ਜਾਵੇਗਾ। ਮੰਗਲਵਾਰ ਸਵੇਰੇ ਆਯੋਜਿਤ ਐੱਨ.ਡੀ.ਏ. ਸੰਸਦੀ ਪਾਰਟੀ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਹਾਲ ਹੀ ਵਿੱਚ ਕੀਤੇ ਗਏ ਮੁਕਤ ਵਪਾਰ ਸਮਝੌਤਿਆਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਵੱਲੋਂ ਕੀਤੇ ਜਾਣ ਵਾਲੇ ਇਹ ਸਮਝੌਤੇ ਦੇਸ਼ ਅਤੇ ਕਿਸਾਨਾਂ ਦੋਵਾਂ ਦੇ ਹਿੱਤਾਂ ਨੂੰ ਪਹਿਲ ਦੇਣਗੇ ਅਤੇ ਇਨ੍ਹਾਂ ਨਾਲ ਖੇਤੀਬਾੜੀ ਸੈਕਟਰ ਨੂੰ ਨੁਕਸਾਨ ਨਹੀਂ, ਬਲਕਿ ਲਾਭ ਪਹੁੰਚੇਗਾ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਪ੍ਰਧਾਨ ਮੰਤਰੀ ਦੇ ਹਵਾਲੇ ਨਾਲ ਦੱਸਿਆ ਕਿ ਕਿਸਾਨਾਂ ਦੀ ਭਲਾਈ ਸਰਕਾਰ ਦਾ ਮੁੱਖ ਟੀਚਾ ਰਿਹਾ ਹੈ ਅਤੇ ਆਉਣ ਵਾਲੇ ਕਿਸੇ ਵੀ ਐੱਫ.ਟੀ.ਏ. ਵਿੱਚ ਕਿਸਾਨਾਂ ਦੇ ਹਿੱਤਾਂ ਦੀ ਪੂਰੀ ਰਾਖੀ ਕੀਤੀ ਜਾਵੇਗੀ।

### ਤਸ਼ੱਦਦ ਦੌਰਾਨ ਕਈ...

ਰਾਕੇਸ਼ ਕੁਮਾਰ ਯਾਦਵ ਇੱਕ ਵੀਡੀਓ ਵਿੱਚ ਮਾਣ ਨਾਲ ਕਹਿ ਰਿਹਾ ਹੈ, 'ਇਹ ਸਾਥੀ ਨਾਗਰਿਕਾਂ ਪ੍ਰਤੀ ਮੇਰਾ ਫਰਜ਼ ਹੈ। ਮੈਂ ਇਹ ਆਪਣੇ ਬੱਚਿਆਂ ਲਈ, ਆਪਣੇ ਦੇਸ਼ ਦੇ ਭਵਿੱਖ ਲਈ ਕਰ ਰਿਹਾ ਹਾਂ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਏਨਾ ਦਰਦ ਨਾ ਝੱਲਣਾ ਪਵੇ। ਮੈਂ ਸਵੇਰ ਤੋਂ ਹੀ ਕਈ ਬੱਚਿਆਂ ਨੂੰ ਸਾਈਟ 'ਤੇ ਲਿਜਾ ਰਿਹਾ ਹਾਂ ਅਤੇ ਇੱਕ ਵੀ ਪੈਸਾ ਨਹੀਂ ਲਿਆ ਹੈ। ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ।' ਇੱਕ ਹੋਰ ਦਿਲ ਨੂੰ ਛੂਹ ਲੈਣ ਵਾਲੀ ਵੀਡੀਓ ਵਿੱਚ ਜੰਤਰ-ਮੰਤਰ 'ਤੇ ਭੀੜ ਦੇ ਵਿਚਕਾਰ ਅਪਾਹਜ ਵਿਦਿਆਰਥੀਆਂ ਨੂੰ ਸੈਨਤ ਭਾਸ਼ਾ ਰਾਹੀਂ ਗੱਲਬਾਤ ਕਰਦੇ ਦਿਖਾਇਆ ਗਿਆ ਹੈ। ਇਹ ਦ੍ਰਿਸ਼ ਸਪੱਸ਼ਟ ਯਾਦ ਦਿਵਾਉਂਦਾ ਸੀ ਕਿ ਜਨਤਕ ਵਿਰੋਧ ਪ੍ਰਦਰਸ਼ਨਾਂ, ਜੋ ਅਕਸਰ ਇਸ ਗੱਲ ਤੋਂ ਮਾਪੇ ਜਾਂਦੇ ਹਨ ਕਿ ਉਨ੍ਹਾਂ ਦੇ ਨਾਅਰਿਆਂ ਦੀ ਆਵਾਜ਼ ਕਿੰਨੀ ਉੱਚੀ ਹੈ, ਨੂੰ ਹਮੇਸ਼ਾ ਆਵਾਜ਼ 'ਤੇ ਨਿਰਭਰ ਨਹੀਂ ਕਰਨਾ ਪੈਂਦਾ। ਇੱਕ ਥੱਕੇ ਹੋਏ ਪੁਲਸ ਅਧਿਕਾਰੀ ਦੀ ਵੀਡੀਓ ਵਿੱਚ ਇੱਕ ਪ੍ਰਦਰਸ਼ਨਕਾਰੀ ਉਸ ਨੂੰ ਪੱਖਾ ਝੱਲ ਰਿਹਾ ਹੈ, ਜਦੋਂ ਕਿ ਇੱਕ ਹੋਰ ਵਰਦੀਧਾਰੀ ਵਿਅਕਤੀ ਨੇੜੇ ਬੈਠਾ ਦਿਖਾਈ ਦੇ ਰਿਹਾ ਸੀ। ਇਸ ਨੇ ਦਿਖਾਇਆ ਕਿ ਕਿਵੇਂ ਪੁਲਸੀਆ ਕਾਰਵਾਈ ਦੇ ਬਾਵਜੂਦ ਪ੍ਰਦਰਸ਼ਨਕਾਰੀ ਇੱਕ ਸੰਸਥਾ (ਪੁਲਸ) ਪ੍ਰਤੀ ਆਪਣੇ ਗੁੱਸੇ ਨੂੰ ਉਸ ਦੇ ਅੰਦਰ ਸੇਵਾ ਕਰ ਰਹੇ ਵਿਅਕਤੀਆਂ ਦੀਆਂ ਫੌਰੀ ਲੋੜਾਂ ਤੋਂ ਵੱਖ ਕਰ ਸਕਦੇ ਹਨ। ਹੋਰਨਾਂ ਵੀਡੀਓਜ਼ ਵਿੱਚ ਵੀ ਇਸੇ ਤਰ੍ਹਾਂ ਦਾ ਸੰਜਮ ਦੇਖਣ ਨੂੰ ਮਿਲਿਆ। ਇੱਕ ਕਲਿੱਪ ਵਿੱਚ ਨੌਜਵਾਨ ਪ੍ਰਦਰਸ਼ਨਕਾਰੀ ਇੱਕ ਵਾਹਨ ਦੇ ਕੋਲ ਤੋਂ ਸੁਰੱਖਿਆ ਕਰਮਚਾਰੀਆਂ ਨੂੰ ਸੰਬੋਧਨ ਕਰਦੇ ਦਿਖਾਈ ਦਿੱਤੇ। ਵੀਡੀਓ ਦੇ ਨਾਲ ਨੱਥੀ ਪੋਸਟ ਮੁਤਾਬਕ ਉਨ੍ਹਾਂ ਜਵਾਨਾਂ ਨੂੰ ਕਿਹਾ, 'ਇਹ ਤੁਹਾਡੀ ਗਲਤੀ ਨਹੀਂ ਹੈ। ਤੁਸੀਂ ਆਪਣਾ ਫਰਜ਼ ਨਿਭਾਇਆ ਹੈ। ਲਵ ਯੂ, ਲਵ ਯੂ, ਦਿੱਲੀ ਪੁਲਸ। ਲਵ ਯੂ, ਆਰ ਏ ਐੱਫ। ਸ਼ਾਬਾਸ਼, ਅੱਜ ਤੁਸੀਂ ਬੱਚਿਆਂ ਨੂੰ ਕੁੱਟਿਆ, ਘਰ ਜਾਓ ਅਤੇ ਆਪਣੇ ਪਰਵਾਰਾਂ ਨੂੰ ਇਹ ਦੱਸੋ।'

ਐੱਨ ਜੀ ਓ ਹੇਮਕੁੰਟ ਫਾਊਂਡੇਸ਼ਨ ਦੇ ਡਾਇਰੈਕਟਰ ਹਰਤੀਰਥ ਸਿੰਘ ਆਹਲੂਵਾਲੀਆ ਨੇ ਇੱਕ ਪੋਸਟ 'ਚ ਕਿਹਾ, 'ਜੇ ਪ੍ਰੋਟੈਸਟ ਵਾਲੀ ਥਾਂ 'ਤੇ ਟੈਂਟ ਉਖਾੜ ਦਿੱਤੇ ਗਏ ਹਨ ਤੇ ਤੁਹਾਨੂੰ ਅੱਜ ਰਾਤ ਸੌਣ ਲਈ ਥਾਂ ਦੀ ਲੋੜ ਹੈ, ਤਾਂ ਗੁਰਦੁਆਰਾ ਬੰਗਲਾ ਸਾਹਿਬ, ਰਕਾਬ ਗੰਜ ਸਾਹਿਬ, ਸੀਸ ਗੰਜ ਸਾਹਿਬ ਅਤੇ ਦਿੱਲੀ ਦੇ ਹੋਰ ਗੁਰਦੁਆਰਿਆਂ ਦੇ ਦਰਵਾਜ਼ੇ ਖੁੱਲ੍ਹੇ ਹਨ।' ਗੁਰਦੁਆਰਾ ਬੰਗਲਾ ਸਾਹਿਬ ਵਿਖੇ ਹਜ਼ਾਰਾਂ ਵਿਦਿਆਰਥੀਆਂ ਨੂੰ ਮੁੱਢਲੀ ਸਹਾਇਤਾ, ਆਸਰਾ ਅਤੇ ਇਸ਼ਨਾਨ ਸਹੂਲਤ ਮਿਲੀ। ਚਾਹ ਤੇ ਪ੍ਰਸ਼ਾਦਿਆਂ ਦਾ ਲੰਗਰ ਅਟੁੱਟ ਵਰਤਿਆ। ਰਕਾਬ ਗੰਜ ਸਾਹਿਬ ਅਤੇ ਦਿੱਲੀ ਦੇ ਹੋਰਨਾਂ ਗੁਰਦੁਆਰਿਆਂ ਨੇ ਵੀ ਅਜਿਹਾ ਹੀ ਕੀਤਾ। ਇਨ੍ਹਾਂ ਪਲਾਂ ਨੇ ਦਿਖਾਇਆ ਕਿ ਆਮ ਲੋਕਾਂ ਨੇ ਕਿਵੇਂ ਹੁੰਗਾਰਾ ਭਰਿਆ, ਜਦੋਂ ਲੋਕਾਂ ਨੂੰ ਮਦਦ ਦੀ ਲੋੜ ਪਈ। ਇਹ ਕੰਮ ਆਪਣੇ ਆਪ ਹੀ ਹੋਏ। ਇਹ ਇਸ ਲਈ ਹੋਏ, ਕਿਉਂਕਿ ਕੋਈ ਭੁੱਖਾ ਸੀ, ਫਸਿਆ ਹੋਇਆ ਸੀ, ਦੁਖੀ ਸੀ, ਥੱਕਿਆ ਹੋਇਆ ਸੀ ਜਾਂ ਸੌਣ ਲਈ ਥਾਂ ਦੀ ਲੋੜ ਸੀ ਅਤੇ ਕਿਸੇ ਹੋਰ ਵਿਅਕਤੀ ਨੇ ਉਸ ਨੂੰ ਦੇਖਿਆ।

### ਦਿੱਲੀ ਤਸ਼ੱਦਦ ਖਿਲਾਫ ...

ਨੈਤਿਕਤਾ ਦੇ ਦਾਇਰੇ ਵਿਚ ਆਉਂਦਾ ਹੈ। ਸ਼ਾਂਤਮਈ ਤਰੀਕੇ ਨਾਲ ਇਨਸਾਫ ਲਈ ਆਪਣੀ ਆਵਾਜ਼ ਚੁੱਕ ਰਹੇ ਲੋਕਾਂ ਉਪਰ ਤਸ਼ੱਦਦ ਕਰਨਾ ਕੀ ਲੋਕਤੰਤਰ ਦਾ ਘਾਣ ਨਹੀਂ। ਕਾਮਰੇਡ ਧਾਲੀਵਾਲ ਨੇ ਕਿਹਾ ਕਿ ਪੰਜਾਬ ਸੀ ਪੀ ਆਈ ਮੰਗ ਕਰਦੀ ਹੈ ਕਿ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਮੰਤਰੀ ਮੰਡਲ ਵਿਚੋਂ ਤੁਰੰਤ ਬਰਤਰਫ ਕੀਤਾ ਜਾਵੇ। ਖੁਦਕੁਸ਼ੀਆਂ ਕਰਨ ਵਾਲੇ ਵਿਦਿਆਰਥੀਆਂ ਦੇ ਪਰਵਾਰਾਂ ਨੂੰ ਇਕ-ਇਕ ਕਰੋੜ ਰੁਪਏ ਦਾ ਮੁਆਵਜ਼ਾ ਦਿਤਾ ਜਾਵੇ, ਗ੍ਰਿਫਤਾਰ ਕੀਤੇ ਮੁਜ਼ਾਹਰਾਕਾਰੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਦਰਜ ਕੀਤੇ ਮੁਕੱਦਮੇ ਵਾਪਸ ਲਏ ਜਾਣ, ਪੇਪਰ ਲੀਕ ਮਾਮਲਿਆਂ ਦੀ ਉਚ-ਪੱਧਰੀ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਲੋਕਤੰਤਰੀ ਤਰੀਕੇ ਨਾਲ ਕੀਤੇ ਜਾ ਰਹੇ ਸੰਘਰਸ਼ ਨੂੰ ਕੁਚਲਣਾ ਬੰਦ ਕੀਤਾ ਜਾਵੇ।

### ਮੋਦੀ ਨੇ ਡਾਇਰ ਨੂੰ ...

ਡਾਇਰ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਕੁਝ ਲੋਕਾਂ ਦਾ ਤਾਂ ਇੱਥੋਂ ਤੱਕ ਕਹਿਣਾ ਹੈ ਕਿ ਸ਼ਾਇਦ ਜਨਰਲ ਡਾਇਰ ਦੀ ਆਤਮਾ ਨੇ ਹੀ ਮੋਦੀ ਜੀ ਦੇ ਰੂਪ ਵਿੱਚ ਜਨਮ ਲਿਆ ਹੈ।ਅਰਵਿੰਦ ਕੇਜਰੀਵਾਲ ਨੇ ਇੱਕ ਹੈਲਪਲਾਈਨ ਨੰਬਰ 8588833548 ਜਾਰੀ ਕਰਦਿਆਂ ਕਿਹਾ ਕਿ ਜੇਕਰ ਕਿਸੇ ਨੂੰ ਲੀਗਲ ਮਦਦ ਦੀ ਜ਼ਰੂਰਤ ਹੈ, ਕਿਸੇ ਦੇ ਬੱਚੇ ਨਹੀਂ ਮਿਲ ਰਹੇ, ਬੱਚਿਆਂ 'ਤੇ ਝੂਠਾ ਕੇਸ ਕਰ ਦਿੱਤਾ ਗਿਆ ਹੈ ਜਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਤਾਂ ਉਹ ਇਸ ਨੰਬਰ 'ਤੇ ਸੰਪਰਕ ਕਰ ਸਕਦੇ ਹਨ। ਆਮ ਆਦਮੀ ਪਾਰਟੀ ਨੇ ਇੱਕ ਲੀਗਲ ਟੀਮ ਬਣਾਈ ਹੈ ਜੋ ਤੁਹਾਡੀ ਮਦਦ ਕਰੇਗੀ। ਜੇ ਜ਼ਰੂਰਤ ਪਈ ਤਾਂ ਦੇਸ਼ ਦਾ ਵੱਡੇ ਤੋਂ ਵੱਡਾ ਵਕੀਲ ਵੀ ਤੁਹਾਡੇ ਬੱਚਿਆਂ ਲਈ ਖੜ੍ਹਾ ਕਰਾਂਗੇ। ਕਿਸੇ ਨੂੰ ਘਬਰਾਉਣ ਦੀ ਜ਼ਰੂਰਤ ਨਹੀਂ ਹੈ।ਕੇਜਰੀਵਾਲ ਨੇ ਕਿਹਾ ਕਿ ਕੁਝ ਲੋਕ ਮੈਨੂੰ ਪੁੱਛ ਰਹੇ ਸਨ ਕਿ ਮੈਂ ਸੋਮਵਾਰ ਨੂੰ ਪ੍ਰਦਰਸ਼ਨ ਵਿੱਚ ਕਿਉਂ ਨਹੀਂ ਸੀ ? ਮੈਨੂੰ ਕਿਸੇ ਕਾਰਨ ਪੰਜਾਬ ਜਾਣ ਪਿਆ ਸੀ, ਪਰ ਮੇਰੇ ਦੋਵੇਂ ਬੱਚੇ ਪ੍ਰਦਰਸ਼ਨ ਵਿੱਚ ਮੌਜੂਦ ਸਨ। ਉਹ 4-5 ਘੰਟੇ ਤੱਕ ਬਾਕੀ ਪ੍ਰਦਰਸ਼ਨਕਾਰੀਆਂ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲ ਰਹੇ ਸਨ। ਜਿੱਥੇ ਹੰਝੂ ਗੈਸ ਦੇ ਗੋਲੇ ਛੱਡੇ ਗਏ, ਮੇਰੇ ਬੱਚੇ ਉੱਥੇ ਹੀ ਮੌਜੂਦ ਸਨ। ਸਾਡੇ ਸਾਰੇ ਨੇਤਾ ਅਤੇ ਪੂਰੀ ਆਮ ਆਦਮੀ ਪਾਰਟੀ ਉੱਥੇ ਮੌਜੂਦ ਸੀ। ਇਹ ਪੂਰਾ ਦੇਸ਼ 140 ਕਰੋੜ ਲੋਕਾਂ ਦਾ ਇੱਕ ਪਰਵਾਰ ਹੈ। ਕਿਸੇ ਨੂੰ ਇਨ੍ਹਾਂ ਤਾਨਾਸ਼ਾਹਾਂ ਤੋਂ ਡਰਨ ਦੀ ਜ਼ਰੂਰਤ ਨਹੀਂ ਹੈ, ਅਸੀਂ ਸਭ ਇੱਕ ਨਾਲ ਹਾਂ ਅਤੇ ਮਿਲ ਕੇ ਲੜਾਂਗੇ।ਕੇਜਰੀਵਾਲ ਨੇ ਕਿਹਾ ਕਿ ਇਹ ਭਾਜਪਾ ਵਾਲਿਆਂ ਦਾ ਇੱਕ ਤੈਅ ਨੈਰੇਟਿਵ ਹੈ। ਜੇ ਮੋਦੀ ਜੀ ਕਹਿੰਦੇ ਹਨ ਕਿ ਇਹ ਬੱਚੇ ਐਂਟੀ-ਨੈਸ਼ਨਲ ਸਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੋਦੀ ਜੀ, ਇਸ ਦੇਸ਼ ਦੇ ਸਭ ਤੋਂ ਵੱਡੇ ਦੇਸ਼ਧ੍ਰੋਹੀ ਤੁਸੀਂ ਖੁਦ ਹੋ। ਜੇਕਰ ਉਹ ਕਹਿੰਦੇ ਹਨ ਕਿ ਇਹ ਬੱਚੇ ਅੱਤਵਾਦੀ ਸਨ, ਤਾਂ ਸਭ ਤੋਂ ਵੱਡੇ ਅੱਤਵਾਦੀ ਵੀ ਤੁਸੀਂ ਹੀ ਹੋ। ਇਹ ਦੇਸ਼ ਹੁਣ ਤੁਹਾਡੇ ਤੋਂ ਦੁਖੀ ਹੋ ਚੁੱਕਾ ਹੈ। ਬੱਚਿਆਂ 'ਤੇ ਲਗਾਏ ਜਾ ਰਹੇ ਇਹ ਸਾਰੇ ਦੋਸ਼ ਬਿਲਕੁਲ ਗਲਤ ਹਨ।

### ਸਰਕਾਰ ਵਧਦੇ ਗੁੱਸੇ ...

ਪਹੁੰਚ ਚੁੱਕੀ ਹੈ ਅਤੇ ਨੌਜਵਾਨਾਂ ਦੇ ਜੀਵਨ ਵਿੱਚ ਅਸੁਰੱਖਿਆ ਵੀ ਇੱਕ ਵੱਡਾ ਮੁੱਦਾ ਬਣ ਗਈ ਹੈ। ਇਹ ਗੁੱਸਾ ਉਸ ਵੇਲੇ ਹੋਰ ਵਧ ਗਿਆਸ ਜਦੋਂ ਪ੍ਰਸਿੱਧ ਸਿੱਖਿਆ ਸ਼ਾਸਤਰੀ ਅਤੇ ਵਿਗਿਆਨੀ ਸੋਨਮ ਵਾਂਗਚੁਕ ਨੂੰ ਉਸ ਥਾਂ ਤੋਂ ਹਟਾ ਦਿੱਤਾ ਗਿਆ, ਜਿੱਥੇ ਉਹ ਸਿੱਖਿਆ ਮੰਤਰੀ ਦੀ ਜਵਾਬਦੇਹੀ ਦੀ ਮੰਗ ਦੇ ਸਮਰਥਨ ਵਿੱਚ 20 ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠੇ ਹੋਏ ਸਨ। ਨੀਟ ਪੇਪਰ ਲੀਕ ਕਾਂਡ ਤੋਂ ਬਾਅਦ 20 ਤੋਂ ਵੱਧ ਵਿਦਿਆਰਥੀ ਖੁਦਕੁਸ਼ੀ ਕਰ ਚੁੱਕੇ ਹਨ।ਇਹ ਸੱਤਾਧਾਰੀ ਪਾਰਟੀ ਲਈ ਇੱਕ ਸਪੱਸ਼ਟ ਚੇਤਾਵਨੀ ਹੈ ਕਿ ਹੁਣ ਉਹ ਦੇਸ਼ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਵਧਦੇ ਗੁੱਸੇ ਨੂੰ ਅਣਡਿੱਠਾ ਨਹੀਂ ਕਰ ਸਕਦੀ।ਸਰਕਾਰ ਕੁਝ ਚੁਨਿੰਦਾ ਕਾਰਪੋਰੇਟ ਘਰਾਣਿਆਂ, ਖ਼ਾਸ ਕਰਕੇ ਅਡਾਨੀ ਅਤੇ ਅੰਬਾਨੀ ਦੇ ਹਿੱਤਾਂ ਦੀ ਸੇਵਾ ਕਰ ਰਹੀ ਹੈ। ਨਾਲ ਹੀ ਅਮਰੀਕਾ ਅਤੇ ਯੂਰਪੀ ਸੰਘ ਨਾਲ ਹੋ ਰਹੇ ਵਪਾਰਕ ਸਮਝੌਤਿਆਂ ਰਾਹੀਂ ਦੇਸ਼ ਦੇ ਹਿੱਤਾਂ ਨਾਲ ਸਮਝੌਤਾ ਕੀਤਾ ਜਾ ਰਿਹਾ ਹੈ। ਮਜ਼ਦੂਰ-ਵਿਰੋਧੀ, ਕਿਸਾਨ-ਵਿਰੋਧੀ ਅਤੇ ਰਾਸ਼ਟਰ-ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਟਰੇਡ ਯੂਨੀਅਨਾਂ ਅਤੇ ਕਿਸਾਨ ਸੰਗਠਨ ਪਹਿਲਾਂ ਹੀ ਕਈ ਸਾਲਾਂ ਤੋਂ ਸੰਘਰਸ਼ ਕਰ ਰਹੇ ਹਨ। ਨਿਆਂ ਲਈ ਵਿਦਿਆਰਥੀਆਂ ਦਾ ਅੱਗੇ ਆਉਣਾ ਇੱਕ ਬਹੁਤ ਹੀ ਸਕਾਰਾਤਮਕ ਸੰਕੇਤ ਹੈ।

### ਬਿਜਲੀ ਕਾਮਿਆਂ ਵੱਲੋਂ ...

ਸਿੰਘ ਸੋਹੀ, ਇੰਜ. ਰਣਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਆਂਡਲੂ, ਬਲਕੌਰ ਸਿੰਘ ਮਾਨ, ਪਵਨਪ੍ਰੀਤ ਸਿੰਘ, ਰਾਧੇ ਸ਼ਿਆਮ, ਬਾਬਾ ਅਮਰਜੀਤ ਸਿੰਘ, ਦਲੀਪ ਕੁਮਾਰ, ਗੁਰਪਿਆਰ ਸਿੰਘ ਆਦਿ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਪਿਛਲੇ ਲੰਮੇ ਸਮੇਂ ਤੋਂ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਅਹਿਮ ਮੰਗਾਂ/ਮਸਲਿਆਂ ਨੂੰ ਅੱਖੋਂ-ਪਰੋਖੇ ਕਰਦੀ ਆ ਰਹੀ ਹੈ। ਆਗੂਆਂ ਦੱਸਿਆ ਕਿ ਬਿਜਲੀ ਨਿਗਮ ਅੰਦਰ ਹਜ਼ਾਰਾਂ ਅਸਾਮੀਆਂ ਖ਼ਾਲੀ ਹਨ, ਭਾਰੀ ਕੰਮ ਦੇ ਬੋਝ ਹੇਠ ਦੱਬੇ ਕਾਮੇ ਹਰ ਰੋਜ਼ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ, ਫਿਰ ਵੀ ਇਹਨਾਂ ਕਾਮਿਆਂ ਨੂੰ ਆਪਣੀਆਂ ਹੱਕੀਂ ਮੰਗਾਂ ਜਿਵੇਂ ਕਿ 17-07-20 ਦਾ ਪੱਤਰ ਰੱਦ ਕਰਕੇ ਬਰਾਬਰ ਕੰਮ ਬਰਾਬਰ ਤਨਖਾਹ ਦੇ ਸਿਧਾਂਤ ਅਨੁਸਾਰ ਬਿਜਲੀ ਕਾਮਿਆਂ ਉਪਰ ਬਿਜਲੀ ਨਿਗਮ ਦੇ ਸਕੇਲ ਲਾਗੂ ਕਰਨ, ਸੋਧੇ ਸਕੇਲ ਲਾਗੂ ਹੋਣ ਤੋਂ ਬਾਅਦ ਤਰੱਕੀ ਹੋਣ ਵਾਲੇ ਕਰਮਚਾਰੀਆਂ ਨੂੰ ਪੇ ਬੈਂਡ ਲਾਗੂ ਕਰਨ, 18 ਪ੍ਰਤੀਸ਼ਤ ਮਹਿੰਗਾਈ ਭੱਤੇ ਦੀਆਂ ਕਿਸ਼ਤ ਅਤੇ ਬਕਾਇਆ, ਪੁਰਾਣੀ ਪੈਨਸ਼ਨ ਦੀ ਬਹਾਲੀ, ਸੋਲੇਸ਼ੀਅਮ ਪਾਲਿਸੀ ਅਧੀਨ ਭਰਤੀ ਕੀਤੇ ਕਰਮਚਾਰੀਆਂ ਤੋਂ 12 ਪ੍ਰਤੀਸ਼ਤ ਵਿਆਜ਼ ਦੀ ਸ਼ਰਤ ਹਟਾਉਣ, ਸਪੈਸ਼ਲ ਪੈਨਸ਼ਨ ਦਾ ਹੱਕ ਬਹਾਲ ਕਰਨ ਕਰਵਾਉਣ, ਵਿੱਤ ਸਰਕੂਲਰ 10/16 ਦੀ ਬਹਾਲੀ, ਵਿੱਤ ਸਰਕੂਲਰ 3/24 ਨਾਲ ਭੰਗ ਹੋਈ ਪੇ ਪੈਰਿਟੀ ਬਹਾਲ ਕਰਾਉਣ, ਬੰਦ ਕੀਤੇ ਭੱਤਿਆਂ ਦੀ ਬਹਾਲੀ ਅਤੇ ਬਕਾਇਆ, ਤਿੰਨ ਸੀ ਆਰ ਏ ਦੇ ਤਹਿਤ ਭਰਤੀ ਕੀਤੇ ਕਾਮਿਆਂ ਦੇ ਕੰਟ੍ਰੈਕਟ ਸਮੇਂ ਨੂੰ ਰੈਗੂਲਰ ਸੇਵਾ ਵਿੱਚ ਜੋੜਨ, ਨਵੀਂ ਰੈਗੂਲਰ ਭਰਤੀ ਰਾਹੀਂ ਖ਼ਾਲੀ ਅਸਾਮੀਆਂ ਨੂੰ ਭਰਨ, ਨਵੀਆਂ ਅਸਾਮੀਆਂ ਦੀ ਰਚਨਾ, ਕੰਟੀਜੈਂਟ ਕਾਮਿਆਂ ਨੂੰ ਪੂਰੀ ਤਨਖਾਹ ਅਤੇ ਪਿਛਲੀ ਸੇਵਾ ਦਾ ਲਾਭ ਦੇਣਾ, ਵੱਖ-ਵੱਖ ਸਰੋਤਾਂ ਰਾਹੀਂ ਮਹਿਕਮੇ ਅੰਦਰ ਭਰਤੀ ਕੀਤੇ ਆਊਟਸੋਰਸਿੰਗ ਕਾਮਿਆਂ ਨੂੰ ਮਹਿਕਮੇ ਅੰਦਰ ਸਿੱਧੇ ਤੌਰ 'ਤੇ ਸਮਾਂ ਕੇ ਰੈਗੂਲਰ ਕਰਨ ਦੀ ਪਾਲਿਸੀ ਬਣਾਉਣ ਅਤੇ ਉਜਰਤਾਂ ਵਿੱਚ ਵਾਧੇ, ਗੋਇੰਦਵਾਲ ਥਰਮਲ ਪਲਾਂਟ ਵਿੱਚ ਰੈਗੂਲਰ ਮੁਲਾਜ਼ਮਾਂ ਦੀ ਨਿਯੁਕਤੀ, 200 ਰੁ ਵਿਕਾਸ ਟੈਕਸ ਦੀ ਕਟੌਤੀ ਬੰਦ ਕਰਨ, ਪੈਨਸ਼ਨਰਜ਼ ਦੀ 2.45 ਫੈਕਟਰ ਦੀ ਥਾਂ 2.59 ਫੈਕਟਰ ਨਾਲ ਪੈਨਸ਼ਨ ਸੋਧਣੀ ਅਤੇ ਪੈਨਸ਼ਨਰਜ਼ ਨੂੰ ਬਿਨਾਂ ਸ਼ਰਤ 23 ਸਾਲਾ ਇੰਕਰੀਮੈਂਟ ਦਾ ਲਾਭ ਦੇਣ ਆਦਿ ਮੰਗਾਂ ਦੀ ਪ੍ਰਾਪਤੀ ਲਈ ਮਜ਼ਬੂਰਨ ਪੈਡੀ ਸੀਜ਼ਨ ਦੌਰਾਨ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪਿਆ ਹੈ। ਆਗੂਆਂ ਦੱਸਿਆ ਕਿ ਜਥੇਬੰਦੀ ਦੀ ਬਿਜਲੀ ਮੰਤਰੀ ਅਤੇ ਵਿੱਤ ਮੰਤਰੀ ਪੰਜਾਬ ਨਾਲ ਕਈ ਵਾਰ ਮੀਟਿੰਗਾਂ ਹੋਈਆਂ ਹਨ, ਪ੍ਰੰਤੂ ਮੰਗਾਂ ਮਸਲੇ ਹੱਲ ਕਰਨ ਦੀ ਬਜਾਇ ਮੈਨੇਜਮੈਂਟ ਅਤੇ ਸਰਕਾਰ ਵੱਲੋਂ ਨਵੇਂ ਮਸਲੇ ਪੈਦਾ ਕੀਤੇ ਜਾ ਰਹੇ ਹਨ, ਜਿਸ ਦੇ ਵਿਰੋਧ ਵਿੱਚ ਪੰਜਾਬ ਦੇ ਰੈਗੂਲਰ ਬਿਜਲੀ ਕਾਮੇ ਦੋ ਦਿਨ 21 ਅਤੇ 22 ਜੁਲਾਈ ਦੀ ਸਮੂਹਿਕ ਛੁੱਟੀ ਲੈ ਕੇ ਆਪਣਾ ਰੋਸ ਪ੍ਰਗਟ ਕਰ ਰਹੇ ਹਨ। ਆਗੂਆਂ ਦੱਸਿਆ ਕਿ ਸਮੁੱਚੇ ਪੰਜਾਬ ਅੰਦਰ 80 ਪ੍ਰਤੀਸ਼ਤ ਤੋਂ ਉਪਰ ਕਾਮੇ ਸਮੂਹਿਕ ਛੁੱਟੀ 'ਤੇ ਹਨ ਤੇ 22 ਜੁਲਾਈ ਨੂੰ ਵੀ ਕਮਾਈ ਛੁੱਟੀ 'ਤੇ ਰਹਿਣਗੇ । ਇਸ ਤੋਂ ਇਲਾਵਾ ਬਿਜਲੀ ਨਿਗਮ ਦੇ ਪੈਨਸ਼ਨਰਜ਼ 22 ਜੁਲਾਈ ਨੂੰ ਸਮੁੱਚੇ ਪੰਜਾਬ ਦੇ ਡੀ ਸੀ ਦਫਤਰਾਂ ਅੱਗੇ ਕਾਲੇ ਝੰਡੇ ਲੈ ਕੇ ਆਪਣੇ ਆਪ ਨੂੰ ਗ੍ਰਿਫਤਾਰੀਆਂ ਲਈ ਪੇਸ਼ ਕਰਨਗੇ। ਆਗੂਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਵੱਲੋਂ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮੰਗਾਂ/ ਮਸਲਿਆਂ ਦਾ ਹੱਲ ਨਾ ਕੀਤਾ ਤਾਂ ਇਸ ਸੰਘਰਸ਼ ਨੂੰ ਅੱਗੇ ਵਧਾਇਆ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਆਪਣੀ ਹੋਵੇਗੀ।

### ਭਾਜਪਾ ਸਰਕਾਰ...

ਅਧੀਨ ਹਨ।ਇਹ ਬੇਰਹਿਮ ਪ੍ਰਤੀਕਿਰਿਆ ਭਾਜਪਾ ਸਰਕਾਰ ਦੀ ਵਿਦਿਆਰਥੀ ਵਿਰੋਧੀ ਸੋਚ ਨੂੰ ਉਜਾਗਰ ਕਰਦੀ ਹੈ। ਉਨ੍ਹਾ ਕੇਂਦਰ ਅਤੇ ਹਰਿਆਣਾ ਦੀਆਂ ਭਾਜਪਾ ਸਰਕਾਰਾਂ ਦੀ ਇਸ ਗੱਲੋਂ ਵੀ ਸਖ਼ਤ ਆਲੋਚਨਾ ਕੀਤੀ ਕਿ ਉਹ ਕਿਸਾਨਾਂ ਨੂੰ ਆਪਣੀਆਂ ਮੰਗਾਂ ਸ਼ਾਂਤਮਈ ਢੰਗ ਨਾਲ ਪੇਸ਼ ਕਰਨ ਲਈ ਦਿੱਲੀ ਜਾਣ ਤੋਂ ਰੋਕ ਰਹੀਆਂ ਹਨ। ਉਨ੍ਹਾ ਕਿਹਾ ਕਿ ਕਿਸਾਨਾਂ ਨੂੰ ਸ਼ੰਭੂ ਬਾਰਡਰ 'ਤੇ ਰੋਕਿਆ ਗਿਆ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਲਗਾਤਾਰ ਪੰਜਾਬ ਆਉਂਦੇ ਹਨ ਅਤੇ ਕਿਸਾਨਾਂ ਨਾਲ ਖੜ੍ਹਨ ਦਾ ਦਾਅਵਾ ਕਰਦੇ ਹਨ, ਪਰ ਉਹੀ ਡਬਲ ਇੰਜਣ ਸਰਕਾਰ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੇ ਜਮਹੂਰੀ ਹੱਕ ਨੂੰ ਰੋਕ ਰਹੀ ਹੈ।

## ਡੁਗਰੀ ਖੱਡ 'ਚ ਹੜ੍ਹ ਆਉਣ ਨਾਲ ਰਸਤੇ ਬੰਦ; ਸਕੂਲੀ ਬੱਚੇ ਫਸੇ

**ਪਠਾਨਕੋਟ** : ਜ਼ਿਲ੍ਹੇ ਅੰਦਰ ਸਵੇਰੇ 4 ਵਜੇ ਤੋਂ ਪੈ ਰਹੀ ਬਾਰਿਸ਼ ਨਾਲ ਇਸ ਜ਼ਿਲ੍ਹੇ ਦੇ ਨੀਮ ਪਹਾੜੀ ਬਲਾਕ ਧਾਰ ਕਲਾਂ ਅੰਦਰ ਪੈਂਦੀ ਡੁਗਰੀ ਖੱਡ ਵਿੱਚ ਬਰਸਾਤ ਦਾ ਪਾਣੀ ਆ ਜਾਣ ਨਾਲ ਕਾਫੀ ਮਲਬਾ ਸੜਕ ਉੱਪਰ ਆ ਕੇ ਡਿੱਗ ਗਿਆ ਹੈ, ਜਿਸ ਨਾਲ ਧਾਰ ਕਲਾਂ-ਨਰਾਇਣਪੁਰ ਹਾੜਾ ਵਾਲੀ ਸੜਕ ਬੰਦ ਹੋ ਗਈ ਹੈ ਅਤੇ ਇਸ ਤੋਂ ਟਰੈਫਿਕ ਲੰਘਣਾ ਬੰਦ ਹੋ ਗਿਆ ਹੈ। ਅੱਜ ਸਵੇਰੇ ਸਕੂਲੀ ਬੱਚੇ ਸਕੂਲ ਨਹੀਂ ਜਾ ਸਕੇ ਅਤੇ ਉੱਥੇ ਡੇਢ ਕਿਲੋਮੀਟਰ ਖੇਤਰ ਵਿੱਚ ਪੈਂਦੀਆਂ ਤਿੰਨ ਪੁਲੀਆਂ ਵਿੱਚ ਮਲਬਾ ਫਸ ਜਾਣ ਨਾਲ ਪਾਣੀ ਓਵਰਫਲੋਅ ਹੋ ਕੇ ਸੜਕ ਤੋਂ ਲੰਘਣ ਲੱਗ ਪਿਆ ਹੈ, ਜਿਸ ਨਾਲ ਘਰਾਂ ਦੇ ਰੁੜ੍ਹਨ ਦਾ ਵੀ ਖ਼ਤਰਾ ਪੈਦਾ ਹੋ ਗਿਆ ਹੈ। ਇਸ ਤੋਂ ਇਲਾਵਾ ਨਰਾਇਣਪੁਰ ਦੇ ਮਿਡਲ ਸਕੂਲ ਦੀ ਦੀਵਾਰ ਨੂੰ ਵੀ ਖ਼ਤਰਾ ਹੈ। ਲੋਕਾਂ ਅਨੁਸਾਰ ਉੱਥੇ ਪੱਥਰਾਂ ਦੇ ਕਰੇਟ ਨਾ ਬੰਨ੍ਹਣ ਕਰਕੇ ਇਹ ਸਥਿਤੀ ਪੈਦਾ ਹੋਈ ਹੈ। ਇਸ ਦੀ ਸੂਚਨਾ ਮਿਲਣ 'ਤੇ ਪ੍ਰਸ਼ਾਸਨ ਨੇ ਦੋ ਜੇ.ਸੀ.ਬੀ. ਮਸ਼ੀਨਾਂ ਰਾਹਤ ਕਾਰਜਾਂ ਲਈ ਲਗਾ ਦਿੱਤੀਆਂ ਹਨ। ਖੱਡ ਦਾ ਇਹੋ ਪਾਣੀ ਅੱਗੇ ਜਾ ਕੇ ਪਠਾਨਕੋਟ ਦੇ ਚੱਕੀ ਦਰਿਆ ਵਿੱਚ ਪੈ ਜਾਂਦਾ ਹੈ, ਹੋਰ ਵੀ ਖੱਡਾਂ ਦਾ ਪਾਣੀ ਜਮ੍ਹਾਂ ਹੋਣ ਕਾਰਨ ਚੱਕੀ ਦਰਿਆ ਵਿੱਚ ਪਾਣੀ ਦਾ ਪੱਧਰ ਵਧ ਗਿਆ ਹੈ। ਫਿਲਹਾਲ ਚੱਕੀ ਦਰਿਆ ਦੇ ਪਾਣੀ ਨਾਲ ਅਜੇ ਕੋਈ ਖ਼ਤਰਾ ਨਹੀਂ, ਪਰ ਲਗਾਤਾਰ ਪਾਣੀ ਦੇ ਵਧਣ ਨਾਲ ਅੱਗੇ ਕੋਈ ਨੁਕਸਾਨ ਹੋ ਸਕਦਾ ਹੈ। ਇੱਕ ਅਨੁਮਾਨ ਅਨੁਸਾਰ 10 ਹਜ਼ਾਰ ਕਿਊਸਿਕ ਤੋਂ ਵੱਧ ਪਾਣੀ ਚੱਕੀ ਦਰਿਆ ਵਿੱਚ ਚੱਲ ਰਿਹਾ ਹੈ। ਪਠਾਨਕੋਟ ਦੇ ਉੱਪਰ ਪਹਾੜਾਂ ਵਿੱਚ ਭਾਰੀ ਬਰਸਾਤ ਹੋਣ ਨਾਲ ਜ਼ਿਲ੍ਹੇ ਅੰਦਰ ਪੈਂਦੇ ਨਦੀ-ਨਾਲਿਆਂ ਵਿੱਚ ਪਾਣੀ ਦਾ ਕਾਫ਼ੀ ਉਛਾਲ ਆ ਗਿਆ ਹੈ, ਜਿਸ ਕਾਰਨ ਜੰਮੂ-ਕਸ਼ਮੀਰ ਦੇ ਕਠੂਆ ਜ਼ਿਲ੍ਹੇ ਵਿੱਚੋਂ ਆਉਂਦੇ ਉੱਝ ਦਰਿਆ ਵਿੱਚ ਵੀ ਪਾਣੀ ਦਾ ਪੱਧਰ ਵਧ ਗਿਆ ਹੈ ਅਤੇ ਇਹ 60 ਹਜ਼ਾਰ ਕਿਊਸਿਕ ਨੂੰ ਪਾਰ ਕਰ ਗਿਆ ਹੈ।

## ਐੱਫ ਬੀ ਆਈ ਦੀ 'ਮੋਸਟ ਵਾਂਟੇਡ' ਸੂਚੀ 'ਚ ਪੰਜਾਬ ਦਾ ਇੱਕ ਹੋਰ ਗੈਂਗਸਟਰ ਸ਼ਾਮਲ

**ਲਾਸ ਵੇਗਾਸ** : ਗੈਂਗਸਟਰ ਨਿਤੀਸ਼ ਕੌਸ਼ਲ ਦੀ ਗ੍ਰਿਫ਼ਤਾਰੀ ਤੋਂ ਮਹਿਜ਼ ਤਿੰਨ ਦਿਨ ਬਾਅਦ ਪੰਜਾਬ ਨਾਲ ਸੰਬੰਧਤ ਇੱਕ ਹੋਰ 32 ਸਾਲਾ ਨੌਜਵਾਨ ਹਰਮਨਵੀਰ ਸਿੰਘ ਦਾ ਨਾਂਅ ਅਮਰੀਕਾ ਦੀ ਸੰਘੀ ਜਾਂਚ ਏਜੰਸੀ (ਐੱਫ ਬੀ ਆਈ) ਦੀ ਮੋਸਟ ਵਾਂਟੇਡ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਹਰਮਨਵੀਰ ਉੱਤੇ ਉੱਤਰੀ ਅਮਰੀਕਾ ਵਿੱਚ ਨਸ਼ੀਲੇ ਪਦਾਰਥਾਂ ਦੀ ਕੌਮਾਂਤਰੀ ਤਸਕਰੀ ਕਰਨ ਵਾਲੇ ਇੱਕ ਅਪਰਾਧਿਕ ਗਰੋਹ ਵਿੱਚ ਅਹਿਮ ਭੂਮਿਕਾ ਨਿਭਾਉਣ ਦੇ ਗੰਭੀਰ ਦੋਸ਼ ਹਨ। ਜਾਂਚਕਰਤਾਵਾਂ ਅਨੁਸਾਰ ਹਰਮਨਵੀਰ ਸਿੰਘ ਦੇ ਤਾਰ ਕੈਨੇਡਾ ਦੇ ਵੈਨਕੂਵਰ ਸਥਿਤ 'ਰਵਿੰਦਰ ਧਾਂਦਾ ਆਰਗੇਨਾਈਜ਼ਡ ਗਰੁੱਪ' ਨਾਲ ਜੁੜੇ ਹੋਏ ਹਨ। ਇਹ ਗੈਂਗ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿੱਚ ਫੈਲੇ ਆਪਣੇ ਨੈੱਟਵਰਕ ਰਾਹੀਂ ਵੱਡੀ ਮਾਤਰਾ ਵਿੱਚ ਕੋਕੀਨ ਅਤੇ ਮੈਥਾਮਫੇਟਾਮਾਈਨ ਵਰਗੇ ਘਾਤਕ ਨਸ਼ਿਆਂ ਦੀ ਤਸਕਰੀ ਕਰਦਾ ਰਿਹਾ ਹੈ। 23 ਜੂਨ 2026 ਨੂੰ ਅਮਰੀਕਾ ਦੇ ਕੈਲੀਫ਼ੋਰਨੀਆ (ਲਾਸ ਏਂਜਲਸ) ਦੀ ਜ਼ਿਲ੍ਹਾ ਅਦਾਲਤ ਵੱਲੋਂ ਹਰਮਨਵੀਰ ਸਿੰਘ ਦੇ ਖ਼ਿਲਾਫ਼ ਸੰਘੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ।

## ਨੀਟ ਤੇ ਜੇ ਈ ਈ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਨੀਟ ਤੇ ਜੇਈਈ ਦੀਆਂ ਪ੍ਰੀਖਿਆਵਾਂ ਦੇ ਨਤੀਜਿਆਂ ਵਿੱਚ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਮਦਰ ਇੰਡੀਆ ਪਬਲਿਕ ਸਕੂਲ ਪਾਤੜਾਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।ਸਕੂਲ ਦੀਆਂ ਵਿਦਿਆਰਥਣਾਂ ਯਾਸ਼ਿਕਾ ਤੇ ਆਇਸ਼ਾ ਨੇ ਨੀਟ ਪ੍ਰੀਖਿਆ ਵਿੱਚ ਸ਼ਾਨਦਾਰ ਸਫਲਤਾ ਹਾਸਲ ਕੀਤੀ, ਜਦਕਿ ਪ੍ਰਥਮ ਸਿੰਗਲਾ ਨੇ ਜੇਈਈ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਸਕੂਲ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਮਾਰੋਹ ਦੌਰਾਨ ਹੋਣਹਾਰ ਵਿਦਿਆਰਥੀਆਂ ਨੂੰ ਟਰਾਫੀਆਂ ਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਡਾ. ਨਿਤਿਕਾ ਗੁਪਤਾ ਤੇ ਸਕੂਲ ਦੇ ਚੇਅਰਮੈਨ ਰਾਕੇਸ਼ ਗਰਗ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਮਿਹਨਤ, ਅਧਿਆਪਕਾਂ ਦੀ ਸਮਰਪਤ ਰਹਿਨੁਮਾਈ ਤੇ ਮਾਪਿਆਂ ਦੇ ਨਿਰੰਤਰ ਸਹਿਯੋਗ ਦਾ ਨਤੀਜਾ ਹੈ।ਉਨ੍ਹਾਂ ਕਿਹਾ ਕਿ ਸਕੂਲ ਹਮੇਸ਼ਾ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਤੇ ਸਹੀ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਉਮੀਦ ਜਤਾਈ ਕਿ ਇਹ ਹੋਣਹਾਰ ਵਿਦਿਆਰਥੀ ਭਵਿੱਖ ਵਿੱਚ ਵੀ ਦੇਸ਼ ਦਾ ਨਾਮ ਰੌਸ਼ਨ ਕਰਨਗੇ।

## ਵਿਸ਼ਵ ਸਾਈਕਲ ਯਾਤਰੀ ਸੋਮੇਨ ਦੇਬਨਾਥ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਨਮਾਨਤ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਵਿਸ਼ਵ ਪੱਧਰ 'ਤੇ ਸਾਈਕਲ ਰਾਹੀਂ 191 ਦੇਸ਼ਾਂ ਦੀ ਯਾਤਰਾ ਕਰਕੇ ਐੱਚ.ਆਈ.ਵੀ. ਜਾਗਰੂਕਤਾ ਤੇ ਭਾਰਤੀ ਸੰਸਕ੍ਰਿਤੀ ਦੇ ਪ੍ਰਚਾਰ ਲਈ ਵਿਲੱਖਣ ਯੋਗਦਾਨ ਪਾਉਣ ਵਾਲੇ ਪ੍ਰਸਿੱਧ ਵਿਸ਼ਵ ਸਾਈਕਲ ਯਾਤਰੀ ਸੋਮੇਨ ਦੇਬਨਾਥ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫ਼ੋਂ ਸਕੱਤਰ ਰੈੱਡ ਕਰਾਸ ਦਰਸ਼ਨ ਕੁਮਾਰ ਵੱਲੋਂ 10 ਹਜ਼ਾਰ ਰੁਪਏ ਦਾ ਚੈੱਕ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੱਤਰ ਰੈੱਡ ਕਰਾਸ ਦਰਸ਼ਨ ਕੁਮਾਰ ਨੇ ਸੋਮੇਨ ਦੇਬਨਾਥ ਨੂੰ ਉਨ੍ਹਾਂ ਦੀਆਂ ਸਮਾਜਿਕ ਸੇਵਾਵਾਂ, ਵਿਸ਼ਵ ਸਾਈਕਲ ਯਾਤਰਾ ਦੀ ਸਫਲਤਾ ਤੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਦਸਦਿਆਂ ਕਿਹਾ ਕਿ ਸੋਮੇਨ ਦੇਬਨਾਥ ਸਾਲ 2004 ਤੋਂ 2023 ਤੱਕ 191 ਦੇਸ਼ਾਂ ਦੀ ਲਗਭਗ 2 ਲੱਖ ਕਿਲੋਮੀਟਰ ਸਾਈਕਲ ਯਾਤਰਾ ਕਰ ਚੁੱਕੇ ਹਨ।ਉਨ੍ਹਾਂ ਵੱਲੋਂ 27 ਮਈ 2026 ਤੋਂ ਭਾਰਤ ਦੇ 28 ਰਾਜਾਂ ਤੇ 5 ਕੇਂਦਰ ਸ਼ਾਸਤ ਪ੍ਰਦੇਸਾਂ ਦੀ ਨਵੀਂ ਸਾਈਕਲ ਯਾਤਰਾ ਸ਼ੁਰੂ ਕੀਤੀ ਗਈ ਹੈ, ਜੋ 27 ਮਈ 2027 ਤੱਕ ਮੁਕੰਮਲ ਕੀਤੀ ਜਾਵੇਗੀ।ਇਸ ਯਾਤਰਾ ਦਾ ਮੁੱਖ ਉਦੇਸ਼ ਰਾਸ਼ਟਰੀ ਏਕਤਾ, ਵਾਤਾਵਰਨ ਸੰਭਾਲ ਲਈ 'ਇੱਕ ਰੁੱਖ-ਇੱਕ ਜੀਵਨ' ਦਾ ਸੰਦੇਸ਼ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਹੈ।

## ਪਾਥਵੇਜ਼ ਨੇ ਓਪਨ ਸਪੀਡ ਸਕੇਟਿੰਗ ਚੈਂਪੀਅਨਸ਼ਿਪ 'ਚ ਮਾਰੀਆਂ ਮੱਲਾਂ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਦੇ ਹੋਣਹਾਰ ਵਿਦਿਆਰਥੀਆਂ ਕੁੰਵਰਪ੍ਰਤਾਪ ਸਿੰਘ ਅੰਡਰ 14 ਤੇ ਪ੍ਰਭਨੂਰ ਕੌਰ ਅੰਡਰ 19 ਨੇ ਓਪਨ ਸਪੀਡ ਸਕੇਟਿੰਗ ਚੈਂਪੀਅਨਸ਼ਿਪ 2026 ਵਿੱਚ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਕੇ ਮੋਗੇ ਜ਼ਿਲ੍ਹੇ ਵਿੱਚ ਪਾਥਵੇਜ਼ ਦਾ ਨਾਮ ਰੋਸ਼ਨ ਕੀਤਾ।ਇਹ ਮੁਕਾਬਲੇ ਫੀਜਾ ਸਕੇਟਿੰਗ ਕਲੱਬ ਮੋਗਾ ਵੱਲੋਂ ਕਰਵਾਏ ਗਏ ਸਨ।ਪ੍ਰਿੰਸੀਪਲ ਸ੍ਰੀ ਆਸ਼ੀਸ਼ ਡੇਗਵੇਕਰ ਤੇ ਵਾਇਸ ਪ੍ਰਿੰਸੀਪਲ ਮੈਡਮ ਮਾਲਵਿਕਾ ਡੇਗਵੇਕਰ ਨੇ ਦੋਹਾਂ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਜਿੱਤ 'ਤੇ ਵਧਾਈਆਂ ਦਿੱਤੀਆਂ ਅਤੇ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਆ।ਇਸ ਮੌਕੇ ਸਕੂਲ ਦੇ ਕਮੇਟੀ ਮੈਂਬਰ ਮਾਣਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰੈਜ਼ੀਡੈਂਟ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਡਾਕਟਰ ਚਾਹਤ ਕੰਬੋਜ, ਸਤਨਾਮ ਸਿੰਘ ਸੌਂਦ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸਰਪੰਚ, ਪ੍ਰਧਾਨ ਜਸਵਿੰਦਰ ਸਿੰਘ ਸਿੱਧੂ ਨੇ ਇਸ ਸ਼ਾਨਦਾਰ ਜਿੱਤ ਦਾ ਸਿਹਰਾ ਬੱਚਿਆਂ ਦੀ ਸਖਤ ਮਿਹਨਤ ਦੇ ਸਿਰ ਕੀਤਾ ਤੇ ਭਵਿੱਖ ਵਿੱਚ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।

## ਦਹੀਆ ਨੇ ਮ੍ਰਿਤਕ ਫੌਜੀ ਜਵਾਨ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਪਿਛਲੇ ਦਿਨੀਂ ਪੱਛਮੀਂ ਬੰਗਾਲ ਦੇ ਪਾਨਾਗੜ੍ਹ ਵਿਖੇ ਕਰੰਟ ਲੱਗਣ ਕਾਰਨ ਮਾਰੇ ਗਏ ਬਲਾਕ ਮਮਦੋਟ ਦੇ ਪਿੰਡ ਰਾਊ ਕੇ ਹਿਠਾੜ ਦੇ ਵਸਨੀਕ ਫੌਜੀ ਜਵਾਨ ਹਰਮੇਸ਼ ਸਿੰਘ ਦੀ ਬੇਵਕਤੀ ਮੌਤ 'ਤੇ ਉਨ੍ਹਾਂ ਦੇ ਪਿਤਾ ਮਹਿੰਦਰ ਸਿੰਘ ਤੇ ਭਰਾ ਸੰਦੀਪ ਸਿੰਘ ਨਾਲ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਨੇ ਦੁੱਖ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਪਰਿਵਾਰ ਨੂੰ ਹੌਸਲਾ ਦਿੰਦਿਆਂ ਹੈ ਕਿਹਾ ਕਿ ਪੰਜਾਬ ਸਰਕਾਰ ਹਰ ਤਰ੍ਹਾਂ ਨਾਲ ਪਰਿਵਾਰ ਦੇ ਨਾਲ ਖੜ੍ਹੀ ਹੈ ਤੇ ਸਰਕਾਰ ਦੀ ਤਰਫ ਆਉਣ ਵਾਲੀ ਹਰੇਕ ਮਦਦ ਉਨ੍ਹਾਂ ਤੱਕ ਪਹੁੰਚਾਈ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਨ੍ਹਾਂ ਨਾਲ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਬਲਦੇਵ ਰਾਜ ਸ਼ਰਮਾ ਚੇਅਰਮੈਨ ਬ੍ਰਾਹਮਣ ਵੈੱਲਫੇਅਰ ਬੋਰਡ ਫਿਰੋਜ਼ਪੁਰ ਦਿਹਾਤੀ, ਜਗੀਰ ਸਿੰਘ ਹਜ਼ਾਰਾ ਸਿੰਘ ਵਾਲਾ, ਗੁਰਮੁੱਖ ਸਿੰਘ ਸਰਪੰਚ ਰਾਊਕੇ, ਅਜਮੇਰ ਸਿੰਘ ਸਰਪੰਚ ਮੁਰਕਵਾਲਾ, ਅਮਨਦੀਪ ਸਿੰਘ ਸਰਪੰਚ ਝੋਕ ਨੋਧ ਸਿੰਘ, ਰਾਹੁਲ ਮੈਨੀ ਦਰੀਏ ਕੇ ਤੇ ਹੋਰ ਬਹੁਤ ਸਾਰੇ ਆਗੂ ਤੇ ਵਰਕਰ ਹਾਜ਼ਰ ਸਨ।

## ਸੰਧਵਾਂ ਨੇ ਰੱਖੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਵਿਕਾਸ ਕਾਰਜਾਂ ਨੂੰ ਹੋਰ ਗਤੀ ਦਿੰਦਿਆਂ ਹੀਰਾ ਸਿੰਘ ਨਗਰ, ਵਾਰਡ ਨੰਬਰ 2 ਦੀ ਗਲੀ ਨੂੰ 8 ਸੱਜੇ ਪਾਸੇ, ਵਾਰਡ ਨੰਬਰ 6 ਦੀਆਂ ਵੱਖ-ਵੱਖ ਗਲੀਆਂ ਤੇ ਵਾਰਡ ਨੰਬਰ 8 ਦੀਆਂ ਵੱਖ-ਵੱਖ ਗਲੀਆਂ ਵਿੱਚ ਲਗਭਗ 50 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਇਲਾਂ ਲਗਾਉਣ ਦੇ ਕੰਮਾਂ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਸੰਬੋਧਨ ਕਰਦਿਆਂ ਸਪੀਕਰ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ਹਿਰਾਂ ਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਿਕਾਸ ਕਾਰਜ ਲਗਾਤਾਰ ਜਾਰੀ ਹਨ ਤੇ ਹਰ ਵਾਰਡ ਦੀ ਲੋੜ ਅਨੁਸਾਰ ਵਿਕਾਸ ਨੂੰ ਪਹਿਲ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਕੋਟਕਪੂਰਾ ਹਲਕੇ ਦੇ ਲੋਕਾਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਵਿਕਾਸ ਦੇ ਕੰਮ ਇਸੇ ਤਰ੍ਹਾਂ ਨਿਰੰਤਰ ਜਾਰੀ ਰਹਿਣਗੇ।ਉਨ੍ਹਾਂ ਕਿਹਾ ਕਿ ਕੋਟਕਪੂਰਾ ਸ਼ਹਿਰ ਵਿੱਚ 31 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਜਾਣਗੇ।ਇਸ ਮੌਕੇ ਪ੍ਰਧਾਨ ਨਗਰ ਕੌਂਸਲ ਗੁਰਪ੍ਰੀਤ ਸਿੰਘ ਗੈਰੀ ਵੜਿੰਗ, ਮਨਤਾਰ ਸਿੰਘ ਮੱਕੜ, ਪ੍ਰਿੰਸ ਬਹਿਲ, ਰੋਮਾ ਬਰਾੜ, ਕੁਲਵਿੰਦਰ ਸਿੰਘ, ਸੁਖਵੰਤ ਪੱਕਾ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : **nawanzamana@gmail.com** * **Web** : **www.nawanzamana.in**

# ਅੱਜ ਤਿੰਨ ਘੰਟੇ ਲਈ ਤਿੰਨ ਟੋਲ ਪਲਾਜ਼ੇ ਟੋਲ ਮੁਕਤ

## ਖੰਡ ਮਿੱਲ ਸੇਰੋਂ ਲੋਕਾਂ ਦੀ ਸਾਂਝੀ ਜਾਇਦਾਦ; ਵੇਚਣ ਨਹੀਂ ਦੇਵਾਂਗੇ : ਆਗੂ

**ਤਰਨ ਤਾਰਨ (ਪ੍ਰਤਾਪ ਸਿੰਘ)**- ਅਮਰੀਕਾ ਭਾਰਤ ਟ੍ਰੇਡ ਸੰਧੀ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਵੱਲੋਂ ਅੱਜ ਤਿੰਨ ਘੰਟੇ ਲਈ ਟੋਲ ਪਲਾਜ਼ੇ ਟੋਲ ਮੁਕਤ ਕਰਕੇ ਬੀਜੇਪੀ ਆਗੂਆਂ ਦੇ ਘਰਾਂ ਅੱਗੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤੇ ਜਾਣਗੇ।ਇਸ ਦੀਆਂ ਤਿਆਰੀਆਂ ਬਾਰੇ ਖੰਡ ਮਿੱਲ ਮੋਰਚੇ ਦੇ 62ਵੇਂ ਦਿਨ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਹਰਜਿੰਦਰ ਸਿੰਘ ਟਾਂਡਾ, ਨਛੱਤਰ ਸਿੰਘ ਪੰਨੂ, ਮਹਾਂਬੀਰ ਸਿੰਘ ਗਿੱਲ, ਇੰਦਰਜੀਤ ਸਿੰਘ ਸਰਹਾਣਾ, ਤਰਸੇਮ ਸਿੰਘ ਲੁਹਾਰ, ਮਨਜੀਤ ਸਿੰਘ ਬੱਗੂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਸਥਾਨਕ ਜ਼ਿਲ੍ਹੇ ਵਿੱਚ ਉਸਮਾ, ਭੱਗੂਪੁਰ ਤੇ ਮੰਨਣ ਟੋਲ ਪਲਾਜ਼ੇ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਤਿੰਨ ਘੰਟਿਆਂ ਲਈ ਟੋਲ ਮੁਕਤ ਕੀਤੇ ਜਾਣਗੇ ਅਤੇ ਬੀ ਜੇ ਪੀ ਪ੍ਰਧਾਨ ਦੀ ਰਿਹਾਇਸ਼ ਅੱਗੇ ਰੋਸ ਪ੍ਰਦਰਸ਼ਨ ਵੀ ਕੀਤਾ ਜਾਵੇਗਾ।ਆਗੂਆਂ ਨੇ ਕਿਹਾ ਕਿ ਸੇਰੋਂ ਖੰਡ ਮਿੱਲ ਸਹਿਕਾਰਤਾ ਵਿਭਾਗ ਰਾਹੀਂ ਲੋਕਾਂ ਦੀ ਸਾਂਝੀ ਜਾਇਦਾਦ ਹੈ, ਇਸ ਮਿੱਲ ਨੂੰ ਮੁੜ ਚਾਲੂ ਕਰਕੇ ਇਸ ਇਲਾਕੇ ਦੇ ਹਜ਼ਾਰਾਂ ਕਿਸਾਨਾਂ ਮਜ਼ਦੂਰਾਂ ਨੂੰ ਰੁਜ਼ਗਾਰ ਦੇਣਾ ਸਰਕਾਰ ਦੇ ਏਜੰਡੇ 'ਤੇ ਹੋਣਾ ਚਾਹੀਦਾ ਹੈ ਪਰ ਅਫਸੋਸ ਦੀ ਗੱਲ ਹੈ ਕਿ ਸਰਕਾਰ ਉਲਟਾ ਇਸ ਖੰਡ ਮਿੱਲ ਦੀ ਜ਼ਮੀਨ ਹੀ ਵੇਚਣ ਲੱਗ ਪਈ ਹੈ, ਜਿਸ ਨੂੰ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਆਗੂਆਂ ਨੇ ਕਿਹਾ ਕਿ ਖੰਡ ਮਿੱਲ ਵਿੱਚ ਅੱਜ ਵੀ ਕਰੋੜਾਂ ਰੁਪਏ ਦੀ ਮਸ਼ੀਨਰੀ ਖੜੀ ਹੈ ਜਿਸ ਦੀ ਰਿਪੇਅਰ ਕਰਕੇ ਖੰਡ ਮਿੱਲ ਮੁੜ ਚਾਲੂ ਕੀਤੀ ਜਾ ਸਕਦੀ ਹੈ।ਇਸ ਮੌਕੇ ਕਿਸਾਨ ਆਗੂਆਂ ਬਾਬਾ ਮਹਿੰਦਰ ਸਿੰਘ ਵੇਈਂਪੂਈਂ, ਸੁਖਦੇਵ ਸਿੰਘ ਤੁੜ, ਸੁਖਰਾਜ ਸਿੰਘ ਸਿੱਧੂ, ਗੁਰਚਰਨ ਸਿੰਘ ਸਭਰਾ, ਦਾਰਾ ਸਿੰਘ ਚੋਹਲਾ, ਜਗਤਾਰ ਸਿੰਘ ਬੁਰਜ ਰਾਏਕੇ, ਗੁਰਸ਼ਰਨ ਸਿੰਘ, ਕੁਲਵੰਤ ਸਿੰਘ ਤੁੜ, ਗੁਰਪ੍ਰੀਤ ਸਿੰਘ ਗੰਡੀਵਿੰਡ , ਜਸਬੀਰ ਸਿੰਘ ਨਿੱਜਰਪੁਰਾ ਆਦਿ ਨੇ ਮੋਦੀ ਅਤੇ ਭਗਵੰਤ ਮਾਨ ਸਰਕਾਰ ਵੱਲੋਂ ਮਿਹਨਤਕਸ਼ ਜਮਾਤ ਵਿਰੁੱਧ ਕੀਤੀ ਜਾ ਰਹੀ ਘੇਰਾਬੰਦੀ ਖਿਲਾਫ਼ ਸੰਘਰਸ਼ਾਂ ਨੂੰ ਮਜ਼ਬੂਤ ਕਰਨ ਦਾ ਲੋਕਾਂ ਨੂੰ ਸੱਦਾ ਦਿੱਤਾ।



# ਅਜੇ ਕੁਮਾਰ ਸ਼ਰਮਾ ਬ੍ਰਾਹਮਣ ਵੈੱਲਫੇਅਰ ਬੋਰਡ ਹਲਕਾ ਅਜਨਾਲਾ ਦੇ ਚੇਅਰਮੈਨ ਨਿਯੁਕਤ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਵੱਲੋਂ ਡਿਪਟੀ ਐਡਵੋਕੇਟ ਜਨਰਲ ਰਾਜੀਵ ਮਦਾਨ ਰਾਜਾ ਰਾਮਦਾਸ ਦੇ ਬਹੁਤ ਕਰੀਬੀ ਮਿੱਤਰ ਅਜੇ ਕੁਮਾਰ ਸ਼ਰਮਾ ਨੂੰ ਬ੍ਰਾਹਮਣ ਵੈੱਲਫੇਅਰ ਬੋਰਡ ਹਲਕਾ ਅਜਨਾਲਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਸਾਬਕਾ ਮੰਤਰੀ ਅਤੇ ਮੌਜੂਦਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਸਨਮਾਨਿਤ ਕੀਤਾ ਗਿਆ। ਅਜੇ ਕੁਮਾਰ ਲੰਮੇ ਸਮੇਂ ਤੋਂ ਹਲਕਾ ਅਜਨਾਲਾ ਵਿੱਚ ਸਮਾਜ ਸੇਵਾ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਸਰਗਰਮ ਭੂਮਿਕਾ ਨਿਭਾ ਰਹੇ ਹਨ।ਇਸ ਮੌਕੇ ਬੋਲਦਿਆਂ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅਜੇ ਕੁਮਾਰ ਸ਼ਰਮਾ ਪਾਰਟੀ ਦਾ ਵਫ਼ਾਦਾਰ ਸਿਪਾਹੀ ਹੈ ਅਤੇ ਪਾਰਟੀ ਦਾ ਹਰ ਹੁਕਮ ਮੰਨਿਆ ਹੈ ਪਾਰਟੀ ਦੀ ਵਫ਼ਾਦਾਰ ਸਾਥੀਆਂ ਦਾ ਮਾਣ ਸਤਿਕਾਰ ਕਰਨ ਲਈ ਵਚਨਬੱਧ ਹੈ। ਇਸ ਮੌਕੇ ਨਵ-ਨਿਯੁਕਤ ਚੇਅਰਮੈਨ ਅਜੇ ਕੁਮਾਰ ਸ਼ਰਮਾ ਨੇ ਪੰਜਾਬ ਦੇ ਮੁੱਖ ਮੰਤਰੀ, ਮੌਜੂਦਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਡਿਪਟੀ ਐਡਵੋਕੇਟ ਰਜੀਵ ਮੈਦਾਨ ਅਤੇ ਸਮੁੱਚੀ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਜੋ ਉਨ੍ਹਾਂ 'ਤੇ ਵਿਸ਼ਵਾਸ ਕੀਤਾ ਹੈ ਉਹ ਉਸ 'ਤੇ ਇੰਨ-ਬਿੰਨ ਖਰਾ ਉਤਰਨਗੇ। ਇਸ ਮੌਕੇ ਸ਼ਹਿਰੀ ਪ੍ਰਧਾਨ ਅਮਿਤ ਔਲ, ਕਾਲਾ ਸਲਵਾਨ, ਦੀਪਕ ਚੈਨਪੁਰੀਆ, ਹੀਰਾ ਲਾਲ, ਅਮਿਤ ਸ਼ਰਮਾ, ਸੁੱਖ ਨਿੱਜਰ, ਸ਼ਿਵ ਲਾਲ, ਗੋਰਾ ਸੱਗੂ, ਸਹਰਪ੍ਰੀਤ ਸਿੰਘ ਸੋਹਲ, ਦਿਲਬਾਗ ਸਿੰਘ ਤੇ ਕੌਂਸਲਰ ਅਵਿਨਾਸ਼ ਮਸੀਹ ਆਦਿ ਹਾਜ਼ਰ ਸਨ।

# ਦਿੱਲੀ ਲਈ ਰਵਾਨਾ ਹੋਏ ਕਿਸਾਨਾਂ ਦੇ ਜਥੇ

**ਬਿਆਸ (ਪਰਮਜੀਤ ਸਿੰਘ ਰੱਖੜਾ)** ਭਾਰਤ-ਅਮਰੀਕਾ ਵਿਚਾਲੇ ਹੋਣ ਜਾ ਰਹੇ ਵਪਾਰਕ ਸਮਝੌਤੇ ਦੇ ਵਿਰੋਧ ਵਿੱਚ ਕਿਸਾਨਾਂ ਨੇ ਇੱਕ ਵਾਰ ਫਿਰ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਕਈ ਮਹੀਨਿਆਂ ਬਾਅਦ ਬਿਆਸ ਦਰਿਆ ਦੇ ਕਿਨਾਰੇ ਅੰਮ੍ਰਿਤਸਰ ਅਤੇ



ਗੁਰਦਾਸਪੁਰ ਜ਼ਿਲ੍ਹਿਆਂ ਨਾਲ ਸੰਬੰਧਤ ਵੱਡੀ ਗਿਣਤੀ ਵਿੱਚ ਕਿਸਾਨ ਇਕੱਠੇ ਹੋਏ। ਵੱਡੀ ਗਿਣਤੀ ਵਿੱਚ ਕਿਸਾਨ ਬੱਸਾਂ, ਗੱਡੀਆਂ ਅਤੇ ਹੋਰ ਵਾਹਨਾਂ ਦੇ ਕਾਫਲੇ ਦੇ ਰੂਪ ਵਿੱਚ ਦਿੱਲੀ ਲਈ ਰਵਾਨਾ ਹੋਏ। ਕਿਸਾਨਾਂ ਕਿਹਾ ਕਿ ਇਹ ਸੰਘਰਸ਼ 'ਦੇਸ਼ ਬਚਾਓ ਮੋਰਚਾ' ਮੁਹਿੰਮ ਦੇ ਤਹਿਤ ਕੀਤਾ ਜਾ ਰਿਹਾ ਹੈ, ਜਿਸ ਦਾ ਮਕਸਦ ਦੇਸ਼ ਅਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਹੈ।ਬਿਆਸ ਦਰਿਆ ਦੇ ਕਿਨਾਰੇ ਇਕੱਠੇ ਹੋਏ ਕਿਸਾਨਾਂ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਭਾਰਤ-ਅਮਰੀਕਾ ਸਮਝੌਤਾ ਦੇਸ਼ ਦੇ ਖੇਤੀਬਾੜੀ ਖੇਤਰ ਅਤੇ ਕਿਸਾਨਾਂ ਲਈ ਨੁਕਸਾਨਦਾਇਕ ਸਾਬਤ ਹੋ ਸਕਦਾ ਹੈ। ਇਸ ਮੌਕੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੂੰ ਕਥਿਤ ਤੌਰ 'ਤੇ ਹਿਰਾਸਤ ਵਿੱਚ ਲਏ ਜਾਣ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਕਿਸੇ ਵੀ ਕਿਸਾਨ ਜਾਂ ਕਿਸਾਨ ਆਗੂ ਨਾਲ ਧੱਕੇਸ਼ਾਹੀ ਜਾਂ ਜ਼ਬਰਦਸਤੀ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨਾਲ ਸਰਕਾਰ ਨੂੰ ਲੋਕਤੰਤਰੀ ਹੱਕਾਂ ਦਾ ਸਤਿਕਾਰ ਕਰਨ ਅਤੇ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਨਾ ਕਰਨ ਦੀ ਅਪੀਲ ਕੀਤੀ।ਕਿਸਾਨਾਂ ਇਕਜੁੱਟ ਹੋ ਕੇ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਸੰਘਰਸ਼ ਨੂੰ ਹੋਰ ਵਿਆਪਕ ਕੀਤਾ ਜਾਵੇਗਾ। ਹੁਣ ਸਭ ਦੀਆਂ ਨਜ਼ਰਾਂ ਦਿੱਲੀ ਦੇ ਕਿਸਾਨ ਘਾਟ ਵਿਖੇ ਹੋਣ ਵਾਲੇ ਸ਼ਾਂਤਮਈ ਪ੍ਰਦਰਸ਼ਨ ਤੇ ਉਸ ਤੋਂ ਬਾਅਦ ਐਲਾਨੀ ਜਾਣ ਵਾਲੀ ਅਗਲੀ ਰਣਨੀਤੀ 'ਤੇ ਟਿਕੀਆਂ ਹੋਈਆਂ ਹਨ।

# ਸਾਡਾ ਨਾਟ ਘਰ ਦਾ 281ਵਾਂ ਪ੍ਰੋਗਰਾਮ ਇਕਬਾਲ ਕੌਰ ਸੌਂਦ ਨੂੰ ਸਮਰਪਿਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸਾਡਾ ਨਾਟਕਘਰ ਵਿਖੇ ਹਰ ਸੋਮਵਾਰ ਨੂੰ ਨਾਟਕਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ।ਇਸ ਵਾਰੀ 281ਵੇਂ ਪ੍ਰੋਗਰਾਮ ਵਿੱਚ ਵਿਦਾ ਦੇ ਮੈਂਬਰ ਰਹਿ ਚੁੱਕੇ ਰਿਟਾਇਰਡ ਪ੍ਰੋਫੈਸਰ ਮੈਡਮ ਇਕਬਾਲ ਕੌਰ ਸੌਂਦ ਜੋ ਕਿ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ ਨੂੰ ਸਮਰਪਿਤ ਕੀਤਾ ਗਿਆ।ਮੈਡਮ ਇਕਬਾਲ ਕੌਰ ਇੱਕ ਬਹੁਤ ਹੀ ਉੱਚੇ ਦਾਰਸ਼ਨਿਕ ਸਨ।ਉਨ੍ਹਾਂ ਨੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ।ਉਨ੍ਹਾਂ ਦੀ ਲਿਖੀ ਕਹਾਣੀ ਬਟਵਾਰਾ ਬਹੁਤ



ਹੀ ਮਕਬੂਲ ਹੋਈ।ਕਿਸਾਨੀ ਸੰਘਰਸ਼ ਵੇਲੇ ਵੀ ਆਪਣੇ ਆਪਣੀਆਂ ਕਵਿਤਾਵਾਂ ਰਾਹੀਂ ਉਨ੍ਹਾਂ ਨੇ ਸੰਘਰਸ਼ ਵਿੱਚ ਯੋਗਦਾਨ ਪਾਇਆ। ਸਰਦਾਰ ਗਹਿਲ ਸਿੰਘ ਦੀ ਸਪੁੱਤਰੀ ਇਕਬਾਲ ਕੌਰ ਨੇ ਇੱਕ ਅਧਿਆਪਕਾ ਦੀ ਭੂਮਿਕਾ ਵੀ ਅਦਾ ਕੀਤੀ ਤੇ ਪਿਛਲੇ ਦਿਨੀਂ ਕਾਫੀ ਬਿਮਾਰ ਰਹਿ ਕਰਕੇ ਉਹ ਸਾਨੂੰ ਸਦਾ-ਸਦਾ ਲਈ ਛੱਡ ਕੇ ਚਲੇ ਗਏ। ਜਿਨਾਂਦਾਸ ਸੰਜੀਵ ਸੋਨਾ, ਜਸਬੀਰ ਸਿੰਘ ਪੱਟੀ ਅਤੇ ਮਨਿੰਦਰ ਸਿੰਘ ਨੁਸ਼ਹਿਰਾ ਸਮੇਤ ਬਹੁਤ ਸਾਰੇ ਦਰਸ਼ਕਾਂ ਨਾਲ ਇਕਬਾਲ ਕੌਰ ਸੌਂਦ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਇਸ ਮੌਕੇ ਨਾਰੀ ਚੇਤਨਾ ਮੰਚ ਦੇ ਨਵੇਂ ਪ੍ਰਧਾਨ ਮੈਡਮ ਬਲਜਿੰਦਰ ਕੌਰ ਉਚੇਚੇ ਤੌਰ 'ਤੇ ਮੌਜੂਦ ਰਹੇ। ਪ੍ਰੋਗਰਾਮ ਵਿੱਚ ਇਕਬਾਲ ਕੌਰ ਮੈਡਮ ਦਾ ਲਿਖਿਆ ਨਾਟਕ 'ਪੰਘੂੜਾ' ਪੇਸ਼ ਕੀਤਾ ਗਿਆ।ਇਸ ਤੋਂ ਇਲਾਵਾ ਦਲਜੀਤ ਸੋਨਾ ਦੁਆਰਾ ਲਿਖਤ ਅਤੇ ਨਿਰਦੇਸ਼ਿਤ ਨਾਟਕ ਦਰਵਾਜ਼ਾ ਜ਼ਰੂਰ ਖੜਕਾਓ ਅਤੇ ਇਕ ਅਧੂਰਾ ਨਾਟਕ ਦੀ ਵੀ ਬੇਹਤਰੀਨ ਪੇਸ਼ਕਾਰੀ ਕੀਤੀ ਗਈ।

# ਪਨੂੰ ਵੱਲੋਂ ਪਿੰਡ ਜੀਵਨ ਨੰਗਲ 'ਚ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਤਕਸੀਮ



**ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)**- ਹਲਕਾ ਫਤਿਹਗੜ੍ਹ ਚੂੜੀਆਂ ਦੇ ਇੰਚਾਰਜ ਬਲਬੀਰ ਸਿੰਘ ਪਨੂੰ ਵੱਲੋਂ ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਮੇਰੀ ਰਸੋਈ ਯੋਜਨਾ ਤਹਿਤ ਪਿੰਡ ਜੀਵਨ ਨੰਗਲ ਵਿਖੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਮਕਸਦ ਹਰ ਪਰਿਵਾਰ ਤੱਕ ਸੰਤੁਲਿਤ ਅਤੇ ਪੌਸ਼ਟਿਕ ਆਹਾਰ ਪਹੁੰਚਾ ਕੇ ਉਨ੍ਹਾਂ ਦੀ ਜ਼ਿੰਦਗੀ ਨੂੰ ਹੋਰ ਸੁਖਾਲ਼ਾ ਬਣਾਉਣਾ ਹੈ।ਇਸ ਮੌਕੇ ਸਰਪੰਚ ਗੁਰਵਿੰਦਰ ਸਿੰਘ ਸਮੇਤ ਪਿੰਡ ਦੇ ਹੋਰ ਮੋਹਤਬਰ ਸੱਜਣ ਵੀ ਹਾਜ਼ਰ ਸਨ।ਉਨ੍ਹਾਂ ਨੇ ਅੱਗੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਵੱਡੇ ਉਪਰਾਲੇ ਕੀਤੇ ਗਏ ਹਨ ਅਤੇ ਹਰ ਵਰਗ ਦੀ ਭਲਾਈ ਲਈ ਵੱਡੇ ਕਦਮ ਚੁੱਕੇ ਗਏ ਹਨ।ਉਨ੍ਹਾਂ ਦੱਸਿਆ ਕਿ ਲੋਕਾਂ ਦੀ ਸਿਹਤ ਸਹੂਲਤ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਲਾਗੂ ਕੀਤੀ ਗਈ ਹੈ, ਜਿਸ ਤਹਿਤ ਬਿਮਾਰੀ ਦਾ ਇਲਾਜ ਕਰਵਾਉਣ ਲਈ 10 ਲੱਖ ਰੁਪਏ ਤੱਕ ਦੀ ਕੈਸ਼ਲੈੱਸ ਸਹੂਲਤ ਮੁਹੱਈਆ ਕਰਵਾਈ ਗਈ ਹੈ। ਇਸੇ ਤਰ੍ਹਾਂ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਲਾਗੂ ਕਰਕੇ ਔਰਤਾਂ ਦਾ ਸਤਿਕਾਰ ਕੀਤਾ ਗਿਆ ਹੈ।ਉਨ੍ਹਾਂ ਅੱਗੇ ਕਿਹਾ ਕਿ ਵਿਧਾਨ ਸਭਾ ਹਲਕਾ ਫਤਿਹਗੜ੍ਹ ਚੂੜੀਆਂ ਵਿਖੇ ਸਰਬਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ।ਪਿੰਡਾਂ ਵਿੱਚ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਖੇਡ ਮੈਦਾਨ ਤਿਆਰ ਕੀਤੇ ਗਏ ਹਨ।ਪਿੰਡਾਂ ਵਿੱਚ ਸ਼ਾਨਦਾਰ ਪਾਰਕਾਂ ਦੀ ਉਸਾਰੀ ਕੀਤੀ ਗਈ ਹੈ। ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਉਣ ਸਮੇਤ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ।

# ਰੋਟਰੀ ਕਲੱਬ ਵੈਸਟ ਦੀ ਪ੍ਰਧਾਨਗੀ ਦਾ ਤਾਜ ਸਾਵਣ ਕੁਮਾਰ ਅਰੋੜਾ ਦੇ ਸਿਰ ਸਜਿਆ

**ਅੰਮ੍ਰਿਤਸਰ (ਅਰੋੜਾ)**- ਰੋਟਰੀ ਕਲੱਬ ਵੈਸਟ ਦਾ ਇੰਸਟਾਲੇਸ਼ਨ ਸਮਾਗਮ ਕਲੱਬ ਦੇ ਪ੍ਰੋਜੈਕਟ ਚੇਅਰਮੈਨ ਸੀਨੀਅਰ ਮੈਂਬਰ ਡਾ. ਜਸਪ੍ਰੀਤ ਸਿੰਘ ਗਰੋਵਰ ਦੀ ਪ੍ਰਧਾਨਗੀ ਹੇਠਾਂ ਬੜੇ ਹੀ ਵਿਧੀ ਵਿਧਾਨ ਦੇ ਨਾਲ ਸੰਪੰਨ ਹੋਇਆ।ਸਮਾਗਮ ਵਿੱਚ ਰੋਟਰੀ 3070 ਦੇ ਮੌਜੂਦਾ ਗਵਰਨਰ ਅਨਿਲ ਸਿੰਗਲ, ਮੁੱਖ ਮਹਿਮਾਨ ਸਾਬਕਾ ਗਵਰਨਰ ਡਾ. ਪੀ. ਐੱਸ. ਗਰੋਵਰ, ਆਉਣ ਵਾਲੇ ਗਵਰਨਰ ਐੱਚ. ਐੱਸ. ਜੋਗੀ ਅਤੇ ਰੋਟੇਰੀਅਨ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਖਾਸ ਮਹਿਮਾਨ ਵੱਜੋਂ ਸ਼ਾਮਿਲ ਹੋ ਏ। ਰੋਟੇਰੀਅਨ ਸਾਵਣ ਕੁਮਾਰ ਨੂੰ ਰੋਟਰੀ ਕਲੱਬ ਵੈਸਟ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।ਰਿਸ਼ਬ ਕਪੂਰ ਨੂੰ ਸਕੱਤਰ ਦੇ ਅਹੁਦੇ ਦੀ ਜ਼ਿੰਮੇਵਾਰੀ ਸੌਂਪੀ ਗਈ।ਰੋਟੇਰੀਅਨ ਸਚਿਨ ਅਰੋੜਾ ਨੇ ਸਾਲ 2026-27 ਦੇ ਦੌਰਾਨ ਕੀਤੇ ਜਾਣ ਵਾਲੇ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਰੋਟੇਰੀਅਨ ਸਾਵਣ ਅਰੋੜਾ ਨੇ ਦੱਸਿਆ ਕਿ ਸਾਲ ਭਰ ਦੀਆਂ ਯੋਜਨਾਵਾਂ ਵਿੱਚ ਇੰਟਰੈਕਟ ਕਲੱਬ, ਰੋਟਰੈਕਟ ਕਲੱਬ ਸਥਾਪਿਤ ਕੀਤੀ ਜਾਵੇਗੀ।ਜ਼ਰੂਰਤਮੰਦ ਮਹਿਲਾਵਾਂ ਨੂੰ ਸਿਲਾਈ ਸਿੱਖਿਆ, ਰੇਲਵੇ ਸਟੇਸ਼ਨ ਤੇ ਸਤਨ ਪਾਨ ਕਕਸ਼ ਦਾ ਨਿਰਮਾਣ ਕੀਤਾ ਜਾਵੇਗਾ।ਸਮਾਗਮ ਦਾ ਮੰਚ ਸੰਚਾਲਨ ਜ਼ੋਨਲ ਚੇਅਰਮੈਨ ਡਾ. ਜਸਪ੍ਰੀਤ ਸਿੰਘ ਗਰੋਵਰ, ਚਾਰਟਰਡ ਪ੍ਰਧਾਨ ਰਮਿੰਦਰ ਕੌਰ, ਇੰਜੀਨੀਅਰ ਸਚਿਨ ਅਰੋੜਾ ਨੇ ਮਿਲ ਕੇ ਕੀਤਾ। ਇਸ ਮੌਕੇ ਨਰੇਸ਼ ਆਨੰਦ, ਡਾ. ਰਾਜੇਸ਼ ਕਪਿਲਾ, ਡਾ. ਸਾਰਿਕਾ ਕਪਿਲਾ, ਡਾ. ਸ਼ਾਲੂ ਅਗਰਵਾਲ, ਡਾ. ਸੰਦੀਪ ਅਗਰਵਾਲ, ਰਾਜੇਸ਼ ਖੰਨਾ, ਸੀ. ਏ. ਕਵਿਸ਼, ਡਾ. ਨਰੇਸ਼ ਚਾਵਲਾ, ਡਾ. ਸੰਦੀਪ ਮਹਾਜਨ, ਮੁਨੀਸ਼ ਮਹਾਜਨ, ਜਤਿੰਦਰ ਸਿੰਘ, ਪਰਮਜੀਤ ਸਿੰਘ, ਅਸ਼ੋਕ ਸ਼ਰਮਾ ਸਮੇਤ ਵੱਡੀ ਗਿਣਤੀ ਵਿੱਚ ਰੋਟਰੀ ਕਲੱਬ ਵੈਸਟ ਦੇ ਮੈਂਬਰ ਮੌਜੂਦ ਸਨ।






# ਖੋਖਰ ਫੌਜੀਆਂ ਵਿਖੇ ਪਨੂੰ ਨੇ ਲੋਕ ਸਮੱਸਿਆਵਾਂ ਸੁਣੀਆਂ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ)**- ਹਲਕਾ ਫਤਿਹਗੜ੍ਹ ਚੂੜੀਆਂ ਦੇ ਪਿੰਡ ਖੋਖਰ ਫੌਜੀਆਂ ਵਿਖੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਨੇ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦਾ ਹੱਲ ਕੱਢਣ ਦੇ ਲਈ ਸਬੰਧਿਤ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ।ਇਸ ਤੋਂ ਇਲਾਵਾ ਇਸ ਮੌਕੇ ਉਨ੍ਹਾਂ ਨੂੰ ਮਾਨ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਲੋਕ ਭਲਾਈ ਯੋਜਨਾਵਾਂ ਦੇ ਬਾਰੇ ਵੀ ਜਾਣੂ ਕਰਵਾਇਆ ਗਿਆ।

ਇਸ ਮੌਕੇ ਬਲਾਕ ਪ੍ਰਧਾਨ ਪਰਮਜੀਤ ਸਿੰਘ,ਤਰਲੋਕ ਸਿੰਘ, ਸੁਖਬੀਰ ਸਿੰਘ,ਅਵਤਾਰ ਸਿੰਘ ਪੰਚ, ਕਸ਼ਮੀਰ ਮਸੀਹ, ਤਰਸੇਮ ਲਾਲ, ਸੁਖਵਿੰਦਰ ਸਿੰਘ ਹੌਲਦਾਰ, ਦਲਜੀਤ ਸਿੰਘ ਲੰਬੜਦਾਰ, ਭੁਪਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਗਮੋਹਨ ਸਿੰਘ, ਬਲਵਿੰਦਰ ਸਿੰਘ ਸਮੇਤ ਪਿੰਡ ਦੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਰਹੇ।

# ਆਰਤੀ ਸ਼ਿਵ ਦੁਰਗਾ ਮੰਦਰ ਵਿਖੇ ਸਾਵਣ ਦਾ ਪਵਿੱਤਰ ਤਿਉਹਾਰ ਮਨਾਇਆ



**ਅੰਮ੍ਰਿਤਸਰ (ਅਰੋੜਾ)**- ਪਰਮ ਸੰਤ ਅਦਵੈਤ ਸਵਰੂਪ ਮਾਤਾ ਆਰਤੀ ਦੇਵਾ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਆਰਤੀ ਸ਼ਿਵ ਦੁਰਗਾ ਮੰਦਰ ਕਰਤਾਰ ਨਗਰ, ਛੇਹਰਟਾ ਵਿਖੇ ਸਾਵਣ ਦਾ ਪਵਿੱਤਰ ਤਿਉਹਾਰ ਮੰਦਰ 'ਚ ਵੱਡੀ ਗਿਣਤੀ ਵਿੱਚ ਸੰਗਤ ਵੱਲੋਂ ਵਿਧੀ ਵਿਧਾਨ ਦੇ ਨਾਲ ਮਨਾਇਆ ਗਿਆ।ਪ੍ਰਮੁੱਖ ਸੇਵਕ ਸੁਮਿਤ ਸ਼ਾਸਤਰੀ ਨੇ ਸਾਵਣ ਮਹੀਨੇ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਵਣ ਮਹੀਨਾ ਇੱਕ ਧਾਰਮਿਕ ਮਹੀਨੇ ਦੇ ਵਜੋਂ ਜਾਣਿਆ ਜਾਂਦਾ ਹੈ। ਸਾਵਣ ਮਹੀਨੇ ਦੌਰਾਨ ਕੀਤੇ ਜਾਣ ਵਾਲੇ ਕੰਮ ਜਪ ਤਪ, ਭਜਨ ਸੰਕੀਰਤਨ ਦਾ ਫਲ ਤੁਰੰਤ ਪ੍ਰਾਪਤ ਹੁੰਦਾ ਹੈ।ਉਨ੍ਹਾਂ ਨੇ ਦੱਸਿਆ ਕਿ ਸਾਡੇ ਧਾਰਮਿਕ ਵੇਦਾਂ ਗ੍ਰੰਥਾਂ ਵਿੱਚ ਸਾਵਣ ਦੀ ਮਹੱਤਤਾ ਦੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ।ਸਾਵਣ ਮਹੀਨੇ ਵਿੱਚ ਕੀਤੇ ਜਾਣ ਵਾਲੇ ਧਾਰਮਿਕ ਕੰਮ ਅਸ਼ਵ ਮੇਘ ਯੱਗ ਫਲ ਦੇ ਸਾਮਾਨ ਹੁੰਦੇ ਹਨ।ਸਮੂਹ ਸੰਗਤ ਨੇ ਮਾਤਾ ਆਰਤੀ ਦੇਵਾ ਨੂੰ ਸਾਵਣ ਮਹੀਨੇ ਵਿੱਚ ਝੂਲਾ ਝੁਲਾ ਕੇ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਬਾਬੂ ਬਾਲ ਕਿਸ਼ਨ ਸ਼ਰਮਾ, ਸਾਬਕਾ ਕੌਂਸਲਰ ਅਰਵਿੰਦ ਸ਼ਰਮਾ, ਮੁੱਖ ਸੇਵਕ ਪਵਨ ਅਰੋੜਾ, ਮੋਹਣ ਲਾਲ, ਸੋਹਣ ਲਾਲ, ਅਸ਼ੋਕ ਬਿਜਲੀ ਵਾਲੇ, ਵੰਦਨਾ, ਅਮਿਤ ਕੁਮਾਰ, ਬਿੱਲੂ ਭਗਤ, ਭਗਤ ਮਨਜੀਤ ਮਿੰਟਾ ਸਮੇਤ ਮੰਦਰ ਟਰੱਸਟ ਦੇ ਸਮੂਹ ਮੈਂਬਰ ਅਤੇ ਸੰਤ ਭਗਤ ਮੌਜੂਦ ਸਨ।

# ਝਪਟਮਾਰਾਂ ਨੇ ਔਰਤ ਦੇ ਕੰਨ ਵੱਢ ਕੇ ਵਾਲੀਆਂ ਲਾਹੀਆਂ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਸਕੂਲ ਤੋਂ ਆਪਣੇ ਪੋਤਰੇ ਨੂੰ ਲੈ ਕੇ ਆ ਰਹੀ ਇੱਕ ਔਰਤ ਦੀਆਂ ਦੋ ਨੌਜਵਾਨ ਕੰਨ ਵੱਢ ਕੇ ਸੋਨੇ ਦੀਆਂ ਵਾਲੀਆਂ ਉਤਾਰ ਕੇ ਲੈ ਗਏ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਥਾਣਾ ਅਜਨਾਲਾ ਦੇ ਮੁੱਖ ਅਫਸਰ ਹਰਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਇੱਕ ਦਰਖਾਸਤ ਮਿਲੀ ਜਿਸ ਵਿੱਚ ਹਰਭਜਨ ਸਿੰਘ ਪੁੱਤਰ ਜਸਪਾਲ ਸਿੰਘ ਵਾਰਡ ਨੰਬਰ 7 ਅਜਨਾਲਾ ਨੇ ਕਿਹਾ ਕਿ ਉਨ੍ਹਾਂ ਦੀ ਪਤਨੀ ਹੇਮਾ ਆਪਣੇ ਪੋਤਰੇ ਨੂੰ ਸਕੂਲ ਤੋਂ ਲੈਣ ਗਈ ਸੀ, ਜਦੋਂ ਉਹ ਸਕੂਲ ਤੋਂ ਵਾਪਸ ਲੈ ਕੇ ਆ ਰਹੀ ਸੀ ਤਾਂ ਰਸਤੇ ਵਿੱਚ ਦੋ ਨੌਜਵਾਨ ਇਕ ਪਲਸਰ ਮੋਟਰਸਾਈਕਲ ਤੇ ਆਏ ਜਿਨਾਂ ਨੇ ਉਨ੍ਹਾਂ ਦੇ ਕੰਨ ਵੱਢ ਕੇ ਸੋਨੇ ਦੀਆਂ ਵਾਲੀਆਂ ਝਪਟ ਕੇ ਲਏ ਗਏ! ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਦਰਖਾਸਤ 'ਤੇ ਕਾਰਵਾਈ ਕਰਦੇ ਹੋਏ ਤੁਰੰਤ ਮੁਕੱਦਮਾ ਰਜਿਸਟਰ ਕੀਤਾ ਜਾ ਰਿਹਾ। ਟੀਮਾਂ ਨੂੰ ਇਸ ਦੀ ਜਾਂਚ ਪੜਤਾਲ ਕਰਨ ਲਈ ਆਦੇਸ਼ ਦਿੱਤੇ ਗਏ ਹਨ ਅਤੇ ਉਨ੍ਹਾਂ ਦੋਵਾਂ ਨੌਜਵਾਨਾਂ ਬਾਰੇ ਸਾਨੂੰ ਕਾਫੀ ਕੁਝ ਪਤਾ ਲੱਗ ਗਿਆ, ਇਨ੍ਹਾਂ ਦੀਆਂ ਫੋਟੋਆਂ ਵੀ ਆ ਗਈਆਂ ਹਨ। ਜਲਦ ਤੋਂ ਜਲਦ ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਬਲਬੀਰ ਸਿੰਘ ਗੁੰਝੀਆਂ ਬੇਟ ਰਾਮਗੜ੍ਹੀਆ ਵੈੱਲ.ਫੇਅਰ ਬੋਰਡ ਦੇ ਚੇਅਰਮੈਨ ਨਿਯੁਕਤ

**ਗੁਰਦਾਸਪੁਰ, (ਜਨਕ ਮਹਾਜਨ)**- ਵਿਧਾਨ ਸਭਾ ਹਲਕਾ ਦੀਨਾਨਗਰ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਬਲਾਕ ਪ੍ਰਧਾਨ ਬਲਬੀਰ ਸਿੰਘ ਗੁੰਝੀਆਂ ਬੇਟ ਦੀਆਂ ਪਾਰਟੀ ਵਿਚ ਸ਼ਾਨਦਾਰ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਉਨ੍ਹਾਂ ਨੂੰ ਰਾਮਗੜ੍ਹੀਆ ਵੈਲਫੇਅਰ ਬੋਰਡ ਦੇ ਚੇਅਰਮੈਨ ਨਿਯੁਕਤ ਕੀਤਾ ਹੈ। ਬਲਬੀਰ ਸਿੰਘ ਗੁੰਝੀਆਂ ਬੇਟ ਨੇ ਦੱਸਿਆ ਕਿ ਜੋ ਮੈਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ ਉਸ ਨੂੰ ਪੂਰੀ ਤਨਦਹੀ ਤੇ ਇਮਾਨਦਾਰੀ ਨਾਲ ਨਿਭਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਹਿਲਾਂ ਮੈਨੂੰ ਪਾਰਟੀ ਵੱਲੋਂ ਬਲਾਕ ਪ੍ਰਧਾਨ ਨਿਯੁਕਤ ਕੀਤਾ ਹੋਇਆ ਹੈ ਅਤੇ 2022 ਦੀਆਂ ਚੋਣਾਂ ਵਿੱਚ ਇਲਾਕੇ ਅੰਦਰ ਵਧੀਆ ਪਾਰਟੀ ਵਰਕਰ ਤੇ ਆਗੂ ਦੇ ਤੌਰ 'ਤੇ ਚੰਗਾ ਪ੍ਰਦਰਸ਼ਨ ਕਰਕੇ ਸਮਸ਼ੇਰ ਸਿੰਘ ਹਲਕਾ ਇੰਚਾਰਜ 'ਆਪ' ਨੂੰ 50 ਹਜ਼ਾਰ ਤੋਂ ਵੱਧ ਵੋਟਾਂ ਪਵਾਈਆਂ ਸਨ। ਉਨ੍ਹਾਂ ਦੱਸਿਆ ਕਿ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਜੋ ਹਲਕੇ ਅੰਦਰ ਕੰਮ ਕਰਵਾਏ ਜਾ ਰਹੇ ਹਨ, ਉਸ ਨੂੰ ਲੋਕ ਦੇਖਦੇ ਹੋਏ ਪਾਰਟੀ ਨਾਲ ਧੜਾ-ਧੜ ਜੁੜ ਰਹੇ ਹਨ ਜਿਸ ਨਾਲ ਹਲਕੇ ਅੰਦਰ ਪਾਰਟੀ ਦਾ ਆਧਾਰ ਕਾਫ਼ੀ ਮਜ਼ਬੂਤ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਵਾਸਤੇ ਚਲਾਈਆਂ ਗਈਆਂ ਲੋਕ ਭਲਾਈ ਸਕੀਮਾਂ ਲੋਕਾਂ ਤੱਕ ਬਹੁਤ ਅਤੇ ਬਿਹਤਰ ਤਰੀਕੇ ਨਾਲ ਪਹੁੰਚ ਰਹੀਆਂ ਹਨ ਜਿਸ ਨਾਲ ਲੋਕ ਪਾਰਟੀ ਦੀਆਂ ਨੀਤੀਆਂ ਤੋਂ ਕਾਫ਼ੀ ਖੁਸ਼ ਨਜ਼ਰ ਆ ਰਹੇ ਹਨ। ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਰਾਮਗੜ੍ਹੀਆ ਵੈੱਲਫ਼ੇਅਰ ਬੋਰਡ ਦੇ ਚੇਅਰਮੈਨ ਬਣਾਏ ਜਾਣ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁਨੀਸ਼ ਸਿਸੋਦੀਆ ਅਤੇ ਹਲਕਾ ਇੰਚਾਰਜ ਸਮਸ਼ੇਰ ਸਿੰਘ ਦਾ ਧੰਨਵਾਦ ਕੀਤਾ ਹੈ। ਜ਼ਿਕਰਯੋਗ ਹੈ ਕਿ ਜਦੋਂ ਬਲਬੀਰ ਸਿੰਘ ਦਾ ਰਾਮਗੜ੍ਹੀਆ ਵੈੱਲਫੇਅਰ ਬੋਰਡ ਦੇ ਚੇਅਰਮੈਨ ਬਣਨ ਉਪਰੰਤ ਪਿੰਡ ਪਹੁੰਚਣ 'ਤੇ ਇਲਾਕੇ ਦੇ ਪੰਚਾਂ, ਸਰਪੰਚਾਂ ਅਤੇ ਪਿੰਡ ਵਾਸੀਆਂ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ।



# ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸਰਬਜੋਤ ਸਿੰਘ ਧੰਜਲ ਫਾਊਂਡਰ ਮੈਂਬਰ ਗਿੱਲ ਵੱਲੋਂ ਸਨਮਾਨਿਤ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਸਮੇਤ ਸਮੁੱਚੀ ਹਾਈ ਕਮਾਂਡ ਵੱਲੋਂ ਅੰਮ੍ਰਿਤਸਰ ਸ਼ਹਿਰੀ ਦੇ ਪ੍ਰਧਾਨ ਤੇ ਪਾਰਟੀ ਦੇ ਟਕਸਾਲੀ ਆਗੂ ਸਰਬਜੋਤ ਸਿੰਘ ਧੰਜਲ ਨੂੰ ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਦਾ ਚੇਅਰਮੈਨ ਨਿਯੁਕਤ ਕਰਨ 'ਤੇ ਸਮੁੱਚੇ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਇਸ ਖੁਸ਼ੀ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਸਮੁੱਚੀ ਲੀਡਰਸ਼ਿਪ ਟਕਸਾਲੀ ਵਰਕਰਾਂ ਤੇ ਵਲੰਟੀਅਰਾਂ ਵੱਲੋਂ ਨਵ-ਨਿਯੁਕਤ ਚੇਅਰਮੈਨ ਸਰਬਜੋਤ ਸਿੰਘ ਧੰਜਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾ ਰਿਹਾ ਹੈ, ਜਿਸ ਦੇ ਤਹਿਤ ਆਮ ਆਦਮੀ ਪਾਰਟੀ ਦੇ ਫਾਊਂਡਰ ਮੈਂਬਰ ਗੁਰਜੰਟ ਸਿੰਘ ਗਿੱਲ ਨੇ ਸਰਬਜੋਤ ਸਿੰਘ ਧੰਜਲ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਤੇ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ! ਇਸ ਮੌਕੇ ਗੱਲਬਾਤ ਕਰਦਿਆਂ ਫਾਊਂਡਰ ਮੈਂਬਰ ਗੁਰਜੰਟ ਸਿੰਘ ਗਿੱਲ ਨੇ ਕਿਹਾ ਕਿ ਪਾਰਟੀ ਹਾਈ ਕਮਾਂਡ ਵੱਲੋਂ ਸਰਬਜੋਤ ਸਿੰਘ ਧੰਜਲ ਨੂੰ ਪਹਿਲਾਂ ਜ਼ਿਲ੍ਹਾ ਪ੍ਰਧਾਨ ਅਤੇ ਹੁਣ ਇੰਪਰੂਵਮੈਂਟ ਟਰਸਟ ਅੰਮ੍ਰਿਤਸਰ ਦੀ ਚੇਅਰਮੈਨੀ ਦੇ ਕੇ ਪਾਰਟੀ ਦੇ ਮਿਹਨਤੀ ਅਤੇ ਪੁਰਾਣੇ ਵਰਕਰਾਂ ਵਿੱਚ ਨਵੀਂ ਰੂਹ ਫੂਕ ਦਿੱਤੀ ਹੈ, ਜਿਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਉਹ ਪਾਰਟੀ ਹੈ ਜਿਹੜੀ ਹਮੇਸ਼ਾ ਹੀ ਆਪਣੇ ਵਰਕਰਾਂ ਨੂੰ ਬਣਦਾ ਮਾਣ ਸਨਮਾਨ ਦਿੰਦੀ ਆ ਰਹੀ ਹੈ! ਉਨ੍ਹਾਂ ਕਿਹਾ ਕਿ ਸਰਬਜੋਤ ਸਿੰਘ ਧੰਜਲ ਨੇ ਪਾਰਟੀ ਦੇ ਸ਼ੁਰੂਆਤੀ ਦੌਰ ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਅਹੁਦਿਆਂ ਤੇ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ ਹੈ ਤੇ ਪਾਰਟੀ ਨੇ ਉਨ੍ਹਾਂ ਦੀ ਸਖਤ ਮਿਹਨਤ ਅਤੇ ਮਿੱਠ ਬੋਲੜੇ ਸ਼ਾਂਤ ਸੁਭਾਅ ਦੇ ਚਲਦਿਆਂ ਉਨ੍ਹਾਂ ਨੂੰ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ ਹੈ ਅਤੇ ਸਾਨੂੰ ਪੂਰਨ ਵਿਸ਼ਵਾਸ ਹੈ ਕਿ ਸਰਬਜੋਤ ਸਿੰਘ ਧੰਜਲ ਪਹਿਲਾਂ ਦੀ ਤਰ੍ਹਾਂ ਪਾਰਟੀ ਦੀਆਂ ਉਮੀਦਾਂ ਤੇ ਪੂਰੇ ਖਰੇ ਉਤਰਨਗੇ ਅਤੇ ਅੰਮ੍ਰਿਤਸਰ ਦੇ ਲੋਕਾਂ ਲਈ ਹਰ ਵਕਤ ਹਾਜ਼ਰ ਰਹਿਣਗੇ!

ਇਸ ਮੌਕੇ ਮੈਨੇਜਰ ਅਸ਼ਵਨੀ ਕਪੂਰ, ਫਾਊਂਡਰ ਮੈਂਬਰ ਗੁਰਸ਼ਰਨਪ੍ਰੀਤ ਸਿੰਘ ਸੰਧੂ ਮਾਨਾਵਾਲਾ, ਸ਼ਿਵ ਕੁਮਾਰ ਚੋਗਾਵਾਂ ਅਤੇ ਜਸ਼ਨਪ੍ਰੀਤ ਸਿੰਘ ਗਿੱਲ ਆਦਿ ਹਾਜ਼ਰ ਸਨ।



# ਮੋਂਟੈਸਰੀ ਕੈਂਬਰਿਜ ਸਕੂਲ 'ਚ ਤਿੰਨ ਦਿਨਾ ਗਰਲਜ਼ ਸਵਿਮਿੰਗ ਚੈਂਪੀਅਨਸ਼ਿਪ-2026 ਦਾ ਆਗਾਜ਼

**ਪਠਾਨਕੋਟ, (ਦਵਿੰਦਰ ਸਿੰਘ)**: ਮੋਂਟੈਸਰੀ ਕੈਂਬਰਿਜ ਸਕੂਲ ਪਠਾਨਕੋਟ ਵਿੱਚ ਸੋਮਵਾਰ ਨੂੰ ਸੀਬੀਐੱਸਈ ਨਾਰਥ ਜ਼ੋਨ-99 ਗਰਲਜ਼ ਸਵਿਮਿੰਗ ਚੈਂਪੀਅਨਸ਼ਿਪ-2026 ਦਾ ਉਦਘਾਟਨ ਬੜੇ ਜੋਸ਼, ਉਤਸ਼ਾਹ ਅਤੇ ਖੇਡ ਭਾਵਨਾ ਨਾਲ ਹੋਇਆ।ਤਿੰਨ ਦਿਨਾਂ ਤੱਕ ਚੱਲਣ ਵਾਲੀ ਇਸ ਚੈਂਪੀਅਨਸ਼ਿਪ ਦੀ ਸ਼ੁਰੂਆਤ ਪ੍ਰੇਰਨਾਦਾਇਕ ਸੌਂਹੁ ਸਮਾਗਮ ਨਾਲ ਹੋਈ, ਜਿਸ ਵਿੱਚ ਖਿਡਾਰੀਆਂ ਨੇ ਅਨੁਸ਼ਾਸਨ, ਦ੍ਰਿੜ ਨਿਸ਼ਚੇ ਅਤੇ ਨਿਰਪੱਖ ਖੇਡ ਭਾਵਨਾ ਨਾਲ ਮੁਕਾਬਲਿਆਂ ਵਿੱਚ ਹਿੱਸਾ ਲੈਣ ਦੀ ਸਹੁੰ ਚੁੱਕੀ।ਉਦਘਾਟਨੀ ਸਮਾਰੋਹ ਦੀ ਅਗਵਾਈ ਸਕੂਲ ਦੇ ਚੇਅਰਮੈਨ ਵਿਨੋਦ ਮਹਾਜਨ, ਵਾਈਸ ਚੇਅਰਮੈਨ ਆਕਾਸ਼ ਮਹਾਜਨ ਅਤੇ ਪ੍ਰਿੰਸੀਪਲ-ਕਮ-ਡਾਇਰੈਕਟਰ ਰਸ਼ਮੀ ਅਹਲੂਵਾਲੀਆ ਨੇ ਕੀਤੀ।ਸਮਾਗਮ ਦੇ ਮੁੱਖ ਮਹਿਮਾਨ ਸਾਈਂ ਯੂਨੀਵਰਸਿਟੀ ਦੇ ਚਾਂਸਲਰ ਐੱਸ. ਕੇ. ਪੁੰਜ ਨੇ ਖਿਡਾਰੀਆਂ ਦਾ ਹੌਂਸਲਾ ਵਧਾਉਂਦੇ ਹੋਏ ਉਨ੍ਹਾਂ ਨੂੰ ਪੂਰੇ ਜਜ਼ਬੇ, ਸਮਰਪਣ ਅਤੇ ਉੱਤਮ ਖੇਡ ਭਾਵਨਾ ਨਾਲ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।ਚੈਂਪੀਅਨਸ਼ਿਪ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦੇ ਲਗਭਗ 271 ਸਕੂਲਾਂ ਦੇ ਖਿਡਾਰੀਆਂ ਨੇ ਭਾਗ ਲਿਆ। ਚੈਂਪੀਅਨਸ਼ਿਪ ਦਾ ਪਹਿਲਾ ਦਿਨ ਬੇਹੱਦ ਰੋਮਾਂਚਕ ਅਤੇ ਯਾਦਗਾਰ ਰਿਹਾ।ਵੱਖ-ਵੱਖ ਸਕੂਲਾਂ ਦੇ ਤੈਰਾਕਾਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ, ਸੰਘਰਸ਼ਸ਼ੀਲਤਾ ਅਤੇ ਖੇਡ ਭਾਵਨਾ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ।ਜੇਤੂ ਖਿਡਾਰੀਆਂ ਨੂੰ ਮੁੱਖ ਮਹਿਮਾਨ ਐੱਸ. ਕੇ. ਪੁੰਜ ਵੱਲੋਂ ਤਮਗੇ ਅਤੇ ਸਨਮਾਨ ਪ੍ਰਦਾਨ ਕੀਤੇ ਗਏ, ਜਿਨ੍ਹਾਂ ਦਾ ਹਾਜ਼ਰ ਦਰਸ਼ਕਾਂ ਨੇ ਜ਼ੋਰਦਾਰ ਤਾਲੀਆਂ ਨਾਲ ਸਵਾਗਤ ਕੀਤਾ।ਇਸ ਮੌਕੇ ਚੇਅਰਮੈਨ ਵਿਨੋਦ ਮਹਾਜਨ, ਵਾਈਸ ਚੇਅਰਮੈਨ ਆਕਾਸ਼ ਮਹਾਜਨ ਅਤੇ ਪ੍ਰਿੰਸੀਪਲ ਰਸ਼ਮੀ ਅਹਲੂਵਾਲੀਆ ਨੇ ਸਾਰੇ ਜੇਤੂ ਖਿਡਾਰੀਆਂ ਅਤੇ ਭਾਗੀਦਾਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਮਿਹਨਤ, ਸਮਰਪਣ ਅਤੇ ਮਿਸਾਲੀ ਖੇਡ ਭਾਵਨਾ ਦੀ ਸ਼ਲਾਘਾ ਕੀਤੀ।ਉਨ੍ਹਾਂ ਨੇ ਕੋਚਾਂ, ਅਧਿਕਾਰੀਆਂ ਅਤੇ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਦੇ ਅਣਥਕ ਯਤਨਾਂ ਦੀ ਵੀ ਸਰਾਹਨਾ ਕੀਤੀ ਅਤੇ ਆਉਣ ਵਾਲੇ ਮੁਕਾਬਲਿਆਂ ਲਈ ਸਾਰੇ ਭਾਗੀਦਾਰਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।



# ਵੱਖ-ਵੱਖ ਸੰਸਥਾਵਾਂ ਤੋਂ ਪੀਣ ਵਾਲੇ ਪਾਣੀ ਦੇ ਸੈਂਪਲ ਲਏ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਸਿਵਲ ਸਰਜਨ ਡਾ. ਸੰਦੀਪ ਧਵਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲਾ ਐਪੀਡੀਮੋਲੋਜਿਸਟ ਡਾ. ਲਾਜਵੀਰ ਸਿੰਘ ਦੀ ਰਹਿਨੁਮਾਈ ਹੇਠ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਅਮਰਵੀਰ ਸਿੰਘ ਸਿੱਧੂ ਸੀ ਐੱਚ ਸੀ ਮੀਆਂਵਿੰਡ ਦੀ ਯੋਗ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਵੱਲੋਂ ਖਡੂਰ ਸਾਹਿਬ ਵਿਖੇ ਜਨਤਕ ਥਾਵਾਂ ਤੋਂ ਪੀਣ ਵਾਲੇ ਪਾਣੀ ਦੇ ਸੈਂਪਲ ਲਏ ਗਏ।ਸੈਂਪਲ ਪਾਣੀ ਦੀ ਸ਼ੁੱਧਤਾ ਚੈੱਕ ਕਰਨ ਲਈ ਖਰੜ ਦੀ ਸਰਕਾਰੀ ਲੈਬੋਰਟਰੀ ਵਿੱਚ ਭੇਜੇ ਜਾਣਗੇ।ਇਸ ਮੌਕੇ ਸਰਬਜੀਤ ਸਿੰਘ ਸੰਧੂ ਹੈਲਥ ਇੰਸਪੈਕਟਰ, ਬਲਵਿੰਦਰ ਸਿੰਘ ਖਹਿਰਾ ਐੱਮਪੀਐੱਚ ਡਬਲਯੂ ਸਬ ਸੈਂਟਰ ਖਡੂਰ ਸਾਹਿਬ ਅਤੇ ਪਰਮਪਾਲ ਸਿੰਘ ਐੱਮਪੀਐੱਚ ਡਬਲਯੂ ਸਬ ਸੈਂਟਰ ਨਾਗੋਕੇ ਹਾਜ਼ਰ ਸਨ।

# ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਪੁਤਲਾ ਫੂਕਿਆ

**ਝਬਾਲ (ਹਰਜਿੰਦਰ ਸਿੰਘ ਸੋਨੀ)** ਨੀਟ ਅਤੇ ਹੋਰ ਮੁਕਾਬਲਾ ਪ੍ਰੀਖਿਆਵਾਂ ਵਿੱਚ ਹੋਈ ਹੇਰਾ-ਫੇਰੀ ਦੇ ਵਿਰੋਧ ਵਿੱਚ ਦਿੱਲੀ ਦੇ ਜੰਤਰ-ਮੰਤਰ ਵਿਖੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ 'ਤੇ ਬੈਠੇ ਪ੍ਰਸਿੱਧ ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਨੂੰ ਪੁਲਸ ਵੱਲੋਂ ਜਬਰੀ ਚੁੱਕ ਕੇ ਹਸਪਤਾਲ ਦਾਖਲ ਕਰਵਾਉਣ ਦੀ ਕਾਰਵਾਈ ਦਾ ਤਿੱਖਾ ਵਿਰੋਧ ਸ਼ੁਰੂ ਹੋ ਗਿਆ। ਸੀਪੀਆਈ (ਐੱਮ) ਦੀ ਅੰਮ੍ਰਿਤਸਰ ਇਕਾਈ ਦੇ ਸੱਦੇ 'ਤੇ ਕੁਲ ਹਿੰਦ ਕਿਸਾਨ ਸਭਾ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਅਤੇ ਸੀਟੂ ਵੱਲੋਂ ਸਾਂਝੇ ਤੌਰ 'ਤੇ ਸਥਾਨਕ ਪੁਤਲੀਘਰ ਚੌਂਕ ਵਿਖੇ ਕੇਂਦਰ ਸਰਕਾਰ ਖ਼ਿਲਾਫ਼ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸੀਟੂ ਦੇ ਸੂਬਾਈ ਮੀਤ ਪ੍ਰਧਾਨ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਦੇਸ਼ ਦੇ ਲੱਖਾਂ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੇ ਦੋਸ਼ੀਆਂ ਨੂੰ ਬਚਾਉਣ ਅਤੇ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਲਈ ਤਾਨਾਸ਼ਾਹੀ ਰਵੱਈਆ ਅਪਣਾ ਰਹੀ ਹੈ।ਸੋਨਮ ਵਾਂਗਚੁਕ ਦੀ ਲੋਕਤੰਤਰਿਕ ਅਤੇ ਸ਼ਾਂਤੀਪੂਰਨ ਭੁੱਖ ਹੜਤਾਲ ਨੂੰ ਜਬਰੀ ਖਤਮ ਕਰਾਉਣ ਦੀ ਮਨਸ਼ਾ ਨਾਲ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣਾ ਨਿੰਦਣਯੋਗ ਹੈ। ਕੇਂਦਰ ਸਰਕਾਰ ਨੂੰ ਤੁਰੰਤ ਸਿੱਖਿਆ ਮੰਤਰੀ ਦਾ ਅਸਤੀਫਾ ਲੈਣਾ ਚਾਹੀਦਾ ਹੈ ਅਤੇ ਪ੍ਰੀਖਿਆਵਾਂ ਵਿੱਚ ਹੋਏ ਘੁਟਾਲੇ ਦੀ ਨਿਰਪੱਖ ਜਾਂਚ ਕਰਵਾਉਣੀ ਚਾਹੀਦੀ ਹੈ।ਇਸ ਰੋਸ ਪ੍ਰਦਰਸ਼ਨ ਦੌਰਾਨ ਜਥੇਬੰਦੀਆਂ ਦੇ ਪ੍ਰਮੁੱਖ ਆਗੂ ਚਰਨਜੀਤ ਮਜੀਠਾ, ਜਸਬੀਰ ਸਿੰਘ ਝਬਾਲ, ਐਡਵੋਕੇਟ ਕਵਲਜੀਤ ਕੌਰ, ਸੁਖਦੇਵ ਸਿੰਘ ਰੇਲਵੇ, ਕਵਲਜੀਤ ਸਿੰਘ ਕੌਰ ਰੇਲਵੇ, ਬਲਜਿੰਦਰ ਸਿੰਘ, ਸੰਤੋਖ ਸਿੰਘ, ਨਰਿੰਦਰ ਧੰਜਲ, ਪ੍ਰੇਮ ਬਿਲਾਸ, ਵਾਸੂਦੇਵ, ਮਨਜੀਤ ਸਿੰਘ ਝਬਾਲ, ਗੁਰਦੀਪ ਸਿੰਘ ਭਿਖੀਵਿੰਡ ਅਤੇ ਮਨਜੀਤ ਓਬਰਾਏ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਅਤੇ ਸਾਥੀ ਹਾਜ਼ਰ ਸਨ।ਬੁਲਾਰਿਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਵਿਦਿਆਰਥੀਆਂ ਨੂੰ ਇਨਸਾਫ਼ ਨਾ ਮਿਲਿਆ ਅਤੇ ਲੋਕਤੰਤਰਿਕ ਆਵਾਜ਼ਾਂ ਨੂੰ ਦਬਾਉਣਾ ਬੰਦ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।



# 'ਅਕਾਲੀ ਦਲ ਵਾਰਿਸ ਪੰਜਾਬ ਦੇ' ਦੀ ਭਰਵੀਂ ਇਕੱਤਰਤਾ, ਪਾਰਟੀ ਦੀਆਂ ਨੀਤੀਆਂ ਤੋਂ ਕਰਵਾਇਆ ਜਾਣੂ

**ਮਜੀਠਾ (ਸੋਇਮ ਆਨੰਦ)**- ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਇੱਕ ਇਕੱਤਰਤਾ ਭਾਈ ਮਨਿੰਦਰਪਾਲ ਸਿੰਘ ਭੰਗਵਾਂ ਅਤੇ ਭਾਈ ਜਸਵੰਤ ਸਿੰਘ ਦੀ ਸਾਂਝੀ ਅਗਵਾਈ ਹੇਠ ਪਿੰਡ ਭੰਗਵਾਂ ਵਿਖੇ ਕਰਵਾਈ ਗਈ।ਇਸ ਮੌਕੇ ਹਲਕਾ ਮਜੀਠਾ ਦੇ ਮੁੱਖ ਸੇਵਾਦਾਰ ਭਾਈ ਨਾਥਵਿੰਦਰ ਸਿੰਘ ਬਾਜਵਾ, ਅੰਮ੍ਰਿਤਸਰ ਦਿਹਾਤੀ ਦੇ ਜਨਰਲ ਸਕੱਤਰ ਭਾਈ ਬਲਵਿੰਦਰ ਸਿੰਘ ਅਤੇ ਮੀਡੀਆ ਇੰਚਾਰਜ ਕੰਵਲਜੀਤ ਸਿੰਘ ਸੋਹੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਆਗੂਆਂ ਨੇ ਪਾਰਟੀ ਪ੍ਰਤੀ ਵਿਸ਼ਵਾਸ ਅਤੇ ਸਹਿਯੋਗ ਪ੍ਰਗਟਾਉਣ ਲਈ ਹਾਜ਼ਰ ਸੰਗਤ ਦਾ ਧੰਨਵਾਦ ਕੀਤਾ।

ਇਕੱਤਰਤਾ ਨੂੰ ਸੰਬੋਧਨ ਕਰਦਿਆਂ ਭਾਈ ਨਾਥਵਿੰਦਰ ਸਿੰਘ ਬਾਜਵਾ ਨੇ ਪਾਰਟੀ ਦੀ ਵਿਚਾਰਧਾਰਾ ਅਤੇ ਭਵਿੱਖੀ ਕਾਰਜਕ੍ਰਮ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਜਥੇਬੰਦੀ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਸੋਚ ਅਨੁਸਾਰ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਤੋਂ ਬਚਾਉਣ ਲਈ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਹੀ ਦਿਸ਼ਾ ਦੇ ਕੇ ਹੀ ਸੂਬੇ ਨੂੰ ਨਸ਼ਾ ਮੁਕਤ ਅਤੇ ਸਮਾਜਿਕ ਤੌਰ ਤੇ ਮਜ਼ਬੂਤ ਬਣਾਇਆ ਜਾ ਸਕਦਾ ਹੈ।

ਭਾਈ ਬਾਜਵਾ ਨੇ ਆਪਣੇ ਸੰਬੋਧਨ ਦੌਰਾਨ ਆਮ ਆਦਮੀ ਪਾਰਟੀ ਸਰਕਾਰ ਦੀ ਕਾਰਗੁਜ਼ਾਰੀ ਦੀ ਆਲੋਚਨਾ ਕਰਦਿਆਂ ਦੋਸ਼ ਲਾਇਆ ਕਿ ਬਦਲਾਅ ਦੇ ਵਾਅਦਿਆਂ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੂੰ ਉਮੀਦਾਂ ਅਨੁਸਾਰ ਨਤੀਜੇ ਨਹੀਂ ਮਿਲੇ।

ਉਨ੍ਹਾਂ ਕਿਹਾ ਕਿ ਸੂਬੇ ਦਾ ਕਰਜ਼ਾ ਵਧਿਆ ਹੈ ਅਤੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਨੌਜਵਾਨਾਂ ਅਤੇ ਕਿਸਾਨਾਂ ਨਾਲ ਸਖ਼ਤੀ ਕੀਤੀ ਜਾ ਰਹੀ ਹੈ। ਇਸ ਮੌਕੇ ਪਿੰਡ ਦੇ ਵੱਡੀ ਗਿਣਤੀ ਵਿੱਚ ਨੌਜਵਾਨਾਂ, ਬੀਬੀਆਂ ਅਤੇ ਹੋਰ ਪਿੰਡ ਵਾਸੀਆਂ ਨੇ ਹਾਜ਼ਰੀ ਭਰੀ।ਹੋਰਨਾਂ ਤੋਂ ਇਲਾਵਾ ਭਾਈ ਬਲਵਿੰਦਰ ਸਿੰਘ, ਕੰਵਲਜੀਤ ਸਿੰਘ ਸੋਹੀ ਅਤੇ ਪਾਰਟੀ ਦੇ ਹੋਰ ਆਗੂ ਵੀ ਮੌਜੂਦ ਸਨ।



# ਸ੍ਰੀ ਗੁਰੂ ਰਵਿਦਾਸ ਜੀ ਬਾਰੇ ਫਿਲਮ ਪਿੰਡਾਂ 'ਚ ਦਿਖਾਈ

**ਬਿਆਸ (ਪਰਮਜੀਤ ਸਿੰਘ ਰੱਖੜਾ)** ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੂਬਾ ਪੱਧਰ 'ਤੇ ਵੱਖ-ਵੱਖ ਸਮਾਗਮ ਕਰਵਾਏ ਜਾ ਰਹੇ ਹਨ। ਇਸੇ ਲੜੀ ਤਹਿਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜੀਵਨ, ਫਲਸਫੇ ਅਤੇ ਸਿੱਖਿਆਵਾਂ 'ਤੇ ਆਧਾਰਤ ਵਿਸ਼ੇਸ਼ ਦਸਤਾਵੇਜ਼ੀ ਫਿਲਮ ਜ਼ਿਲ੍ਹਾ ਅੰਮ੍ਰਿਤਸਰ ਦੇ ਵੱਖ-ਵੱਖ ਪਿੰਡਾਂ ਵਿੱਚ ਡਾਕੂਮੈਂਟਰੀ ਵੈਨ ਰਾਹੀਂ ਦਿਖਾਈ ਜਾ ਰਹੀ ਹੈ, ਜਿਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਡਾਕੂਮੈਂਟਰੀ ਵੈਨ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਦੇਵੀਦਾਸਪੁਰਾ ਅਤੇ ਧੀਰੇਕੋਟ, ਜਦਕਿ ਵਿਧਾਨ ਸਭਾ ਹਲਕਾ ਬਾਬਾ ਬਕਾਲਾ ਸਾਹਿਬ ਦੇ ਪਿੰਡ ਬਿਆਸ ਅਤੇ ਦੌਲੋਨੰਗਲ ਵਿਖੇ ਪਹੁੰਚੀ। ਵੈਨ 'ਤੇ ਲੱਗੀ ਐੱਲ ਈ ਡੀ ਸਕਰੀਨ ਰਾਹੀਂ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜੀਵਨ 'ਤੇ ਆਧਾਰਤ ਦਸਤਾਵੇਜ਼ੀ ਫਿਲਮ ਦੇਖੀ ਅਤੇ ਗੁਰੂ ਸਾਹਿਬ ਵੱਲੋਂ ਦਿੱਤੇ ਸਮਾਨਤਾ, ਪ੍ਰਭੂ ਭਗਤੀ, ਮਨੁੱਖਤਾ ਅਤੇ ਸਰਬ-ਸਾਂਝੀਵਾਲਤਾ ਦੇ ਸੰਦੇਸ਼ ਤੋਂ ਪ੍ਰੇਰਨਾ ਹਾਸਲ ਕੀਤੀ। ਦਲਵਿੰਦਰਜੀਤ ਸਿੰਘ ਆਈ ਏ ਐੱਸ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀਆਂ ਸਿੱਖਿਆਵਾਂ ਨੂੰ ਘਰ-ਘਰ ਤੱਕ ਪਹੁੰਚਾਉਣਾ ਹੈ। ਅਤੇ ਸਮਾਜ ਵਿੱਚ ਸਮਾਨਤਾ, ਭਾਈਚਾਰੇ ਤੇ ਮਨੁੱਖਤਾ ਦੇ ਮੁੱਲਾਂ ਨੂੰ ਹੋਰ ਮਜ਼ਬੂਤ ਕਰਨਾ ਹੈ।



# ਰਿਟਾਇਰਡ ਕਰਮਚਾਰੀ ਯੂਨੀਅਨ ਸਹਿਕਾਰੀ ਸ਼ੂਗਰ ਮਿੱਲ ਪਨਿਆੜ ਗੁਰਦਾਸਪੁਰ ਨੇ ਲਾਇਆ ਵਿਸ਼ਾਲ ਧਰਨਾ

**ਧਾਰੀਵਾਲ, (ਮਨਦੀਪ ਵਿਕੀ)**- ਰਿਟਾਇਰਡ ਕਰਮਚਾਰੀ ਯੂਨੀਅਨ ਸਹਿਕਾਰੀ ਸ਼ੂਗਰ ਮਿੱਲ ਪਨਿਆੜ ਗੁਰਦਾਸਪੁਰ ਦੇ ਵੱਲੋਂ ਧਰਨਾ ਲਾਇਆ ਗਿਆ।ਇਹ ਧਰਨਾ ਪ੍ਰਧਾਨ ਅਸ਼ਵਨੀ ਕੁਮਾਰ ਲੱਖਣ ਕਲਾਂ, ਮਨਜਿੰਦਰ ਸਿੰਘ ਪਾਹੜਾ ਅਤੇ ਸਾਧਾ ਸਿੰਘ ਕੋਟਲੀ ਮੋਹੀਆਂ ਦੀ ਪ੍ਰਧਾਨਗੀ ਹੇਠ ਲਗਾਇਆ ਗਿਆ। ਅੱਜ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਅੱਜ ਦੇ ਧਰਨੇ ਵਿੱਚ ਕਿਸਾਨ ਆਗੂ ਬਲਬੀਰ ਸਿੰਘ ਕੱਤੋਵਾਲ ਅਤੇ ਮਜ਼ਦੂਰ ਮੁਕਤੀ ਮੋਰਚੇ ਦੇ ਆਗੂ ਵਿਜੇ ਕੁਮਾਰ ਸੋਹਲ ਵੀ ਸ਼ਾਮਲ ਹੋਏ ਅਤੇ ਇਹਨਾਂ ਆਗੂਆਂ ਨੇ ਯਕੀਨ ਦਿਵਾਇਆ ਕਿ ਕਿਸਾਨ ਜਥੇਬੰਦੀਆਂ ਅਤੇ ਮਜ਼ਦੂਰ ਜਥੇਬੰਦੀਆਂ ਇਹਨਾਂ ਕਰਮਚਾਰੀਆਂ ਦੇ ਨਾਲ ਖੜੀਆਂ ਹਨ।ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ ਪਿਛਲੀ 3 ਜੁਲਾਈ ਨੂੰ ਰਿਟਾਇਰਡ ਕਰਮਚਾਰੀ ਯੂਨੀਅਨ ਅਤੇ ਮਿੱਲ ਪ੍ਰਬੰਧਕਾਂ ਵਿਚਕਾਰ ਇਹ ਸਮਝੌਤਾ ਹੋਇਆ ਸੀ ਕਿ ਮਿਤੀ 18 ਜੁਲਾਈ ਤੱਕ ਇਹਨਾਂ ਕਰਮਚਾਰੀਆਂ ਦੇ ਬੈਂਕ ਖਾਤਿਆਂ ਵਿਚ ਬਣਦਾ ਏਰੀਅਰ ਪਾ ਦਿੱਤਾ ਜਾਵੇਗਾ। ਜਿਹੜਾ ਕਿ 1/1/16 ਤੋਂ ਲੈ ਕੇ 30/6/21 ਤੱਕ ਦਾ ਏਰੀਅਰ ਅਜੇ ਤੱਕ ਇਹਨਾਂ ਕਰਮਚਾਰੀਆਂ ਨੂੰ ਨਹੀਂ ਮਿਲਿਆ।ਪੰਜਾਬ ਸਰਕਾਰ ਵੱਲੋਂ ਲਿਖੀ ਚਿੱਠੀ ਮੁਤਾਬਿਕ ਅਪ੍ਰੈਲ 2025 ਤੋਂ ਲੈਕੇ 15 ਕਿਸ਼ਤਾਂ ਵਿੱਚ ਕਰਮਚਾਰੀਆਂ ਦੇ ਬੈਂਕ ਖਾਤਿਆਂ ਵਿਚ ਪੈਸੇ ਜਮ੍ਹਾ ਹੋ ਜਾਣੇ ਚਾਹੀਦੇ ਸਨ ਪਰ ਕੋਈ ਕਾਰਵਾਈ ਨਹੀਂ ਹੋਈ। ਰਿਟਾਇਰਡ ਕਰਮਚਾਰੀ ਜਿੰਨਾ ਦੀ ਗਿਣਤੀ ਲਗਭਗ 242 ਹੈ ਇਹਨਾਂ ਵਿੱਚੋਂ ਕਿਸੇ ਨੂੰ ਵੀ ਬਕਾਇਆ ਨਹੀਂ ਮਿਲਿਆ ਜਦਕਿ ਆਡਿਟ ਵਿਭਾਗ ਨੇ ਸਾਰੇ ਮੁਲਾਜ਼ਮਾਂ ਦੀ ਚੈਕਿੰਗ ਕਰ ਲਈ ਹੈ। ਭਾਰੀ ਬਾਰਸ਼ ਹੋਣ ਦੇ ਬਾਵਜੂਦ ਵੀ ਵੱਡੀ ਗਿਣਤੀ ਵਿਚ ਰਿਟਾਇਰ ਮੁਲਾਜਿਮ ਧਰਨੇ ਵਿੱਚ ਸ਼ਾਮਲ ਹੋਏ। ਧਰਨੇ ਦੌਰਾਨ ਜਨਰਲ ਮੈਨੇਜਰ ਨੇ 5 ਮੈਂਬਰਾਂ ਨੂੰ ਗੱਲਬਾਤ ਲਈ ਬੁਲਾਇਆ ਅਤੇ ਯਕੀਨ ਦਿਵਾਇਆ ਕਿ 2016 ਨੂੰ ਰਿਟਾਇਰ ਹੋਏ ਪੈਨਸ਼ਨਰਾਂ ਦੇ ਬਕਾਏ ਦੇ ਪੈਸੇ 22ਜੁਲਾਈ ਤੱਕ ਉਹਨਾਂ ਦੇ ਖਾਤਿਆਂ ਵਿੱਚ ਪੈਸੇ ਪਾ ਦਿੱਤੇ ਜਾਣਗੇ। ਅਤੇ ਉਸਤੋਂ ਅਗਲੇ ਹਫਤੇ 2017 ਨੂੰ ਰਿਟਾਇਰ ਹੋਏ ਪੈਨਸ਼ਨਰਾਂ ਦੇ ਬੈਂਕ ਖਾਤਿਆਂ ਵਿਚ ਬਕਾਇਆ ਪਾ ਦਿੱਤਾ ਜਾਵੇਗਾ।ਅੱਜ ਧਰਨੇ ਵਿੱਚ ਬੁਲਾਰਿਆਂ ਤੋਂ ਇਲਾਵਾ ਗੁਰਪਿੰਦਰ ਸਿੰਘ, ਸੁਖਦੇਵ ਸਿੰਘ ਦਬੁਰਜੀ,ਪਰਸ ਰਾਮ ਕਲਾਨੌਰ, ਦਵਿੰਦਰ ਸਿੰਘ ਜੋੜਾ ਕੁਲਦੀਪ ਸਿੰਘ ਕੱਤੋਵਾਲ, ਬੋਧ ਸਿੰਘ, ਅਨੂਪ ਸਿੰਘ, ਜਤਿੰਦਰ ਸਿੰਘ ਭੰਗਵਾ, ਸੁਰਿੰਦਰਪਾਲ ਸਿੰਘ ਗੁਰਦਾਸਪੁਰ, ਰਾਮ ਕਿਸ਼ਨ ਸਰਦੂਲ ਸਿੰਘ, ਬਲਕਾਰ ਸਿੰਘ, ਰਾਜਿੰਦਰ ਸਿੰਘ, ਆਦਿ ਸਨ।



# ਜ਼ਰੂਰਤਮੰਦ ਮਹਿਲਾ ਨੂੰ ਮਿਲੀ ਅੱਖਾਂ ਦੀ ਰੌਸ਼ਨੀ



**ਅੰਮ੍ਰਿਤਸਰ (ਅਰੋੜਾ)**- ਰੋਟਰੀ ਕਲੱਬ ਆਸਥਾ ਦੀਆਂ ਸਮਾਜਿਕ ਗਤੀਵਿਧੀਆਂ ਤਹਿਤ ਕਲੱਬ ਦੇ ਪ੍ਰਧਾਨ ਸਮਾਜ ਸੇਵਕ ਇੰਜੀਨੀਅਰ ਅਸ਼ੋਕ ਸ਼ਰਮਾ, ਸਕੱਤਰ ਸਰਬਜੀਤ ਸਿੰਘ ਦੀ ਦੇਖ-ਰੇਖ ਹੇਠ ਇਕ ਜ਼ਰੂਰਤਮੰਦ ਔਰਤ ਦੀ ਅੱਖਾਂ ਦੀ ਸਰਜਰੀ ਕਰਵਾ ਕੇ ਉਸ ਨੂੰ ਨਵਾਂ ਜੀਵਨ ਦਿੱਤਾ ਗਿਆ।ਨਿਰਮਲ ਸਿੰਘ ਆਈ ਹਸਪਤਾਲ ਦੇ ਭੁਪਿੰਦਰ ਸਿੰਘ ਨੇ ਸਫਲਤਾਪੂਰਵਕ ਸਰਜਰੀ ਕੀਤੀ।ਪ੍ਰੋਜੈਕਟ ਚੇਅਰਮੈਨ ਪਰਮਜੀਤ ਸਿੰਘ ਨੇ ਦੱਸਿਆ ਕਿ ਇਹ ਰੋਟਰੀ ਕਲੱਬ ਆਸਥਾ ਦਾ ਸਥਾਈ ਪ੍ਰੋਜੈਕਟ ਹੈ ਜਿਸ ਵਿੱਚ ਸੈਂਕੜੇ ਜ਼ਰੂਰਤਮੰਦ ਰੋਗੀਆਂ ਦੀਆਂ ਅੱਖਾਂ ਦੀ ਰੋਟਰੀ ਆਸਥਾ ਵੱਲੋਂ ਸਰਜਰੀ ਕਰਵਾਈ ਜਾ ਚੁੱਕੀ ਹੈ ਅਤੇ ਇਹ ਸਿਲਸਿਲਾ ਭਵਿੱਖ ਵਿੱਚ ਇੰਦਾਂ ਹੀ ਜਾਰੀ ਰਹੇਗਾ।ਇਸ ਮੌਕੇ ਰੋਟਰੀ ਦੇ ਸਹਾਇਕ ਗਵਰਨਰ ਵਰੁਣ ਕੱਕੜ, ਕੇ. ਐੱਸ. ਚੱਠਾ, ਸਾਬਕਾ ਪ੍ਰਧਾਨ ਮਨਮੋਹਨ ਸਿੰਘ, ਸਾਬਕਾ ਪ੍ਰਧਾਨ ਅੰਦੇਸ਼ ਭੱਲਾ, ਹਰਦੇਸ਼ ਦਵੇਸਰ, ਅਮਨ ਸ਼ਰਮਾ, ਅਸ਼ਵਨੀ ਅਵਸਥੀ ਸਮੇਤ ਰੋਟਰੀ ਕਲੱਬ ਆਸਥਾ ਦੇ ਹੋਰ ਮੈਂਬਰ ਮੌਜੂਦ ਸਨ।ਸਰਜਰੀ ਤੋਂ ਬਾਅਦ ਉਕਤ ਮਹਿਲਾ ਨੂੰ ਜ਼ਰੂਰੀ ਦਵਾਈਆਂ ਦੇ ਕੇ ਵਿਦਾ ਕੀਤਾ ਗਿਆ।

# .ਗ਼ਜ਼ਲ ਸੰਗ੍ਰਹਿ 'ਮਹਿਕਦੇ ਅਹਿਸਾਸ' ਉੱਪਰ ਸਾਹਿਤਕ ਚਰਚਾ

**ਧਾਰੀਵਾਲ, (ਮਨਦੀਪ ਵਿੱਕੀ)**- ਲੋਕ ਲਿਖਾਰੀ ਸਭਾ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ਼ ਸ਼ਹੀਦ ਬਲਜੀਤ ਸਿੰਘ ਯਾਦਗਾਰੀ ਭਵਨ ਜ਼ੇਲ੍ਹ ਰੋਡ ਗੁਰਦਾਸਪੁਰ ਵਿਖੇ ਵਿਸ਼ਾਲ ਸਾਹਿਤਕ ਸਮਾਰੋਹ ਕਰਵਾਇਆ ਗਿਆ।ਮੱਖਣ ਕੁਹਾੜ (ਸੀ.ਮੀ. ਪ੍ਰ. ਕੇਂ. ਪੰ. ਲੇ. ਸਭਾ) ਡਾ. ਲੇਖ ਰਾਜ ( ਪ੍ਰਧਾਨ ਜਿ. ਸਾ.ਕੇਂਦਰ) ਡਾ. ਸੁਖਵਿੰਦਰ ਸਿੰਘ ਪਠਾਨਕੋਟ, ਸ. ਹਰਪ੍ਰੀਤ ਸਿੰਘ ਪ੍ਰਿੰ. ਸਿੱਖ ਨੈਸ਼ਨਲ ਕਾਲਜ ਕਾਦੀਆਂ, ਡਾ. ਰਜਵਿੰਦਰ ਕੌਰ ਨਾਗਰਾ ਪ੍ਰਿੰ. ਕੰਨਿਆਂ ਮਹਾਂ ਵਿਦਿਆਲਿਆ ਧਾਰੀਵਾਲ, ਡਾ. ਸੁਰਿੰਦਰ ਸਿੰਘ ਸ਼ਾਂਤ, ਸ਼ਲਿੰਦਰਜੀਤ ਸਿੰਘ ਰਾਜਨ ( ਮੀਤ ਪ੍ਰਾ. ਕੇਂ. ਪੰ. ਦੇ.ਸਭਾ) , ਡਾ. ਲਖਬੀਰ ਕੌਰ ਮਾਹਲ ਗੁਰਾਇਆ, ਤਰਸੇਮ ਸਿੰਘ ਭੰਗੂ, ਮੰਗਤ ਚੰਚਲ, ਗੁਰਮੀਤ ਸਿੰਘ ਬਾਜਵਾ, ਸਰਬਜੀਤ ਸਿੰਘ ਚਾਹਲ ਤੇ ਜੇ ਪੀ ਖਰਲਾਂ ਵਾਲਾ ਦੇ ਪ੍ਰਧਾਨਗੀ ਮੰਡਲ ਦੀ ਰਹਿਨੁਮਾਈ ਹੇਠ ਕਰਵਾਏ ਇਸ ਸਮਾਰੋਹ ਵਿੱਚ ਸਭ ਤੋਂ ਪਹਿਲਾਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸੁਲਤਾਨ ਭਾਰਤੀ ਦੇ ਫਰਜ਼ੰਦ ਵਿਸ਼ਾਲ ਅਤੇ ਉਘੇ ਭਾਸ਼ਾ ਵਿਗਿਆਨੀ ਇਕਬਾਲ ਕੌਰ ਸੌਂਧ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।ਲੋਕ ਲਿਖਾਰੀ ਸਭਾ ਗੁਰਦਾਸਪੁਰ ਦੇ ਵਿੱਤ ਸਕੱਤਰ ਬੂਟਾ ਰਾਮ ਆਜ਼ਾਦ ਵੱਲੋਂ ਆਏ ਵਿਦਵਾਨਾਂ ਤੇ ਸਾਹਿਤਕ ਮਹਿਮਾਨਾਂ ਦਾ ਭਾਵਪੂਰਤ ਸ਼ਬਦਾਂ ਨਾਲ਼ ਸਵਾਗਤ ਕੀਤਾ ਗਿਆ।ਇਨਕਲਾਬੀ ਸ਼ਾਇਰ ਵਿਜੇ ਅਗਨੀਹੋਤਰੀ ਦੇ ਸੁਰਮਈ ਗੀਤ ਨਾਲ ਬਕਾਇਦਾ ਸਮਾਗਮ ਦੀ ਸ਼ੁਰੂਆਤ ਕੀਤੀ ਗਈ। ਸਮਾਰੋਹ ਦੇ ਪਹਿਲੇ ਪੜਾਅ ਵਿੱਚ .ਗ਼ਜ਼ਲਗੋ ਸੀਤਲ ਸਿੰਘ ਗੁੰਨੋਪੁਰੀ ਦੇ .ਗ਼ਜ਼ਲ ਸੰਗ੍ਰਹਿ ਮਹਿਕਦੇ



**● .ਗ਼ਜ਼ਲਗੋ ਮੰਗਤ ਚੰਚਲ ਦੀ ਝੋਲੀ ਹਰਭਜਨ ਸਿੰਘ ਹੁੰਦਲ ਯਾਦਗਾਰੀ ਸਨਮਾਨ**

ਅਹਿਸਾਸ ਉੱਪਰ ਸਾਹਿਤਕ ਚਰਚਾ ਕਰਵਾਈ ਗਈ। ਉੱਘੇ ਅਲੋਚਕ ਡਾਕਟਰ ਸੁਖਵਿੰਦਰ ਸਿੰਘ ਨੇ ਸ਼ਿਅਰਾਂ ਦਾ ਹਵਾਲਾ ਦਿੰਦਿਆਂ ਚਰਚਾ ਨੂੰ ਸਮੇਟਦੇ ਹੋਏ ਸਭਾ ਦੇ ਸੰਯੋਜਕ ਮੱਖਣ ਕੁਹਾੜ ਨੇ ਜਿੱਥੇ ਵਿਦਵਾਨਾਂ ਦੀਆਂ ਪ੍ਰਗਟਾਈਆਂ ਭਾਵਨਾਵਾਂ ਨਾਲ ਸਹਿਮਤੀ ਪ੍ਰਗਟ ਕੀਤੀ ਓਥੇ ਮਹਿਕਦੇ ਅਹਿਸਾਸ ਦੀ ਸ਼ਾਇਰੀ ਦੇ ਹਵਾਲੇ ਨਾਲ਼ ਸੀਤਲ ਨੂੰ ਲੋਕ-ਪਿੜਾਂ ਤੇ ਹਾਸ਼ੀਆਗਤ ਲੋਕਾਂ ਦਾ ਸ਼ਾਇਰ ਆਖਿਆ। ਪ੍ਰਸਿੱਧ .ਗ਼ਜ਼ਲਕਾਰ ਮੰਗਤ ਚੰਚਲ ਜੀ ਨੂੰ ਉਹਨਾਂ ਦੀਆਂ ਜਥੇਬੰਦਕ ਤੇ ਸਾਹਿਤਕ ਪ੍ਰਾਪਤੀਆਂ ਲਈ ਸਥਾਪਿਤ ਇਨਕਲਾਬੀ ਸ਼ਾਇਰ ਸ. ਹਰਭਜਨ ਸਿੰਘ ਹੁੰਦਲ ਯਾਦਗਾਰੀ ਪੁਰਸਕਾਰ ਨਾਲ਼ ਦੁਸ਼ਾਲਾ ਤੇ ਵਿਸ਼ੇਸ਼ ਸਨਮਾਨ ਪੱਤਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਸਮੇਂ ਉਘੇ ਪੰਜਾਬੀ-ਸ਼ਾਇਰ ਹਰਭਜਨ ਸਿੰਘ ਹੁੰਦਲ ਦੇ ਫਰਜ਼ੰਦ ਪ੍ਰਿੰਸੀਪਲ ਡਾ:ਹਰਪ੍ਰੀਤ ਸਿੰਘ ਹੁੰਦਲ, ਸ਼ੈਲਿੰਦਰਜੀਤ ਸਿੰਘ ਰਾਜਨ ਤੇ ਕਰਮਜੀਤ ਸਿੰਘ (ਝੰਡੇ ਦਾ ਗੀਤ) ਨੂੰ ਵੀ ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ।ਪ੍ਰਧਾਨਗੀ ਮੰਡਲ ਵੱਲੋਂ ਨਵੇਂ ਤੇ ਚਰਚਿਤ ਸ਼ਾਇਰ ਨਿਸ਼ਾਨ ਸਿੰਘ ਜੌੜਾ ਸਿੰਘਾ ਦੇ ਪਲੇਠੇ .ਗ਼ਜ਼ਲ ਸੰਗ੍ਰਹਿ ਵਲਗਣਾਂ ਤੋਂ ਪਾਰ ਨੂੰ ਪਾਠਕਾਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ।ਦੂਜੇ ਪੜਾਅ ਵਿੱਚ ਕਵੀ ਦਰਬਾਰ ਦਾ ਆਗਾਜ਼ ਪ੍ਰੀਤ ਰਾਣਾ ਦੇ ਗੀਤ ਨਾਲ਼ ਕੀਤਾ ਗਿਆ।ਕਵੀ ਦਰਬਾਰ ਵਿੱਚ ਸ਼ੈਲਿੰਦਰਜੀਤ ਸਿੰਘ ਰਾਜਨ, ਮਨਜੀਤ ਸਿੰਘ ਵੱਸੀ, ਜਗਦੀਸ਼ ਸਿੰਘ ਭੰਮਰਾ, ਕੁਲਜੀਤ ਸਿੰਘ ਰੰਧਾਵਾ, ਰਘਬੀਰ ਸਿੰਘ ਚਾਹਲ, ਸੁੱਚਾ ਸਿੰਘ ਰੰਧਾਵਾ, ਮੱਖਣ ਕੁਹਾੜ, ਗੁਰਮੀਤ ਸਿੰਘ ਬਾਜਵਾ, ਡਾ.ਸੁਖਵਿੰਦਰ ਸਿੰਘ, ਡਾ. ਲੇਖ ਰਾਜ, ਰਮੇਸ਼ ਕੁਮਾਰ ਜਾਨੂੰ, ਸੁਲਤਾਨ ਭਾਰਤੀ,ਹੀਰਾ ਸਿੰਘ ਸੈਣੀ, ਨਿਸ਼ਾਨ ਸਿੰਘ ਜੌੜਾ ਸਿੰਘਾ, ਕੁਲਦੀਪ ਸਿੰਘ ਘਾਂਗਲਾ, ਬੂਟਾ ਰਾਮ ਆਜ਼ਾਦ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ

ਬੁੱਧਵਾਰ, 22 ਜੁਲਾਈ 2026

# ਲੋਕਤੰਤਰੀ ਚੇਤਨਾ ਦਾ ਪ੍ਰਗਟਾਵਾ

ਲੋਕ ਇਸ ਲਈ ਸੜਕਾਂ 'ਤੇ ਉਤਰਦੇ ਹਨ, ਕਿਉਂਕਿ ਉਨ੍ਹਾਂ ਦੇ ਆਪਣੇ ਮਹੱਤਵਪੂਰਨ ਮੁੱਦੇ ਅਣਸੁਲਝੇ ਰਹਿੰਦੇ ਹਨ। ਸੋਮਵਾਰ ਕੌਮੀ ਰਾਜਧਾਨੀ ਦਿੱਲੀ 'ਚ ਹਜ਼ਾਰਾਂ ਨੌਜਵਾਨ ਸੜਕਾਂ 'ਤੇ ਕਿਉਂ ਉੱਤਰੇ? ਇੰਟਰਨੈੱਟ ਬੰਦ ਸੀ, ਮੈਟਰੋ ਸਟੇਸ਼ਨ ਬੰਦ ਸਨ, ਪੁਲਸ ਤਾਇਨਾਤ ਸੀ, ਫਿਰ ਵੀ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਬੇਰੁਜ਼ਗਾਰ ਨੌਜਵਾਨ ਸੜਕਾਂ 'ਤੇ ਉੱਤਰ ਆਏ। ਇਹ ਆਪਮੁਹਾਰੀ ਮੌਜੂਦਗੀ ਦਰਸਾਉਂਦੀ ਹੈ ਕਿ ਦੇਸ਼ ਦਾ ਨੌਜਵਾਨ ਡੂੰਘੀ ਬੇਚੈਨੀ ਵਿੱਚੋਂ ਲੰਘ ਰਿਹਾ ਹੈ। ਇਸ ਬੇਚੈਨੀ ਦਾ ਕਾਰਨ ਸਿਰਫ ਇੱਕ ਪ੍ਰੀਖਿਆ ਜਾਂ ਇੱਕ ਭਰਤੀ ਪ੍ਰਕਿਰਿਆ ਨਹੀਂ। ਵਰ੍ਹਿਆਂ ਤੋਂ ਜਮ੍ਹਾਂ ਹੁੰਦੀ ਬੇਰੁਜ਼ਗਾਰੀ, ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਅਨਿਸਚਿਤਤਾ, ਸਿੱਖਿਆ ਦਾ ਮਹਿੰਗਾ ਹੁੰਦਾ ਢਾਂਚਾ, ਮਹਿੰਗਾਈ ਅਤੇ ਭਵਿੱਖ ਬਾਰੇ ਅਸੁਰੱਖਿਆ ਨੇ ਨੌਜਵਾਨਾਂ ਵਿੱਚ ਵਿਆਪਕ ਬੇਚੈਨੀ ਪੈਦਾ ਕੀਤੀ ਹੈ। ਇਹੀ ਬੇਚੈਨੀ ਇਸ ਅੰਦੋਲਨ ਦੀ ਅਸਲ ਤਾਕਤ ਸੀ।

ਦਿਲਚਸਪ ਇਹ ਵੀ ਰਿਹਾ ਕਿ ਅੰਦੋਲਨ ਦਾ ਸੁਰ ਹੌਲੀ-ਹੌਲੀ ਸਿੱਖਿਆ ਦੇ ਸਵਾਲ ਤੋਂ ਅੱਗੇ ਵਧ ਕੇ ਲੋਕਤੰਤਰੀ ਜਵਾਬਦੇਹੀ, ਮਹਿੰਗਾਈ, ਬੇਰੁਜ਼ਗਾਰੀ ਅਤੇ ਸ਼ਾਸਨ ਦੀਆਂ ਤਰਜੀਹਾਂ ਤੱਕ ਪੁੱਜ ਗਿਆ। ਇਹ ਤਬਦੀਲੀ ਦਰਸਾਉਂਦੀ ਹੈ ਕਿ ਅੱਜ ਦੇ ਨੌਜਵਾਨ ਨਾ ਸਿਰਫ ਨੌਕਰੀਆਂ ਦੀ ਮੰਗ ਕਰ ਰਹੇ ਹਨ, ਸਗੋਂ ਸ਼ਾਸਨ ਦੀ ਦਿਸ਼ਾ 'ਤੇ ਵੀ ਸਵਾਲ ਉਠਾ ਰਹੇ ਹਨ। ਇਸ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਸਮਾਜਿਕ ਸੰਗਠਨਾਂ ਦੀ ਸਰਗਰਮੀ ਵੀ ਦਿਖਾਈ ਦਿੱਤੀ। ਖੱਬੇ-ਪੱਖੀ ਵਿਦਿਆਰਥੀ ਸੰਗਠਨਾਂ ਦੇ ਕਾਰਕੁੰਨ ਪਹਿਲੇ ਦਿਨ ਤੋਂ ਮੈਦਾਨ ਵਿੱਚ ਰਹੇ। ਸਮਾਜਵਾਦੀ ਧਾਰਾ ਦੇ ਆਗੂਆਂ ਦੀ ਮੌਜੂਦਗੀ ਵੀ ਦਰਜ ਹੋਈ। ਬਹੁਤ ਸਾਰੇ ਸੁਤੰਤਰ ਸਮਾਜਿਕ ਕਾਰਕੁੰਨਾਂ ਨੇ ਵੀ ਸਮਰਥਨ ਦਿੱਤਾ। ਲੋਕਤੰਤਰ ਵਿੱਚ ਇਹ ਸੁਭਾਵਕ ਹੈ ਕਿ ਜਨ ਅੰਦੋਲਨ ਵਿਭਿੰਨ ਸਿਆਸੀ ਧਾਰਾਵਾਂ ਨੂੰ ਆਕਰਸ਼ਤ ਕਰਦੇ ਹਨ, ਪਰ ਇਸ ਨਾਲ ਅੰਦੋਲਨ ਦਾ ਮੂਲ ਚਰਿੱਤਰ ਸਮਾਪਤ ਨਹੀਂ ਹੋ ਜਾਂਦਾ। ਕਿਸੇ ਵੀ ਅੰਦੋਲਨ ਦੀ ਅਸਲ ਸ਼ਕਤੀ ਸਟੇਜ 'ਤੇ ਖੜ੍ਹੇ ਆਗੂਆਂ ਨਾਲੋਂ ਵੱਧ ਉਸ ਭੀੜ ਵਿੱਚ ਹੁੰਦੀ ਹੈ, ਜਿਹੜੀ ਆਪਣੇ ਨਿੱਜੀ ਸੰਕਟਾਂ ਕਾਰਨ ਉੱਥੇ ਪੁੱਜਦੀ ਹੈ।

ਇਸ ਅੰਦੋਲਨ ਨੇ ਇੱਕ ਹੋਰ ਤੱਥ ਉਜਾਗਰ ਕੀਤਾ। ਸਰਕਾਰ ਭਾਵੇਂ ਕਿੰਨੀ ਵੀ ਪ੍ਰਸ਼ਾਸਕੀ ਤਿਆਰੀ ਕਰੇ, ਜੇ ਸਮਾਜ ਦੇ ਅੰਦਰ ਬੇਚੈਨੀ ਡੂੰਘੀ ਹੈ ਤਾਂ ਇਹ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਗਟ ਹੋਵੇਗੀ ਹੀ। ਇੰਟਰਨੈੱਟ ਬੰਦ ਕੀਤਾ ਜਾ ਸਕਦਾ ਹੈ, ਆਵਾਜਾਈ ਨੂੰ ਸੀਮਤ ਕੀਤਾ ਜਾ ਸਕਦਾ ਹੈ ਅਤੇ ਪੁਲਸ ਬਲਾਂ ਨੂੰ ਵਧਾਇਆ ਜਾ ਸਕਦਾ ਹੈ, ਪਰ ਇਕੱਲੇ ਪ੍ਰਸ਼ਾਸਕੀ ਉਪਾਅ ਉਨ੍ਹਾਂ ਨੌਜਵਾਨਾਂ ਦੀ ਬੇਚੈਨੀ ਨੂੰ ਦੂਰ ਨਹੀਂ ਕਰ ਸਕਦੇ, ਜੋ ਆਪਣੇ ਭਵਿੱਖ ਬਾਰੇ ਅਸੁਰੱਖਿਅਤ ਹਨ।

ਇਹ ਸਰਕਾਰ ਲਈ ਇੱਕ ਚੇਤਾਵਨੀ ਹੈ ਕਿ ਵਿਕਾਸ ਦੇ ਦਾਅਵਿਆਂ ਦੇ ਸਮਾਨੰਤਰ ਇਸ ਨੂੰ ਰੁਜ਼ਗਾਰ, ਸਿੱਖਿਆ ਅਤੇ ਸਮਾਜਿਕ ਸੁਰੱਖਿਆ ਦੇ ਸਵਾਲਾਂ 'ਤੇ ਵੀ ਗੰਭੀਰਤਾ ਨਾਲ ਕੰਮ ਕਰਨਾ ਪਵੇਗਾ। ਸਿਰਫ ਚੁਣਾਵੀ ਬਹੁਮਤ ਹੀ ਜਨਤਕ ਸੰਤੁਸ਼ਟੀ ਦੀ ਸਥਾਈ ਗਰੰਟੀ ਨਹੀਂ ਹੁੰਦੀ। ਉਧਰ, ਵਿਰੋਧੀ ਧਿਰ ਲਈ ਵੀ ਇਹ ਸਵੈ-ਪੜਚੋਲ ਦਾ ਮੌਕਾ ਹੈ। ਸਿਰਫ ਸਰਕਾਰ ਦਾ ਵਿਰੋਧ ਕਿਸੇ ਅੰਦੋਲਨ ਦਾ ਬਦਲ ਨਹੀਂ ਬਣ ਸਕਦਾ। ਨੌਜਵਾਨਾਂ ਨੂੰ ਇੱਕ ਠੋਸ ਆਰਥਕ ਦ੍ਰਿਸ਼ਟੀਕੋਣ, ਸਿੱਖਿਆ ਨੀਤੀ ਅਤੇ ਰੁਜ਼ਗਾਰ ਦੀ ਭਰੋਸੇਯੋਗ ਯੋਜਨਾ ਦੀ ਲੋੜ ਹੈ। ਜੇ ਵਿਰੋਧੀ ਧਿਰ ਇਨ੍ਹਾਂ ਮੁੱਦਿਆਂ ਦੇ ਠੋਸ ਹੱਲ ਪੇਸ਼ ਕਰਨ ਵਿੱਚ ਅਸਫਲ ਰਹਿੰਦੀ ਹੈ, ਤਾਂ ਉਹ ਵੀ ਦਰਸ਼ਕ ਬਣ ਕੇ ਰਹਿ ਜਾਵੇਗੀ। ਭਾਰਤ ਦੇ ਨੌਜਵਾਨ ਹੁਣ ਸਿਰਫ ਦਰਸ਼ਕ ਬਣੇ ਨਹੀਂ ਰਹਿਣਾ ਚਾਹੁੰਦੇ। ਉਹ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਸੜਕਾਂ 'ਤੇ ਉਤਰਨ ਲਈ ਤਿਆਰ ਹਨ। ਇਹ ਕਿਸੇ ਇੱਕ ਸੰਗਠਨ, ਨੇਤਾ ਜਾਂ ਸਿਆਸੀ ਪਾਰਟੀ ਦੀ ਪ੍ਰਾਪਤੀ ਨਹੀਂ ਹੈ, ਸਗੋਂ ਲੋਕਤੰਤਰੀ ਚੇਤਨਾ ਦਾ ਪ੍ਰਗਟਾਵਾ ਹੈ। ਨੇਤਾਵਾਂ ਦੀ ਭਰੋਸੇਯੋਗਤਾ ਸਮੇਂ ਦੇ ਨਾਲ ਪਰਖੀ ਜਾਵੇਗੀ। ਸਰਕਾਰ ਦੀਆਂ ਨੀਤੀਆਂ ਦਾ ਮੁਲਾਂਕਣ ਵੀ ਲੋਕ ਕਰਨਗੇ, ਪਰ ਇਹ ਯਕੀਨੀ ਹੈ ਕਿ ਰੁਜ਼ਗਾਰ, ਸਿੱਖਿਆ ਅਤੇ ਸਮਾਜਿਕ ਨਿਆਂ ਦੇ ਮੁੱਦਿਆਂ ਨੂੰ ਹੁਣ ਹਾਸ਼ੀਏ 'ਤੇ ਨਹੀਂ ਧੱਕਿਆ ਜਾ ਸਕਦਾ। ਜੇ ਸੱਤਾ ਇਨ੍ਹਾਂ ਨੂੰ ਅਣਸੁਣਿਆ ਕਰਦੀ ਹੈ ਤਾਂ ਸੜਕਾਂ ਤੋਂ ਉੱਠੀ ਇਹ ਆਵਾਜ਼ ਭਵਿੱਖ ਵਿੱਚ ਹੋਰ ਵਿਆਪਕ ਰੂਪ ਲੈ ਸਕਦੀ ਹੈ। ਲੋਕਤੰਤਰ ਦੀ ਅਸਲ ਸ਼ਕਤੀ ਸੰਸਦ ਦੀਆਂ ਕੰਧਾਂ ਤੋਂ ਨਹੀਂ, ਸਗੋਂ ਉਨ੍ਹਾਂ ਨਾਗਰਿਕਾਂ ਤੋਂ ਆਉਂਦੀ ਹੈ, ਜਿਹੜੇ ਸੱਤਾ ਤੋਂ ਸਵਾਲ ਪੁੱਛਣ ਦਾ ਸਾਹਸ ਰੱਖਦੇ ਹਨ। ਇਹੀ ਇਸ ਅੰਦੋਲਨ ਦਾ ਸਭ ਤੋਂ ਵੱਡਾ ਸੰਦੇਸ਼ ਹੈ।

# ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ 'ਚ ਫਸੇ ਰਹਿਣਗੇ



ਗੁਰਮੀਤ ਸਿੰਘ ਪਲਾਹੀ

ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ ਦਾ ਸ਼ਿਕਾਰ ਹੁੰਦੇ ਰਹਿਣਗੇ? ਕਿੰਨੀ ਦੇਰ ਤੱਕ ਪੰਜਾਬੀ ਗੁੰਮਰਾਹ ਹੁੰਦੇ ਰਹਿਣਗੇ ਅਤੇ ਸੱਚ ਨੂੰ ਪਛਾਨਣ ਲਈ ਹੋਰ ਕਿੰਨੀ ਦੇਰ ਲਾਉਣਗੇ? ਪੰਜਾਬੀਆਂ 'ਤੇ ਹਮਲੇ ਸਿਆਸੀ ਵੀ ਹਨ, ਧਾਰਮਿਕ ਵੀ ਹਨ ਅਤੇ ਸੱਭਿਆਚਾਰਕ ਵੀ। ਉਹ ਦੇਸ਼ 'ਤੇ ਸਰਹੱਦੀ ਹਮਲਿਆਂ ਨੂੰ ਪਛਾੜਨ ਲਈ ਕਾਮਯਾਬ ਹਨ, ਉਹ ਦੇਸ਼ ਦੇ ਅੰਨ ਭੰਡਾਰ ਭਰਨ ਲਈ ਕਾਮਯਾਬ ਹਨ, ਉਹ ਦੇਸ਼ ਲਈ ਕੁਰਬਾਨੀਆਂ ਕਰਨ ਲਈ ਸਭ ਤੋਂ ਅੱਗੇ ਹਨ ਅਤੇ ਜਾਨਾਂ ਵਾਰਨ ਤੱਕ ਜਾਂਦੇ ਹਨ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਆਪਣੇ ਹਿੱਤਾਂ ਦੀ ਰਾਖੀ ਲਈ 'ਪਗੜੀ ਸੰਭਾਲ ਜੱਟਾ' ਵਰਗੇ ਇਤਿਹਾਸਕ ਮੋਰਚੇ ਲਾਉਣ ਵਾਲੀ ਇਹ ਅਣਖੀ ਕੌਮ ਹੁਣ ਉਸ ਵੇਲੇ ਆਨਾ-ਕਾਨੀ ਕਿਉਂ ਕਰ ਰਹੀ ਹੈ, ਜਦੋਂ ਉਨ੍ਹਾਂ ਦਾ ਪਾਣੀ ਲੁੱਟਿਆ ਜਾ ਰਿਹਾ ਹੈ, ਉਨ੍ਹਾਂ ਦੀ ਰਾਜਧਾਨੀ ਚੰਡੀਗੜ੍ਹ ਖੋਹੀ ਗਈ ਹੈ, ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਨੂੰ ਹਾਸ਼ੀਏ 'ਤੇ ਧੱਕ ਕੇ ਤਹਿਸ-ਨਹਿਸ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦਾ ਅਮੀਰ ਸੱਭਿਆਚਾਰ ਤਬਾਹ ਕੀਤਾ ਜਾ ਰਿਹਾ ਹੈ? ਉਨ੍ਹਾਂ 'ਤੇ ਚੌਤਰਫ਼ੇ ਧਾਰਮਿਕ ਹਮਲੇ ਹੋ ਰਹੇ ਹਨ, ਹਿੰਦੂ-ਸਿੱਖ ਦਾ ਰਵਾਇਤੀ ਪਾੜਾ ਪਾਉਣ ਦਾ ਕੋਝਾ ਯਤਨ ਹੋ ਰਿਹਾ ਹੈ ਅਤੇ ਆਪਣੀ ਮਿਹਨਤ ਦੇ ਸਿਰ 'ਤੇ ਜਿਊਣ ਵਾਲੇ ਪੰਜਾਬੀਆਂ ਨੂੰ ਸਿਆਸੀ ਮੁਫ਼ਤਖੋਰੀ ਦੀਆਂ ਰੇਵੜੀਆਂ ਵੰਡ ਕੇ ਆਲਸੀ ਤੇ ਮੁਥਾਜ਼ ਬਣਾਇਆ ਜਾ ਰਿਹਾ ਹੈ।

ਸਿਆਸੀ ਪਾਰਟੀਆਂ ਸੂਬੇ ਪੰਜਾਬ ਦੇ ਵਿਕਾਸ ਦੀ ਜ਼ੋਰ-ਸ਼ੋਰ ਨਾਲ ਦੁਹਾਈ ਦੇ ਰਹੀਆਂ ਹਨ। ਦੇਸ਼ ਦਾ ਪ੍ਰਧਾਨ ਮੰਤਰੀ ਆਖਦਾ ਹੈ ਕਿ ਭਾਜਪਾ ਹੀ ਪੰਜਾਬ ਦਾ ਅਸਲ ਵਿਕਾਸ ਕਰਵਾ ਸਕਦੀ ਹੈ। ਉਹ ਪੰਜਾਬ ਫੇਰੀ ਦੌਰਾਨ ਸੂਬੇ ਲਈ 5,470 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਦਾ ਹੈ ਅਤੇ ਇਸ ਵਿੱਚ 'ਡਬਲ ਇੰਜਣ' ਸਰਕਾਰ ਦੀ ਵਕਾਲਤ ਕਰਦਾ ਹੈ, ਪਰ ਉਹ ਪੰਜਾਬ ਦੇ ਸਭ ਤੋਂ ਵੱਡੇ ਮਸਲੇ, ਯਾਨਿ ਪਾਣੀਆਂ ਦੇ ਸੰਕਟ ਦੀ ਗੱਲ ਨਹੀਂ ਕਰਦਾ। ਉਹ ਬੰਜਰ ਹੋ ਰਹੀ ਪੰਜਾਬ ਦੀ ਉਪਜਾਊ ਧਰਤੀ ਬਾਰੇ ਇੱਕ ਅੱਖਰ ਵੀ ਨਹੀਂ ਬੋਲਦਾ। ਉਹ ਕਿਸਾਨਾਂ ਦੇ ਮਸਲਿਆਂ- ਜਿਵੇਂ ਐੱਮ ਐੱਸ ਪੀ ਦੀ ਕਾਨੂੰਨੀ ਗਾਰੰਟੀ ਅਤੇ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੇ ਹੱਲ ਲਈ ਕੋਈ ਗੱਲ ਨਹੀਂ ਕਰਦਾ। ਉਹ ਸਿਰਫ਼ ਅਕਾਲੀਆਂ, ਕਾਂਗਰਸੀਆਂ ਅਤੇ ਆਪ ਵਾਲਿਆਂ 'ਤੇ ਤਿੱਖੇ ਨਿਸ਼ਾਨੇ ਸਾਧਦਾ ਹੈ, ਸਿਆਸੀ ਸਟੇਜਾਂ 'ਤੇ ਬੱਲੇ-ਬੱਲੇ ਕਰਵਾਉਂਦਾ ਹੈ ਅਤੇ ਤੁਰਦਾ ਬਣਦਾ ਹੈ।

ਪ੍ਰਧਾਨ ਮੰਤਰੀ ਅਤੇ ਕੇਂਦਰੀ ਲੀਡਰਸ਼ਿਪ ਪੰਜਾਬੀ ਨੌਜਵਾਨਾਂ ਦੇ ਵੱਡੇ ਪੱਧਰ 'ਤੇ ਹੋ ਰਹੇ ਪ੍ਰਵਾਸ, ਨਸ਼ਿਆਂ ਦੇ ਗੰਭੀਰ ਗ੍ਰਸੇ ਜਾਣ ਅਤੇ ਪੰਜਾਬ ਦੀ ਸਿਰ ਚੜ੍ਹੇ ਲੱਖਾਂ ਕਰੋੜਾਂ ਦੇ ਆਰਥਿਕ ਕਰਜ਼ੇ ਦੀ ਸਥਿਤੀ ਦੀ ਕੋਈ ਗੱਲ ਨਹੀਂ ਕਰਦੀ। ਆਖਰ ਪੰਜਾਬੀਆਂ ਨੂੰ ਇਹਨਾਂ ਵੱਡੇ ਹਾਈਵੇਜ਼ ਦਾ ਕੀ ਲਾਭ, ਜੇ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਉਜਾੜ ਕੇ, ਉਨ੍ਹਾਂ ਦਾ ਸੀਨਾ ਪਾੜ ਕੇ ਕਾਰਪੋਰੇਟਾਂ ਦੇ ਹਿੱਤਾਂ ਲਈ ਇਹਨਾਂ ਸੜਕਾਂ ਨੂੰ ਉਸਾਰਿਆ ਜਾ ਰਿਹਾ ਹੈ? ਪੰਜਾਬੀਆਂ ਨੂੰ ਕੀ ਲਾਹਾ ਅਧੁਨਿਕ ਰੇਲਵੇ ਸਟੇਸ਼ਨਾਂ ਦਾ, ਜੇਕਰ ਉਨ੍ਹਾਂ ਦੇ ਆਪਣੇ ਪਿੰਡਾਂ ਜਾਂ ਸ਼ਹਿਰਾਂ ਦੀਆਂ ਸੰਪਰਕ ਸੜਕਾਂ ਟੁੱਟੀਆਂ-ਫੁੱਟੀਆਂ ਅਤੇ ਖ਼ਸਤਾ ਹਾਲ ਹਨ? ਆਖ਼ਰ ਉਸ ਆਮ ਨਾਗਰਿਕ ਨੂੰ ਉਸ ਉੱਪਰੋਂ-ਉੱਪਰੋਂ ਦਿਸਦੇ ਵਿਕਾਸ ਦਾ ਕੀ ਫਾਇਦਾ, ਜੇਕਰ ਉਸ ਨੂੰ ਰੁਜ਼ਗਾਰ ਨਹੀਂ ਮਿਲਦਾ, ਉਸ ਦੇ ਬੱਚੇ ਨੂੰ ਸਰਕਾਰੀ ਸਕੂਲਾਂ ਵਿੱਚ ਸਹੀ ਸਿੱਖਿਆ ਨਹੀਂ ਮਿਲਦੀ ਅਤੇ ਬੁਨਿਆਦੀ ਸਿਹਤ ਸਹੂਲਤਾਂ ਉਸ ਦੇ ਪੱਲੇ ਨਹੀਂ ਪੈਂਦੀਆਂ? ਜਦੋਂ ਇੱਕ ਆਮ ਪੰਜਾਬੀ ਇਹਨਾਂ ਬੁਨਿਆਦੀ ਸਹੂਲਤਾਂ ਦੀ ਪ੍ਰਾਪਤੀ ਲਈ ਆਪਣਾ ਝੁੱਗਾ-ਚੌੜ ਕਰਵਾਉਂਦਾ ਹੈ, ਆਪਣੀਆਂ ਬਚੀਆਂ-ਖੁਚੀਆਂ ਜ਼ਮੀਨਾਂ ਵੇਚਦਾ ਹੈ, ਘਰ ਗਿਰਵੀ ਰੱਖਦਾ ਹੈ ਅਤੇ ਬਾਅਦ ਵਿੱਚ ਕਰਜ਼ਾ ਨਾ ਚੁਕਾਉਣ ਦੀ ਸੂਰਤ ਵਿੱਚ ਛੱਤ ਦੇ ਸ਼ਤੀਰਾਂ ਜਾਂ ਪੱਖਿਆਂ ਨੂੰ ਜੱਫੇ ਪਾ ਕੇ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋ ਜਾਂਦਾ ਹੈ।

ਗੱਲ ਇਕੱਲੇ ਪ੍ਰਧਾਨ ਮੰਤਰੀ ਅਤੇ ਭਾਜਪਾ ਦੀ ਨਹੀਂ, ਜਿਹੜੀ ਹਰ ਹਾਲ ਵਿੱਚ ਪੰਜਾਬ ਦੀ ਸੱਤਾ ਹਥਿਆਉਣਾ ਚਾਹੁੰਦੀ ਹੈ। ਕੇਂਦਰੀ ਹਾਕਮ ਹਰ ਹੀਲੇ ਪੰਜਾਬੀਆਂ ਦੀ ਖੇਤੀ ਅੰਦੋਲਨ ਵੇਲੇ ਦੀ ਇਤਿਹਾਸਕ ਪ੍ਰਾਪਤੀ ਦੀ ਹਉਮੈ ਨੂੰ ਭੰਨਣਾ ਚਾਹੁੰਦੇ ਹਨ। ਪੰਜਾਬ ਦੇ ਲੋਕਾਂ ਨੇ ਕਾਂਗਰਸ ਦੀਆਂ ਨਾਕਾਮੀਆਂ ਤੋਂ ਨਾਰਾਜ਼ ਹੁੰਦਿਆਂ ਅਤੇ ਅਕਾਲੀ ਦਲ ਦੇ ਰਵਾਇਤੀ ਪਰਿਵਾਰਵਾਦ ਤੋਂ ਪਾਸਾ ਵੱਟਦਿਆਂ ਇੱਕ ਵੱਡੇ ਜਜ਼ਬਾਤੀ ਰੌਅ ਵਿੱਚ ਆਮ ਆਦਮੀ ਪਾਰਟੀ ਨੂੰ ਆਪਣੇ ਸੀਨੇ ਨਾਲ ਲਾ ਲਿਆ ਸੀ। ਇਹ ਇਨਕਲਾਬੀ ਬਦਲ ਇਸ ਆਸ ਨਾਲ ਲਿਆਂਦਾ ਗਿਆ ਸੀ ਕਿ ਇਹ ਪਾਰਟੀ ਉਨ੍ਹਾਂ ਦੇ ਦੁਖੜਿਆਂ ਦਾ ਹੱਲ ਕਰੇਗੀ, ਉਨ੍ਹਾਂ ਦੇ ਬੱਚਿਆਂ ਨੂੰ ਸੂਬੇ ਵਿੱਚ ਹੀ ਰੁਜ਼ਗਾਰ ਮਿਲੇਗਾ ਤੇ ਸੁੱਖ ਦਾ ਸਾਹ ਆਏਗਾ, ਭ੍ਰਿਸ਼ਟਾਚਾਰ ਸੂਬੇ ਵਿੱਚੋਂ ਜੜ੍ਹੋਂ ਖ਼ਤਮ ਹੋਵੇਗਾ, ਨਸ਼ਿਆਂ ਦੇ ਵਪਾਰੀ ਜੇਲ੍ਹਾਂ ਵਿੱਚ ਹੋਣਗੇ ਅਤੇ ਇੱਕ ਸਾਫ਼-ਸੁਥਰਾ ਤੇ ਪਾਰਦਰਸ਼ੀ ਪ੍ਰਸ਼ਾਸਨ ਮਿਲੇਗਾ।

ਪੰਜਾਬ ਦੀ ਸਿਆਸਤ ਹਮੇਸ਼ਾ ਹੀ ਬਹੁਤ ਪੇਚੀਦਗੀ ਭਰਪੂਰ ਰਹੀ ਹੈ। ਪੰਜਾਬ ਨਾਲ ਸਦਾ ਦਿੱਲੀ ਦੇ ਸਿਆਸਤਦਾਨ ਗੰਧਲੀਆਂ ਖੇਡਾਂ ਖੇਡਦੇ ਰਹੇ ਹਨ। ਸੂਬੇ ਦੇ ਸਰੋਤਾਂ ਨੂੰ ਲੁੱਟਣ ਅਤੇ ਇੱਥੋਂ ਦੀ ਖੇਤਰੀ ਤਾਕਤ ਨੂੰ ਕਮਜ਼ੋਰ ਕਰਨ ਲਈ ਕੇਂਦਰੀ ਸਿਆਸਤ ਨੇ ਹਮੇਸ਼ਾ ਸਾਜ਼ਿਸ਼ਾਂ ਘੜੀਆਂ ਹਨ। ਪੰਜਾਬ ਉਨ੍ਹਾਂ ਖੇਡਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ ਅਤੇ ਮੌਜੂਦਾ ਦੌਰ ਵਿੱਚ ਵੀ ਹੋ ਰਿਹਾ ਹੈ। ਅਸੀਂ ਦੇਖਿਆ ਹੈ ਕਿ ਪੰਜਾਬ ਵਿੱਚ ਅੱਸੀ-ਨੱਬੇ ਦੇ ਦਹਾਕੇ ਦੀਆਂ ਗਰਮ ਲਹਿਰਾਂ ਦੌਰਾਨ ਹਜ਼ਾਰਾਂ ਨੌਜਵਾਨਾਂ ਦੇ ਫਰਜ਼ੀ ਮੁਕਾਬਲੇ ਹੋਏ। ਇਸ ਖ਼ੂਨੀ ਖੇਡ ਪਿੱਛੇ ਆਖਰ ਕਿਸ ਦਾ ਹੱਥ ਸੀ? ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗਾਇਆ ਗਿਆ, ਜਿਸ ਨੇ ਲੱਖਾਂ ਘਰਾਂ ਦੇ ਚਿਰਾਗ ਬੁਝਾ ਦਿੱਤੇ-ਕੌਣ ਹਨ ਇਸ ਦੇ ਅਸਲ ਸਰਪ੍ਰਸਤ? ਪੰਜਾਬ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਮਜਬੂਰਨ ਪ੍ਰਵਾਸ ਦਾ ਅਸਲ ਜ਼ਿੰਮੇਵਾਰ ਕੌਣ ਹੈ? ਇਹਨਾਂ ਸਾਰੇ ਗੰਭੀਰ ਸਵਾਲਾਂ ਦੇ ਜਵਾਬ ਲੱਭਦਿਆਂ ਅਤੇ ਹੌਲੀ-ਹੌਲੀ ਜਾਗਰੂਕ ਹੁੰਦਿਆਂ ਹੁਣ ਪੰਜਾਬੀ ਸਿਆਸੀ ਨੇਤਾਵਾਂ ਨਾਲ ਬੇਹੱਦ ਨਾਰਾਜ਼ ਹਨ, ਕਿਉਂਕਿ ਇਹ ਨੇਤਾ ਵੋਟਾਂ ਵੇਲੇ ਤਾਂ ਪੈਰਾਂ 'ਤੇ ਡਿੱਗਦੇ ਹਨ, ਪਰ ਔਖੇ ਵੇਲਿਆਂ ਵਿੱਚ ਪੰਜਾਬ ਦੀ ਬਾਂਹ ਫੜਨ ਤੋਂ ਸਾਫ਼ ਮੁੱਕਰ ਜਾਂਦੇ ਹਨ।

ਜੇਕਰ ਪੰਜਾਬ ਦੀ ਜਨਸੰਖਿਆ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਇੱਥੇ ਲਗਭਗ 58 ਫ਼ੀਸਦੀ ਸਿੱਖ ਆਬਾਦੀ ਹੈ, ਜਿਸ ਵਿੱਚੋਂ ਕਰੀਬ 60 ਫ਼ੀਸਦੀ ਜੱਟ ਸਿੱਖ ਹਨ। ਹਿੰਦੂ ਭਾਈਚਾਰੇ ਦੀ ਗਿਣਤੀ ਲਗਭਗ 40 ਫ਼ੀਸਦੀ ਹੈ। ਇਸ ਹਿੰਦੂ-ਸਿੱਖ ਆਬਾਦੀ ਦੇ ਅੰਦਰ ਹੀ ਲਗਭਗ 33 ਫ਼ੀਸਦੀ (ਭਾਵ ਤੀਜਾ ਹਿੱਸਾ) ਦਲਿਤ ਵੋਟ ਬੈਂਕ ਹੈ, ਜੋ ਕਿ ਪੂਰੇ ਦੇਸ਼ ਵਿੱਚ ਕਿਸੇ ਵੀ ਸੂਬੇ ਨਾਲੋਂ ਫ਼ੀਸਦੀ ਦੇ ਹਿਸਾਬ ਨਾਲ ਸਭ ਤੋਂ ਵੱਧ ਹੈ।

ਅੱਜ ਸਾਰੀਆਂ ਸਿਆਸੀ ਪਾਰਟੀਆਂ ਪੰਜਾਬੀਆਂ ਦੇ ਇਸ ਸਾਂਝੇ ਅਕਸ ਨੂੰ ਢਾਹ ਲਾ ਕੇ, ਉਨ੍ਹਾਂ ਨੂੰ ਧਰਮ ਅਤੇ ਜਾਤ ਦੇ ਨਾਂਅ 'ਤੇ ਵੰਡ ਕੇ ਵੋਟਾਂ ਹਥਿਆਉਣ ਦੇ ਸਸਤੇ ਚੱਕਰ ਵਿੱਚ ਹਨ। ਸਾਰੀਆਂ ਸਿਆਸੀ ਪਾਰਟੀਆਂ ਖ਼ਾਸ ਕਰਕੇ ਭਾਜਪਾ ਦਾ ਪੂਰਾ ਫੋਕਸ ਇਸ ਵੇਲੇ ਐੱਸ ਸੀ ਜਾਤੀ ਦੇ ਵੋਟ ਬੈਂਕ ਨੂੰ ਆਪਣੇ ਵੱਲ ਖਿੱਚਣ 'ਤੇ ਹੈ। ਦੋਆਬੇ ਦੇ ਚਾਰ ਪ੍ਰਮੁੱਖ ਜ਼ਿਲ੍ਹੇ-ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਵਿੱਚ ਦਲਿਤ ਵੋਟਰ ਹੀ ਸਾਰੀਆਂ ਸਿਆਸੀ ਪਾਰਟੀਆਂ ਦੀ ਹਾਰ-ਜਿੱਤ ਤੈਅ ਕਰਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਡੇਰਾ ਸੱਚਖੰਡ ਬੱਲਾਂ ਵਿਖੇ ਜਾਣਾ ਇਸੇ ਰਣਨੀਤੀ ਦਾ ਹਿੱਸਾ ਸੀ, ਤਾਂ ਜੋ ਦੋਆਬੇ ਦੇ ਇਸ ਪ੍ਰਭਾਵਸ਼ਾਲੀ ਵੋਟ ਬੈਂਕ ਨੂੰ ਭਾਜਪਾ ਦੇ ਪੱਖ ਵਿੱਚ ਭੁਗਤਾਇਆ ਜਾ ਸਕੇ।

ਇਤਿਹਾਸਕ ਤੌਰ 'ਤੇ ਪੰਜਾਬ ਦੀ ਦਲਿਤ ਵੋਟ ਜ਼ਿਆਦਾਤਰ ਕਾਂਗਰਸ ਦੇ ਪੱਖ ਵਿੱਚ ਭੁਗਤਦੀ ਰਹੀ ਹੈ, ਖਾਸ ਕਰਕੇ ਦੋਆਬੇ ਦੇ ਇਲਾਕੇ ਵਿੱਚ, ਪਰ ਪਿਛਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਇਸ ਵੋਟ ਬੈਂਕ ਵਿੱਚ ਵੱਡੀ ਸੰਨ੍ਹ ਲਾਈ ਅਤੇ ਇੱਥੇ ਆਪਣਾ ਸਿਆਸੀ ਆਧਾਰ ਮਜ਼ਬੂਤ ਕੀਤਾ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦਾ ਗੱਠਜੋੜ ਵੀ ਇਸੇ ਵੋਟ ਨੂੰ ਹਾਸਲ ਕਰਨ ਲਈ ਹੱਥ-ਪੈਰ ਮਾਰਦਾ ਰਿਹਾ ਹੈ। ਉਂਜ ਪੰਜਾਬ ਦੀ ਐੱਸ ਸੀ ਆਬਾਦੀ ਅਕਾਲੀਆਂ, ਗਰਮ ਖਿਆਲੀਆਂ, ਅਤੇ ਕਾਂਗਰਸ ਦੇ ਖੇਮਿਆਂ ਵਿੱਚ ਵੰਡੀ ਹੋਈ ਹੈ। ਜੇ ਗਣਿਤ ਸਮਝੀਏ ਤਾਂ ਦਲਿਤਾਂ ਦੀ ਕੁੱਲ 33 ਫ਼ੀਸਦੀ ਵੋਟ ਵਿੱਚੋਂ ਸਿੱਖ ਦਲਿਤਾਂ ਦੀ ਹਿੱਸੇਦਾਰੀ ਬਹੁਤ ਵੱਡੀ ਹੈ, ਜੋ ਕਿ ਸਿਆਸਤ ਦਾ ਰੁਖ਼ ਬਦਲਣ ਦੇ ਸਮਰੱਥ ਹੈ।

ਸਿਆਸੀ ਪਾਰਟੀਆਂ, ਖ਼ਾਸ ਕਰਕੇ ਭਾਜਪਾ ਵੱਲੋਂ ਪੰਜਾਬੀਆਂ ਨੂੰ ਪਹਿਲਾਂ ਧਰਮ ਦੇ ਨਾਂਅ 'ਤੇ ਵੰਡਣਾ ਅਤੇ ਫਿਰ ਜਾਤ-ਪਾਤ ਦੀ ਵਰਗ-ਵੰਡ ਕਰਨਾ ਸੂਬੇ ਦੇ ਸਮਾਜਿਕ ਤਾਣੇ-ਬਾਣੇ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ, ਪਰ ਦੁਖਾਂਤ ਇਹ ਹੈ ਕਿ ਪੰਜਾਬੀਆਂ ਉੱਤੇ ਇਸ ਸਿਆਸੀ ਧਰੁਵੀਕਰਨ ਦਾ ਅਸਰ ਹੁਣ ਸਾਫ਼ ਦਿਖਣ ਲੱਗ ਪਿਆ ਹੈ। ਜੇਕਰ ਅਸੀਂ ਚੋਣ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਿਰਫ਼ 6.6 ਫ਼ੀਸਦੀ ਵੋਟਾਂ ਮਿਲੀਆਂ ਸਨ, ਲੇਕਿਨ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਤੋਂ ਵੱਖ ਹੋ ਕੇ ਇਕੱਲਿਆਂ ਲੜਨ ਦੇ ਬਾਵਜੂਦ ਭਾਜਪਾ ਦਾ ਵੋਟ ਬੈਂਕ ਉਛਾਲ ਮਾਰ ਕੇ 18.65 ਫ਼ੀਸਦੀ ਤੱਕ ਪਹੁੰਚ ਗਿਆ। ਭਾਵੇਂ ਉਹ ਸੀਟਾਂ ਜ਼ਿਆਦਾ ਨਹੀਂ ਜਿੱਤ ਸਕੀ, ਪਰ ਸ਼ਹਿਰੀ ਹਿੰਦੂ ਖੇਤਰਾਂ ਵਿੱਚ ਉਸ ਨੇ ਵੱਡੀ ਲੀਡ ਹਾਸਲ ਕੀਤੀ।

ਦੂਜੇ ਪਾਸੇ ਕਾਂਗਰਸ ਅਤੇ 'ਆਪ' ਨੂੰ ਲਗਭਗ 26-26 ਫ਼ੀਸਦੀ ਵੋਟਾਂ ਮਿਲੀਆਂ, ਜਦਕਿ ਸ਼੍ਰੋਮਣੀ ਅਕਾਲੀ ਦਲ ਸੁੰਘੜ ਕੇ 13.68 ਫ਼ੀਸਦੀ 'ਤੇ ਆ ਗਿਆ। ਇਸ ਦੇ ਨਾਲ ਹੀ ਗਰਮ ਖਿਆਲੀ ਅਤੇ ਆਜ਼ਾਦ ਉਮੀਦਵਾਰਾਂ ਦੇ ਪੱਲੇ ਕੱਟੜ ਸਿੱਖ ਭਾਵਨਾਵਾਂ ਦੀਆਂ ਵੋਟਾਂ ਪਈਆਂ।

ਹੁਣ ਭਾਜਪਾ ਦੀ ਰਣਨੀਤੀ ਇਹ ਹੈ ਕਿ ਜੇਕਰ ਉਹ ਸੂਬੇ ਦੇ 40 ਫ਼ੀਸਦੀ ਹਿੰਦੂਆਂ ਵਿੱਚੋਂ 30 ਫ਼ੀਸਦੀ ਵੋਟਾਂ ਨੂੰ ਆਪਣੇ ਹੱਕ ਵਿੱਚ ਪੱਕਾ ਕਰ ਲਵੇ ਅਤੇ ਨਾਲ ਹੀ ਵੱਖ-ਵੱਖ ਡੇਰਿਆਂ ਦੇ ਪ੍ਰਭਾਵ ਸਦਕਾ 10 ਤੋਂ 12 ਫ਼ੀਸਦੀ ਦਲਿਤ ਵੋਟ ਹਾਸਲ ਕਰ ਲਵੇ, ਤਾਂ ਉਹ ਹਿੰਦੂ-ਬਹੁਗਿਣਤੀ ਵਾਲੇ 55 ਵਿਧਾਨ ਸਭਾ ਚੋਣ ਖੇਤਰਾਂ ਵਿੱਚ ਇੱਕ ਮਜ਼ਬੂਤ ਸਿਆਸੀ ਸ਼ਕਤੀ ਬਣ ਕੇ ਉੱਭਰ ਸਕਦੀ ਹੈ। ਇਹ ਖੇਡ ਪੰਜਾਬ ਦੇ ਉੱਜਵਲ ਭਵਿੱਖ ਲਈ ਨਹੀਂ, ਸਗੋਂ ਸੱਤਾ ਹਥਿਆਉਣ ਲਈ ਖੇਡੀ ਜਾ ਰਹੀ ਹੈ।

ਪੰਜਾਬ ਸ਼ੁਰੂ ਤੋਂ ਹੀ ਦੇਸ਼ ਅੰਦਰ ਫੈਡਰਲਿਜ਼ਮ ਯਾਨੀ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਪਹਿਰੇਦਾਰ ਰਿਹਾ ਹੈ, ਪ੍ਰੰਤੂ ਅਜੋਕੇ ਸਮੇਂ ਕੇਂਦਰ ਸਰਕਾਰ ਵੱਲੋਂ ਸੂਬੇ ਦੇ ਅਧਿਕਾਰਾਂ 'ਤੇ ਲਗਾਤਾਰ ਡਾਕੇ ਮਾਰੇ ਜਾ ਰਹੇ ਹਨ। ਪੰਜਾਬ ਦੇ ਪੇਂਡੂ ਵਿਕਾਸ ਫੰਡ ਨੂੰ ਰੋਕਣਾ, ਬੀ ਐੱਸ ਐੱਫ ਦਾ ਅਧਿਕਾਰ ਖੇਤਰ ਸਰਹੱਦ ਤੋਂ 50 ਕਿਲੋਮੀਟਰ ਤੱਕ ਵਧਾ ਕੇ ਸੂਬੇ ਦੀ ਕਾਨੂੰਨ ਵਿਵਸਥਾ ਵਿੱਚ ਦਖ਼ਲ ਦੇਣਾ ਅਤੇ ਪੰਜਾਬ ਦੇ ਕੋਲੇ ਦੇ ਕੋਟੇ 'ਤੇ ਸ਼ਰਤਾਂ ਲਾਉਣੀਆਂ-ਇਹ ਸਭ ਇਸ ਗੱਲ ਦਾ ਪ੍ਰਮਾਣ ਹਨ ਕਿ ਪੰਜਾਬ ਨੂੰ ਆਰਥਿਕ ਤੌਰ 'ਤੇ ਕੰਗਾਲ ਕਰਕੇ ਗੋਡਿਆਂ ਭਾਰ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬੀ ਹਮੇਸ਼ਾ ਦੇਸ਼ ਦੇ ਅੰਨਦਾਤਾ ਰਹੇ ਹਨ, ਪਰ ਅੱਜ ਉਨ੍ਹਾਂ ਨੂੰ ਆਪਣੀ ਹੀ ਫ਼ਸਲ ਦੀ ਕੀਮਤ ਮੰਗਣ ਲਈ ਦਿੱਲੀ ਦੀਆਂ ਸਰਹੱਦਾਂ 'ਤੇ ਕਿੱਲੀਆਂ ਵਾਲੀਆਂ ਤਾਰਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਆਸੀ ਪਾਰਟੀਆਂ ਇਹਨਾਂ ਗੰਭੀਰ ਮਸਲਿਆਂ 'ਤੇ ਲੜਨ ਦੀ ਬਜਾਏ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਵਿੱਚ ਮਸਰੂਫ਼ ਹਨ, ਜਿਸ ਕਾਰਨ ਆਮ ਪੰਜਾਬੀ ਖ਼ੁਦ ਨੂੰ ਬੇਸਹਾਰਾ ਮਹਿਸੂਸ ਕਰ ਰਹੇ ਹਨ।

ਕੀ ਪੰਜਾਬੀ ਆਪਣੀ ਜਨਸੰਖਿਆ ਦੇ ਸਰੂਪਾਂ ਨੂੰ ਧਰਮ ਅਤੇ ਜਾਤ ਦੀ ਵੰਡ ਦੇ ਕੋਝੇ ਪੇਚੇ ਪਾ ਕੇ ਆਪਣੇ ਉਸ ਸ਼ਾਨਦਾਰ ਇਤਿਹਾਸ ਨੂੰ ਖ਼ਰਾਬ ਕਰ ਲੈਣਗੇ, ਜਿਹੜੀ ਉਨ੍ਹਾਂ ਲੰਮੇ ਸੰਘਰਸ਼ਾਂ ਵਿੱਚੋਂ ਸਾਂਝੀਵਾਲਤਾ ਦੇ ਸੰਦੇਸ਼ ਰਾਹੀਂ ਪ੍ਰਾਪਤ ਕੀਤੀ ਹੈ? ਕੀ ਪੰਜਾਬ ਵਿੱਚ ਹਿੰਦੂ-ਸਿੱਖ ਦੀ ਵੰਡ ਅਤੇ ਧਰੁਵੀਕਰਨ ਪੰਜਾਬ ਦੇ ਹਿੱਤ ਵਿੱਚ ਹੈ? ਬਿਲਕੁਲ ਨਹੀਂ। ਜਿਸ ਪੋਲਰਾਈਜ਼ੇਸ਼ਨ ਵਾਸਤੇ ਕੇਂਦਰੀ ਅਤੇ ਸਥਾਨਕ ਸਿਆਸੀ ਧਿਰਾਂ ਆਪਣਾ ਪੂਰਾ ਤਾਣ ਲਾ ਰਹੀਆਂ ਹਨ, ਜੇਕਰ ਉਹ ਕਾਮਯਾਬ ਹੋ ਗਈਆਂ, ਤਾਂ ਇਹ ਪੰਜਾਬੀ ਦੀ ਸੂਝਵਾਨ ਸੋਚ ਉੱਤੇ ਇੱਕ ਵੱਡਾ ਕਲੰਕ ਹੋਵੇਗਾ। ਇਹ ਵੰਡ ਪੰਜਾਬੀ ਸੱਭਿਆਚਾਰ, ਪੰਜਾਬੀਅਤ ਦੀ ਰੂਹ ਅਤੇ ਪੰਜਾਬ ਦੇ ਹਿੱਤਾਂ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦੇਵੇਗੀ।

ਹੁਣ ਆਉਣ ਵਾਲੇ ਸਮੇਂ ਵਿੱਚ ਇਹ ਦੇਖਣਾ ਬੇਹੱਦ ਦਿਲਚਸਪ ਅਤੇ ਅਹਿਮ ਹੋਵੇਗਾ ਕਿ ਕੀ ਪੰਜਾਬੀ ਆਪਣੇ ਨਿਡਰ ਸਰੂਪ, ਜਾਗਰੂਕ ਜ਼ਮੀਰ ਅਤੇ ਦੂਰਅੰਦੇਸ਼ੀ ਸੋਚ ਨੂੰ ਕਾਇਮ ਰੱਖਦੇ ਹਨ? ਕੀ ਉਹ ਪੰਜਾਬ ਦੇ ਹੱਕਾਂ, ਵੱਧ ਸੂਬਾਈ ਅਧਿਕਾਰਾਂ ਦੀ ਰਾਖੀ ਕਰਨ ਵਾਲਿਆਂ, ਮਨੁੱਖੀ ਅਧਿਕਾਰਾਂ ਦੇ ਸੱਚੇ ਪਹਿਰੇਦਾਰਾਂ, ਸਾਂਝੀਵਾਲਤਾ ਦੇ ਹਿਤੈਸ਼ੀਆਂ ਅਤੇ ਪੰਜਾਬ ਦੇ ਅਸਲ ਮਸਲਿਆਂ ਦਾ ਹੱਲ ਕਰਨ ਵਾਲਿਆਂ ਦਾ ਸਾਥ ਦਿੰਦੇ ਹਨ ਜਾਂ ਫਿਰ ਉਹ ਕਾਰਪੋਰੇਟਾਂ ਦੇ ਉਹਨਾਂ ਸੌਦਾਗਰਾਂ ਅਤੇ ਵੱਡੇ-ਵੱਡੇ ਦਿਖਾਵਟੀ ਵਿਕਾਸ ਕਾਰਜਾਂ ਦੇ ਝੂਠੇ ਜਾਲ ਵਿੱਚ ਫਸਦੇ ਹਨ, ਜਿਹੜੇ ਦੇਸ਼ ਦੇ ਜਮਹੂਰੀ ਸੰਵਿਧਾਨ ਨੂੰ ਬਦਲ ਕੇ ਇਸ ਦਾ ਚਿਹਰਾ-ਮੋਹਰਾ ਹੀ ਵਿਗਾੜਨਾ ਚਾਹੁੰਦੇ ਹਨ।

ਪੰਜਾਬ ਅਤੇ ਇੱਥੋਂ ਦੇ ਵਸਨੀਕ ਭਾਵੇਂ ਕੁਝ ਸਮੇਂ ਲਈ ਜਜ਼ਬਾਤੀ ਹੋ ਕੇ ਸਿਆਸੀ ਗੁੰਮਰਾਹਕੁਨ ਪ੍ਰਚਾਰ ਦਾ ਸ਼ਿਕਾਰ ਹੋ ਸਕਦੇ ਹਨ, ਪਰ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬ ਦੀ ਧਰਤੀ, ਇਸ ਦੀ ਮਾਂ-ਬੋਲੀ, ਸੱਭਿਆਚਾਰ ਅਤੇ ਅਣਖ 'ਤੇ ਵਾਰ ਹੋਇਆ ਹੈ, ਉਨ੍ਹਾਂ ਹਮੇਸ਼ਾ ਸਿਆਸੀ ਭਰਮਜਾਲ ਨੂੰ ਤੋੜ ਕੇ ਸੰਘਰਸ਼ਾਂ ਨੂੰ ਤਰਜੀਹ ਦਿੱਤੀ ਹੈ। ਪੰਜਾਬੀ ਹਮੇਸ਼ਾ ਜ਼ੁਲਮ ਅਤੇ ਹਾਕਮਾਂ ਦੇ ਦਾਬੇ ਵਿਰੁੱਧ ਹਿੱਕ ਤਾਣ ਕੇ ਖੜ੍ਹੇ ਹੋਏ ਹਨ। ਭਾਵੇਂ ਉਹ 1975 ਦੀ ਦੇਸ਼ ਵਿਆਪੀ ਐਮਰਜੈਂਸੀ ਦਾ ਦੌਰ ਹੋਵੇ ਜਾਂ ਦਿੱਲੀ ਦੀਆਂ ਬਰੂਹਾਂ 'ਤੇ ਲੜਿਆ ਗਿਆ ਕਾਲੇ ਖੇਤੀ ਕਾਨੂੰਨਾਂ ਦਾ ਇਤਿਹਾਸਕ ਅੰਦੋਲਨ-ਪੰਜਾਬੀਆਂ ਲਈ ਹਮੇਸ਼ਾ ਨੈਤਿਕ ਕਦਰਾਂ-ਕੀਮਤਾਂ ਕਾਇਮ ਰੱਖੀਆਂ ਹਨ।

ਉਹ ਆਪਣੇ ਹੱਕਾਂ ਲਈ ਮਰ-ਮਿਟਣ ਵਾਸਤੇ ਪੂਰੀ ਦੁਨੀਆ ਵਿੱਚ ਜਾਣੇ ਜਾਂਦੇ ਹਨ। ਪੰਜਾਬ ਦੇ ਲੋਕਾਂ ਨੇ ਬਹੁਤ ਔਖੇ ਅਤੇ ਕਾਲੇ ਸਮਿਆਂ ਵਿੱਚ ਵੀ ਆਪਣੇ ਹਿੰਦੂ-ਸਿੱਖ ਭਾਈਚਾਰੇ ਦੀ ਸਾਂਝ ਨੂੰ ਟੁੱਟਣ ਨਹੀਂ ਦਿੱਤਾ। ਅੱਜ ਫਿਰ ਲੋੜ ਹੈ ਕਿ ਉਹ ਪੰਜਾਬੀ ਸਿਆਸਤਦਾਨਾਂ ਦੇ ਧਰਮ ਅਤੇ ਜਾਤ ਦੇ ਪਾਏ ਜਾ ਰਹੇ ਭਰਮਜਾਲ ਵਿੱਚੋਂ ਬਾਹਰ ਨਿਕਲਣ, ਆਪਣੀ ਹੋਸ਼ ਸੰਭਾਲਣ ਅਤੇ ਪੰਜਾਬ ਦੇ ਉਜਵਲ, ਸਾਂਝੇ ਤੇ ਸੁਨਹਿਰੀ ਭਵਿੱਖ ਲਈ ਇੱਕਜੁੱਟ ਹੋ ਕੇ ਆਪਣੇ ਅੰਦਰਲੇ ਅਸਲ ਪੰਜਾਬੀ ਅਤੇ ਨੈਤਿਕ ਆਦਰਸ਼ਾਂ 'ਤੇ ਪਹਿਰਾ ਦੇਣ।

# ਸੰਪਰਕ : 98158-02070

# ਪੰਜਾਬੀ ਮਾਂ ਦਾ ਵਿਸਾਰਿਆ ਸਪੂਤ—ਮੁਲਕ ਰਾਜ ਆਨੰਦ

ਸੰਦੀਪ ਨਈਅਰ

ਅਮਰਜੀਤ ਚੰਦਨ ਜਦੋਂ ਇਹ ਲਿਖਦਾ ਕਿ ਕਦੇ ਉਰਦੂ ਜਾਂ ਅੰਗਰੇਜ਼ੀ ਵਿਚ ਲਿਖਣ ਵਾਲੇ ਪੰਜਾਬੀ ਸਾਹਿਤਕਾਰਾਂ ਨੂੰ ਕਦੋਂ ਪੰਜਾਬੀ ਸਾਹਿਤਕਾਰ ਕਿਹਾ ਜਾਵੇਗਾ ਤਾਂ ਮੁਲਕ ਰਾਜ ਆਨੰਦ ਦਾ ਨਾਂਅ ਅੱਖਾਂ ਮੂਹਰੇ ਆ ਜਾਂਦਾ ਹੈ। ਪਿਛਲੇ ਦਿਨੀਂ ਸਾਥੀ ਜਰਨੈਲ ਜਾਫਰਪੁਰ ਨੇ ਜਦ ਇਹ ਕਿਹਾ ਕਿ ਪੰਜਾਬ ਦਾ ਇਕ ਲੇਖਕ ਮੁਲਕ ਰਾਜ ਆਨੰਦ ਹੋਇਆ, ਜੋ ਆਪਣੀ ਲੇਖਣੀ ਤੇ ਕਰਨੀ ਪੱਖੋਂ ਇਕ ਸੀ ਤਾਂ ਮੇਰੇ ਲਈ ਹੈਰਾਨੀ ਭਰੀ ਜਾਣਕਾਰੀ ਸੀ, ਕਿਉਂਕਿ ਸਾਹਿਤ ਨਾਲ ਜੁੜੇ ਹੋਣ ਦੇ ਬਾਵਜੂਦ ਪੰਜਾਬ ਦੇ ਇਸ ਲੇਖਕ ਦਾ ਜ਼ਿਕਰ ਕਦੇ ਨਹੀਂ ਸੁਣਿਆ ਸੀ, ਕਿਓਂਕਿ ਉਨ੍ਹਾ ਦਾ ਸਾਰਾ ਕੰਮ ਅੰਗਰੇਜ਼ੀ ਭਾਸ਼ਾ ਵਿਚ ਸੀ

ਮੁਲਕ ਰਾਜ ਆਨੰਦ ਦਾ ਜਨਮ 1905 ਵਿਚ ਪੇਸ਼ਾਵਰ ਵਿਚ ਇਕ ਪੰਜਾਬੀ ਪਰਿਵਾਰ ਵਿਚ ਹੋਇਆ। ਹਾਲਾਂਕਿ ਮੁਲਕ ਰਾਜ ਆਨੰਦ ਦਾ ਬਚਪਨ ਆਪਣੇ ਨਾਨਕੇ ਪਿੰਡ ਡਸਕੇ ਜ਼ਿਲ੍ਹਾ ਸਿਆਲਕੋਟ ਵਿਚ ਗੁਜ਼ਰਿਆ। ਡਸਕੇ ਪਿੰਡ ਵਿਚ ਵਾਪਰੀਆਂ ਕੁਝ ਘਟਨਾਵਾਂ ਇਹਨਾਂ ਦੀਆ ਸਾਹਿਤਕ ਜ਼ਿੰਦਗੀ ਦਾ ਅਧਾਰ ਬਣੀਆਂ। 'ਅਛੂਤ' (Untouchable) ਨਾਵਲ ਵੀ ਡਸਕੇ ਪਿੰਡ ਦੀਆਂ ਘਟਨਾਵਾਂ ਵਿਚਲੇ ਦਲਿਤ ਪਾਤਰ ਨਾਲ ਹੁੰਦੇ ਤ੍ਰਿਸਕਾਰ ਨੂੰ ਬਿਆਨ ਕਰਦੀਆਂ ਹਨ। ਉਹ ਪਹਿਲੇ ਭਾਰਤੀ ਲੇਖਕਾਂ ਵਿੱਚੋਂ ਇੱਕ ਸਨ, ਜਿਨ੍ਹਾਂ ਨੇ ਅੰਗਰੇਜ਼ੀ ਵਿੱਚ ਕੰਮ ਲਿਖਿਆ, ਆਪਣੇ ਲਈ ਇੱਕ ਅਣਵਰਤਿਆ ਖੇਤਰ ਸਥਾਪਤ ਕੀਤਾ। ਮੁਲਕ ਰਾਜ ਆਨੰਦ ਦੇ ਪਿਤਾ ਲਾਲ ਚੰਦ ਆਨੰਦ ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ ਇੱਕ ਮਿਲਟਰੀ ਕਲਰਕ ਵਜੋਂ ਕੰਮ ਕਰਦੇ ਸਨ। ਮੁਲਕ ਰਾਜ ਆਨੰਦ ਦੇ ਮਾਤਾ ਜੀ ਈਸ਼ਵਰ ਕੌਰ ਕਿਸਾਨੀ ਪਰਵਾਰ ਵਿੱਚੋਂ ਸਨ। ਉਹਨਾ ਆਪਣੀ ਕਾਲਜ ਦੀ ਪੜ੍ਹਾਈ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਕੀਤੀ। ਇਸ ਸਮੇਂ ਦੌਰਾਨ ਮੁਲਕ ਰਾਜ ਆਨੰਦ ਦਾ ਸੰਪਰਕ ਕਰਾਂਤੀਕਾਰੀਆਂ ਨਾਲ ਹੋ ਗਿਆ। ਕ੍ਰਾਂਤੀਕਾਰੀ ਗਤੀਵਿਧੀਆਂ ਕਾਰਨ ਆਪ ਨੂੰ 2 ਵਾਰ ਜੇਲ੍ਹ ਜਾਣਾ ਪਿਆ। 1919 ਵਿੱਚ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਹੱਤਿਆ ਕਾਂਡ ਤੋਂ ਬਾਅਦ ਸ਼ਹਿਰ ਵਿੱਚ ਕਰਫ਼ਿਊ ਲੱਗਿਆ ਹੋਇਆ ਸੀ।ਮੁਲਕ ਰਾਜ ਆਨੰਦ ਨੇ ਅਣਜਾਣੇ ਵਿੱਚ ਕਰਫ਼ਿਊ ਦੀ ਉਲੰਘਣਾ ਕੀਤੀ, ਜਿਸ ਕਾਰਨ ਪੁਲਸ ਨੇ ਉਨ੍ਹਾ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ 7 ਕੋੜੇ ਮਾਰੇ ਗਏ ਅਤੇ ਥੋੜ੍ਹੇ ਸਮੇਂ ਲਈ ਹਿਰਾਸਤ ਵਿੱਚ ਰੱਖਿਆ ਗਿਆ। ਇਸ ਬੇਇੱਜ਼ਤੀ ਅਤੇ ਤਸ਼ੱਦਦ ਨੇ ਉਨ੍ਹਾ ਦੇ ਮਨ ਵਿੱਚ ਬ੍ਰਿਟਿਸ਼ ਰਾਜ ਦੇ ਖ਼ਿਲਾਫ਼ ਬਗਾਵਤ ਦੀ ਚੰਗਿਆੜੀ ਬਾਲ ਦਿੱਤੀ।

ਦੂਜੀ ਵਾਰ ਜਦੋਂ ਉਹ ਖਾਲਸਾ ਕਾਲਜ, ਅੰਮ੍ਰਿਤਸਰ ਦੇ ਵਿਦਿਆਰਥੀ ਸਨ, ਤਾਂ ਉਹ ਮਹਾਤਮਾ ਗਾਂਧੀ ਦੇ ਨਾਮਿਲਵਰਤਣ ਅੰਦੋਲਨ ਅਤੇ ਸਿਵਲ ਨਾਫ਼ਰਮਾਨੀ ਵਿੱਚ ਸ਼ਾਮਲ ਹੋ ਗਏ। ਉਹਨਾ ਦੇ ਪਿਤਾ ਜੀ ਇਹਨਾਂ ਗਤੀਵਿਧੀਆਂ ਤੋਂ ਖੁਸ਼ ਨਹੀਂ ਸਨ, ਇਸ ਲਈ ਅੱਗੇ ਪੜ੍ਹਾਈ ਲਈ ਉਹਨਾ ਨੂੰ ਲੰਡਨ ਜਾਣਾ ਪਿਆ। ਮੁਲਕ ਰਾਜ ਆਨੰਦ ਨੇ ਉੱਚ ਸਿਖਿਆ ਹਾਸਿਲ ਕਰਨ ਲਈ ਯੂਨੀਵਰਸਿਟੀ ਕਾਲਜ ਲੰਡਨ ਵਿਚ ਦਾਖਲਾ ਲਿਆ। ਸ਼ੁਰੂਆਤੀ ਦੌਰ ਵਿਚ ਉਹਨਾ ਨੂੰ ਰੈਸਟੋਰੈਂਟ ਵਿਚ ਵੀ ਕੰਮ ਕਰਨਾ ਪਿਆ, ਕਿਓਂਕਿ ਉਹਨਾ ਦੀ ਆਰਥਿਕ ਹਾਲਤ ਬਹੁਤ ਵਧੀਆ ਨਹੀਂ ਸੀ। ਇਹਨਾਂ ਸਾਲਾਂ ਦੌਰਾਨ ਉਸ ਨੇ ਸਾਹਿਤਕ ਗਰੁੱਪ ਬਲੂਮਸਬਰੀ ਗਰੁੱਪ ਨਾਲ ਨੈੱਟਵਰਕ ਸਥਾਪਤ ਕੀਤੇ। ਮੁਲਕ ਰਾਜ ਆਨੰਦ ਲੰਡਨ ਵਿਚ ਰਹਿੰਦਿਆਂ ਕਈ ਸਾਹਿਤਕ ਹਸਤੀਆਂ ਦੇ ਸੰਪਰਕ ਵਿਚ ਆਏ। ਇਹਨਾਂ ਸਾਹਿਤਕ ਹਸਤੀਆਂ ਵਿਚ ਨਾਵਲਕਾਰ ਈ. ਐੱਮ. ਫੋਰਸਟਰ, ਟੀ ਐੱਸ ਇਲੀਅਟ ਅਤੇ ਵਰਜੀਨੀਆ ਵੂਲਫ਼ ਸਨ। ਇਥੇ ਰਹਿੰਦਿਆਂ ਹੀ ਉਹਨਾ ਨੂੰ ਲਿਓ ਤਾਲਸਤਾਏ, ਬਲਜ਼ਾਕ ਮੈਕਸਿਮ ਗੋਰਕੀ ਵਰਗੇ ਲੇਖਕਾਂ ਨੂੰ ਪੜ੍ਹਨ ਦਾ ਮੌਕਾ ਮਿਲਿਆ। ਇਹ ਉਹ ਸਮਾਂ ਸੀ, ਜਦੋਂ ਰੂਸੀ ਇਨਕਲਾਬ ਤੋਂ ਪ੍ਰਭਾਵਤ ਹੋ ਕੇ ਦੁਨੀਆ ਭਰ ਦੇ ਲੇਖਕ ਖੱਬੇ ਪੱਖੀ ਲਹਿਰ ਵੱਲ ਖਿਚੇ ਜਾ ਰਹੇ ਸਨ। ਮੁਲਕ ਰਾਜ ਆਨੰਦ ਵੀ ਰੂਸੀ ਇਨਕਲਾਬ ਤੋਂ ਬਹੁਤ ਪ੍ਰਭਾਵਤ ਸੀ, ਜਿਸ ਦਾ ਅਸਰ ਉਨ੍ਹਾ ਦੀਆ ਲਿਖਤਾਂ 'ਤੇ ਵੀ ਪਿਆ। ਮੁਲਕ ਰਾਜ ਆਨੰਦ ਨੂੰ ਲੰਡਨ ਦੀਆਂ ਮਜ਼ਦੂਰ ਬਸਤੀਆਂ ਵਿਚ ਰਹਿੰਦੇ ਮਜ਼ਦੂਰਾਂ ਦੀ ਹਾਲਤ ਦੇਖ ਕੇ ਬਹੁਤ ਹੈਰਾਨੀ ਹੋਈ। ਲੰਡਨ ਦੇ ਮਜ਼ਦੂਰਾਂ ਦੀ ਹਾਲਤ ਵੀ ਭਾਰਤ ਦੇ ਮਜ਼ਦੂਰਾਂ ਤੋਂ ਅਲੱਗ ਨਹੀਂ ਸੀ। ਮੁਲਕ ਰਾਜ ਆਨੰਦ 'ਤੇ ਮਹਾਤਮਾ ਗਾਂਧੀ ਦੀ



ਵਿਚਾਰਧਾਰਾ ਦਾ ਬਹੁਤ ਪਰਭਾਵ ਸੀ, ਇਸੇ ਪ੍ਰਭਾਵ ਅਧੀਨ ਉਹਨਾ ਨੇ ਨਾਵਲ ਅਛੂਤ ਲਿਖਿਆ। ਇਸ ਨਾਵਲ ਦਾ ਕੇਂਦਰੀ ਪਾਤਰ 'ਬੱਖਾ' ਹੈ। ਬੱਖਾ, ਜਦੋਂ ਨਿੱਕੇ ਹੁੰਦੇ ਬੱਚਿਆਂ ਨਾਲ ਖੇਡਦਾ ਹੈ ਤਾਂ ਉਸ ਨੂੰ ਕਥਿਤ ਉੱਚ-ਵਰਗਾਂ ਦੇ ਬੱਚਿਆਂ ਨਾਲ ਖੇਡਣ 'ਤੇ ਤ੍ਰਿਸਕਾਰ ਝੱਲਣਾ ਪੈਂਦਾ ਹੈ। ਨਾਵਲ ਦੇ ਕਥਾਨਕ ਦੀ ਕਰੀਏ ਤਾਂ ਸਫ਼ਾਈ ਸੇਵਕਾਂ ਦੇ ਪੁੱਤਰ ਬੱਖਾ ਨੂੰ ਨਿੱਕੇ ਹੁੰਦਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਜਾਤ-ਪਾਤ ਦਾ ਸ਼ੈਤਾਨੀ ਨਿਜ਼ਾਮ ਉਸ ਨੂੰ ਹੋਰਨਾਂ ਮਨੁੱਖਾਂ ਦੇ ਬਰਾਬਰ ਮਨੁੱਖ ਪ੍ਰਵਾਨ ਨਹੀਂ ਕਰਦਾ। ਅਛੂਤ ਇਸ ਨੂੰ ਹਰ ਸਮੇਂ ਦੇ ਮਹਾਨ ਭਾਰਤੀ ਨਾਵਲਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਮੁਲਕ ਰਾਜ ਆਨੰਦ ਤੇ ਉਹਨਾਂ ਦੇ ਦੋਸਤ ਸੱਜਾਦ ਜ਼ਹੀਰ ਦੋਵਾਂ ਨੇ ਰਲ ਕੇ ਲੰਡਨ ਵਿਚ ਪ੍ਰਗਤੀਸ਼ੀਲ ਲਿਖਾਰੀ ਲਹਿਰ ਦੀ ਨੀਂਹ ਰੱਖੀ। ਮੁਲਕ ਰਾਜ ਆਨੰਦ ਤੇ ਸੱਜਾਦ ਜ਼ਹੀਰ ਦੋਹਾਂ ਦੀ ਪਹਿਲਕਦਮੀ 'ਤੇ ਪ੍ਰਗਤੀਸ਼ੀਲ ਲਿਖਾਰੀ ਲਹਿਰ ਨੂੰ ਭਾਰਤ ਵਿਚ ਸੰਗਠਿਤ ਕੀਤਾ ਗਿਆ। ਪ੍ਰਗਤੀਸ਼ੀਲ ਲੇਖਕ ਸੰਘ (Progressive Writers' Association) ਦੀ ਪਹਿਲੀ ਕਾਨਫ਼ਰੰਸ 9-10 ਅਪ੍ਰੈਲ 1936 ਨੂੰ ਲਖਨਊ ਵਿਖੇ ਹੋਈ ਸੀ। ਇਸ ਇਤਿਹਾਸਕ ਕਾਨਫ਼ਰੰਸ ਦੀ ਪ੍ਰਧਾਨਗੀ ਪ੍ਰਸਿੱਧ ਲੇਖਕ ਮੁਨਸ਼ੀ ਪ੍ਰੇਮਚੰਦ ਨੇ ਕੀਤੀ ਸੀ। ਫ਼ੈਜ਼ ਅਹਿਮਦ ਫ਼ੈਜ਼, ਅਲੀ ਸਰਦਾਰ ਜਾਫ਼ਰੀ, ਮਜਾਜ਼, ਕ੍ਰਿਸ਼ਨ ਚੰਦਰ, ਖਵਾਜ਼ਾ ਅਹਿਮਦ ਅੱਬਾਸ, ਕੈਫ਼ੀ ਆਜ਼ਮੀ, ਵਰਗੇ ਲੇਖਕ ਇਸ ਅਜਲਾਸ ਦਾ ਹਿੱਸਾ ਸਨ। ਪ੍ਰਗਤੀਸ਼ੀਲ ਅੰਦੋਲਨ ਅੱਗੇ ਚੱਲ ਕੇ ਭਾਰਤ ਦੀ ਆਜ਼ਾਦੀ ਦਾ ਅੰਦੋਲਨ ਬਣ ਗਿਆ। ਦੇਸ਼ ਦੇ ਸਾਰੇ ਪ੍ਰਗਤੀਸ਼ੀਲ-ਲੋਕ ਪੱਖੀ ਲੇਖਕ, ਕਲਾਕਾਰ ਇਸ ਅੰਦੋਲਨ 'ਚ ਇਕੱਠੇ ਹੋ ਗਏ।

ਮੁਲਕ ਰਾਜ ਆਨੰਦ 1937 ਵਿਚ ਸਪੇਨ ਉਥੇ ਚੱਲ ਰਹੀ ਖਾਨਾਜੰਗੀ ਵਿਚ ਸ਼ਰੀਕ ਹੋਣ ਲਈ ਚਲੇ ਗਏ। ਇਹਨਾਂ ਦਿਨਾਂ ਵਿਚ ਯੂਰਪ ਵਿਚ ਫਾਸ਼ੀਵਾਦ ਤੇਜ਼ੀ ਨਾਲ ਉਭਾਰ ਰਿਹਾ ਸੀ। ਇਸ ਵਰਤਾਰੇ ਦੇ ਖਿਲਾਫ ਖੱਬੇ ਪੱਖੀ ਧਿਰਾਂ ਵੀ ਲਾਮਬੰਦ ਹੋ ਰਹੀਆਂ ਸਨ। ਕਈ ਜਗ੍ਹਾ 'ਤੇ ਇਹਨਾਂ ਦੇ ਤਿੱਖੇ ਭੇੜ ਵੀ ਹੋ ਰਹੇ ਸਨ। ਇਸ ਦਾ ਪ੍ਰਗਟਾਵਾ ਸਪੇਨ ਵਰਗੇ ਮੁਲਕ ਵਿੱਚ ਖਾਨਾਜੰਗੀ ਨਾਲ 1936 ਵਿਚ ਹੋਇਆ। ਮੁਲਕ ਰਾਜ ਆਨੰਦ ਸਮੇਤ ਕਈ ਹੋਰ ਪ੍ਰਸਿੱਧ ਲੇਖਕ, ਜਿਵੇਂ ਕਿ ਜਾਰਜ ਆਰਵੈਲ ਅਤੇ ਅਰਨੈਸਟ ਹੈਮਿੰਗਵੇ ਫਾਸ਼ੀਵਾਦ ਨੂੰ ਰੋਕਣ ਲਈ ਅੰਤਰਰਾਸ਼ਟਰੀ ਲਾਮਬੰਦੀ ਦਾ ਹਿੱਸਾ ਬਣੇ। ਸਪੇਨ ਵਿੱਚ ਉਨ੍ਹਾਂ ਦੀ ਭੂਮਿਕਾ ਸੈਨਿਕ ਨਾਲੋਂ ਜ਼ਿਆਦਾ ਇੱਕ ਪੱਤਰਕਾਰ ਅਤੇ ਲੇਖਕ ਵਜੋਂ ਸੀ। ਉਨ੍ਹਾ ਫਾਸ਼ੀਵਾਦ ਦੇ ਖ਼ਿਲਾਫ਼ ਅਤੇ ਸਮਾਜਵਾਦ ਦੇ ਹੱਕ ਵਿੱਚ ਕਈ ਲੇਖ ਅਤੇ ਨਿਬੰਧ ਲਿਖੇ। ਸਪੇਨ ਵਿੱਚ ਯੁੱਧ ਦੇ ਭਿਆਨਕ ਮੰਜ਼ਰ ਦੇਖਣ ਤੋਂ ਬਾਅਦ ਉਨ੍ਹਾ ਆਪਣਾ ਮਸ਼ਹੂਰ ਯੁੱਧ ਨਾਵਲ ਐਕ੍ਰਾਸ ਦਿ ਬਲੈਕ ਵਾਟਰਸ (Across the Black Waters - 1940) ਲਿਖਿਆ।1942 ਵਿਚ ਮੁਲਕ ਰਾਜ ਆਨੰਦ ਨੇ ਨਾਵਲ 'The Sword and the Sickle' (ਤਲਵਾਰ ਅਤੇ ਦਾਤੀ) ਲਿਖਿਆ। ਇਹ ਨਾਵਲ ਕਿਸਾਨ ਆ ਵਿਦਰੋਹ ਤੇ ਸਮਾਜਵਾਦੀ ਲਹਿਰ 'ਤੇ ਅਧਾਰਤ ਹੈ

ਉਨ੍ਹਾ 1948 ਤੋਂ 1966 ਤੱਕ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ ਅਤੇ 1960 ਦੇ ਦਹਾਕੇ ਵਿੱਚ ਪੰਜਾਬ ਯੂਨੀਵਰਸਿਟੀ ਵਿੱਚ ਸਾਹਿਤ ਅਤੇ ਫਾਈਨ ਆਰਟਸ ਦੇ ਪ੍ਰੋਫ਼ੈਸਰ ਰਹੇ?1965 ਤੋਂ 1970 ਤੱਕ ਉਨ੍ਹਾਂ ਲਲਿਤ ਕਲਾ ਅਕਾਦਮੀ ਦੇ ਚੇਅਰਮੈਨ ਵਜੋਂ ਸੇਵਾ ਨਿਭਾਈ। ਇਸ ਤੋਂ ਇਲਾਵਾ ਉਹ ਨੈਸ਼ਨਲ ਬੁੱਕ ਟਰੱਸਟ ਦੇ ਚੇਅਰਮੈਨ ਵੀ ਰਹੇ। ਉਹ 28 ਸਤੰਬਰ 2004 ਨੂੰ ਪੁਣੇ ਵਿਖੇ 98 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ।

# ਸੰਪਰਕ : 98783-15755

# ਈਰਾਨ-ਅਮਰੀਕਾ ਤਣਾਅ 'ਖ਼ੂਨ ਦੇ ਬਦਲੇ ਖ਼ੂਨ'

ਸੁਰਜੀਤ ਸਿੰਘ ਫਲੋਰਾ

17 ਜੂਨ ਦੇ ਸਮਝੌਤੇ ਨੇ ਕੁਝ ਹਫ਼ਤਿਆਂ ਲਈ ਜੰਗ ਰੁਕਣ ਦਾ ਭਰਮ ਦਿੱਤਾ ਸੀ, ਪਰ 8 ਜੁਲਾਈ ਨੂੰ ਵਪਾਰਕ ਜਹਾਜ਼ਾਂ ਉੱਤੇ ਹਮਲਿਆਂ ਮਗਰੋਂ ਸਮਝੌਤਾ ਟੁੱਟ ਗਿਆ, ਹੋਰਮੁਜ਼ ਜਲਡਮਰੂ ਮੱਧ ਦੀ ਆਵਾਜਾਈ ਲਗਭਗ ਠੱਪ ਹੋ ਗਈ ਅਤੇ ਅਮਰੀਕੀ ਤੇ ਈਰਾਨੀ ਹਮਲੇ ਫਿਰ ਤੇਜ਼ ਹੋ ਗਏ।

ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜਿੱਤ ਵਾਲੇ ਐਲਾਨ ਅਤੇ ਲਗਾਤਾਰ ਧਮਕੀਆਂ ਅਮਰੀਕੀ ਤਾਕਤ ਦਾ ਨਿਸ਼ਾਨ ਤਾਂ ਹਨ, ਪਰ ਉਹ ਨੀਤੀ ਦੀ ਅਸਥਿਰਤਾ ਵੀ ਦਿਖਾਉਂਦੇ ਹਨ। ਤਾਕਤ ਦਾ ਮਤਲਬ ਸਿਰਫ਼ ਨਿਸ਼ਾਨਿਆਂ ਨੂੰ ਮਾਰਨਾ ਨਹੀਂ ਹੁੰਦਾ, ਸਗੋਂ ਵਿਰੋਧੀ ਨੂੰ ਸਪੱਸ਼ਟ ਹੱਦਾਂ ਸਮਝਾਉਣਾ ਵੀ ਹੁੰਦਾ ਹੈ।17 ਜੂਨ ਦੇ 14-ਨੁਕਾਤੀ ਸਮਝੌਤੇ ਵਿੱਚ ਹੋਰਮੁਜ਼ ਰਾਹੀਂ ਜਹਾਜ਼ੀ ਆਵਾਜਾਈ ਮੁੜ ਚਲਾਉਣ, ਹਮਲੇ ਰੋਕਣ ਅਤੇ 60 ਦਿਨਾਂ ਦੀ ਪਰਮਾਣੂ ਗੱਲਬਾਤ ਦੀ ਗੁੰਜਾਇਸ਼ ਸੀ। 28 ਜੂਨ ਨੂੰ ਦੋਵਾਂ ਪਾਸਿਆਂ ਨੇ ਹਮਲੇ ਰੋਕਣ ਦੀ ਸਹਿਮਤੀ ਵੀ ਦਿੱਤੀ। ਫਿਰ ਵੀ ਇਹ ਬੰਦੋਬਸਤ ਭਰੋਸੇ ਦੇ ਢਾਂਚੇ ਤੋਂ ਖਾਲੀ ਸਾਬਿਤ ਹੋਇਆ, ਕਿਉਂਕਿ ਟਰੰਪ ਦੇ ਹਰਫ਼ਾਂ 'ਤੇ ਕਦੇ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ। 7 ਅਤੇ 8 ਜੁਲਾਈ ਨੂੰ ਵਪਾਰਕ ਜਹਾਜ਼ਾਂ 'ਤੇ ਹਮਲਿਆਂ ਨੇ ਸਮਝੌਤੇ ਦੀ ਕਮਜ਼ੋਰੀ ਖੋਲ੍ਹ ਦਿੱਤੀ। ਟਰੰਪ ਨੇ 8 ਜੁਲਾਈ ਨੂੰ ਇਸ ਜੰਗ ਨੂੰ ਜਿੱਤ ਦਾ ਨਾਹਰਾ ਮਾਰਦੇ ਹੋਏ ਕਿਹਾ, ਸਭ ਖਤਮ ਅਤੇ ਈਰਾਨੀ ਤੇਲ ਉੱਤੇ ਪਾਬੰਦੀਆਂ ਫਿਰ ਲਗਾ ਦਿੱਤੀਆਂ। 11 ਜੁਲਾਈ ਨੂੰ ਅਮਰੀਕਾ ਨੇ ਹੋਰ ਹਵਾਈ ਹਮਲੇ ਕੀਤੇ। ਅਗਲੇ ਦਿਨ ਸੈਂਟਕਾਮ ਨੇ ਈਰਾਨ 'ਤੇ ਸਮੁੰਦਰੀ ਹਮਲਾ ਸਮਰੱਥਾ ਘਟਾਉਣ ਦੇ ਨਾਂਅ ਉੱਤੇ ਕਾਰਵਾਈ ਵਧਾਈ।15 ਜੁਲਾਈ ਨੂੰ ਤਹਿਰਾਨ ਨੇ ਕਿਹਾ ਕਿ ਉਹ ਜੂਨ ਦੇ ਸਮਝੌਤੇ ਨਾਲ ਬੱਝਾ ਨਹੀਂ ਰਿਹਾ ਅਤੇ ਹੋਰਮੁਜ਼ ਉੱਤੇ ਜੰਗੀ ਨਿਯੰਤਰਣ ਰੱਖੇਗਾ। ਕਾਗਜ਼ੀ ਸਮਝੌਤਾ ਉਦੋਂ ਬੇਅਸਰ ਹੋ ਜਾਂਦਾ ਹੈ, ਜਦੋਂ ਉਲੰਘਣਾ ਦੀ ਸਪੱਸ਼ਟ ਸਜ਼ਾ, ਨਿਗਰਾਨੀ ਅਤੇ ਦੋਵਾਂ ਧਿਰਾਂ ਲਈ ਮੰਨੇ ਹੋਏ ਨਿਯਮ ਦੀ ਕੋਈ ਇੱਕ ਉਲੰਘਣਾ ਕਰਦਾ ਹੈ।

ਈਰਾਨੀ ਪੱਖ ਜਲਡਮਰੂ ਮੱਧ ਨੂੰ ਬੰਦ ਦੱਸਦਾ ਹੈ, ਜਦਕਿ ਅਮਰੀਕੀ ਅਧਿਕਾਰੀ ਇਸ ਨੂੰ ਤਕਨੀਕੀ ਤੌਰ 'ਤੇ ਖੁੱਲ੍ਹਾ ਕਹਿੰਦੇ ਹਨ। ਜਹਾਜ਼ ਮਾਲਕਾਂ ਲਈ ਇਹ ਫਰਕ ਬੇਮਤਲਬ ਹੈ, ਕਿਉਂਕਿ ਮਿਜ਼ਾਈਲ, ਡਰੋਨ ਅਤੇ ਹਥਿਆਰਬੰਦ ਕਿਸ਼ਤੀਆਂ ਦੇ ਡਰ ਵਿੱਚ ਕਪਤਾਨ ਰਸਤਾ ਨਹੀਂ ਚੁਣਦੇ।ਕੇਪਲਰ ਦੇ ਅੰਕੜਿਆਂ ਮੁਤਾਬਕ 1 ਤੋਂ 12 ਜੁਲਾਈ ਦਰਮਿਆਨ ਕੇਵਲ ਛੇ ਜਹਾਜ਼ ਹੋਰਮੁਜ਼ ਤੋਂ ਲੰਘੇ। ਅੰਤਰਰਾਸ਼ਟਰੀ ਸਮੁੰਦਰੀ ਸੰਗਠਨ ਦੀ 600 ਜਹਾਜ਼ਾਂ ਅਤੇ 11,000 ਮਲਾਹਾਂ ਲਈ ਨਿਕਾਸੀ ਯੋਜਨਾ ਵੀ ਰੁਕੀ ਰਹੀ, ਹਾਲਾਂਕਿ 115 ਨਿਕਾਸੀਆਂ ਹੋ ਚੁੱਕੀਆਂ ਸਨ। ਸਮੁੰਦਰ ਦੀ ਇਸ ਟੱਕਰ ਦੀ ਕੀਮਤ ਸਭ ਤੋਂ ਪਹਿਲਾਂ ਮਲਾਹ ਭਰਦੇ ਹਨ।

ਟਰੰਪ ਨੇ ਜੂਨ ਦੇ ਸਮਝੌਤੇ ਨੂੰ ਜੰਗ ਰੋਕਣ ਵਾਲੀ ਕਾਮਯਾਬੀ ਵਜੋਂ ਪੇਸ਼ ਕੀਤਾ। 8 ਜੁਲਾਈ ਨੂੰ ਉਸੇ ਸਮਝੌਤੇ ਨੂੰ ਖਤਮ ਕਹਿ ਕੇ ਪਾਬੰਦੀਆਂ ਅਤੇ ਹਮਲਿਆਂ ਵੱਲ ਵਾਪਸੀ ਕੀਤੀ ਗਈ। ਇਹ ਮੋੜ ਈਰਾਨੀ ਹਮਲਿਆਂ ਤੋਂ ਬਾਅਦ ਆਇਆ, ਪਰ ਵਾਸ਼ਿੰਗਟਨ ਦਾ ਅਗਲਾ ਮਕਸਦ ਧੁੰਦਲਾ ਰਿਹਾ। ਹੋਰਮੁਜ਼ ਰਾਹੀਂ ਦੁਨੀਆ ਦੇ ਸਮੁੰਦਰੀ ਤੇਲ ਅਤੇ ਐੱਲ ਐੱਨ ਜੀ ਵਪਾਰ ਦਾ ਲਗਭਗ ਪੰਜਵਾਂ ਹਿੱਸਾ ਲੰਘਦਾ ਹੈ। ਇਸ ਕਰਕੇ ਰੁਕਾਵਟ ਸਿਰਫ਼ ਖਾੜੀ ਦੇ ਬੰਦਰਗਾਹਾਂ ਦੀ ਸਮੱਸਿਆ ਨਹੀਂ ਰਹਿੰਦੀ, ਇਹ ਏਸ਼ੀਆਈ ਰਿਫ਼ਾਈਨਰੀਆਂ, ਯੂਰਪੀ ਗੈਸ ਖਰੀਦਦਾਰਾਂ ਅਤੇ ਆਵਾਜਾਈ ਖਰਚਿਆਂ ਤੱਕ ਪਹੁੰਚਦੀ ਹੈ।

ਜਦੋਂ ਟੈਂਕਰ ਖ਼ਤਰੇ ਵਾਲਾ ਰਸਤਾ ਛੱਡਦੇ ਹਨ, ਬੀਮਾ ਪ੍ਰੀਮੀਅਮ ਵਧਦੇ ਹਨ। ਈਂਧਣ ਜ਼ਿਆਦਾ ਜੋਖ਼ਮ ਝੱਲਦਾ ਹੈ, ਸੁਰੱਖਿਆ ਖਰਚੇ ਵਧਦੇ ਹਨ ਅਤੇ ਮਾਲ ਦੇਰ ਨਾਲ ਪਹੁੰਚਦਾ ਹੈ। ਜੰਗੀ ਜੋਖ਼ਮ ਵਾਲਾ ਬੀਮਾ ਪਹਿਲਾਂ ਦੇ ਪੱਧਰ ਨਾਲੋਂ ਕਈ ਗੁਣਾ ਮਹਿੰਗਾ ਸਾਬਿਤ ਹੁੰਦਾ ਹੈ।ਤੇਲ ਦੀ ਕੀਮਤ ਹਰੇਕ ਦਿਨ ਉੱਪਰ ਨਹੀਂ ਜਾਂਦੀ, ਪਰ ਅਨਿਸਚਿਤਤਾ ਆਪ ਵਿੱਚ ਮਹਿੰਗੀ ਹੁੰਦੀ ਹੈ। ਜੇ ਸਪਲਾਈ ਦੇ ਸਮੇਂ ਉੱਤੇ ਭਰੋਸਾ ਨਾ ਰਹੇ ਤਾਂ ਕੰਪਨੀਆਂ ਵਾਧੂ ਭੰਡਾਰ ਖਰੀਦਦੀਆਂ ਹਨ। ਉਹ ਲਾਗਤ ਆਖ਼ਰਕਾਰ ਹਵਾਈ ਯਾਤਰਾ, ਟਰੱਕ ਭਾੜੇ ਅਤੇ ਰੋਜ਼ਾਨਾ ਦੀਆਂ ਵਸਤੂਆਂ ਵਿੱਚ ਨਜ਼ਰ ਆਉਂਦੀ ਹੈ।ਬਾਬ ਅਲ ਮੰਦਬ ਲਾਲ ਸਾਗਰ ਨੂੰ ਅਦਨ ਦੀ ਖਾੜੀ ਨਾਲ ਜੋੜਦਾ ਹੈ। ਇਹ ਰਸਤਾ ਰੁਕਿਆ ਤਾਂ ਜਹਾਜ਼ਾਂ ਨੂੰ ਅਫ਼ਰੀਕਾ ਦੇ ਦੱਖਣੀ ਸਿਰੇ ਰਾਹੀਂ ਘੁੰਮਣਾ ਪੈ ਸਕਦਾ ਹੈ, ਜਿਸ ਨਾਲ ਯਾਤਰਾ ਲਗਭਗ ਇੱਕ ਹਫ਼ਤਾ ਵਧ ਸਕਦੀ ਹੈ।ਹੂਤੀ ਗਰੁੱਪ ਦੇ ਈਰਾਨ ਨਾਲ ਸੰਬੰਧ ਹਨ, ਪਰ ਉਸ ਦੀ ਯਮਨ ਅਤੇ ਖੇਤਰੀ ਰਾਜਨੀਤੀ ਆਪਣੀ ਵੀ ਹੈ। ਇਸ ਲਈ ਕਿਸੇ ਸੰਭਾਵਤ ਲਾਲ ਸਾਗਰ ਕਾਰਵਾਈ ਨੂੰ ਤਹਿਰਾਨ ਦੇ ਸਿੱਧੇ ਹੁਕਮ ਦਾ ਪੱਕਾ ਸਬੂਤ ਨਹੀਂ ਮੰਨਿਆ ਜਾ ਸਕਦਾ। ਫਿਰ ਵੀ ਹੋਰਮੁਜ਼ ਅਤੇ ਬਾਬ ਅਲ ਮੰਦਬ 'ਤੇ ਇਕੱਠਾ ਦਬਾਅ ਵਿਸ਼ਵ ਵਪਾਰ ਲਈ ਭਾਰੀ ਝਟਕਾ ਹੋਵੇਗਾ।ਅਮਰੀਕਾ ਨੂੰ ਆਪਣੇ ਸੈਨਿਕਾਂ, ਵਪਾਰਕ ਜਹਾਜ਼ਾਂ ਅਤੇ ਖਾੜੀ ਦੇ ਸਾਥੀ ਦੇਸ਼ਾਂ ਦੀ ਸੁਰੱਖਿਆ ਦਾ ਹੱਕ ਹੈ। ਬਹਿਰੀਨ ਅਤੇ ਕੁਵੈਤ ਉੱਤੇ ਹਮਲੇ ਇਸ ਚਿੰਤਾ ਨੂੰ ਹੋਰ ਗੰਭੀਰ ਬਣਾਉਂਦੇ ਹਨ। ਫਿਰ ਵੀ ਹਰ ਜਵਾਬੀ ਹਵਾਈ ਹਮਲਾ, ਜੇ ਕੂਟਨੀਤਕ ਰਸਤਾ ਨਾਲ ਨਾ ਜੁੜੇ, ਵੱਡੀ ਜੰਗ ਦੀ ਸੰਭਾਵਨਾ ਵਧਾਉਂਦਾ ਹੈ।ਕਾਂਗਰਸ ਨੂੰ ਦਿੱਤੀ 60 ਦਿਨਾਂ ਦੀ ਜੰਗੀ-ਅਧਿਕਾਰ ਸੂਚਨਾ ਅਸਥਾਈ ਸਿਆਸੀ ਸਮਾਂ ਦਿੰਦੀ ਹੈ, ਪੱਕਾ ਹੱਲ ਨਹੀਂ। ਅਮਰੀਕੀ ਫ਼ੌਜੀ ਕਾਰਵਾਈ ਦਾ ਖਰਚਾ ਵਧ ਰਿਹਾ ਹੈ ਅਤੇ ਖਾੜੀ ਦੇ ਸਾਥੀ ਵੀ ਲੰਮੀ ਅਨਿਸਚਿਤਤਾ ਨਹੀਂ ਝੱਲ ਸਕਦੇ। ਪ੍ਰਭਾਵਸ਼ਾਲੀ ਰੋਕਥਾਮ ਲਈ ਵਾਸ਼ਿੰਗਟਨ ਨੂੰ ਇਕੋ ਜਿਹਾ ਸੰਦੇਸ਼ ਦੇਣਾ ਹੋਵੇਗਾ। ਲਾਲ ਰੇਖਾਵਾਂ ਤੈਅ ਹੋਣ, ਸਾਥੀਆਂ ਨਾਲ ਸਾਂਝੀ ਯੋਜਨਾ ਹੋਵੇ ਅਤੇ ਗੱਲਬਾਤ ਲਈ ਇੱਜ਼ਤਯੋਗ ਰਸਤਾ ਖੁੱਲ੍ਹਾ ਰਹੇ। ਭਰੋਸੇਯੋਗਤਾ ਉੱਚੀ ਆਵਾਜ਼ ਨਾਲ ਨਹੀਂ, ਇਕਸਾਰ ਨੀਤੀ ਨਾਲ ਬਣਦੀ ਹੈ।ਤਹਿਰਾਨ ਦੇ ਪੈਲੇਸਟਾਈਨ ਸਕਵੇਅਰ ਵਿੱਚ ਰਿਪੋਰਟ ਹੋਇਆ 'ਖ਼ੂਨ ਦੇ ਬਦਲੇ ਖ਼ੂਨ' ਬਿਲਬੋਰਡ ਬਦਲੇ ਦੀ ਭਾਵਨਾ ਨੂੰ ਜਨਤਕ ਰੂਪ ਦਿੰਦਾ ਹੈ। ਟਰੰਪ ਵਿਰੁੱਧ ਸਰਕਾਰੀ ਅਤੇ ਸਰਕਾਰ-ਸਮਰਥਕ ਚਿੱਤਰ ਵੀ ਘਰੇਲੂ ਰਾਜਨੀਤਕ ਸੰਦੇਸ਼ਬਾਜ਼ੀ ਦਾ ਹਿੱਸਾ ਹਨ।ਇਹ ਪ੍ਰਚਾਰ ਸਿੱਧੇ ਫ਼ੌਜੀ ਹੁਕਮ ਦਾ ਨਿਸਚਿਤ ਸਬੂਤ ਨਹੀਂ। ਆਯਤੁੱਲਾ ਅਲੀ ਖਾਮਨੇਈ ਦੀ ਮੌਤ ਬਾਰੇ ਚੱਲ ਰਹੇ ਦਾਅਵਿਆਂ ਦੀ ਸੁਤੰਤਰ ਪੁਸ਼ਟੀ ਨਾ ਹੋਣ ਕਾਰਨ ਉਨ੍ਹਾਂ ਨੂੰ ਸਾਵਧਾਨੀ ਨਾਲ ਹੀ ਦੇਖਣਾ ਚਾਹੀਦਾ ਹੈ। ਅਜਿਹੀ ਭਾਸ਼ਾ ਫਿਰ ਵੀ ਗੱਲਬਾਤ ਲਈ ਬਚੀ ਥਾਂ ਘਟਾਉਂਦੀ ਹੈ।ਕਿਸੇ ਸਮਝੌਤੇ ਨੂੰ ਸਫਲ ਉਦੋਂ ਕਿਹਾ ਜਾ ਸਕਦਾ ਹੈ, ਜਦੋਂ ਜਹਾਜ਼ ਸੁਰੱਖਿਅਤ ਲੰਘਣ, ਨਿਗਰਾਨੀ ਭਰੋਸੇਯੋਗ ਹੋਵੇ ਅਤੇ ਹਮਲੇ ਰੋਕਣ ਦੀ ਪ੍ਰਣਾਲੀ ਮੌਜੂਦ ਹੋਵੇ। ਦੋਵਾਂ ਪਾਸਿਆਂ ਦੀ ਜ਼ਿੰਮੇਵਾਰੀ ਵੀ ਲਿਖਤੀ ਅਤੇ ਪਰਖਯੋਗ ਹੋਣੀ ਚਾਹੀਦੀ ਹੈ।

ਅਮਰੀਕਾ ਦੀ ਫ਼ੌਜੀ ਤਾਕਤ 'ਤੇ ਕੋਈ ਸੰਦੇਹ ਨਹੀਂ, ਪਰ ਤਾਕਤ ਦਾ ਲਾਭ ਤਦੋਂ ਮਿਲਦਾ ਹੈ, ਜਦੋਂ ਉਸ ਨਾਲ ਅਨੁਸ਼ਾਸਨ, ਸਪੱਸ਼ਟ ਮਕਸਦ ਅਤੇ ਭਰੋਸੇਯੋਗ ਨੀਤੀ ਜੁੜੀ ਹੋਵੇ।ਹੋਰਮੁਜ਼ ਵਿੱਚ ਫਸੇ ਮਲਾਹ, ਚਿੰਤਤ ਸਾਥੀ ਦੇਸ਼, ਬੇਚੈਨ ਤੇਲ ਬਾਜ਼ਾਰ ਅਤੇ ਟੁੱਟੀ ਗੱਲਬਾਤ ਦੱਸਦੇ ਹਨ ਕਿ ਇਹ ਹੁਣ ਸਿਰਫ਼ ਟਰੰਪ ਅਤੇ ਈਰਾਨੀ ਅਗਵਾਈ ਦੀ ਸ਼ਬਦੀ ਟੱਕਰ ਨਹੀਂ ਰਹੀ, ਹਰ ਹਮਲਾ ਸਮੁੰਦਰੀ ਰਸਤੇ ਨੂੰ ਹੋਰ ਖ਼ਤਰਨਾਕ ਅਤੇ ਵਾਪਸੀ ਨੂੰ ਹੋਰ ਔਖਾ ਬਣਾਉਂਦਾ ਹੈ।ਜੰਗ ਜਿੱਤਣ ਦਾ ਦਾਅਵਾ ਆਸਾਨ ਹੈ। ਸਥਿਰ ਸ਼ਾਂਤੀ ਲਈ ਲੋੜੀਂਦੀ ਚੁੱਪ, ਸਬਰ ਅਤੇ ਨਿਰੰਤਰ ਨੀਤੀ ਕਾਇਮ ਰੱਖਣਾ ਹੀ ਅਸਲ ਰਾਜਨੀਤਕ ਪਰਖ ਹੈ।

# ਸੰਪਰਕ : 647-829-9397

# ਬਿਜਲੀ ਕਾਮਿਆਂ ਵੱਲੋਂ ਦੋ ਦਿਨਾ ਸਮੂਹਕ ਛੁੱਟੀ ਲੈ ਕੇ ਰੋਸ ਧਰਨਾ

**ਮੰਗਾਂ ਨਾ ਮੰਨਣ 'ਤੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਤੇ ਛੁੱਟੀ ਵਧਾਉਣ ਦੀ ਦਿੱਤੀ ਚੇਤਾਵਨੀ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਫਿਰੋਜ਼ਪੁਰ ਵਿਖੇ ਏਕਤਾ ਮੰਚ ਤੇ ਜੁਆਇੰਟ ਫੋਰਮ ਦੇ ਸੱਦੇ 'ਤੇ ਬਿਜਲੀ ਕਾਮਿਆਂ ਨੇ ਦੋ ਦਿਨ ਦੀ ਸਮੂਹਕ ਛੁੱਟੀ ਲੈ ਕੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਵਿਰੁੱਧ ਰੋਸ ਧਰਨਾ ਦਿੱਤਾ। ਇਸ ਧਰਨੇ ਕਾਰਨ ਦਫ਼ਤਰੀ ਕੰਮਕਾਜ ਤੇ ਕੈਸ਼ ਕਾਊਂਟਰ ਪੂਰੀ ਤਰ੍ਹਾਂ ਠੱਪ ਰਹੇ, ਜਿਸ ਨਾਲ ਸਰਕਾਰੀ ਕੰਮਾਂ 'ਤੇ ਵੱਡਾ ਅਸਰ ਪਿਆ। ਏਕਤਾ ਪੰਚ ਤੇ ਜੁਆਇੰਟ ਫੋਰਮ ਦੇ ਸੱਦੇ 'ਤੇ ਸਿਟੀ ਡਵੀਜ਼ਨ ਤੇ ਸਬ-ਅਰਬਨ ਮੰਡਲ ਫਿਰੋਜ਼ਪੁਰ ਦੇ ਕਰਮਚਾਰੀਆਂ ਨੇ ਸਾਥੀ ਰਾਕੇਸ਼ ਸੈਣੀ ਦੀ ਪ੍ਰਧਾਨਗੀ ਹੇਠ ਦੋ ਦਿਨਾਂ ਦੀ ਸਮੂਹਕ ਛੁੱਟੀ ਲੈ ਕੇ ਸਾਂਝੇ ਤੌਰ 'ਤੇ ਵਿਸ਼ਾਲ ਰੋਸ ਧਰਨਾ ਦਿੱਤਾ। ਧਰਨੇ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਰਾਕੇਸ਼ ਸੈਣੀ ਤੇ ਸਾਬਕਾ ਆਗੂ ਸਤੀਸ਼ ਕੁਮਾਰ ਨੇ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ 'ਤੇ ਵਾਅਦਾਖ਼ਿਲਾਫ਼ੀ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਹੋਈਆਂ ਮੀਟਿੰਗਾਂ ਵਿੱਚ ਸਰਕਾਰ ਵੱਲੋਂ ਜੋ ਲਿਖਤੀ ਸਮਝੌਤੇ ਕੀਤੇ ਗਏ ਸਨ, ਉਨ੍ਹਾਂ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ। ਆਗੂਆਂ ਨੇ ਮੁੱਖ ਮੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ 17 ਜੁਲਾਈ 2020 ਦਾ ਪੱਤਰ ਤੁਰੰਤ ਰੱਦ ਕੀਤਾ ਜਾਵੇ, ਕਰਮਚਾਰੀਆਂ ਨੂੰ 6ਵਾਂ ਪੇ-ਸਕੇਲ ਲਾਗੂ ਕੀਤਾ ਜਾਵੇ, ਬਕਾਇਆ ਪਿਆ 18 ਪ੍ਰਤੀਸ਼ਤ ਡੀ.ਏ. (41) ਤੁਰੰਤ ਜਾਰੀ ਕੀਤਾ ਜਾਵੇ, ਪਾਰਟ-ਟਾਈਮ ਅਤੇ ਕੱਚੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ, ਪਾਵਰਕਾਮ ਅਤੇ ਟਰਾਂਸਕੋ ਵਿਚ ਖ਼ਾਲੀ ਪਈਆਂ ਪੋਸਟਾਂ ਅਨੁਸਾਰ ਨਵੀਂ ਭਰਤੀ ਤੇ ਕਲੈਰੀਕਲ ਭਰਤੀ ਸ਼ੁਰੂ ਕੀਤੀ ਜਾਵੇ। ਇਸ ਦੋ ਦਿਨਾਂ ਸਮੂਹਕ ਛੁੱਟੀ ਦਾ ਅਸਰ ਫਿਰੋਜ਼ਪੁਰ ਸਰਕਲ ਅਧੀਨ ਪੈਂਦੇ ਜ਼ੀਰਾ, ਜਲਾਲਾਬਾਦ, ਸ਼ਹਿਰੀ ਮੰਡਲ ਤੇ ਸਬ-ਅਰਬਨ ਫਿਰੋਜ਼ਪੁਰ ਦੀਆਂ ਸਮੂਹ ਸਬ-ਡਵੀਜ਼ਨਾਂ ਵਿੱਚ ਸਾਫ਼ ਦੇਖਣ ਨੂੰ ਮਿਲਿਆ। ਦਫ਼ਤਰਾਂ ਦੇ ਕੈਸ਼ ਕਾਊਂਟਰ ਪੂਰਨ ਤੌਰ 'ਤੇ ਬੰਦ ਰਹੇ ਤੇ ਸਮੁੱਚਾ ਦਫ਼ਤਰੀ ਕੰਮਕਾਜ ਠੱਪ ਹੋ ਗਿਆ। ਮੁਲਾਜ਼ਮ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਤੇ ਮੈਨੇਜਮੈਂਟ ਨੇ ਮੰਨੀਆਂ ਹੋਈਆਂ ਮੰਗਾਂ ਨੂੰ ਜਲਦ ਲਾਗੂ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ ਵਿਚ ਇਸ ਸਮੂਹਕ ਛੁੱਟੀ ਦੇ ਸਮੇਂ ਨੂੰ ਹੋਰ ਵਧਾਇਆ ਜਾ ਸਕਦਾ ਹੈ। ਉਨ੍ਹਾਂ ਨੇ ਸਾਰੇ ਸਾਥੀਆਂ ਨੂੰ ਅਗਲੇ ਤਿੱਖੇ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਇਸ ਰੋਸ ਧਰਨੇ ਨੂੰ ਸਾਬਕਾ ਸਰਕਲ ਪ੍ਰਧਾਨ ਅਸ਼ਵਨੀ ਕੁਮਾਰ, ਰੋਸ਼ਨ ਲਾਲ, ਨੰਦ ਲਾਲ, ਅਮੋਲਕ ਸਿੰਘ, ਬਲਵੰਤ ਸਿੰਘ, ਸੁਖਦੇਵ ਸਿੰਘ, ਅਵਤਾਰ ਸਿੰਘ, ਪ੍ਰਦੀਪ ਕੁਮਾਰ, ਮੁਖਤਿਆਰ ਸਿੰਘ, ਸੁਨੀਲ ਕੁਮਾਰ, ਰਣਬੀਰ ਸਿੰਘ ਤੇ ਸਤਪਾਲ ਮੋਗਾ ਆਦਿ ਹਾਜ਼ਰ ਸਨ।

**ਮੋਗਾ (ਇਕਬਾਲ ਸਿੰਘ ਖਹਿਰਾ)**: ਜੁਆਇੰਟ ਫੋਰਮ ਤੇ ਏਕਤਾ ਮੰਚ ਦੇ ਸੱਦੇ 'ਤੇ ਮੋਗੇ ਵਿਖੇ ਸਮੂਹਕ ਛੁੱਟੀ ਦੇ ਪਹਿਲੇ ਦਿਨ ਜੁਆਇੰਟ ਐਕਸ਼ਨ ਕਮੇਟੀ ਮੋਗਾ ਦੇ ਕਨਵੀਨਰ ਮਨਜੋਤ ਸਿੰਘ ਬਰਾੜ ਦੀ ਅਗਵਾਈ ਵਿੱਚ ਰੋਸ ਰੈਲੀ ਕੀਤੀ ਗਈ।ਜਿਹੜੇ ਸਾਥੀ ਸਮੂਹਕ ਛੁੱਟੀ ਵਿੱਚ ਸ਼ਾਮਲ ਨਹੀਂ ਹੋਏ ਸਨ, ਉਨ੍ਹਾਂ ਵਿੱਚੋਂ ਕੁਝ ਹੋਰ ਸਾਥੀ ਵੀ ਇਸ ਸਮੂਹਕ ਛੁੱਟੀ ਵਿੱਚ ਸ਼ਾਮਲ ਕਰਵਾਏ ਗਏ ਤੇ ਜਿਹੜੇ ਰਹਿੰਦੇ ਸਾਥੀ ਜਿਹੜੇ ਅਜੇ ਤੱਕ ਸੰਘਰਸ਼ ਵਿੱਚ ਨਹੀਂ ਆਏ, ਉਨ੍ਹਾਂ ਨੂੰ ਵੀ ਅਪੀਲ ਕੀਤੀ ਕਿ ਉਹ ਸੰਘਰਸ਼ ਵਿੱਚ ਸ਼ਾਮਲ ਹੋਣ।ਬੁਲਾਰਿਆਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਸੰਘਰਸ਼ ਵਿੱਚ ਸਾਡਾ ਸਾਥ ਦੇਣ ਸਾਡਾ ਲੋਕਾਂ ਨੂੰ ਪ੍ਰੇਸ਼ਾਨ ਕਰਨ ਦਾ ਕੋਈ ਮੰਤਵ ਨਹੀਂ, ਸਾਡਾ ਉਦੇਸ਼ ਕੁੰਭਕਰਨੀ ਨੀਂਦ ਸੁੱਤੀ ਸਰਕਾਰ ਤੇ ਬਿਜਲੀ ਵਿਭਾਗ ਦੀ ਮੈਨੇਜਮੈਂਟ ਨੂੰ ਜਗਾਉਣਾ ਹੈ, ਜਿਸ ਨੇ ਮੀਟਿੰਗਾਂ ਕਰਕੇ ਮੰਗਾਂ ਨੂੰ ਮੰਨਣ ਦੇ ਬਾਵਜੂਦ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਅਜੇ ਤਾਂ ਸਮੂਹਕ ਛੁੱਟੀ ਦੋ ਦਿਨ ਦੀ ਹੈ, ਪਰ ਜੇ ਸਾਡੀਆਂ ਮੰਗਾਂ ਨਾ ਲਾਗੂ ਕੀਤੀਆਂ ਤਾਂ ਇਹ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।ਇਸ ਰੋਸ ਰੈਲੀ ਵਿੱਚ ਪ੍ਰਧਾਨ ਅਮਨਪ੍ਰੀਤ ਸਿੰਘ ਆਲੂਵਾਲੀਆ ਟੀ ਐੱਸ ਯੂ, ਪ੍ਰਦੀਪ ਕੁਮਾਰ ਨੌਰਥ, ਬੂਟਾ ਸਿੰਘ ਫੈਡਰੇਸ਼ਨ, ਗੋਪਾਲ ਸਿੰਘ ਨਾਰਥ, ਜਸਵਿੰਦਰ ਸਿੰਘ ਟੀਐੱਸਯੂ, ਸਰਕਲ ਆਗੂ ਪਲਵਿੰਦਰ ਸਿੰਘ ਸਿੱਧੂ, ਏਟਕ ਆਗੂ ਜਗਤਾਰ ਸਿੰਘ, ਸਾਥੀ ਪਾਲ ਸਿੰਘ ਪੈਨਸ਼ਨਰ ਆਗੂ ਤੇ ਜ਼ੋਨ ਸਕੱਤਰ ਬਠਿੰਡਾ ਬਲਵਿੰਦਰ ਸਿੰਘ ਉੱਭੀ ਸ਼ਾਮਲ ਸਨ।

# ਮੀਟਰ ਰੀਡਰਾਂ ਵੱਲੋਂ ਪੀ ਐੱਸ ਪੀ ਸੀ ਐੱਲ ਦੇ ਮੁੱਖ ਦਫ਼ਤਰ ਅੱਗੇ ਰੋਸ ਧਰਨਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਮੀਟਰ ਰੀਡਰਾਂ ਵੱਲੋਂ ਆਪਣੀਆਂ ਲੰਮੇ ਸਮੇਂ ਤੋਂ ਲਮਕਦੀਆਂ ਮੰਗਾਂ ਨੂੰ ਲੈ ਕੇ ਮੁੱਖ ਦਫ਼ਤਰ (ਪਟਿਆਲਾ) ਅੱਗੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ।ਇਸ ਪ੍ਰਦਰਸ਼ਨ ਦੌਰਾਨ ਸੂਬਾ ਭਰ ਤੋਂ ਪੁੱਜੇ ਮੀਟਰ ਰੀਡਰਾਂ ਨੇ ਪਾਵਰਕਾਮ ਪ੍ਰਬੰਧਕਾਂ ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ।ਮੀਟਰ ਰੀਡਰ ਯੂਨੀਅਨ ਦੇ ਆਗੂਆਂ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਨਿਗਮ ਪ੍ਰਬੰਧਕ ਉਨ੍ਹਾਂ ਦੀਆਂ ਹੱਕੀ ਮੰਗਾਂ ਨੂੰ ਲਗਾਤਾਰ ਅਣਗੌਲਿਆ ਕਰ ਰਹੇ ਹਨ, ਜਿਸ ਕਾਰਨ ਮੁਲਾਜ਼ਮਾਂ 'ਚ ਭਾਰੀ ਰੋਸ ਹੈ।

ਮੀਟਰ ਰੀਡਰ ਯੂਨੀਅਨ ਦੀ ਮੰਗ ਹੈ ਕਿ ਠੇਕਾ ਪ੍ਰਣਾਲੀ ਤੇ ਆਊਟਸੋਰਸਿੰਗ 'ਤੇ ਕੰਮ ਕਰਦੇ ਮੀਟਰ ਰੀਡਰਾਂ ਨੂੰ ਤੁਰੰਤ ਵਿਭਾਗ 'ਚ ਸ਼ਾਮਲ ਕਰਕੇ ਪੱਕਾ ਕੀਤਾ ਜਾਵੇ।ਮਹਿੰਗਾਈ ਦੇ ਦੌਰ ਨੂੰ ਦੇਖਦਿਆਂ ਮੀਟਰ ਰੀਡਰਾਂ ਦੀਆਂ ਮਹੀਨਾਵਾਰ ਓਵਰਹਾਲਿੰਗ/ਪ੍ਰਤੀ ਬਿੱਲ ਮਿਹਨਤਾਨਾ ਦਰਾਂ 'ਚ ਵਾਧਾ ਕੀਤਾ ਜਾਵੇ। ਡਿਊਟੀ ਦੌਰਾਨ ਵਾਪਰਨ ਵਾਲੇ ਹਾਦਸਿਆਂ ਲਈ ਢੁੱਕਵਾਂ ਮੁਆਵਜ਼ਾ ਤੇ ਕਰਮਚਾਰੀਆਂ ਲਈ ਮੁਫ਼ਤ ਬੀਮਾ ਸੁਵਿਧਾ ਲਾਗੂ ਕੀਤੀ ਜਾਵੇ।ਖੇਤਰ 'ਚ ਰੀਡਿੰਗ ਲਈ ਜਾਣ ਵਾਸਤੇ ਯੋਗ ਤੇਲ ਭੱਤਾ ਦਿੱਤਾ ਜਾਵੇ ਤੇ ਬਿੱਲ ਬਣਾਉਣ ਵਾਲੀਆਂ ਮਸ਼ੀਨਾਂ ਦੀ ਖਰਾਬੀ ਦਾ ਖਰਚਾ ਵਿਭਾਗ ਆਪ ਚੁੱਕੇ।ਵਿਭਾਗ 'ਚ ਆਉਣ ਵਾਲੀਆਂ ਨਵੀਆਂ ਪੱਕੀਆਂ ਭਰਤੀਆਂ 'ਚ ਪਹਿਲਾਂ ਤੋਂ ਕੰਮ ਕਰ ਰਹੇ ਤਜਰਬੇਕਾਰ ਮੀਟਰ ਰੀਡਰਾਂ ਨੂੰ ਪਹਿਲ ਦਿੱਤੀ ਜਾਵੇ।ਧਰਨੇ ਦੌਰਾਨ ਯੂਨੀਅਨ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਪਾਵਰਕਾਮ ਪ੍ਰਬੰਧਕਾਂ ਨੇ ਜਲਦ ਉਨ੍ਹਾਂ ਦੀਆਂ ਮੰਗਾਂ 'ਤੇ ਹਮਦਰਦੀਪੂਰਵਕ ਵਿਚਾਰ ਨਾ ਕੀਤਾ ਅਤੇ ਲਿਖਤੀ ਸਮਝੌਤਾ ਨਾ ਕੀਤਾ ਤਾਂ ਇਹ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।ਇਸ ਦੀ ਪੂਰੀ ਜ਼ਿੰਮੇਵਾਰੀ ਨਿਗਮ ਪ੍ਰਬੰਧਕਾਂ ਤੇ ਪੰਜਾਬ ਸਰਕਾਰ ਦੀ ਹੋਵੇਗੀ।

# ਸੀ ਪੀ ਆਈ ਦੀ ਜਗਰਾਉਂ ਰੈਲੀ 2027 ਦੀਆਂ ਚੋਣਾਂ ਦਾ ਮੁੱਢ ਬੰਨ੍ਹੇਗੀ : ਬਰਮੀਂ, ਦੇਹੜਕਾ

**ਮੁਲਾਜ਼ਮ ਤੇ ਪੈਨਸ਼ਨਰ ਵੀ ਕਿਸੇ ਚੌਥੇ ਬਦਲ ਦੀ ਤਾਕ ਵਿੱਚ : ਜਗਦੀਸ਼, ਗਗੜਾ**



**ਚੌਂਕੀਮਾਨ (ਇੰਜੀ. ਬਲਬੀਰ ਸਿੰਘ ਮਾਨ)**-ਅੱਜ ਦੀ ਸਥਿਤੀ ਵਿੱਚ ਪੂਰਾ ਪੰਜਾਬ ਗੰਭੀਰ ਆਰਥਿਕ, ਸਮਾਜਿਕ ਤੇ ਰਾਜਨੀਤਕ ਸੰਕਟ ਵਿੱਚੋਂ ਲੰਘ ਰਿਹਾ ਹੈ।ਇੱਕ ਪਾਸੇ ਕਾਰਪੋਰੇਟ ਘਰਾਣਿਆਂ ਨੂੰ ਟੈਕਸ ਛੋਟਾਂ ਤੇ ਹੋਰ ਸਹੂਲਤਾਂ ਦੇ ਕੇ ਆਮ ਲੋਕਾਂ ਨੂੰ ਮਹਿੰਗਾਈ, ਬੇਰੁਜ਼ਗਾਰੀ, ਕਰਜ਼ੇ ਤੇ ਅਸੁਰੱਖਿਆ ਦੀ ਮਾਰ ਵੱਲ ਧੱਕਿਆ ਜਾ ਰਿਹਾ ਹੈ।ਸਿੱਖਿਆ ਤੇ ਸਿਹਤ ਸਹੂਲਤਾਂ ਮਹਿੰਗੀਆਂ ਕਰਕੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਗੰਭੀਰ ਸੰਕਟ ਵੱਲ ਧਕੇਲ ਕੇ ਉਨ੍ਹਾਂ ਦੇ ਨੌਜਵਾਨ ਬੱਚਿਆਂ ਨੂੰ ਵਿਦੇਸ਼ਾਂ ਵੱਲ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ।ਸਰਕਾਰੀ ਖੇਤਰ ਨੂੰ ਕਮਜ਼ੋਰ ਕਰਕੇ ਸਰਕਾਰਾਂ ਆਪਣੇ ਚਹੇਤਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੀਆਂ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਦੇ ਸਕੱਤਰ ਚਮਕੌਰ ਸਿੰਘ ਬਰਮੀਂ ਨੇ ਸ਼ਹੀਦ ਨਛੱਤਰ ਸਿੰਘ ਯਾਦਗਾਰੀ ਹਾਲ ਜਗਰਾਉਂ ਵਿਖੇ ਹੰਗਾਮੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਮਾੜੀਆਂ ਨੀਤੀਆਂ ਖਿਲਾਫ 27 ਜੁਲਾਈ ਨੂੰ ਜਗਰਾਉਂ (ਲੁਧਿਆਣਾ) ਵਿਖੇ ਇੱਕ ਵੱਡੀ ਕਾਨਫਰੰਸ ਕਰਕੇ ਲੋਕਾਂ ਨੂੰ ਜਾਗਰੂਕ ਕਰਦਿਆਂ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਆਗਾਜ਼ ਕੀਤਾ ਜਾਵੇਗਾ।ਪਾਰਟੀ ਆਗੂ ਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਹੁਕਮ ਰਾਜ ਦੇਹੜਕਾ ਨੇ ਦੱਸਿਆ ਕਿ ਪੰਜਾਬ ਸਿਰ ਕਰਜ਼ੇ ਦਾ ਬੋਝ 4.25 ਲੱਖ ਕਰੋੜ ਹੋਣ ਨਾਲ ਪ੍ਰਤੀ ਵਿਅਕਤੀ ਸਿਰ 1.30 ਲੱਖ ਰੁਪਏ ਕਰਜ਼ੇ ਦਾ ਬੋਝ ਹੋ ਗਿਆ ਹੈ।ਬੇਰੁਜ਼ਗਾਰੀ ਵਧਣ ਨਾਲ ਨੌਜਵਾਨ ਵਿਦੇਸ਼ਾਂ ਵੱਲ ਭੱਜ ਰਹੇ ਹਨ ਤੇ ਬਜ਼ੁਰਗ ਮਾਂ-ਪਿਓ ਵਿਰਧ ਆਸ਼ਰਮਾਂ ਵਿੱਚ ਰੁਲਣ ਲਈ ਮਜਬੂਰ ਹਨ।

ਸਰਕਾਰੀ ਵਿਭਾਗਾਂ ਵਿੱਚ ਲੱਖਾਂ ਖਾਲੀ ਪੋਸਟਾਂ ਹੋਣ ਦੇ ਬਾਵਜੂਦ ਬੇਰੁਜ਼ਗਾਰੀ ਵਿੱਚ ਵਾਧਾ ਹੋ ਰਿਹਾ ਹੈ ਤੇ ਠੇਕੇਦਾਰੀ ਦੀ ਪ੍ਰਥਾ ਜ਼ੋਰਾਂ 'ਤੇ ਹੈ।ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਡਿੱਠਾ ਕੀਤਾ ਜਾ ਰਿਹਾ ਹੈ, ਜੋ ਸੜਕਾਂ 'ਤੇ ਰੁਲਣ ਰਹੀ ਮਜਬੂਰ ਹਨ।ਇਸ ਮੌਕੇ ਪ੍ਰਧਾਨ ਜਗਦੀਸ਼ ਸਿੰਘ, ਅਵਤਾਰ ਸਿੰਘ ਗਗੜਾ, ਬਲਬੀਰ ਸਿੰਘ ਮਾਨ, ਪਰਮਜੀਤ ਸਿੰਘ ਚੂਹੜਚੱਕ, ਕਰਤਾਰ ਰਾਮ ਰਾਏਕੋਟ, ਹਰਮਿੰਦਰ ਸਿੰਘ ਨੇ ਬੋਲਦਿਆਂ ਮਜ਼ਦੂਰਾਂ ਲਈ ਘੱਟੋ ਘੱਟ ਤਨਖਾਹ 26000 ਰੁਪਏ ਪ੍ਰਤੀ ਮਹੀਨਾ ਦੀ ਮੰਗ ਕਰਦਿਆਂ ਅੱਠ ਘੰਟੇ ਡਿਊਟੀ ਦਾ ਹੱਕ ਬਰਕਰਾਰ ਰੱਖਣ ਲਈ ਕਿਹਾ।ਇਸ ਮੌਕੇ ਹਾਜ਼ਰ ਪ੍ਰੀਤਮ ਸਿੰਘ, ਮਲਕੀਤ ਸਿੰਘ, ਪਿਰਤਪਾਲ ਸਿੰਘ, ਤੇਜਾ ਸਿੰਘ, ਬਲਵਿੰਦਰ ਸਿੰਘ, ਚਮਕੌਰ ਸਿੰਘ ਆਦਿ ਨੇ ਆਮ ਆਦਮੀ ਪਾਰਟੀ ਦੀ ਨਿਕੰਮੀ ਸਰਕਾਰ ਦੀ ਵਾਅਦਾ ਖਿਲਾਫੀ ਦਾ ਜਵਾਬ ਦੇਣ ਲਈ 27 ਜੁਲਾਈ ਦੀ ਜਗਰਾਉਂ ਰੈਲੀ ਨੂੰ ਕਾਮਯਾਬ ਕਰਨ ਲਈ ਪ੍ਰਣ ਕਰਦਿਆਂ ਸਮੂਹ ਸਹਿਯੋਗੀ ਸਾਥੀਆਂ ਤੇ ਜਥੇਬੰਦੀਆਂ ਨੂੰ ਇਸ ਰੈਲੀ ਨੂੰ ਕਾਮਯਾਬ ਕਰਨ ਦਾ ਸੱਦਾ ਦਿੱਤਾ ਤਾਂ ਜੋ ਸ਼ੇਖਚਿੱਲੀਆਂ ਦੀ ਸਰਕਾਰ ਨੂੰ ਝੂਠੇ ਵਾਅਦੇ ਕਰਕੇ ਸੱਤਾ ਹਥਿਆਉਣ ਦਾ ਸਬਕ ਸਿਖਾ ਕੇ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਮੰਨਵਾਉਣ ਲਈ ਕਿਸੇ ਚੌਥੇ ਬਦਲ ਵੱਲ ਵਧਿਆ ਜਾਵੇ।

## ਕਾਤਰਾਂ

### ਬੀ.ਕਾਮ ਦਾ ਨਤੀਜਾ ਸ਼ਾਨਦਾਰ ਰਿਹਾ



**ਚੀਮਾ ਮੰਡੀ (ਰਵਿੰਦਰ ਚੀਮਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਮਾਡਰਨ ਕਾਲਜ ਬੀਰ ਕਲਾਂ ਦੇ ਬੀ.ਕਾਮ ਭਾਗ ਤੀਜਾ ਸਮੈਸਟਰ ਪੰਜਵਾਂ ਦਾ ਨਤੀਜਾ ਸ਼ਾਨਦਾਰ ਰਿਹਾ। ਅਸਿਸਟੈਂਟ ਪ੍ਰੋਫੈਸਰ ਗੁਰਵਿੰਦਰ ਕੌਰ ਨੇ ਦੱਸਿਆ ਕਿ ਜਸ਼ਨਦੀਪ ਕੌਰ ਨੇ 700 ਅੰਕਾਂ 'ਚੋਂ 510 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਰਜਨਦੀਪ ਕੌਰ 492 ਪ੍ਰਾਪਤ ਕਰਕੇ ਦੂਜਾ ਸਥਾਨ, ਵਿਸ਼ਵਪ੍ਰੀਤ ਕੌਰ 488 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ, ਸਿਮਰਨਜੀਤ ਕੌਰ 487 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ, ਪਰਿਸ਼ਾ 480 ਅੰਕ ਪ੍ਰਾਪਤ ਕਰਕੇ ਪੰਜਵਾਂ, ਦੀਪਕਰਨ ਸਿੰਘ ਤੇ ਅਰਸ਼ਪ੍ਰੀਤ ਸਿੰਘ 479 ਅੰਕ ਪ੍ਰਾਪਤ ਕਰਕੇ ਛੇਵਾਂ, ਰਹਮਨ ਕੌਰ 470 ਅੰਕ ਪ੍ਰਾਪਤ ਕਰਕੇ ਸੱਤਵੇਂ ਸਥਾਨ ਹਾਸਲ ਕੀਤਾ। ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾ. ਵੀ. ਕੇ ਰਾਏ ਨੇ ਚੰਗੇ ਅੰਕ ਪ੍ਰਾਪਤ ਕਰਕੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ ਖੇਤਰ ਦੇ ਨਾਲ਼-ਨਾਲ਼ ਨੈਤਿਕ ਕਦਰਾਂ ਕੀਮਤਾਂ ਦੇ ਵਿਕਾਸ ਤੇ ਧਿਆਨ ਕੇਂਦਰਤ ਕਰਨ ਲਈ ਵੀ ਕਿਹਾ।

### ਮਾਸਟਰ ਕੁਲਵੰਤ ਸਿੰਘ ਬਣੇ ਲੋਕ ਅਦਾਲਤ ਦੇ ਮੈਂਬਰ



**ਬੁਢਲਾਡਾ (ਅਸ਼ੋਕ ਲਾਕੜਾ)**-ਮਾਤਾ ਗੁਜਰੀ ਜੀ ਭਲਾਈ ਕੇਂਦਰ ਦੇ ਸੰਸਥਾਪਕ ਤੇ ਮੁਖੀ ਮਾਸਟਰ ਕੁਲਵੰਤ ਸਿੰਘ ਨੂੰ ਬਹੁਤ ਵੱਡੀ ਜ਼ਿੰਮੇਵਾਰੀ ਮਿਲੀ, ਜਦੋਂ ਉਨ੍ਹਾਂ ਦੀ ਬੁਢਲਾਡਾ ਕੋਰਟ ਵਿੱਚ ਲੋਕ ਅਦਾਲਤ ਲਈ ਮੈਂਬਰ ਵਜੋਂ ਸਿਲੈਕਸ਼ਨ ਹੋਈ।ਪਿਛਲੇ ਦਿਨੀਂ ਮਾਨਯੋਗ ਜੱਜ ਸਹਿਬਾਨ ਬਲਕਾਰ ਸਿੰਘ ਦੀ ਲੋਕ ਅਦਾਲਤ ਵਿੱਚ ਸੁਣਵਾਈ ਮੌਕੇ ਹਿੱਸਾ ਲੈਣ ਦਾ ਅਤੇ ਕੇਸਾਂ 'ਤੇ ਦਸਤਖ਼ਤ ਕਰਨ ਦਾ ਮੌਕਾ ਮਿਲਿਆ।ਮਾਸਟਰ ਕੁਲਵੰਤ ਸਿੰਘ ਵੱਲੋਂ ਕੋਰਟ ਵਿਭਾਗ ਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹੋਏ ਵਿਸ਼ਵਾਸ ਦਿਵਾਇਆ ਕਿ ਉਹ ਲੋਕ ਅਦਾਲਤਾਂ ਵਿੱਚ ਵੱਧ ਤੋਂ ਵੱਧ ਸਮਝੌਤਿਆਂ ਉੱਤੇ ਜੱਜ ਸਾਹਿਬ ਨੂੰ ਸਹਿਯੋਗ ਦੇਣਗੇ।ਉਨ੍ਹਾਂ ਇਹ ਵੀ ਕਿਹਾ ਕਿ ਇਹ ਮਾਤਾ ਗੁਜਰੀ ਜੀ ਭਲਾਈ ਕੇਂਦਰ ਵਿੱਚ ਕੀਤੀ ਸੇਵਾ ਦਾ ਫ਼ਲ ਹੈ।ਸੰਸਥਾ ਮੈਂਬਰਾਂ ਵੱਲੋਂ ਮਾਸਟਰ ਕੁਲਵੰਤ ਸਿੰਘ ਨੂੰ ਇਸ ਪ੍ਰਾਪਤੀ ਲਈ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

### ਸ਼ਹਿਰ 'ਚ ਅਵਾਰਾ ਪਸ਼ੂਆਂ ਦਾ ਕਹਿਰ, ਲੋਕ ਪ੍ਰੇਸ਼ਾਨ

**ਬਰੇਟਾ (ਗੀਤਵਾਲ)**-ਸੜਕਾਂ 'ਤੇ ਅੱਜ-ਕੱਲ੍ਹ ਆਵਾਰਾ ਪਸ਼ੂਆਂ ਖਾਸ ਕਰਕੇ ਗਊਆਂ, ਸਾਨ੍ਹਾਂ ਤੇ ਕੁੱਤਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਕਾਰਨ ਆਮ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਮੁੱਖ ਬਾਜ਼ਾਰਾਂ, ਚੌਕਾਂ ਤੇ ਵਿਅਸਤ ਸੜਕਾਂ 'ਤੇ ਖੁੱਲ੍ਹੇਆਮ ਘੁੰਮਦੇ ਇਹ ਪਸ਼ੂ ਨਾ ਸਿਰਫ ਟ੍ਰੈਫਿਕ ਵਿੱਚ ਵਿਘਨ ਪਾ ਰਹੇ ਹਨ, ਸਗੋਂ ਕਈ ਹਾਦਸਿਆਂ ਦਾ ਕਾਰਨ ਵੀ ਬਣ ਰਹੇ ਹਨ।ਪਿਛਲੇ ਕੁਝ ਦਿਨਾਂ ਵਿੱਚ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਆਵਾਰਾ ਪਸ਼ੂਆਂ ਦੇ ਹਮਲੇ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਕਈ ਲੋਕ ਜ਼ਖਮੀ ਹੋ ਚੁੱਕੇ ਹਨ।ਖਾਸ ਕਰਕੇ ਸਵੇਰੇ ਤੇ ਸ਼ਾਮ ਦੇ ਸਮੇਂ ਜਦੋਂ ਸਕੂਲੀ ਬੱਚੇ ਅਤੇ ਬਜ਼ੁਰਗ ਸੈਰ ਲਈ ਨਿਕਲਦੇ ਹਨ, ਉਸ ਵੇਲੇ ਇਨ੍ਹਾਂ ਪਸ਼ੂਆਂ ਤੋਂ ਖਤਰਾ ਹੋਰ ਵੀ ਵਧ ਜਾਂਦਾ ਹੈ।ਦੋਪਹੀਆ ਵਾਹਨ ਚਾਲਕਾਂ ਨੂੰ ਅਚਾਨਕ ਸੜਕ ਵਿਚਾਲੇ ਆ ਜਾਣ ਵਾਲੇ ਇਨ੍ਹਾਂ ਪਸ਼ੂਆਂ ਕਾਰਨ ਹਾਦਸਿਆਂ ਦਾ ਖਦਸ਼ਾ ਬਣਿਆ ਰਹਿੰਦਾ ਹੈ।ਦੁਕਾਨਦਾਰਾਂ ਦਾ ਕਹਿਣਾ ਹੈ ਕਿ ਇਹ ਪਸ਼ੂ ਦੁਕਾਨਾਂ ਦੇ ਸਾਹਮਣੇ ਰੱਖੇ ਸਮਾਨ ਨੂੰ ਵੀ ਨੁਕਸਾਨ ਪੁਚਾਉਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਆਰਥਿਕ ਨੁਕਸਾਨ ਵੀ ਝੱਲਣਾ ਪੈਂਦਾ ਹੈ।ਵਸਨੀਕਾਂ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਵੱਲੋਂ ਇਸ ਸਮੱਸਿਆ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਰਿਹਾ।

### ਅੱਖਾਂ ਦਾ ਮੁਫ਼ਤ ਜਾਂਚ ਕੈਂਪ ਭਲਕੇ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਕਵਿਤਾ ਸਿੰਘ ਸਿਵਲ ਸਰਜਨ ਤੇ ਡਾ. ਉਪਿੰਦਰ ਸਿੰਘ ਦੀ ਦੇਖ-ਰੇਖ ਵਿੱਚ ਸਿਹਤ ਵਿਭਾਗ ਵੱਲੋਂ 'ਨੈਸ਼ਨਲ ਪ੍ਰੋਗਰਾਮ ਫ਼ਾਰ ਕੰਟਰੋਲ ਆਫ਼ ਬਲਾਈਂਡਨੈਸ' ਤਹਿਤ ਜ਼ਿਲ੍ਹੇ 'ਚ 45 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਅੱਖਾਂ ਦੀ ਜਾਂਚ ਦੇ ਵਿਸ਼ੇਸ਼ ਕੈਂਪ ਲਾਏ ਜਾ ਰਹੇ ਹਨ।ਡਾ. ਕਵਿਤਾ ਸਿੰਘ ਨੇ ਦੱਸਿਆ ਕਿ ਅੱਖਾਂ ਨਾਲ ਸੰਬੰਧਿਤ ਸਮੱਸਿਆਵਾਂ ਜਿਵੇਂ ਨਜ਼ਰ ਦੀ ਕਮੀ, ਚਸ਼ਮੇ ਦੀ ਲੋੜ ਤੇ ਅੱਖਾਂ ਦੀ ਹੋਰ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ, ਇਸ ਲਈ ਇਹ ਕੈਂਪ ਲੋਕਾਂ ਨੂੰ ਸਮੇਂ ਸਿਰ ਜਾਂਚ ਅਤੇ ਇਲਾਜ ਦੀ ਸਹੂਲਤ ਮੁਹੱਈਆ ਕਰਾਉਣ ਲਈ ਲਾਏ ਜਾ ਰਹੇ ਹਨ।ਕੈਂਪਾਂ ਵਿੱਚ ਮਾਹਿਰ ਡਾਕਟਰਾਂ ਵੱਲੋਂ ਅੱਖਾਂ ਦੀ ਸਕ੍ਰੀਨਿੰਗ, ਨੇੜੇ ਦੀ ਨਜ਼ਰ ਦੀਆਂ ਐਨਕਾਂ ਤੇ ਦਵਾਈਆਂ ਮੁਫ਼ਤ ਵੰਡੀਆਂ ਜਾਣਗੀਆਂ।ਉਨ੍ਹਾਂ ਦੱਸਿਆ ਕਿ ਇਹ ਕੈਂਪ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮਿਆਰੀ ਸਿਹਤ ਸਹੂਲਤਾਂ ਦੇਣ ਦੇ ਉਦੇਸ਼ ਨਾਲ ਲਗਾਏ ਜਾ ਰਹੇ ਹਨ।ਪਹਿਲਾ ਕੈਂਪ 23 ਜੁਲਾਈ ਨੂੰ ਸਿਵਲ ਹਸਪਤਾਲ ਵਿਖੇ ਲਾਇਆ ਜਾਵੇਗਾ।

# ਅਖੌਤੀ ਸਿੱਖਿਆ ਕ੍ਰਾਂਤੀ ਦੇ ਪ੍ਰਚਾਰ ਲਈ ਵਿਦਿਆਰਥੀਆਂ ਦੇ ਮੋਢੇ ਨਾ ਵਰਤੇ ਸਰਕਾਰ : ਜੀ ਟੀ ਯੂ ਪੰਜਾਬ

**ਵੋਟ ਬਟੋਰਨ ਲਈ ਗਿਆਰ੍ਹਵੀਂ ਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਵੰਡੇ ਬੈਗ, ਬਾਕੀਆਂ ਨਾਲ ਕੀਤਾ ਵਿਤਕਰਾ**

**ਜ਼ੀਰਾ (ਨਰਿੰਦਰ ਅਨੇਜਾ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਮਨੋਹਰ ਲਾਲ ਸ਼ਰਮਾ ਤੇ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਮੋਢਾ ਵਰਤ ਕੇ ਪੰਜਾਬ ਦੀ ਅਖੌਤੀ ਸਿੱਖਿਆ ਕ੍ਰਾਂਤੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਜਿਸ ਦੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ। ਆਗੂਆਂ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਸਰਕਾਰ ਇਸ ਤਰ੍ਹਾਂ ਦੇ ਪ੍ਰਚਾਰ ਦਾ ਡੱਟਵਾਂ ਵਿਰੋਧ ਕਰਦੀ ਸੀ, ਪਰ ਸੱਤਾ ਮਿਲਦਿਆਂ ਹੀ ਸਰਕਾਰ ਨੇ ਆਪਣੇ ਪ੍ਰਚਾਰ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਤੇ ਹੁਣ ਸਰਕਾਰ ਦੁਆਰਾ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਵਰਤਿਆ ਜਾ ਰਿਹਾ ਹੈ। ਇਸੇ ਤਹਿਤ ਹੀ ਕਦੇ ਮੁੱਖ ਮੰਤਰੀ ਦੀਆਂ ਫੋਟੋਆਂ ਵਾਲੇ ਲਿਫਾਫੇ ਭੇਜੇ ਜਾਂਦੇ ਹਨ, ਕਦੇ ਮਾਪੇ ਅਧਿਆਪਕ ਮਿਲਣੀ ਵਿੱਚ ਸਰਕਾਰ ਦੀਆਂ ਪ੍ਰਾਪਤੀਆਂ ਦੇ ਲੀਫਲੈਟ ਭੇਜੇ ਜਾਂਦੇ ਹਨ ਅਤੇ ਹੁਣ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ ਜਾ ਰਹੇ ਹਨ, ਜਿਨ੍ਹਾਂ ਉੱਪਰ ਵੀ ਮੁੱਖ ਮੰਤਰੀ ਦੀ ਫੋਟੋ ਲੱਗੀ ਹੋਈ ਹੈ। ਆਗੂਆਂ ਨੇ ਇਸ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਸਰਕਾਰ ਨੂੰ ਆਪਣੇ ਪ੍ਰਚਾਰ ਲਈ ਪੰਜਾਬ ਦੇ ਸਰਕਾਰੀ ਸਕੂਲਾਂ ਤੇ ਖਾਸ ਕਰਕੇ ਵਿਦਿਆਰਥੀਆਂ ਦੇ ਮੋਢੇ ਨਹੀਂ ਵਰਤਣੇ ਚਾਹੀਦੇ। ਪੰਜਾਬ ਵਿੱਚ ਅਖੌਤੀ ਸਿੱਖਿਆ ਕ੍ਰਾਂਤੀ ਦਾ ਪ੍ਰਚਾਰ ਕਰਨ ਤੋਂ ਪਹਿਲਾਂ ਸਰਕਾਰ ਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸੈਂਕੜੇ ਅਸਾਮੀਆਂ ਖਾਲੀ ਹਨ, ਅਧਿਆਪਕ ਪ੍ਰਮੋਸ਼ਨਾਂ ਨੂੰ ਤਰਸ ਰਹੇ ਹਨ ਤੇ ਅਨੇਕਾਂ ਗੈਰ-ਵਿੱਦਿਅਕ ਕੰਮਾਂ ਕਾਰਨ ਅਧਿਆਪਕਾਂ ਨੂੰ ਸਕੂਲਾਂ ਤੋਂ ਬਾਹਰ ਰੱਖਿਆ ਹੋਇਆ ਹੈ।ਸੂਬਾ ਸੀਨੀਅਰ ਮੀਤ ਪ੍ਰਧਾਨ ਤੀਰਥ ਸਿੰਘ ਬਾਸੀ, ਕੁਲਦੀਪ ਪੁਰੋਵਾਲ, ਗੁਰਪ੍ਰੀਤ ਅਮੀਵਾਲ, ਮੀਤ ਪ੍ਰਧਾਨ ਗੁਰਦੀਪ ਸਿੰਘ ਬਾਜਵਾ, ਹਰਿੰਦਰ ਮੱਲੀਆਂ ਤੇ ਰਛਪਾਲ ਵੜੈਚ ਨੇ ਕਿਹਾ ਕਿ ਸਰਕਾਰ ਇਸ ਫੋਕੀ ਸ਼ੋਹਰਤਬਾਜ਼ੀ ਨੂੰ ਛੱਡ ਕੇ ਸਕੂਲ ਸਿੱਖਿਆ ਵੱਲ ਧਿਆਨ ਦੇਵੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਮਸਲੇ ਹੱਲ ਕਰੇ।

# ਹੋਟਲ 'ਚੋਂ ਮਿਲੀ ਨੌਜਵਾਨ ਦੀ ਲਾਸ਼, ਪਰਵਾਰ ਨੇ ਜਤਾਇਆ ਕਤਲ ਦਾ ਖ਼ਦਸ਼ਾ

**ਇਨਸਾਫ਼ ਲਈ ਸੜਕ 'ਤੇ ਧਰਨਾ ਲਾ ਕੇ ਪੁਲਸ ਪ੍ਰਸ਼ਾਸਨ ਖ਼ਿਲਾਫ਼ ਕੀਤੀ ਨਾਅਰੇਬਾਜ਼ੀ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਛਾਉਣੀ ਖੇਤਰ ਦੇ ਇੱਕ ਮਸ਼ਹੂਰ ਹੋਟਲ ਵਿੱਚੋਂ 23 ਸਾਲਾ ਨੌਜਵਾਨ ਕੁਲਵੰਤ ਸਿੰਘ ਦੀ ਮ੍ਰਿਤਕ ਦੇਹ ਮਿਲਣ ਨਾਲ ਸਨਸਨੀ ਫੈਲ ਗਈ। ਮ੍ਰਿਤਕ ਪਿੰਡ ਮਾਛੀਵਾੜਾ ਦਾ ਰਹਿਣ ਵਾਲਾ ਸੀ। ਬੀਤੇ ਦਿਨ ਹੋਟਲ ਦੇ ਕਮਰੇ ਵਿਚ ਠਹਿਰੇ ਇਸ ਨੌਜਵਾਨ ਦੀ ਲਾਸ਼ ਛੱਤ ਵਾਲੇ ਪੱਖੇ ਨਾਲ ਲਟਕਦੀ ਮਿਲੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਬੀਤੇ ਦਿਨ ਘਟਨਾ ਵਾਪਰੀ। ਹੋਟਲ ਪ੍ਰਬੰਧਕਾਂ ਨੇ ਦੱਸਿਆ ਕਿ ਕੁਲਵੰਤ ਸਿੰਘ ਰਾਤ ਲਗਭਗ 12 ਵਜੇ ਹੋਟਲ ਪੁੱਜਾ ਸੀ ਤੇ ਉਸ ਨੇ ਠਹਿਰਣ ਲਈ ਇੱਕ ਕਮਰਾ ਕਿਰਾਏ 'ਤੇ ਲਿਆ। ਕਮਰਾ ਲੈਣ ਦੇ ਕੁਝ ਹੀ ਮਿੰਟਾਂ ਬਾਅਦ ਲਗਭਗ 15-20 ਮਿੰਟ ਪਿੱਛੋਂ ਇੱਕ ਅਣਪਛਾਤੀ ਲੜਕੀ ਉਸ ਨੂੰ ਮਿਲਣ ਆਈ। ਉਹ ਲੜਕੀ ਤਕਰੀਬਨ ਇੱਕ ਘੰਟਾ ਕਮਰੇ ਅੰਦਰ ਰਹਿਣ ਤੋਂ ਬਾਅਦ ਚਲੀ ਗਈ। ਇਸ ਤੋਂ ਬਾਅਦ ਜਦੋਂ ਹੋਟਲ ਦਾ ਸਫਾਈ ਕਰਮਚਾਰੀ ਹਰ ਰੋਜ਼ ਦੀ ਤਰ੍ਹਾਂ ਕਮਰੇ ਦੀ ਦੇਖ-ਰੇਖ ਲਈ ਅੰਦਰ ਗਿਆ ਤਾਂ ਉਸ ਨੇ ਕੁਲਵੰਤ ਸਿੰਘ ਦੀ ਲਾਸ਼ ਛੱਤ ਵਾਲੇ ਪੱਖੇ ਨਾਲ ਲਟਕਦੀ ਦੇਖੀ। ਜਾਂਚ ਅਧਿਕਾਰੀ ਨੇ ਦੱਸਿਆ ਕਿ ਹੋਟਲ ਮਾਲਕ ਵੱਲੋਂ ਬੀਤੇ ਦਿਨ ਢਾਈ ਵਜੇ ਪੁਲਸ ਨੂੰ ਸੂਚਨਾ ਦਿੱਤੀ ਗਈ ਸੀ। ਪੁਲਸ ਟੀਮ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਮ੍ਰਿਤਕ ਦੇਹ ਨੂੰ ਕਬਜ਼ੇ 'ਚ ਲਿਆ ਤੇ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਭੇਜ ਦਿੱਤਾ। ਪੁਲਸ ਵੱਲੋਂ ਹੋਟਲ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਘਾਲੀ ਜਾ ਰਹੀ ਹੈ ਤਾਂ ਜੋ ਮਿਲਣ ਆਈ ਲੜਕੀ ਦੀ ਪਛਾਣ ਕੀਤੀ ਜਾ ਸਕੇ ਤੇ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ। ਦੂਜੇ ਪਾਸੇ ਘਟਨਾ ਤੋਂ ਬਾਅਦ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਵਿੱਚ ਭਾਰੀ ਰੋਸ ਫੈਲ ਗਿਆ ਤੇ ਉਨ੍ਹਾਂ ਨੇ ਸੜਕ 'ਤੇ ਧਰਨਾ ਲਗਾ ਕੇ ਵਿਰੋਧ ਪ੍ਰਦਰਸ਼ਨ ਕੀਤਾ। ਮ੍ਰਿਤਕ ਦੀ ਪਤਨੀ ਨੇ ਦੋਸ਼ ਲਗਾਇਆ ਕਿ ਉਸ ਦੇ ਪਤੀ ਦੀ ਪਿਛਲੇ ਦੋ ਸਾਲਾਂ ਤੋਂ ਇੱਕ ਲੜਕੀ ਨਾਲ ਗੱਲਬਾਤ ਸੀ। ਉਸ ਨੇ ਕਈ ਵਾਰ ਲੜਕੀ ਤੇ ਉਸ ਦੇ ਪਰਿਵਾਰ ਨੂੰ ਆਪਣਾ ਘਰ ਨਾ ਉਜਾੜਨ ਦੀ ਅਪੀਲ ਕੀਤੀ ਸੀ।

ਪਰਿਵਾਰ ਦਾ ਗੰਭੀਰ ਦੋਸ਼ ਹੈ ਕਿ ਲੜਕੀ ਨੇ ਨੌਜਵਾਨ ਨੂੰ ਹੋਟਲ ਬੁਲਾਇਆ, ਜਿੱਥੇ ਉਸ ਦੀ ਕੁੱਟਮਾਰ ਕਰਨ ਤੋਂ ਬਾਅਦ ਉਸ ਨੂੰ ਪੱਖੇ ਨਾਲ ਲਟਕਾ ਕੇ ਕਤਲ ਕਰ ਦਿੱਤਾ ਗਿਆ। ਪੁਲਸ ਦਾ ਕਹਿਣਾ ਹੈ ਕਿ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਤੇ ਮਾਮਲੇ ਦੀ ਗੰਭੀਰਤਾ ਨਾਲ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਭਵਾਨੀਗੜ੍ਹ ਥਾਣੇ ਦਾ ਸਬ ਇੰਸਪੈਕਟਰ ਯਸ਼ਪਾਲ ਨੇ ਐੱਸ ਐੱਚ ਓ ਵਜੋਂ ਚਾਰਜ ਸੰਭਾਲਿਆ



**ਭਵਾਨੀਗੜ੍ਹ (ਰਾਜ ਖੁਰਮੀ)**-ਸਥਾਨਕ ਥਾਣੇ ਦੇ ਨਵੇਂ ਐੱਸ.ਐੱਚ.ਓ. ਵਜੋਂ ਸਬ ਇੰਸਪੈਕਟਰ ਯਸ਼ਪਾਲ ਨੇ ਚਾਰਜ ਸੰਭਾਲ ਲਿਆ ਹੈ।ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਕਾਨੂੰਨ-ਵਿਵਸਥਾ ਨੂੰ ਹਰ ਹਾਲਤ ਵਿੱਚ ਬਰਕਰਾਰ ਰੱਖਿਆ ਜਾਵੇਗਾ ਤੇ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਬ ਇੰਸਪੈਕਟਰ ਯਸ਼ਪਾਲ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਉੱਚ ਪੁਲਸ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਇਆ ਜਾਵੇਗਾ। ਨਸ਼ਾ ਤਸਕਰਾਂ ਤੇ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ, ਨਸ਼ਾ ਤਸਕਰੀ ਜਾਂ ਅਪਰਾਧਿਕ ਸਰਗਰਮੀ ਬਾਰੇ ਜਾਣਕਾਰੀ ਹੋਵੇ ਤਾਂ ਬਿਨਾਂ ਡਰ ਪੁਲਸ ਨੂੰ ਸੂਚਿਤ ਕਰਨ। ਉਨ੍ਹਾਂ ਭਰੋਸਾ ਦਿੱਤਾ ਕਿ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਪਹਿਲ ਦੇ ਆਧਾਰ 'ਤੇ ਸੁਣਿਆ ਤੇ ਨਿਪਟਾਇਆ ਜਾਵੇਗਾ।

# ਵਿਦਿਆਰਥੀਆਂ 'ਤੇ ਲਾਠੀਚਾਰਜ ਅਤਿ ਨਿੰਦਣਯੋਗ : ਸੁਵਰਨ ਸਿੰਘ ਵਿਰਕ



**ਸਿਰਸਾ (ਜਗਤਾਰ ਸਮਾਲਸਰ)**-ਅਖਿਲ ਭਾਰਤ ਕਿਸਾਨ ਸਭਾ (1936) ਦੇ ਸੂਬਾ ਸਰਪ੍ਰਸਤ ਸੁਵਰਨ ਸਿੰਘ ਵਿਰਕ ਨੇ ਦਿੱਲੀ ਪੁਲਸ ਵੱਲੋਂ ਦੇਸ਼ ਭਰ ਦੇ ਵਿਦਿਆਰਥੀਆਂ 'ਤੇ ਕੀਤੇ ਗਏ ਬੇਰਹਿਮ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕੇਂਦਰ ਸਰਕਾਰ ਨੂੰ ਪ੍ਰਦਰਸ਼ਨਕਾਰੀਆਂ ਦੀਆਂ ਮੰਗਾਂ ਤੁਰੰਤ ਮੰਨਣ ਦੀ ਮੰਗ ਕੀਤੀ ਹੈ।ਵਿਰਕ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕੋਲ ਦੇਸ਼ ਦੇ ਵਿਕਾਸ ਲਈ ਕੋਈ ਭਵਿੱਖ ਦੀ ਯੋਜਨਾ ਨਹੀਂ ਹੈ ਤੇ ਉਹ ਆਪਣੀ ਬੁਖਲਾਹਟ ਨੂੰ ਦੂਰ ਕਰਨ ਲਈ ਦਮਨ ਦਾ ਸਹਾਰਾ ਲੈ ਰਹੀ ਹੈ।ਸਰਕਾਰ ਦੇਸ਼ ਦੇ ਨੌਜਵਾਨਾਂ ਨੂੰ ਕਿਫਾਇਤੀ, ਉੱਚ-ਗੁਣਵੱਤਾ ਵਾਲੀ ਸਿੱਖਿਆ ਤੇ ਰੁਜ਼ਗਾਰ ਪ੍ਰਦਾਨ ਕਰਨ ਵਿੱਚ ਅਸਫ਼ਲ ਰਹੀ ਹੈ।ਇਸ ਲਈ ਇਹ ਸਾਰੇ ਭ੍ਰਿਸ਼ਟਾਚਾਰ ਨੂੰ ਤਿਆਗ ਕੇ ਬੇਰਹਿਮ ਦਮਨ ਦਾ ਹਿੰਸਾ ਦਾ ਸਹਾਰਾ ਲੈ ਰਹੀ ਹੈ।ਦੇਸ਼ ਦੇ ਮਜ਼ਦੂਰ ਤੇ ਕਿਸਾਨ ਪਹਿਲਾਂ ਹੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਸਾਹਮਣੇ ਆਪਣੇ ਉੱਜਵਲ ਭਵਿੱਖ ਦੀ ਲੜਾਈ ਲੜ ਰਹੇ ਹਨ।ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਸੜਕਾਂ 'ਤੇ ਡੁੱਲ੍ਹਿਆ ਨੌਜਵਾਨ, ਵਿਦਿਆਰਥੀਆਂ ਦਾ ਖੂਨ ਇਸ ਦੇਸ਼ ਦੇ ਭਵਿੱਖ ਦਾ ਖੂਨ ਹੈ ਤੇ ਦੇਸ਼ ਦੇ ਭਵਿੱਖ ਨੂੰ ਖੂਨ ਵਿੱਚ ਡੋਬਣ ਵਾਲੀ ਸਰਕਾਰ ਕੁਝ ਕੁ ਦਿਨਾਂ ਦੀ ਮਹਿਮਾਨ ਹੀ ਹੁੰਦੀ ਹੈ।ਵਿਰਕ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਦੇਸ਼ ਦੀਆਂ ਸਾਰੀਆਂ ਧਰਮ ਨਿਰਪੱਖ ਤਾਕਤਾਂ ਆਪਣੇ ਸੌੜੇ ਰਾਜਨੀਤਕ ਹਿੱਤਾਂ ਤੋਂ ਉੱਪਰ ਉੱਠਣ ਤੇ ਕਾਰਪੋਰੇਟ ਪੱਖੀ ਅਤੇ ਫੁੱਟ ਪਾਊ ਨੀਤੀਆਂ ਨੂੰ ਲਾਗੂ ਕਰਨ ਵਾਲੀ ਇਸ ਸਰਕਾਰ ਵਿਰੁੱਧ ਇੱਕਜੁੱਟ ਹੋਣ ਤਾਂ ਕਿ ਦੇਸ਼ ਦਾ ਭਵਿੱਖ ਬਚਾਇਆ ਜਾ ਸਕੇ।

# ਸਫ਼ਾਈ ਕਰਮਚਾਰੀਆਂ ਦੀ ਹੜਤਾਲ ਕਾਰਨ ਜਲਾਲਾਬਾਦ ਬਣਿਆ 'ਕੂੜਾਘਰ'

**ਗੰਦਗੀ ਦੇ ਢੇਰਾਂ ਕਰਕੇ ਬਿਮਾਰੀਆਂ ਦਾ ਖਤਰਾ ਵਧਿਆ**



**ਜਲਾਲਾਬਾਦ (ਬਲਵਿੰਦਰ ਸਿੰਘ)**-ਜਲਾਲਾਬਾਦ ਸ਼ਹਿਰ ਵਿੱਚ ਸਫਾਈ ਕਰਮਚਾਰੀਆਂ ਦੀ ਲਗਾਤਾਰ ਚੱਲ ਰਹੀ ਹੜਤਾਲ ਕਾਰਨ ਜਲਾਲਾਬਾਦ ਦੀ ਸਫਾਈ ਵਿਵਸਥਾ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਹੈ।ਮੁੱਖ ਬਾਜ਼ਾਰਾਂ, ਰਿਹਾਇਸ਼ੀ ਇਲਾਕਿਆਂ, ਗਲੀਆਂ, ਮੁਹੱਲਿਆਂ ਤੇ ਸੜਕਾਂ ਦੇ ਕਿਨਾਰਿਆਂ 'ਤੇ ਕੂੜੇ ਦੇ ਵੱਡੇ-ਵੱਡੇ ਢੇਰ ਲੱਗੇ ਹੋਏ ਹਨ, ਜਿਸ ਨਾਲ ਸ਼ਹਿਰ ਦੀ ਤਸਵੀਰ ਦਿਨੋਂ-ਦਿਨ ਬਦਤਰ ਹੁੰਦੀ ਜਾ ਰਹੀ ਹੈ।ਹਰ ਪਾਸੇ ਫੈਲੀ ਗੰਦਗੀ, ਕੂੜੇ ਵਿੱਚੋਂ ਉੱਠ ਰਹੀ ਬਦਬੂ ਤੇ ਮੱਖੀਆਂ-ਮੱਛਰਾਂ ਦੀ ਵਧਦੀ ਗਿਣਤੀ ਕਾਰਨ ਲੋਕਾਂ ਵਿੱਚ ਡੇਂਗੂ, ਮਲੇਰੀਆ, ਦਸਤ, ਟਾਈਫਾਇਡ ਤੇ ਹੋਰ ਛੂਤ ਦੀਆਂ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਹੈ।

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਕਈ ਦਿਨਾਂ ਤੋਂ ਕੂੜਾ ਨਾ ਚੁੱਕੇ ਜਾਣ ਕਾਰਨ ਹਾਲਾਤ ਚਿੰਤਾਜਨਕ ਬਣ ਚੁੱਕੇ ਹਨ।ਬਾਜ਼ਾਰਾਂ ਵਿੱਚ ਖਰੀਦਦਾਰੀ ਕਰਨ ਆਉਣ ਵਾਲੇ ਲੋਕਾਂ ਨੂੰ ਗੰਦਗੀ ਤੇ ਬਦਬੂ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਦਕਿ ਰਿਹਾਇਸ਼ੀ ਇਲਾਕਿਆਂ ਵਿੱਚ ਰਹਿਣ ਵਾਲੇ ਪਰਿਵਾਰ ਆਪਣੇ ਬੱਚਿਆਂ ਤੇ ਬਜ਼ੁਰਗਾਂ ਦੀ ਸਿਹਤ ਨੂੰ ਲੈ ਕੇ ਚਿੰਤਤ ਹਨ।ਕਈ ਥਾਵਾਂ 'ਤੇ ਕੂੜਾ ਸੜਕਾਂ ਤੱਕ ਫੈਲ ਜਾਣ ਕਾਰਨ ਆਵਾਜਾਈ ਵੀ ਪ੍ਰਭਾਵਿਤ ਹੋ ਰਹੀ ਹੈ।

ਸ਼ਹਿਰ ਵਾਸੀਆਂ ਨੇ ਕਿਹਾ ਕਿ ਜਲਾਲਾਬਾਦ, ਜੋ ਇੱਕ ਸਮੇਂ ਸਾਫ਼-ਸੁਥਰੇ ਸ਼ਹਿਰਾਂ ਵਿੱਚ ਗਿਣਿਆ ਜਾਂਦਾ ਸੀ, ਅੱਜ ਗੰਦਗੀ ਦੇ ਢੇਰਾਂ ਹੇਠ ਦੱਬਿਆ ਨਜ਼ਰ ਆ ਰਿਹਾ ਹੈ।ਲੋਕਾਂ ਦਾ ਮੰਨਣਾ ਹੈ ਕਿ ਭਾਵੇਂ ਮਾਮਲਾ ਕਿਸੇ ਵੀ ਪੱਧਰ ਦਾ ਹੋਵੇ, ਪਰ ਨਾਗਰਿਕਾਂ ਨੂੰ ਸਾਫ਼-ਸੁਥਰਾ ਮਾਹੌਲ ਮੁਹੱਈਆ ਕਰਵਾਉਣਾ ਸਰਕਾਰ ਤੇ ਪ੍ਰਸ਼ਾਸਨ ਦੀ ਮੁੱਢਲੀ ਜ਼ਿੰਮੇਵਾਰੀ ਹੈ।ਸ਼ਹਿਰ ਦੇ ਵਪਾਰੀਆਂ ਨੇ ਵੀ ਚਿੰਤਾ ਜਤਾਉਂਦਿਆਂ ਕਿਹਾ ਕਿ ਬਾਜ਼ਾਰਾਂ ਵਿੱਚ ਪਏ ਕੂੜੇ ਦੇ ਢੇਰਾਂ ਕਾਰਨ ਗਾਹਕਾਂ ਦੀ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ।ਗੰਦਗੀ ਤੇ ਬਦਬੂ ਕਾਰਨ ਲੋਕ ਬਾਜ਼ਾਰਾਂ ਵਿੱਚ ਆਉਣ ਤੋਂ ਵੀ ਕਤਰਾ ਰਹੇ ਹਨ, ਜਿਸ ਨਾਲ ਵਪਾਰ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ।ਸ਼ਹਿਰ ਵਾਸੀਆਂ ਨੇ ਨਗਰ ਕੌਂਸਲ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਫਾਈ ਕਰਮਚਾਰੀਆਂ ਨਾਲ ਤੁਰੰਤ ਗੱਲਬਾਤ ਕਰਕੇ ਹੜਤਾਲ ਦਾ ਹੱਲ ਕੱਢਿਆ ਜਾਵੇ ਤੇ ਜੰਗੀ ਪੱਧਰ 'ਤੇ ਵਿਸ਼ੇਸ਼ ਸਫਾਈ ਅਭਿਆਨ ਚਲਾ ਕੇ ਸ਼ਹਿਰ ਵਿੱਚ ਇਕੱਠੇ ਹੋਏ ਕੂੜੇ ਦੇ ਢੇਰਾਂ ਨੂੰ ਤੁਰੰਤ ਹਟਾਇਆ ਜਾਵੇ।

# ਟੁੱਟੀ ਬਿਜਲੀ ਤਾਰ ਦੀ ਲਪੇਟ 'ਚ ਆ ਕੇ 4 ਭੇਡਾਂ-ਬੱਕਰੀਆਂ ਦੀ ਮੌਤ



**ਗਿੱਦੜਬਾਹਾ (ਸ਼ਮਿੰਦਰਪਾਲ, ਪੂਜਾ, ਪਰਮਜੀਤ)**-ਗਿੱਦੜਬਾਹਾ ਦੇ ਲੂਲਬਾਈ ਰੋਡ 'ਤੇ ਟੁੱਟੀ ਹੋਈ ਬਿਜਲੀ ਦੀ ਤਾਰ ਕਾਰਨ ਇੱਕ ਗਰੀਬ ਪਸ਼ੂ ਪਾਲਕ ਨੂੰ ਵੱਡਾ ਨੁਕਸਾਨ ਝੱਲਣਾ ਪਿਆ।ਸਵੇਰੇ ਆਪਣੇ ਭੇਡਾਂ-ਬੱਕਰੀਆਂ ਨੂੰ ਚਰਾਉਣ ਲਈ ਲੈ ਕੇ ਜਾ ਰਹੇ ਤਰਸੇਮ ਸਿੰਘ ਦੀਆਂ 4 ਭੇਡਾਂ-ਬੱਕਰੀਆਂ ਕਰੰਟ ਲੱਗਣ ਕਾਰਨ ਮੌਕੇ 'ਤੇ ਹੀ ਮਰ ਗਈਆਂ।ਇਸ ਦੌਰਾਨ ਜਾਨਵਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਤਰਸੇਮ ਸਿੰਘ ਦੇ ਪੁੱਤਰ ਦੀ ਵੀ ਜਾਨ ਖਤਰੇ ਵਿੱਚ ਪੈ ਗਈ, ਪਰ ਮੌਕੇ 'ਤੇ ਮੌਜੂਦ ਲੋਕਾਂ ਨੇ ਸਮੇਂ ਸਿਰ ਉਸ ਨੂੰ ਬਚਾ ਲਿਆ।ਪੀੜਤ ਤਰਸੇਮ ਸਿੰਘ, ਵਾਸੀ ਵਾਰਡ ਨੰਬਰ 10, ਲੂਲਬਾਈ ਰੋਡ ਨੇ ਦੱਸਿਆ ਕਿ ਇਸ ਹਾਦਸੇ ਨਾਲ ਉਸ ਦਾ ਕਰੀਬ ਇੱਕ ਲੱਖ ਰੁਪਏ ਦਾ ਨੁਕਸਾਨ ਹੋਇਆ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਟੁੱਟੀ ਹੋਈ ਬਿਜਲੀ ਤਾਰ ਬਾਰੇ ਪਹਿਲਾਂ ਹੀ ਪਾਵਰਕਾਮ ਨੂੰ ਸੂਚਿਤ ਕੀਤਾ ਗਿਆ ਸੀ, ਪਰ ਹੜਤਾਲ ਦਾ ਹਵਾਲਾ ਦੇ ਕੇ ਕਾਰਵਾਈ ਨਹੀਂ ਕੀਤੀ ਗਈ।ਇਸ ਮਾਮਲੇ ਸਬੰਧੀ ਪਾਵਰਕਾਮ ਦੇ ਐੱਸਡੀਓ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਨ੍ਹਾਂ ਨਾਲ ਗੱਲ ਨਹੀਂ ਹੋ ਸਕੀ।ਪੀੜਤ ਨੇ ਪੰਜਾਬ ਸਰਕਾਰ ਤੋਂ ਨੁਕਸਾਨ ਦਾ ਯੋਗ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ।

# ਮੈਗਾ ਰੋਜ਼ਗਾਰ ਮੇਲੇ 'ਚ 562 ਨੌਜਵਾਨਾਂ ਦੀ ਨੌਕਰੀਆਂ ਲਈ ਚੋਣ : ਅਮਨ ਅਰੋੜਾ

**61 ਕੰਪਨੀਆਂ ਤੇ 2129 ਨੌਜਵਾਨਾਂ ਨੇ ਲਿਆ ਹਿੱਸਾ**



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੁਨਾਮ ਵਿਖੇ ਲਾਏ 'ਮੈਗਾ ਰੋਜ਼ਗਾਰ ਮੇਲੇ' ਦੌਰਾਨ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਰੋਜ਼ਗਾਰ ਤੇ ਨੌਕਰੀਆਂ ਦਾ ਇੱਕ ਬਿਹਤਰੀਨ ਤੇ ਪ੍ਰਗਤੀਸ਼ੀਲ ਮਾਹੌਲ ਸਿਰਜਣ ਲਈ ਲਗਾਤਾਰ ਯਤਨਸ਼ੀਲ ਹੈ।ਸੰਗਰੂਰ, ਮਲੇਰਕੋਟਲਾ ਤੇ ਬਰਨਾਲਾ ਜ਼ਿਲ੍ਹਿਆਂ ਦੇ ਕਲੱਸਟਰ ਦਾ ਇਹ ਪਹਿਲਾ ਮੈਗਾ ਰੁਜ਼ਗਾਰ ਮੇਲਾ ਉਨ੍ਹਾਂ ਦੇ ਦੋਵਾਂ ਵਿਭਾਗਾਂ ਉਦਯੋਗ ਵਿਭਾਗ ਤੇ ਰੋਜ਼ਗਾਰ ਉਤਪੱਤੀ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਲਾਇਆ ਗਿਆ।ਇਸ ਵਿੱਚ 18 ਸਾਲ ਤੋਂ 50 ਸਾਲ ਤੱਕ ਦੇ ਉਮੀਦਵਾਰਾਂ ਨੇ ਭਾਗ ਲਿਆ ਅਤੇ ਯੋਗਤਾ ਤੇ ਤਜਰਬੇ ਦੇ ਅਨੁਸਾਰ 12,000 ਰੁਪਏ ਤੋਂ ਲੈ ਕੇ 42,000 ਰੁਪਏ ਪ੍ਰਤੀ ਮਹੀਨਾ ਤੱਕ ਦੀ ਤਨਖਾਹ ਵਾਲੀਆਂ ਨੌਕਰੀਆਂ ਹਾਸਲ ਕੀਤੀਆਂ।ਇਸ ਰੁਜ਼ਗਾਰ ਮੇਲੇ ਵਿੱਚ ਦੇਸ਼ ਤੇ ਸੂਬੇ ਦੀਆਂ 61 ਵੱਡੀਆਂ ਤੇ ਨਾਮੀ ਕੰਪਨੀਆਂ ਨੇ ਸ਼ਿਰਕਤ ਕੀਤੀ ਅਤੇ 2129 ਨੌਜਵਾਨਾਂ ਨੇ ਰੋਜ਼ਗਾਰ ਮੇਲੇ ਵਿੱਚ ਹਿੱਸਾ ਲਿਆ।ਮੇਲੇ ਵਿੱਚ 562 ਨੌਜਵਾਨਾਂ ਦੀ ਨੌਕਰੀਆਂ ਲਈ ਚੋਣ ਹੋਈ ਤੇ ਵੱਖ-ਵੱਖ ਕੰਪਨੀਆਂ ਨੇ 618 ਨੌਜਵਾਨਾਂ ਨੂੰ ਨੌਕਰੀਆਂ ਲਈ ਸ਼ਾਰਟਲਿਸਟ ਕੀਤਾ।ਨੌਜਵਾਨਾਂ ਨੂੰ ਮੌਕੇ ਉੱਤੇ ਹੀ 'ਲੈਟਰ ਆਫ ਇੰਟੈਂਟ' ਵੀ ਦਿੱਤੇ ਗਏ।ਰੋਜ਼ਗਾਰ ਉਤਪੱਤੀ, ਸਿਖਲਾਈ ਤੇ ਹੁਨਰ ਵਿਕਾਸ ਵਿਭਾਗ ਤੇ ਇੰਡਸਟਰੀ ਵਿਭਾਗ ਮਿਲ ਕੇ ਇੱਕ ਪੁਲ ਵਜੋਂ ਕੰਮ ਕਰ ਰਹੇ ਹਨ ਤਾਂ ਜੋ ਕੰਪਨੀਆਂ ਤੇ ਨੌਜਵਾਨਾਂ ਦਾ ਆਪਸੀ ਤਾਲਮੇਲ ਕਰਵਾਇਆ ਜਾ ਸਕੇ।ਇਸ ਮੇਲੇ ਵਿੱਚ ਸ਼ਾਮਲ ਹੋਣ ਵਾਲੀਆਂ ਪ੍ਰਮੁੱਖ ਕੰਪਨੀਆਂ ਵਿੱਚ ਸੋਨਾਲੀਕਾ, ਮਹਿੰਦਰਾ ਟਰੈਕਟਰਜ਼, ਕੇ.ਆਰ.ਬੀ.ਐੱਲ., ਅਵਾਨੀ, ਏ.ਪੀ. ਆਰਗੈਨਿਕਸ, ਮੈਕਸ, ਨਾਹਰ ਸਪਿਨਿੰਗ ਤੇ ਹੋਰ ਕਈ ਵੱਡੇ ਉਦਯੋਗਿਕ ਯੂਨਿਟ ਸ਼ਾਮਲ ਸਨ।ਮੇਲੇ ਵਿੱਚ ਵੱਖ-ਵੱਖ ਪੱਧਰ ਦੀ ਵਿੱਦਿਅਕ ਤੇ ਤਕਨੀਕੀ ਯੋਗਤਾ ਰੱਖਣ ਵਾਲੇ ਨੌਜਵਾਨਾਂ ਲਈ ਨੌਕਰੀਆਂ ਦੇ ਮੌਕੇ ਉਪਲਬਧ ਕਰਵਾਏ ਗਏ।10ਵੀਂ, 12ਵੀਂ, ਆਈ.ਟੀ.ਆਈ. (ਬੁਆਇਲਰ, ਇਲੈਕਟ੍ਰੀਕਲ, ਮਕੈਨੀਕਲ), ਬੀ.ਐੱਸਸੀ (ਨਾਨ-ਮੈਡੀਕਲ), ਬੀ.ਕਾਮ, ਗ੍ਰੈਜੂਏਟ, ਡਿਪਲੋਮਾ ਹੋਲਡਰ (ਮਕੈਨੀਕਲ ਤੇ ਇਲੈਕਟ੍ਰੀਕਲ) ਅਤੇ ਸੀ.ਐੱਨ.ਸੀ. ਕੋਰਸ ਪਾਸ ਨੌਜਵਾਨਾਂ ਨੇ ਇਸ ਮੇਲੇ ਵਿੱਚ ਹਿੱਸਾ ਲਿਆ ਤੇ ਨੌਕਰੀਆਂ ਪ੍ਰਾਪਤ ਕੀਤੀਆਂ।ਇਸ ਮੌਕੇ ਮੀਡੀਆ ਵੱਲੋਂ ਬੈਂਗਲੂਰੂ ਤੇ ਹੈਦਰਾਬਾਦ ਵਰਗੇ ਸ਼ਹਿਰਾਂ ਵਾਂਗ ਪੰਜਾਬ ਵਿੱਚ ਆਈ.ਟੀ. ਹੱਬ ਬਣਾਉਣ ਬਾਰੇ ਪੁੱਛੇ ਗਏ ਸਵਾਲ 'ਤੇ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸਾਡੇ ਮੋਹਾਲੀ ਵਿੱਚ ਆਈ.ਟੀ. ਦਾ ਬਹੁਤ ਵੱਡਾ ਤੇ ਬਿਹਤਰੀਨ ਹੱਬ ਪਹਿਲਾਂ ਹੀ ਸਥਾਪਤ ਹੋ ਚੁੱਕਾ ਹੈ।ਇਸ ਤੋਂ ਇਲਾਵਾ ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ ਵਰਗੇ ਵੱਡੇ ਸ਼ਹਿਰਾਂ ਵਿੱਚ ਵੀ ਹਜ਼ਾਰਾਂ ਨੌਜਵਾਨ ਰੋਜ਼ਗਾਰ ਕਰ ਰਹੇ ਹਨ।ਨੌਜਵਾਨਾਂ ਨੂੰ ਜਿੱਥੇ ਚੰਗੇ ਮੌਕੇ ਮਿਲਣ, ਉੱਥੇ ਜਾਣ ਦੀ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ।ਮੇਲੇ ਦੌਰਾਨ ਰੋਜ਼ਗਾਰ ਉਤਪੱਤੀ ਤੇ ਸਿਖਲਾਈ ਵਿਭਾਗ ਦੇ ਡਾਇਰੈਕਟਰ ਸ਼੍ਰੀਮਤੀ ਅੰਮ੍ਰਿਤ ਸਿੰਘ, ਡਿਪਟੀ ਕਮਿਸ਼ਨਰ ਸ਼੍ਰੀਮਤੀ ਪੂਨਮਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਅੰਕੁਰ ਮਹਿੰਦਰੂ, ਐਸਡੀਐਮ ਸੁਨਾਮ ਗਗਨਦੀਪ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਅਹੁਦੇਦਾਰ, ਪਤਵੰਤੇ ਤੇ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ।

# ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦੇ ਵਿਰੋਧ 'ਚ ਭੁੱਖ ਹੜਤਾਲ




**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਜੁਆਇੰਟ ਐਕਸ਼ਨ ਕਮੇਟੀ ਦੇ ਸੱਦੇ 'ਤੇ ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦੇ ਵਿਰੋਧ ਵਿੱਚ ਚੱਲ ਰਹੇ ਸੂਬਾ ਪੱਧਰੀ ਸੰਘਰਸ਼ ਦੇ ਤਹਿਤ ਬਾਰ ਐਸੋਸੀਏਸ਼ਨ ਵੱਲੋਂ ਪ੍ਰਧਾਨ ਅਮਨਦੀਪ ਸਿੰਘ ਚਹਿਲ ਦੀ ਅਗਵਾਈ ਹੇਠ ਭੁੱਖ ਹੜਤਾਲ ਕੀਤੀ ਗਈ, ਜਿਸ ਤਹਿਤ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਦੇ ਸੱਦੇ ਅਨੁਸਾਰ ਹਰ ਰੋਜ਼ ਪੰਜ ਵਕੀਲ ਸਾਹਿਬਾਨ ਭੁੱਖ ਹੜਤਾਲ ਵਿੱਚ ਬੈਠਣਗੇ, ਜਿਸ ਤਹਿਤ ਅੱਜ ਐਡਵੋਕੇਟ ਗੁਰਪ੍ਰੀਤ ਸਿੰਘ ਗਿੱਲ (ਸਕੱਤਰ), ਐਡਵੋਕੇਟ ਐਸ.ਕੇ. ਸ਼ੋਰੀ ਐਡਵੋਕੇਟ, ਸੀ.ਪੀ. ਭਾਟੀਆ, ਐਡਵੋਕੇਟ ਰਾਜ ਕੁਮਾਰ ਸਿੰਗਲਾ ਅਤੇ ਐਡਵੋਕੇਟ ਸਰਫ਼ਰਾਜ਼ ਅਲੀ (ਜੁਆਇੰਟ ਸਕੱਤਰ) ਭੁੱਖ ਹੜਤਾਲ 'ਤੇ ਬੈਠੇ।ਬੁਲਾਰਿਆਂ ਨੇ ਕਿਹਾ ਕਿ ਇਹ ਸਿਸਟਮ ਮੌਜੂਦਾ ਕਾਨੂੰਨੀ ਸਹਾਇਤਾ ਪ੍ਰਣਾਲੀ ਤੇ ਸੁਤੰਤਰ ਵਕਾਲਤ ਦੇ ਢਾਂਚੇ ਨੂੰ ਪ੍ਰਭਾਵਤ ਕਰ ਸਕਦਾ ਹੈ, ਕਿਉਂਕਿ ਸਰਕਾਰ ਖੁਦ ਫੜਾਉਣ ਅਤੇ ਖੁਦ ਛੁਡਾਉਣ ਵਾਲੀ ਬਣ ਜਾਵੇਗੀ, ਜਿਸ ਨਾਲ ਪੇਸ਼ੇਵਰ ਮੁਜਰਮਾਂ ਨੂੰ ਕਾਨੂੰਨ ਅਤੇ ਸਮਾਜ ਦਾ ਕੋਈ ਡਰ ਨਹੀਂ ਰਹੇਗਾ ਅਤੇ ਉਨ੍ਹਾਂ ਨੂੰ ਖੁੱਲ੍ਹੇਆਮ ਗੈਰ ਕਾਨੂੰਨੀ ਕਾਰਵਾਈਆਂ ਕਰਨ ਨੂੰ ਸ਼ਹਿ ਮਿਲੇਗੀ।ਇਸ ਲਈ ਪੰਜਾਬ ਭਰ ਦਾ ਵਕੀਲ ਭਾਈਚਾਰਾ ਇਸ ਸਿਸਟਮ ਦਾ ਵਿਰੋਧ ਕਰ ਰਿਹਾ ਹੈ ਤੇ ਸਰਕਾਰ ਤੋਂ ਇਸ ਪ੍ਰਣਾਲੀ 'ਤੇ ਮੁੜ ਵਿਚਾਰ ਕਰਨ ਦੀ ਮੰਗ ਕਰਦਾ ਹੈ।ਬਾਰ ਐਸੋਸੀਏਸ਼ਨ ਨੇ ਪੰਜਾਬ ਜੁਆਇੰਟ ਐਕਸ਼ਨ ਕਮੇਟੀ ਦੇ ਸੰਘਰਸ਼ ਨੂੰ ਪੂਰਾ ਸਮਰਥਨ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਜਦੋਂ ਤੱਕ ਇਸ ਸੰਬੰਧੀ ਤਸੱਲੀਬਖ਼ਸ਼ ਹੱਲ ਨਹੀਂ ਨਿਕਲਦਾ, ਉਦੋਂ ਤੱਕ ਕਮੇਟੀ ਦੇ ਹਰ ਫ਼ੈਸਲੇ ਦੀ ਪਾਲਣਾ ਕੀਤੀ ਜਾਵੇਗੀ ਤੇ ਸੰਘਰਸ਼ ਜਾਰੀ ਰਹੇਗਾ।

# ਸੰਦੀਪ ਦਾ ਕਹਾਣੀ ਸੰਗ੍ਰਹਿ 'ਸੁਪਨੇ ਦਾ ਗਵਾਹ ਨਹੀਂ ਹੁੰਦਾ' ਰਿਲੀਜ਼



**ਸਮਰਾਲਾ (ਸੁਰਜੀਤ ਸਿੰਘ)** ਕਹਾਣੀਕਾਰ ਸੰਦੀਪ ਸਮਰਾਲਾ ਦਾ ਪਲੇਠਾ ਕਹਾਣੀ ਸੰਗ੍ਰਹਿ 'ਸੁਪਨੇ ਦਾ ਗਵਾਹ ਨਹੀਂ ਹੁੰਦਾ' ਸਾਹਿਤ ਸਭਾ ਦੁਆਰਾ ਆਯੋਜਤ ਤੇ ਪ੍ਰਧਾਨ ਸਿਮਰਜੀਤ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਪੰਜਾਬੀ ਸਾਹਿਤ ਦੇ ਨਾਮਵਰ ਅਦੀਬਾਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ।

ਸੰਦੀਪ ਸਮਰਾਲਾ ਦੀ ਕਹਾਣੀ ਕਲਾ, ਕਥਾਵਸਤੂ, ਪਾਤਰ ਚਿੱਤਰਣ ਤੇ ਕਹਾਣੀ ਦਾ ਮਾਹੌਲ ਸਿਰਜਣ ਬਾਰੇ ਗੱਲ ਕਰਦਿਆਂ ਹਾਜ਼ਰ ਆਲੋਚਕਾਂ ਨੇ ਕਿਹਾ ਕਿ ਹੁਣ ਤੱਕ ਜ਼ਿਆਦਾਤਰ ਲੇਖਕ ਪੇਂਡੂ ਜੀਵਨ ਜਾਂ ਕਿਸਾਨੀ ਕਿੱਤੇ ਨਾਲ ਜੁੜੀ ਕਹਾਣੀ ਨੂੰ ਹੀ ਪੰਜਾਬੀ ਦੀ ਪ੍ਰਤਿਨਿਧ ਕਹਾਣੀ ਮੰਨਦੇ ਆਏ ਹਨ, ਪਰ ਸੰਦੀਪ ਸਮਰਾਲਾ ਪੰਜਾਬੀ ਕਹਾਣੀ ਵਿਧਾ ਵਿੱਚ ਇੱਕ ਵੱਖਰੀ ਤਰ੍ਹਾਂ ਵਿਸ਼ੇ ਲੈ ਕੇ ਆਇਆ ਹੈ।ਸਮਾਗਮ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕੀਤੀ, ਜਦਕਿ ਉੱਘੇ ਚਿੰਤਕ ਤੇ ਲੇਖਕ ਹਰਵਿੰਦਰ ਭੰਡਾਲ ਮੁੱਖ ਮਹਿਮਾਨ ਸਨ।ਉਨ੍ਹਾਂ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਕਹਾਣੀਕਾਰ ਗੁਰਮੀਤ ਕੜਿਆਲਵੀ, ਸਾਹਿਤ ਸਭਾ ਦੇ ਪ੍ਰਧਾਨ ਸਿਮਰਜੀਤ ਸਿੰਘ ਕੰਗ, ਸਰਪ੍ਰਸਤ ਕਹਾਣੀਕਾਰ ਮੁਖ਼ਤਿਆਰ ਸਿੰਘ, ਗੁਰਦੀਪ ਸੁਖਜੀਤ, ਕਹਾਣੀਕਾਰ ਸੰਦੀਪ ਸਮਰਾਲਾ ਤੇ ਮੰਚ ਸੰਚਾਲਕ ਦੀਪ ਦਿਲਬਰ ਸ਼ਾਮਿਲ ਸਨ। ਸਮਾਗਮ ਦੇ ਆਰੰਭ ਵਿਚ ਸਭਾ ਦੇ ਪ੍ਰਧਾਨ ਸਿਮਰਜੀਤ ਸਿੰਘ ਕੰਗ ਨੇ ਪ੍ਰਧਾਨਗੀ ਮੰਡਲ ਅਤੇ ਸਮਾਗਮ ਵਿਚ ਪਹੁੰਚੇ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਜੀ ਆਇਆਂ ਨੂੰ ਆਖਿਆ।ਪ੍ਰੋਗਰਾਮ ਦੀ ਸ਼ੁਰੂਆਤ ਮਰਹੂਮ ਕਹਾਣੀਕਾਰ ਸੁਖਜੀਤ ਦੇ ਪਰਿਵਾਰ ਵੱਲੋਂ ਸੰਦੀਪ ਸਮਰਾਲਾ ਨੂੰ ਸ਼ਗਨ ਅਤੇ ਸਨਮਾਨ ਦੇ ਕੇ ਕੀਤੀ ਗਈ।

ਕਹਾਣੀ ਸੰਗ੍ਰਹਿ ਉੱਪਰ ਡਾ. ਬਿੰਦਰ ਭੁਮਸੀ, ਡਾ. ਪਰਮਜੀਤ ਪਟਿਆਲਾ ਨੇ ਪੇਪਰ ਪੜ੍ਹੇ, ਜਿਸ ਰਾਹੀਂ ਉਹਨਾਂ ਨੇ ਸੰਗ੍ਰਹਿ ਦੀਆਂ ਅੱਠੇ ਕਹਾਣੀਆਂ ਉੱਪਰ ਰਚਨਾਤਮਕ ਪੱਖ ਤੋਂ ਆਲੋਚਨਾਤਮਕ ਟਿੱਪਣੀਆਂ ਕੀਤੀ।ਉਨ੍ਹਾਂ ਕਹਾਣੀਆਂ ਦੇ ਪਾਤਰ, ਭਾਸ਼ਾ, ਪਾਤਰਾਂ ਦੇ ਕੰਮ ਧੰਦੇ, ਏਥੋਂ ਤੱਕ ਕਿ ਸਮੇਂ-ਸਥਾਨ ਬਾਰੇ ਵੀ ਨਿੱਠ ਕੇ ਆਲੋਚਨਾਤਮਕ ਟਿੱਪਣੀਆਂ ਕੀਤੀਆਂ।ਵਿਚਾਰ ਚਰਚਾ ਦਾ ਆਰੰਭ ਕਰਦੇ ਹੋਏ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਦੋਵੇਂ ਪਰਚਿਆਂ ਵਿੱਚ ਉਠਾਏ ਗਏ ਕੁਝ ਨੁਕਤਿਆਂ ਉੱਤੇ ਆਪਣੀ ਸਹਿਮਤੀ ਵੀ ਪ੍ਰਗਟਾਈ, ਪਰ ਨਾਲ ਹੀ ਉਨ੍ਹਾਂ ਕਿਹਾ ਕਿ ਐਨੀਆਂ ਬੰਦਿਸ਼ਾਂ ਨਾਲ ਕਹਾਣੀ ਨਹੀਂ ਲਿਖੀ ਜਾ ਸਕਦੀ।

ਵਿਚਾਰ ਚਰਚਾ ਵਿੱਚ ਭਾਗ ਲੈਂਦਿਆਂ ਕਹਾਣੀਕਾਰ ਸੁਰਿੰਦਰ ਰਾਮਪੁਰੀ ਨੇ ਸੰਦੀਪ ਸਮਰਾਲਾ ਨੂੰ ਨਵੀਂ ਪੀੜ੍ਹੀ ਦਾ ਕਹਾਣੀਕਾਰ ਦੱਸਦਿਆਂ ਕਿਹਾ ਕਿ ਉਹ ਕਹਾਣੀ ਘੜਦਾ ਨਹੀਂ ਬਲਕਿ ਸਿਰਜਦਾ ਹੈ।ਇਸੇ ਦੌਰਾਨ ਡਾ. ਕੇਵਲ ਰਾਮ ਨਵਾਂ ਸ਼ਹਿਰ, ਐੱਚ ਐੱਸ ਡਿੰਪਲ, ਗੁਰਭਗਤ ਗਿੱਲ ਤੇ ਕਹਾਣੀਕਾਰ ਅਜਮੇਰ ਸਿੱਧੂ ਨੇ ਸੰਦੀਪ ਸਮਰਾਲਾ ਦੀ ਲਿਖਣ ਪ੍ਰਕਿਰਿਆ ਦੀ ਸ਼ਲਾਘਾ ਕਰਦੇ ਹੋਏ ਸ਼ਾਨਦਾਰ ਕਹਾਣੀਆਂ ਲਿਖਣ ਲਈ ਵਧਾਈ ਦਿੱਤੀ।ਸਮਾਗਮ ਦੇ ਮੁੱਖ ਵਕਤਾ ਕਹਾਣੀਕਾਰ ਬਲਵਿੰਦਰ ਸਿੰਘ ਗਰੇਵਾਲ ਨੇ ਕਈ ਕਹਾਣੀਆਂ ਦੇ ਪਾਤਰਾਂ ਦੇ ਨਾਵਾਂ ਪਿੱਛੇ ਪਏ ਇਤਿਹਾਸ ਦੀ ਰੌਚਕ ਜਾਣਕਾਰੀ ਹਾਜ਼ਰੀਨ ਨਾਲ ਸਾਂਝੀ ਕੀਤੀ।

# ਜੰਤਰ-ਮੰਤਰ 'ਚ ਵਿਦਿਆਰਥੀਆਂ 'ਤੇ ਤਸ਼ੱਦਦ ਦੀ ਨਿਖੇਧੀ



**ਬਰਨਾਲਾ (ਪੱਤਰ ਪ੍ਰੇਰਕ)**-ਤਰਕਸ਼ੀਲ ਸੁਸਾਇਟੀ ਦੀ ਸੂਬਾ ਕਮੇਟੀ ਨੇ ਨੀਟ ਦੇ ਪੇਪਰ ਲੀਕ ਮੁੱਦੇ ਸਮੇਤ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਜੰਤਰ-ਮੰਤਰ ਤੋਂ ਸੰਸਦ ਭਵਨ ਤੱਕ ਰੋਸ ਮਾਰਚ ਕਰ ਰਹੇ ਵਿਦਿਆਰਥੀਆਂ ਉਤੇ ਦਿੱਲੀ ਪੁਲੀਸ ਵੱਲੋਂ ਅੱਥਰੂ ਗੈਸ ਦੇ ਗੋਲੇ ਸੁੱਟਣ, ਅੰਨ੍ਹੇਵਾਹ ਲਾਠੀਚਾਰਜ ਕਰਨ, ਗ੍ਰਿਫ਼ਤਾਰ ਕਰਨ ਤੇ ਪੰਡਾਲ ਦੀ ਤੋੜ ਭੰਨ ਕਰਕੇ ਜਬਰੀ ਧਰਨਾ ਉਠਾਉਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਇਸਦੇ ਨਾਲ ਹੀ ਸੁਸਾਇਟੀ ਨੇ ਪੰਜਾਬ ਵਿੱਚ ਮਗਨਰੇਗਾ ਕਰਮਚਾਰੀਆਂ ਉੱਤੇ ਅੰਨ੍ਹੇਵਾਹ ਲਾਠੀਚਾਰਜ ਕਰਨ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਕੰਪਲੈਕਸ ਵਿੱਚ ਆਰ.ਐਸ.ਐਸ.ਨਾਲ ਸੰਬੰਧਿਤ ਫ਼ਿਰਕੂ ਸਮਾਗਮ ਦਾ ਵਿਰੋਧ ਕਰਦੇ ਵਿਦਿਆਰਥੀਆਂ ਨਾਲ ਧੂਹ ਘੜੀਸ ਤੇ ਬਦਸਲੂਕੀ ਕਰਨ ਦੀ ਵੀ ਨਿੰਦਾ ਕੀਤੀ ਹੈ।ਰੋਸ ਜ਼ਾਹਰ ਕਰਦਿਆਂ ਸੁਸਾਇਟੀ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਰਾਜਪਾਲ ਬਠਿੰਡਾ, ਰਾਮ ਸਵਰਨ ਲੱਖੇਵਾਲੀ ਅਤੇ ਸੁਮੀਤ ਅੰਮ੍ਰਿਤਸਰ ਨੇ ਕਿਹਾ ਕਿ ਦੇਸ਼ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਪੇਪਰ ਲੀਕ, ਬੇਰੁਜ਼ਗਾਰੀ ਅਤੇ ਭ੍ਰਿਸ਼ਟ ਸਿੱਖਿਆ ਢਾਂਚੇ ਸਮੇਤ ਮੌਜੂਦਾ ਹਕੂਮਤ ਦੀਆਂ ਲੋਕ ਵਿਰੋਧੀ ਤੇ ਕਾਰਪੋਰੇਟ ਪੱਖੀ ਨੀਤੀਆਂ ਤੇ ਭ੍ਰਿਸ਼ਟ ਕਾਰਵਾਈਆਂ ਦਾ ਜਮਹੂਰੀ ਢੰਗ ਨਾਲ ਵਿਰੋਧ ਕਰਨ ਦਾ ਸੰਵਿਧਾਨਕ ਹੱਕ ਹੈ, ਪਰ ਮੋਦੀ ਸਰਕਾਰ ਗੱਲਬਾਤ ਦਾ ਰਸਤਾ ਅਖ਼ਤਿਆਰ ਕਰਨ ਦੀ ਥਾਂ ਹਿੰਦੂਤਵ ਦੇ ਫ਼ਿਰਕੂ ਏਜੰਡੇ ਹੇਠ ਦੇਸ਼ 'ਚੋਂ ਅਸਹਿਮਤੀ ਤੇ ਸਿਆਸੀ ਵਿਰੋਧੀਆਂ ਦੀਆਂ ਆਵਾਜ਼ਾਂ ਨੂੰ ਲਾਠੀ ਅਤੇ ਗੋਲੀ ਦੇ ਤਾਨਾਸ਼ਾਹੀ ਹੱਥਕੰਡਿਆਂ ਰਾਹੀਂ ਦਬਾਉਣ ਦੀ ਨੀਤੀ ਅਪਣਾ ਰਹੀ ਹੈ।

ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰਸ਼ਾਸਨ ਵੱਲੋਂ ਕੁੱਝ ਦਿਨ ਪਹਿਲਾਂ ਵਿਦਿਆਰਥੀ ਜਥੇਬੰਦੀਆਂ ਨੂੰ ਆਰ ਐਸ ਐਸ ਨਾਲ ਸੰਬੰਧਿਤ ਸੰਸਥਾਵਾਂ ਦਾ ਫ਼ਿਰਕੂ ਸਮਾਗਮ ਨਾ ਕਰਾਉਣ ਦਾ ਭਰੋਸਾ ਦੇਣ ਦੇ ਬਾਵਜੂਦ ਚੋਰੀ ਛੁੱਪੇ ਸਮਾਗਮ ਕਰਾਉਣਾ ਤੇ ਵਿਰੋਧ ਕਰਦੇ ਵਿਦਿਆਰਥੀਆਂ ਉਤੇ ਜਬਰ ਕਰਨ ਦੀ ਫਾਸ਼ੀਵਾਦੀ ਕਾਰਵਾਈ ਨੇ ਯੂਨੀਵਰਸਿਟੀ ਅਧਿਕਾਰੀਆਂ ਦੇ ਭਗਵੇਂ ਏਜੰਡੇ ਦਾ ਪਰਦਾਫਾਸ਼ ਕੀਤਾ ਹੈ।

## ਵਾਤਾਵਰਣ ਸੰਭਾਲ ਲਈ ਪਬਲਿਕ ਪਾਵਰ ਮਿਸ਼ਨ ਨੇ ਬੂਟੇ ਲਾਏ



**ਮਹਿਲ ਕਲਾਂ (ਪ੍ਰਦੀਪ ਸਿੰਘ ਲੌਂਗੋਵਾਲ)**-ਵਾਤਾਵਰਣ ਦੀ ਸੰਭਾਲ ਤੇ ਪੰਜਾਬ ਨੂੰ ਹਰਿਆ-ਭਰਿਆ ਬਣਾਉਣ ਦੇ ਉਦੇਸ਼ ਨਾਲ ਪਬਲਿਕ ਪਾਵਰ ਮਿਸ਼ਨ ਵੱਲੋਂ ਰੁੱਖ ਲਾਉਣ ਦੀ ਮੁਹਿਮ ਨੂੰ ਲਗਾਤਾਰ ਅੱਗੇ ਵਧਾਇਆ ਜਾ ਰਿਹਾ ਹੈ।ਇਸੇ ਲੜੀ ਤਹਿਤ ਸੰਸਥਾ ਦੇ ਚੀਫ਼ ਸਟੇਟ ਪੰਜਾਬ ਇੰਚਾਰਜ ਜਗਤਾਰ ਸਿੰਘ ਦੀ ਅਗਵਾਈ ਹੇਠ ਟੀਮ ਵੱਲੋਂ ਪਿੰਡ ਹਰਦਾਸਪੁਰਾ ਦੇ ਸ਼ਮਸ਼ਾਨ ਘਾਟ ਵਿਖੇ ਕਰੀਬ 100 ਵੱਖ-ਵੱਖ ਕਿਸਮਾਂ ਦੇ ਬੂਟੇ ਲਾਏ ਗਏ।ਇਸ ਮੌਕੇ ਗ੍ਰਾਮ ਪੰਚਾਇਤ, ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਵੀ ਮੁਹਿਮ 'ਚ ਹਿੱਸਾ ਲਿਆ।ਜਗਤਾਰ ਸਿੰਘ ਨੇ ਕਿਹਾ ਕਿ ਵਧ ਰਹੇ ਪ੍ਰਦੂਸ਼ਣ ਤੇ ਜਲਵਾਯੂ ਪਰਿਵਰਤਨ ਦੇ ਮੱਦੇਨਜ਼ਰ ਹਰ ਨਾਗਰਿਕ ਨੂੰ ਵੱਧ ਤੋਂ ਵੱਧ ਬੂਟੇ ਲਾਉਣ ਤੇ ਉਨ੍ਹਾਂ ਦੀ ਸੰਭਾਲ ਕਰਨ ਦਾ ਸੰਕਲਪ ਲੈਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਰੁੱਖ ਸਿਰਫ਼ ਸਾਨੂੰ ਸ਼ੁੱਧ ਆਕਸੀਜਨ ਪ੍ਰਦਾਨ ਕਰਦੇ ਹਨ, ਸਗੋਂ ਧਰਤੀ ਦੇ ਤਾਪਮਾਨ ਨੂੰ ਸੰਤੁਲਿਤ ਰੱਖਣ, ਮਿੱਟੀ ਦੇ ਕਟਾਅ ਨੂੰ ਰੋਕਣ, ਭੂਗਰਭ ਜਲ ਦੀ ਸੰਭਾਲ ਅਤੇ ਕੁਦਰਤੀ ਆਫ਼ਤਾਂ ਦੇ ਪ੍ਰਭਾਵ ਨੂੰ ਘਟਾਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਉਨ੍ਹਾਂ ਗ੍ਰਾਮ ਪੰਚਾਇਤਾਂ, ਸਮਾਜ ਸੇਵੀ ਸੰਸਥਾਵਾਂ, ਨੌਜਵਾਨ ਕਲੱਬਾਂ ਤੇ ਸਿੱਖਿਆ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਬੂਟੇ ਲਾਉਣ ਦੀਆਂ ਮੁਹਿੰਮਾਂ ਨੂੰ ਲੋਕ ਲਹਿਰ ਬਣਾਉਣ।ਇਸ ਮੌਕੇ ਸਰਪੰਚ ਰਵਿੰਦਰ ਸਿੰਘ, ਮਸਜਿਦ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜ਼ੀਰ ਮੁਹੰਮਦ ਨੇ ਪਬਲਿਕ ਪਾਵਰ ਮਿਸ਼ਨ ਦੀ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਅਜਿਹੀਆਂ ਮੁਹਿੰਮਾਂ ਸਮੇਂ ਦੀ ਮੁੱਖ ਲੋੜ ਹਨ।ਬੂਟੇ ਲਗਾਉਣ ਉਪਰੰਤ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਵੱਲੋਂ ਪਬਲਿਕ ਪਾਵਰ ਮਿਸ਼ਨ ਦੇ ਅਹੁਦੇਦਾਰਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕਰਦਿਆਂ ਭਵਿੱਖ 'ਚ ਵੀ ਅਜਿਹੀਆਂ ਲੋਕ ਭਲਾਈ ਦੀਆਂ ਮੁਹਿੰਮਾਂ ਜਾਰੀ ਰੱਖਣ ਦੀ ਅਪੀਲ ਕੀਤੀ ਗਈ।

## ਬੂਟੇ ਲਾ ਕੇ ਰੁੱਖ ਲਾਉਣ ਦੀ ਮੁਹਿਮ ਸ਼ੁਰੂ



**ਰਾਜਪੁਰਾ (ਰਮੇਸ਼ ਕਟਾਰੀਆ)**-ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਵਾਤਾਵਰਣ ਸੰਭਾਲ ਮੁਹਿਮ ਤਹਿਤ ਮਾਰਕਿਟ ਕਮੇਟੀ ਵਿਖੇ ਚੇਅਰਮੈਨ ਦੀਪਕ ਸੂਦ ਵੱਲੋਂ ਬੂਟੇ ਲਾ ਕੇ ਰੁੱਖ ਲਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।ਚੇਅਰਮੈਨ ਦੀਪਕ ਸੂਦ ਨੇ ਸਮੂਹ ਪੰਜਾਬ ਵਾਸੀਆਂ ਅਤੇ ਦੇਸ਼-ਵਿਦੇਸ਼ ਵਿੱਚ ਵੱਸਦੇ ਪੰਜਾਬੀਆਂ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀਆਂ ਦਿਲੋਂ ਵਧਾਈਆਂ ਦਿੰਦਿਆਂ ਕਿਹਾ ਕਿ ਸਾਨੂੰ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈ ਕੇ ਸਮਾਜ ਵਿੱਚ ਬਰਾਬਰੀ, ਭਾਈਚਾਰੇ ਤੇ ਮਨੁੱਖਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ।ਉਨ੍ਹਾਂ ਸਮੂਹ ਲੋਕਾਂ ਨੂੰ ਵੱਧ ਤੋਂ ਵੱਧ ਫ਼ਲਦਾਰ, ਛਾਂਦਾਰ ਤੇ ਔਸ਼ਧੀ ਗੁਣਾਂ ਵਾਲੇ ਰੁੱਖ ਲਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਵਾਤਾਵਰਣ ਦੀ ਸੁਰੱਖਿਆ ਤੇ ਸ਼ੁੱਧਤਾ ਨਾਲ ਹੀ ਆਉਣ ਵਾਲੀਆਂ ਪੀੜ੍ਹੀਆਂ ਦਾ ਸੁਨਹਿਰਾ ਭਵਿੱਖ ਲਈ ਰੁੱਖ ਲਗਾਉਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।ਇਸ ਮੌਕੇ ਮਾਰਕਿਟ ਕਮੇਟੀ ਦੇ ਸਕੱਤਰ ਸ਼੍ਰੀ ਅਮਿਤ ਕੁਮਾਰ, ਲੇਖਾਕਾਰ ਸ੍ਰੀ ਜੁਝਾਰ ਸਿੰਘ, ਸੁਪਰਵਾਈਜ਼ਰ ਮਨਜੀਤ ਸਿੰਘ, ਸੇਵਾਦਾਰ ਮੰਗਾ ਰਾਮ, ਐਡਵੋਕੇਟ ਮੁਨੀਸ਼ ਕੁਮਾਰ ਬੱਤਰਾ, ਸਰਦਾਰ ਚੰਨਣ ਸਿੰਘ, ਕਰਨੈਲ ਪੁਰੀ ਤੇ ਮਾਰਕਿਟ ਕਮੇਟੀ ਦਾ ਹੋਰ ਸਟਾਫ ਵੀ ਹਾਜ਼ਰ ਰਿਹਾ।

## ਵਾਤਾਵਰਣ ਦੀ ਸੰਭਾਲ ਲਈ ਕੱਪੜੇ ਦੇ ਥੈਲੇ ਵੰਡੇ



**ਜਲਾਲਾਬਾਦ (ਜੀਤ ਕੁਮਾਰ)**-ਵਾਤਾਵਰਣ ਸੰਭਾਲ ਤੇ ਪਲਾਸਟਿਕ ਮੁਕਤ ਸਮਾਜ ਸਿਰਜਣ ਦੇ ਉਦੇਸ਼ ਨਾਲ, ਭਾਰਤ ਵਿਕਾਸ ਪ੍ਰੀਸ਼ਦ ਨੇ ਸਬਜ਼ੀ ਮੰਡੀ ਐਫ.ਐਫ. ਰੋਡ ਵਿਖੇ ਨਾਗਰਿਕਾਂ ਤੇ ਸਬਜ਼ੀ ਖਰੀਦਦਾਰਾਂ ਨੂੰ ਮੁਫ਼ਤ ਕੱਪੜੇ ਦੇ ਥੈਲੇ ਵੰਡੇ। ਇਹ ਥੈਲੇ ਸੰਸਥਾ ਦੇ ਮੁਫ਼ਤ ਸਿਲਾਈ ਸਿਖਲਾਈ ਕੇਂਦਰ (ਮਾਂ ਸ਼ਾਰਦਾ ਵਿਦਿਆ ਪੀਠ, ਕਾਮਰੇ ਵਾਲਾ ਰੋਡ) ਵਿਖੇ ਸਿਖਲਾਈ ਲੈ ਰਹੀਆਂ ਔਰਤਾਂ ਦੁਆਰਾ ਹੱਥੀਂ ਬਣਾਏ ਗਏ ਸਨ। ਇਸ ਮੌਕੇ ਨਾਗਰਿਕਾਂ ਨੂੰ ਪਲਾਸਟਿਕ ਦੇ ਥੈਲਿਆਂ ਦੀ ਵਰਤੋਂ ਬੰਦ ਕਰਨ ਤੇ ਕੱਪੜੇ ਦੇ ਥੈਲਿਆਂ ਵੱਲ ਜਾਣ ਦੀ ਅਪੀਲ ਕੀਤੀ ਗਈ। ਸਮਾਗਮ ਦੇ ਮੁੱਖ ਮਹਿਮਾਨ ਪ੍ਰਸਿੱਧ ਉਦਯੋਗਪਤੀ ਤੇ ਸਮਾਜ ਸੇਵਕ ਚਰਨਜੀਤ ਸਿੰਘ ਧਮੀਜਾ (ਸੋਨੂੰ ਧਮੀਜਾ) ਸਨ, ਜਦੋਂ ਕਿ ਵਿਸ਼ੇਸ਼ ਮਹਿਮਾਨ ਸ਼੍ਰੀ ਬੰਟੀ ਕਠਪਾਲ ਸਨ।ਪ੍ਰੀਸ਼ਦ ਦੇ ਪ੍ਰਧਾਨ ਸ੍ਰੀ ਤਰਸੇਮ ਵਿਖੋਨਾ, ਸਕੱਤਰ ਸੀਏ ਸੰਦੀਪ ਚਲਾਨਾ, ਖਜ਼ਾਨਚੀ ਅਸੀਮ ਥਥਾਈ, ਸੂਬਾ ਮੈਂਬਰ ਪ੍ਰਵੇਸ਼ ਖੰਨਾ ਅਤੇ ਦਵਿੰਦਰ ਕੁੱਕੜ, ਨਰੇਸ਼ ਕੁੱਕੜ, ਸੁਰੇਸ਼ ਗਾਬਾ, ਰੋਸ਼ਨ ਲਾਲ ਅਸੀਜਾ, ਵਾਤਾਵਰਣ ਟੀਮ ਦੇ ਇੰਚਾਰਜ ਲਲਿਤ ਗਾਂਧੀ, ਵਿਨੋਦ ਕੁੱਕੜ, ਬੰਟੀ ਆਹੂਜਾ, ਰਾਜਨ ਡੂਮਰਾ, ਡਾ. ਸ਼ਾਮ ਜੁਨੇਜਾ, ਵਿਪਨ ਵਾਟਸ ਤੇ ਦੀਪਕ ਛਾਬੜਾ ਵੀ ਮੌਜੂਦ ਸਨ। ਉਨ੍ਹਾਂ ਨੇ ਇਕੱਠੇ ਹੋ ਕੇ ਨਾਗਰਿਕਾਂ ਨੂੰ ਕੱਪੜੇ ਦੇ ਬੈਗ ਵੰਡੇ ਤੇ ਵਾਤਾਵਰਣ ਸੰਭਾਲ ਦਾ ਸੰਦੇਸ਼ ਦਿੱਤਾ। ਉਨ੍ਹਾਂ ਨਾਗਰਿਕਾਂ ਨੂੰ ਪਲਾਸਟਿਕ ਦਾ ਪੂਰੀ ਤਰ੍ਹਾਂ ਬਾਈਕਾਟ ਕਰਨ, ਕੱਪੜੇ ਦੇ ਥੈਲੇ ਅਪਣਾਉਣ ਅਤੇ ਇਸ ਮੁਹਿੰਮ ਦਾ ਹਿੱਸਾ ਬਣਨ ਦੀ ਅਪੀਲ ਕੀਤੀ।

## ਸਫ਼ਾਈ ਸੇਵਕਾਂ ਦਾ ਰੋਸ ਤਿੱਖਾ, ਮੁੱਖ ਮੰਤਰੀ ਦਾ ਪੁਤਲਾ ਫੂਕਿਆ



**ਭਵਾਨੀਗੜ੍ਹ (ਰਾਜ ਖੁਰਮੀ)**-ਬਠਿੰਡਾ-ਚੰਡੀਗੜ੍ਹ ਨੈਸ਼ਨਲ ਹਾਈਵੇ 'ਤੇ ਚੱਲ ਰਹੇ ਸਫ਼ਾਈ ਸੇਵਕਾਂ ਦੇ ਧਰਨੇ ਨੇ ਉਸ ਵੇਲੇ ਹੋਰ ਤੀਬਰ ਰੂਪ ਧਾਰ ਲਿਆ, ਜਦੋਂ ਪ੍ਰਦਰਸ਼ਨਕਾਰੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕ ਕੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਪ੍ਰਦਰਸ਼ਨਕਾਰੀਆਂ ਨੇ ਸਰਕਾਰ 'ਤੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਅਣਡਿੱਠਾ ਕਰਨ ਦਾ ਦੋਸ਼ ਲਗਾਉਂਦਿਆਂ ਚੇਤਾਵਨੀ ਦਿੱਤੀ ਕਿ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਲਗਾਤਾਰ ਜਾਰੀ ਰਹੇਗਾ।ਧਰਨੇ ਨੂੰ ਸੰਬੋਧਨ ਕਰਦਿਆਂ ਪਟਿਆਲਾ ਤੋਂ ਪਹੁੰਚੇ ਆਗੂਆਂ, ਬਲਾਕ ਨਾਭਾ ਦੇ ਅਹੁਦੇਦਾਰਾਂ ਤੇ ਸੁਨੀਲ ਭਵਾਨੀਗੜ੍ਹ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਨਾਲ ਵਿਤਕਰਾ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਕੱਚੇ ਅਤੇ ਠੇਕੇ 'ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਮੁੜ ਲਾਗੂ ਕੀਤੀ ਜਾਵੇ ਤੇ ਮੁਲਾਜ਼ਮਾਂ ਦਾ ਬਣਦਾ ਮਹਿੰਗਾਈ ਭੱਤਾ (ਡੀ.ਏ.) ਤੁਰੰਤ ਜਾਰੀ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਜਦੋਂ ਤੱਕ ਸਰਕਾਰ ਮੰਗਾਂ ਨਹੀਂ ਮੰਨਦੀ, ਉਦੋਂ ਤੱਕ ਸੰਘਰਸ਼ ਤੇ ਧਰਨੇ ਜਾਰੀ ਰਹਿਣਗੇ।

## ਬਸਪਾ ਆਗੂ ਗੁਰਮੇਲ ਸਿੰਘ ਤੇ ਜਗਤਾਰ ਸਿੰਘ ਅਕਾਲੀ ਦਲ 'ਚ ਸ਼ਾਮਲ



**ਸਮਾਣਾ (ਇਕਬਾਲ ਸਿੰਘ ਬੱਲ)**-ਹਲਕਾ ਸਮਾਣਾ ਦੀ ਰਾਜਨੀਤੀ ਵਿੱਚ ਉਸ ਸਮੇਂ ਨਵਾਂ ਮੋੜ ਆ ਗਿਆ, ਜਦੋਂ ਪਿੰਡ ਬਿਸ਼ਨਪੁਰਾ ਦੇ ਬਸਪਾ ਆਗੂ ਗੁਰਮੇਲ ਸਿੰਘ ਤੇ ਜਗਤਾਰ ਸਿੰਘ ਨੇ ਬਸਪਾ ਨੂੰ ਅਲਵਿਦਾ ਕਹਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਲਿਆ।ਦੋਵੇਂ ਆਗੂ ਜਥੇਦਾਰ ਜਗਮੀਤ ਸਿੰਘ ਹਰਿਆਊ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ।ਇਸ ਮੌਕੇ ਉਨ੍ਹਾਂ ਦਾ ਪਾਰਟੀ ਵਿੱਚ ਨਿੱਘਾ ਸਵਾਗਤ ਕੀਤਾ ਗਿਆ।ਨਵੇਂ ਸ਼ਾਮਲ ਹੋਏ ਆਗੂਆਂ ਨੇ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਤੇ ਲੀਡਰਸ਼ਿਪ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਪਾਰਟੀ ਨੂੰ ਹਲਕਾ ਸਮਾਣਾ ਵਿੱਚ ਹੋਰ ਮਜ਼ਬੂਤ ਬਣਾਉਣ ਲਈ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਨਗੇ।ਜਥੇਦਾਰ ਜਗਮੀਤ ਸਿੰਘ ਹਰਿਆਊ ਨੇ ਦੋਵੇਂ ਆਗੂਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਹਲਕਾ ਸਮਾਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤੀ ਮਿਲੇਗੀ।

## ਨੀਟ ਤੇ ਜੇ ਈ ਈ 'ਚ ਪ੍ਰਾਪਤੀ ਕਰਨ ਵਾਲੇ ਵਿਦਿਆਰਥੀ ਸਨਮਾਨਤ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹੈਲਿਕਸ ਆਕਸਫੋਰਡ ਸਮਾਰਟ ਸਕੂਲ ਪਾਤੜਾਂ ਵੱਲੋਂ ਵਿਦਿਆਰਥੀਆਂ ਨੇ ਜੇ ਈ ਈ ਐਡਵਾਂਸਡ ਤੇ ਨੀਟ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣਾ ਅਤੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਅਮਰਜੋਤ ਕੌਰ ਨੇ ਕਿਹਾ ਕਿ ਇਸ ਸਾਲ ਹੋਈ ਨੀਟ ਦੀ ਪ੍ਰੀਖਿਆ ਵਿੱਚੋਂ ਸਕੂਲ ਦੀ ਵਿਦਿਆਰਥਣ ਦਿਕਸ਼ਾ ਰਾਣੀ ਨੇ 99 ਫੀਸਦੀ ਅੰਕ ਪ੍ਰਾਪਤ ਕੀਤੇ ਹਨ।ਜੇ ਈ ਈ ਐਡਵਾਂਸ ਦੀ ਹੋਈ ਪ੍ਰੀਖਿਆ ਵਿੱਚ ਪੂਰਵ ਗੋਇਲ ਨੇ ਆਈ ਆਈ ਟੀ (ਬੀ ਐੱਚ ਯੂ) ਵਾਰਾਨਸੀ ਜਾਂ ਹੇਜ਼ਲ ਆਈ ਆਈ ਟੀ ਮਦਰਾਸ, ਪ੍ਰਿਆਂਸ਼ੂ ਐੱਨ ਆਈ ਟੀ ਜਲੰਧਰ, ਪਾਰਥ ਐੱਨ ਆਈ ਟੀ ਜਲੰਧਰ ਵਿਖੇ ਦਾਖ਼ਲਾ ਪ੍ਰਾਪਤ ਕਰਕੇ ਸਕੂਲ ਤੇ ਪਾਤੜਾਂ ਵਾਸੀਆਂ ਦਾ ਮਾਣ ਵਧਾਇਆ ਹੈ।ਉਨ੍ਹਾਂ ਕਿਹਾ ਕਿ ਨਤੀਜੇ ਅਧਿਆਪਕਾਂ ਦੀ ਦ੍ਰਿੜ੍ਹਤਾ, ਵਿਦਿਆਰਥੀਆਂ ਦੀ ਸਮਰਪਤ ਅਧਿਐਨ ਦਾ ਪਰਿਣਾਮ ਹਨ।ਸਕੂਲ ਦੇ ਡਾਇਰੈਕਟਰ ਦਵਿੰਦਰ ਕੌਰ ਨੇ ਵਧੀਆ ਨਤੀਜਿਆਂ ਲਈ ਵਿਦਿਆਰਥੀਆਂ ਦੀ ਲਗਨ, ਅਧਿਆਪਕਾਂ ਦੀ ਮਿਹਨਤ ਤੇ ਮਾਪਿਆਂ ਦੇ ਸਹਿਯੋਗ ਦਾ ਵੱਡਾ ਯੋਗਦਾਨ ਦੱਸਦਿਆਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਪੈਨਸ਼ਨਰਾਂ ਵੱਲੋਂ ਸੂਬਾ ਪੱਧਰੀ ਵਿਸ਼ਾਲ ਹੱਲਾ ਬੋਲ ਰੈਲੀ ਸੰਗਰੂਰ 'ਚ 29 ਨੂੰ

### ਪ੍ਰਬੰਧਕੀ ਕਮੇਟੀ ਨੇ ਸੂਬਾਈ ਰੈਲੀ ਦੀਆਂ ਤਿਆਰੀਆਂ ਕੀਤੀਆਂ ਮੁਕੰਮਲ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਪੰਜਾਬ ਗੌਰਮਿੰਟ ਪੈਨਸ਼ਨਰ ਜੁਆਇੰਟ ਫਰੰਟ ਦੇ ਸੱਦੇ 'ਤੇ ਸੰਗਰੂਰ ਦੀ ਨਵੀਂ ਅਨਾਜ ਮੰਡੀ ਵਿਖੇ 29 ਜੁਲਾਈ ਨੂੰ ਕੀਤੀ ਜਾਣ ਵਾਲੀ ਵਿਸ਼ਾਲ ਰੋਸ ਰੈਲੀ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਕੋਠੀ ਵੱਲ ਮਾਰਚ ਕਰਨ ਲਈ ਜ਼ਿਲ੍ਹਾ ਪੱਧਰੀ ਰੈਲੀ ਸੰਬੰਧੀ ਬਣਾਈ ਪ੍ਰਬੰਧਕੀ ਕਮੇਟੀ ਦੀ ਇਕ ਅਹਿਮ ਮੀਟਿੰਗ ਪੰਜਾਬ ਸਟੇਟ ਪੈਨਸ਼ਨਰ ਕਨਫੈਡਰੇਸ਼ਨ ਦੇ ਸੂਬਾਈ ਮੁੱਖ ਬੁਲਾਰੇ ਤੇ ਪੈਨਸ਼ਨਰ ਵੈੱਲਫੇਅਰ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਅਰੋੜਾ, ਪੈਨਸ਼ਨਰ ਐਸੋਸੀਏਸ਼ਨ ਪੰਜਾਬ ਸਟੇਟ ਪਾਵਰ ਐਂਡ ਟਰਾਂਸਮਿਸ਼ਨ ਕਾਰਪੋਰੇਸ਼ਨ (ਬਿਜਲੀ ਬੋਰਡ) ਦੇ ਸੂਬਾ ਪ੍ਰਧਾਨ ਅਵਿਨਾਸ਼ ਸ਼ਰਮਾ, ਪੰਜਾਬ ਪੁਲਸ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਿਤਪਾਲ ਸਿੰਘ, ਗੌਰਮਿੰਟ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੇ ਹਰਦੇਵ ਸਿੰਘ ਜਵੰਧਾ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਗੌਰਮਿੰਟ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਯੂਨਿਟ ਸੰਗਰੂਰ ਦੇ ਪ੍ਰਧਾਨ ਭੁਪਿੰਦਰ ਸਿੰਘ ਜੱਸੀ, ਬਿਜਲੀ ਬੋਰਡ ਦੇ ਇੰਦਰਜੀਤ ਸਿੰਘ, ਪੰਜਾਬ ਪੁਲਸ ਵੈੱਲਫੇਅਰ ਦੇ ਸੁਰੇਸ਼ ਸ਼ਰਮਾ ਤੇ ਧੂਰੀ ਪੈਨਸ਼ਨਰ ਵੈੱਲਫੇਅਰ ਦੇ ਕੁਲਵੰਤ ਸਿੰਘ ਧੂਰੀ ਵੱਲੋਂ ਸ਼ਮੂਲੀਅਤ ਕੀਤੀ ਗਈ।ਮੀਟਿੰਗ ਵਿੱਚ ਵੱਖ-ਵੱਖ ਬੁਲਾਰਿਆਂ ਵੱਲੋਂ ਪੰਜਾਬ ਸਰਕਾਰ ਦੀ ਪੈਨਸ਼ਨਰ ਮਾਰੂ ਨੀਤੀ ਦੀ ਨਿਖੇਧੀ ਕੀਤੀ ਗਈ ਤੇ ਮੰਗਾਂ ਮਨਵਾਉਣ ਲਈ ਤਿੱਖੇ ਸੰਘਰਸ਼ ਕਰਨ ਲਈ ਤਿਆਰ ਰਹਿਣ ਨੂੰ ਕਿਹਾ।29 ਜੁਲਾਈ ਨੂੰ ਹੋਣ ਵਾਲੀ ਸੰਗਰੂਰ ਦੀ ਅਨਾਜ ਮੰਡੀ ਦੇ ਬਾਹਰ ਸ਼ੈੱਡਾਂ ਵਿੱਚ ਹੋਣ ਵਾਲਾ ਪ੍ਰਦਰਸ਼ਨ ਇਕ ਲਾਮਿਸਾਲ ਹੋਵੇਗਾ, ਜਿਸ ਵਿੱਚ ਪੰਜਾਬ ਦੇ ਕੋਨੇ-ਕੋਨੇ 'ਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਪੈਨਸ਼ਨਰ ਆਪਣੇ ਝੰਡੇ ਲੈ ਕੇ ਕਾਫਲਿਆਂ ਦੇ ਰੂਪ ਵਿੱਚ ਸ਼ਮੂਲੀਅਤ ਕਰਨਗੇ।ਇਸ ਸੰਬੰਧੀ ਜ਼ਿਲ੍ਹਾ ਪ੍ਰਬੰਧਕੀ ਕਮੇਟੀ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਪੈਨਸ਼ਨਰ ਆਗੂਆਂ ਰਾਜ ਕੁਮਾਰ ਅਰੋੜਾ, ਅਵਿਨਾਸ਼ ਸ਼ਰਮਾ, ਪ੍ਰਿਤਪਾਲ ਸਿੰਘ, ਹਰਦੇਵ ਸਿੰਘ ਜਵੰਧਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਨੂੰ ਸਾਢੇ ਚਾਰ ਸਾਲ ਵਿੱਚ ਕੁਝ ਵੀ ਨਹੀਂ ਦਿੱਤਾ ਗਿਆ, ਕੋਈ ਮੰਗ ਨਹੀਂ ਮੰਨੀ ਗਈ, ਜਿਸ ਕਾਰਨ ਪੰਜਾਬ ਦੇ ਸਮੁੱਚੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਤੇ ਪੈਨਸ਼ਨਰ ਆਉਣ ਵਾਲੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਬਕ ਸਖਾਉਣਗੇ।ਪੈਨਸ਼ਨਰ ਆਗੂ ਭੁਪਿੰਦਰ ਸਿੰਘ ਜੱਸੀ, ਇੰਦਰਜੀਤ ਸਿੰਘ, ਕੁਲਵੰਤ ਸਿੰਘ ਧੂਰੀ, ਸੁਰੇਸ਼ ਕੁਮਾਰ ਸ਼ਰਮਾ ਨੇ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ।ਇਸ ਮੌਕੇ ਗੌਰਮਿੰਟ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਯੂਨਿਟ ਸੰਗਰੂਰ ਦੇ ਜਨਰਲ ਸਕੱਤਰ ਅਵਿਨਾਸ਼ ਸ਼ਰਮਾ, ਪੈਨਸ਼ਨਰ ਆਗੂ ਗੁਰਇੰਦਰਪਾਲ ਸਿੰਘ, ਸੁਰਿੰਦਰ ਸਿੰਘ ਸੋਢੀ, ਕੰਵਲਜੀਤ ਸਿੰਘ, ਕਿਸ਼ੋਰੀ ਲਾਲ, ਓਮ ਪ੍ਰਕਾਸ਼ ਖਿੱਪਲ ਆਦਿ ਮੌਜੂਦ ਸਨ।

## ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ ਵਿਖੇ ਮੈਂਗੋ ਡੇਅ ਮਨਾਇਆ

**ਜਗਰਾਉਂ (ਅਮਿਤ ਖੰਨਾ)**-ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨੰਨ੍ਹੇ-ਮੁੰਨ੍ਹੇ ਨਰਸਰੀ ਕਲਾਸ ਦੇ ਬੱਚਿਆਂ ਲਈ ਗਰਮੀ ਦੀ ਰੁੱਤ ਹੋਰ ਵੀ ਮਜ਼ੇਦਾਰ ਬਣਾਉਣ ਲਈ 'ਮੈਂਗੋ ਡੇਅ' ਮਨਾਇਆ ਗਿਆ। ਨਰਸਰੀ ਕਲਾਸ ਦੇ ਨੰਨ੍ਹੇ-ਮੁੰਨ੍ਹੇ ਬੱਚੇ ਪੀਲੇ ਰੰਗ ਦੇ ਪਹਿਰਾਵੇ ਵਿੱਚ ਬਹੁਤ ਹੀ ਖ਼ੂਬਸੂਰਤ ਲੱਗ ਰਹੇ ਸਨ।ਇਸ ਤੋਂ ਇਲਾਵਾ ਬੱਚਿਆਂ ਦੁਆਰਾ ਅੰਬ ਦਾ ਫਲ ਲਿਆਂਦਾ ਗਿਆ ਤੇ ਬੱਚਿਆਂ ਨੂੰ ਪੀਲੇ ਰੰਗ ਦੀ ਪਛਾਣ ਕਰਾਈ ਗਈ ਅਤੇ ਪੀਲੇ ਰੰਗ ਦੇ ਫੁੱਲਾਂ ਜਿਵੇਂ ਮੈਰੀਗੋਲਡ, ਸਨਫਲਾਵਰ ਆਦਿ ਦੀ ਵੀ ਪਛਾਣ ਕਰਾਈ ਗਈ।ਇਸ ਤੋਂ ਇਲਾਵਾ ਬੱਚਿਆਂ ਨੂੰ ਪੀਲੇ ਰੰਗ ਦੇ ਫ਼ਲਾਂ ਅਤੇ ਫ਼ਲਾਂ ਨਾਲ ਸੰਬੰਧਿਤ ਵੱਖਰੀਆਂ-ਵੱਖਰੀਆਂ ਕਵਿਤਾਵਾਂ ਵੀ ਪੜ੍ਹਾਈਆਂ ਗਈਆਂ। ਪ੍ਰਿੰਸੀਪਲ ਮੈਡਮ ਮਿਸਿਜ਼ ਮੋਨਾ ਠਾਕੁਰ ਤੇ ਸਮੂਹ ਮੈਨੇਜਮੈਂਟ ਦੁਆਰਾ ਬੱਚਿਆਂ ਦੇ ਸੋਹਣੇ ਪਹਿਰਾਵੇ ਨੂੰ ਵੀ ਸਲਾਹਿਆ ਗਿਆ ਅਤੇ ਨਾਲ ਹੀ ਬੱਚਿਆਂ ਨੂੰ ਗਰਮੀ ਤੋਂ ਬਚ ਕੇ ਰਹਿਣ ਲਈ ਪ੍ਰੇਰਿਆ ਗਿਆ ਅਤੇ ਫ਼ਲਾਂ ਤੇ ਸਬਜ਼ੀਆਂ ਦੇ ਮਹੱਤਵ ਬਾਰੇ ਜਾਣੂ ਕਰਾਇਆ ਗਿਆ।ਇਸ ਉਪਰੰਤ ਬੱਚਿਆਂ ਨੂੰ ਮੈਂਗੋ ਤੇ ਫਰੂਟੀਆਂ ਤਕਸੀਮ ਕੀਤੀਆਂ ਗਈਆਂ।

# ਅੰਗਹੀਣਾਂ ਨੂੰ ਬੈਟਰੀ ਸਕੂਟਰੀਆਂ ਤੇ ਵ੍ਹੀਲਚੇਅਰਾਂ ਵੰਡੀਆਂ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਤੇ ਕਲੱਬ ਜਿੱਥੇ ਆਪਣੇ ਪੱਧਰ 'ਤੇ ਜ਼ਰੂਰਤਮੰਦਾਂ ਦੀ ਮਦਦ ਵਾਲੇ ਕਾਰਜ ਕਰ ਰਹੇ ਹਨ, ਉੱਥੇ ਹੀ ਪੰਜਾਬ ਵਕਫ਼ ਬੋਰਡ ਦੇ ਮੈਂਬਰ ਐਡਵੋਕੇਟ ਸ਼ਮਸ਼ਾਦ ਚੌਧਰੀ ਵੱਲੋਂ ਫਰੈਂਡਜ਼ ਹੈਂਡੀਕੈਪਟ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਇੱਕ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ।ਇਸ ਤਹਿਤ ਅੱਧੀ ਦਰਜਨ ਦੇ ਕਰੀਬ ਅੰਗਹੀਣਾਂ ਨੂੰ ਬੈਟਰੀ ਨਾਲ ਚੱਲਣ ਵਾਲੀਆਂ ਸਕੂਟਰੀਆਂ, ਵ੍ਹੀਲ ਚੇਅਰ, ਫੱਟੀਆਂ ਤੇ ਸਟਿੱਕਾਂ ਵੰਡੀਆਂ ਗਈਆਂ।ਐਡਵੋਕੇਟ ਸ਼ਮਸ਼ਾਦ ਚੌਧਰੀ ਵੱਲੋਂ ਜ਼ੁਬੈਰ ਨਗਰ ਸਥਿਤ ਆਪਣੇ ਨਵੇਂ ਵਿਸ਼ਾਲ ਦਫ਼ਤਰ ਵਿਖੇ ਆਯੋਜਿਤ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਉਕਤ ਅੰਗਹੀਣਾਂ ਨੂੰ ਇਹ ਲੋੜੀਂਦੇ ਵਹੀਕਲ ਦੇ ਕੇ ਰਵਾਨਾ ਕੀਤਾ ਗਿਆ।ਐਡਵੋਕੇਟ ਸ਼ਮਸ਼ਾਦ ਚੌਧਰੀ ਨੇ ਕਿਹਾ ਕਿ ਲੋੜਵੰਦ ਲੋਕਾਂ ਦੀ ਸਹਾਇਤਾ ਕਰਨਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ।ਅੰਗਹੀਣ ਵਿਅਕਤੀਆਂ ਨੂੰ ਰੋਜ਼ਾਨਾ ਜੀਵਨ ਵਿੱਚ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਆਪਣੇ ਪੈਰਾਂ ਨਾਲ ਚੱਲਣ-ਫਿਰਨ ਤੋਂ ਅਸਮਰੱਥ ਅੰਗਹੀਣ ਮਰਦ-ਔਰਤਾਂ ਤੇ ਬੱਚੇ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ 'ਤੇ ਜਾਣ ਲਈ ਹਮੇਸ਼ਾ ਦੂਜਿਆਂ 'ਤੇ ਨਿਰਭਰ ਹੁੰਦੇ ਹਨ, ਜਿਸ ਕਾਰਨ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਐਡਵੋਕੇਟ ਸ਼ਮਸ਼ਾਦ ਚੌਧਰੀ ਨੇ ਕਿਹਾ ਕਿ ਅਮੀਰ ਪਰਿਵਾਰਾਂ ਨਾਲ ਸਬੰਧ ਰੱਖਣ ਵਾਲੇ ਅੰਗਹੀਣਾਂ ਦੀ ਸਹਾਇਤਾ ਲਈ ਤਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਹੈਲਪਰ ਰੱਖਣ ਤੋਂ ਇਲਾਵਾ ਮਹਿੰਗੇ ਵਹੀਕਲ ਦਾ ਪ੍ਰਬੰਧ ਵੀ ਕਰ ਦਿੰਦੇ ਹਨ, ਪ੍ਰੰਤੂ ਗਰੀਬ ਤੇ ਮੱਧ ਵਰਗ ਨਾਲ ਸਬੰਧਤ ਅੰਗਹੀਣਾਂ ਦੇ ਪਰਿਵਾਰ ਅਜਿਹੀਆਂ ਸਹੂਲਤਾਂ ਮੁਹੱਈਆ ਨਹੀਂ ਕਰ ਸਕਦੇ, ਜਿਸ ਕਾਰਨ ਇਹ ਲੋਕ ਆਪਣੇ ਪੈਰਾਂ 'ਤੇ 'ਚੱਲਣ-ਫਿਰਨ ਦੇ ਯੋਗ ਬਣਨ ਲਈ ਸਮਾਜ ਸੇਵੀ ਸੰਸਥਾਵਾਂ 'ਤੇ ਟੇਕ ਲਾਈ ਰੱਖਦੇ ਹਨ।ਐਡਵੋਕੇਟ ਸ਼ਮਸ਼ਾਦ ਨੇ ਕਿਹਾ ਕਿ ਇਨ੍ਹਾਂ ਹਾਲਾਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਹੀ ਅੱਜ ਇਨ੍ਹਾਂ ਲੋੜਵੰਦਾਂ ਨੂੰ ਬੈਟਰੀ ਨਾਲ ਚੱਲਣ ਵਾਲੀਆਂ ਸਕੂਟਰੀਆਂ ਮੁਹੱਈਆ ਕਰਾਈਆਂ ਗਈਆਂ ਹਨ।ਹੁਣ ਇਹ ਅੰਗਹੀਣ ਵਿਅਕਤੀ ਪੂਰੀ ਤਰ੍ਹਾਂ ਦੂਜਿਆਂ 'ਤੇ ਨਿਰਭਰ ਨਹੀਂ ਰਹਿਣਗੇ, ਸਗੋਂ ਆਪਣੀਆਂ ਇਨ੍ਹਾਂ ਸਕੂਟਰੀਆਂ ਰਾਹੀਂ ਜਿੱਥੇ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਆ ਜਾ ਸਕਣਗੇ, ਉੱਥੇ ਹੀ ਆਪਣਾ ਕੋਈ ਛੋਟਾ-ਮੋਟਾ ਕਾਰੋਬਾਰ ਵੀ ਕਰ ਸਕਣ।

# ਨਰੇਗਾ ਮੁਲਾਜ਼ਮਾਂ ਤੇ ਵਿਦਿਆਰਥੀਆਂ 'ਤੇ ਕੀਤੇ ਗਏ ਤਸ਼ੱਦਦ ਦੀ ਜਥੇਬੰਦੀਆਂ ਨੇ ਕੀਤੀ ਸਖਤ ਨਿਖੇਧੀ



**ਕੋਟਕਪੂਰਾ (ਰਛਪਾਲ ਭੁੱਲਰ)** ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਮੁੱਖ ਜਥੇਬੰਦਕ ਸਕੱਤਰ ਜਗਦੀਸ਼ ਸਿੰਘ ਚਾਹਲ,ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਤੇ ਸੂਬਾਈ ਆਗੂ ਰਣਦੀਪ ਸਿੰਘ ਫਤਿਹਗੜ੍ਹ ਸਾਹਿਬ ਅਤੇ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਜਿੰਦਰ ਪਾਇਲਟ ਤੇ ਵਿੱਤ ਸਕੱਤਰ ਨਵੀਨ ਸਚਦੇਵਾ ਨੇ ਪੰਜਾਬ ਪੁਲਸ ਵੱਲੋਂ ਪਿਛਲੇ ਦਿਨੀਂ ਖੰਨਾ ਸ਼ਹਿਰ 'ਚ ਦੋ ਵਾਰ ਨਰੇਗਾ ਮੁਲਾਜ਼ਮਾਂ ਤੇ ਉਨ੍ਹਾਂ ਦੀ ਹਮਾਇਤ ਵਿੱਚ ਗਏ ਮਜ਼ਦੂਰਾਂ 'ਤੇ ਕੀਤੇ ਗਏ ਪੁਲਸ ਲਾਠੀਚਾਰਜ ਦੀ ਤੇ ਬੀਤੇ ਕੱਲ੍ਹ ਦਿੱਲੀ ਪੁਲਿਸ ਵੱਲੋਂ ਵਿਦਿਆਰਥੀਆਂ ਤੇ ਨੌਜਵਾਨਾਂ ਉੱਪਰ ਕੀਤੇ ਗਏ ਅੰਨ੍ਹੇਵਾਹ ਪੁਲਸ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦਿੱਲੀ ਪੁਲਿਸ ਵੱਲੋਂ ਵਿਦਿਆਰਥੀਆਂ ਉਪਰ ਕੀਤਾ ਗਿਆ ਤਸ਼ੱਦਦ ਤਾਂ ਦਿਖਾਈ ਦੇ ਰਿਹਾ ਹੈ, ਪਰ ਪੰਜਾਬ ਵਿਚ ਆਪਣੀ ਹੁਕਮਰਾਨ ਸਰਕਾਰ ਵੱਲੋਂ ਪੰਜਾਬ ਅੰਦਰ ਹਰ ਰੋਜ਼ ਵੱਖ-ਵੱਖ ਵਰਗਾਂ ਅਤੇ ਨਰੇਗਾ ਮੁਲਾਜ਼ਮਾਂ 'ਤੇ ਪੰਜਾਬ ਪੁਲਿਸ ਵੱਲੋਂ ਦੋ ਵਾਰ ਖੰਨਾ ਸ਼ਹਿਰ ਵਿੱਚ ਕੀਤੇ ਗਏ ਪੁਲਿਸ ਲਾਠੀਚਾਰਜ ਨੂੰ ਵੇਖਕੇ ਅੱਖਾਂ ਬੰਦ ਕਿਉਂ ਹੋ ਜਾਂਦੀਆਂ ਹਨ? ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਲੋਕਾਂ 'ਤੇ ਲਾਠੀਚਾਰਜ ਕਰਕੇ ਇਨ੍ਹਾਂ ਸੰਘਰਸ਼ਾਂ ਨੂੰ ਦਬਾਉਣ ਦੀ ਬਜਾਏ ਉਨ੍ਹਾਂ ਲਈ ਗਾਰੰਟੀਸ਼ੁਦਾ ਰੁਜ਼ਗਾਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਆਗੂਆਂ ਨੇ ਕਿਹਾ ਕਿ ਇਸ ਤਰ੍ਹਾਂ ਹੀ ਕੇਂਦਰ ਸਰਕਾਰ ਵੱਲੋਂ ਸਮਾਜਿਕ ਕਾਰਕੁਨ ਸੋਨਮ ਵਾਂਗਚੁੱਕ ਵੱਲੋਂ ਸ਼ਾਂਤਮਈ ਢੰਗ ਨਾਲ ਸ਼ੁਰੂ ਕੀਤੇ ਗਏ ਮਰਨ ਵਰਤ ਨੂੰ ਜ਼ਬਰਨ ਖਤਮ ਕਰਵਾਉਣ ਦੀ ਸਖਤ ਨਿਖੇਧੀ ਕੀਤੀ ਹੈ।

## ਦੋ ਪਿਸਤੌਲਾਂ ਤੇ ਕਾਰਤੂਸਾਂ ਸਮੇਤ ਦੋ ਗ੍ਰਿਫ਼ਤਾਰ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਨਾਕੇਬੰਦੀ ਦੌਰਾਨ ਨਾਮੀ ਗੈਂਗਸਟਰ ਅਰਸ਼ਦੀਪ ਸਿੰਘ ਉਰਫ਼ 'ਅਰਸੀ' ਵਾਸੀ ਬਖ਼ਤਗੜ੍ਹ ਤੇ ਉਸ ਦੇ ਸਾਥੀ ਗੁਰਸ਼ਰਨ ਸਿੰਘ ਵਾਸੀ ਰੌਂਤਾ (ਜ਼ਿਲ੍ਹਾ ਮੋਗਾ) ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ।ਪੁਲਸ ਨੇ ਦੋਵਾਂ ਦੇ ਕਬਜ਼ੇ ਵਿੱਚੋਂ ਇੱਕ .32 ਬੋਰ ਪਿਸਤੌਲ, ਇੱਕ .30 ਬੋਰ ਪਿਸਤੌਲ ਤੇ ਜਿੰਦੇ ਕਾਰਤੂਸ ਬਰਾਮਦ ਕੀਤੇ ਹਨ।ਡੀਐਸਪੀ ਸਤਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਮੁੱਖ ਅਫ਼ਸਰ ਇੰਸਪੈਕਟਰ ਕੁਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਲੁਧਿਆਣਾ-ਬਰਨਾਲਾ ਮੁੱਖ ਮਾਰਗ 'ਤੇ ਕਸਬਾ ਮਹਿਲ ਕਲਾਂ ਦੇ ਬੰਦ ਪਏ ਟੋਲ ਪਲਾਜ਼ਾ ਨੇੜੇ ਵਿਸ਼ੇਸ਼ ਨਾਕਾਬੰਦੀ ਕੀਤੀ ਗਈ ਸੀ।ਪੁਲਸ ਨੂੰ ਸੂਚਨਾ ਮਿਲੀ ਸੀ ਕਿ ਅਰਸ਼ਦੀਪ ਸਿੰਘ ਉਰਫ਼ 'ਅਰਸੀ', ਜਿਸ ਖ਼ਿਲਾਫ਼ ਪਹਿਲਾਂ ਹੀ 10 ਤੋਂ ਵੱਧ ਗੰਭੀਰ ਅਪਰਾਧਿਕ ਮਾਮਲੇ ਦਰਜ ਹਨ, ਆਪਣੇ ਸਾਥੀ ਗੁਰਸਰਨ ਸਿੰਘ ਨਾਲ ਚਿੱਟੇ ਰੰਗ ਦੀ ਵਰਨਾ ਕਾਰ ਰਾਹੀਂ ਮਹਿਲ ਕਲਾਂ ਤੋਂ ਰਾਏਕੋਟ ਵੱਲ ਆ ਰਿਹਾ ਹੈ ਤੇ ਦੋਵਾਂ ਕੋਲ ਨਜਾਇਜ਼ ਹਥਿਆਰ ਹਨ।ਡੀਐਸਪੀ ਨੇ ਦੱਸਿਆ ਕਿ ਨਾਕਾਬੰਦੀ ਦੌਰਾਨ ਸ਼ੱਕੀ ਵਰਨਾ ਕਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ, ਪਰ ਕਾਰ ਸਵਾਰਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ।ਪੁਲਸ ਦੀ ਸੁਚੱਜੀ ਨਾਕਾਬੰਦੀ ਕਾਰਨ ਕਾਰ ਸੜਕ ਕਿਨਾਰੇ ਰੋੜਿਆਂ ਵਿੱਚ ਫਸ ਗਈ।ਇਸ ਦੌਰਾਨ ਇੱਕ ਮੁਲਜ਼ਮ ਨੇ ਪੁਲਿਸ ਪਾਰਟੀ 'ਤੇ ਫਾਇਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਪੁਲਸ ਦੀ ਮੁਸਤੈਦੀ ਕਾਰਨ ਉਹ ਕਾਮਯਾਬ ਨਾ ਹੋ ਸਕਿਆ।ਪੁਲਸ ਨੇ ਦੋਵਾਂ ਮੁਲਜ਼ਮਾਂ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ ਅਤੇ ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ ਦੋ ਪਿਸਤੌਲ ਤੇ ਜਿੰਦੇ ਕਾਰਤੂਸ ਬਰਾਮਦ ਕੀਤੇ।ਥਾਣਾ ਮਹਿਲ ਕਲਾਂ ਵਿਖੇ ਮੁਕੱਦਮਾ ਨੰਬਰ 74 ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁੱਖ ਮੁਲਜ਼ਮ ਅਰਸ਼ਦੀਪ ਸਿੰਘ ਉਰਫ਼ 'ਅਰਸੀ' ਖ਼ਿਲਾਫ਼ ਪਹਿਲਾਂ ਹੀ ਕਈ ਗੰਭੀਰ ਅਪਰਾਧਿਕ ਮਾਮਲੇ ਦਰਜ ਹਨ। ਪੁਲਿਸ ਵੱਲੋਂ ਦੋਵਾਂ ਦੇ ਅਪਰਾਧਿਕ ਰਿਕਾਰਡ, ਉਨ੍ਹਾਂ ਦੇ ਹੋਰ ਸਾਥੀਆਂ, ਹਥਿਆਰਾਂ ਦੇ ਸਰੋਤ ਤੇ ਹੋਰ ਅਪਰਾਧਿਕ ਗਤੀਵਿਧੀਆਂ ਸਬੰਧੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।


**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਨਿਵਿਦਾ ਨੰਬਰ:– 62, 63-2026-27-ADEN-JUC & 64-2026-27-ADEN-I-ASR ਤਾਰੀਕ : 20.07.2026

ਸੀਨੀਅਰ ਮੰਡਲ ਇੰਜੀਨੀਅਰ–ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵੱਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 10.08.2026 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 17.07.2026 | 27.07.2026 | 10.08.2026 15:00 ਵਜੇ |

| ਲ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1 | 62-2026-27-ADEN-JUC | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਸਿਟੀ ਦੇ ਤਹਿਤ ਜਾਲੰਧਰ ਸਿਟੀ- ਬਿਆਸ ਸੈਕਸ਼ਨ ਉਤੇ ਪੁਲ ਨੰਬਰ 58 ਦੇ ਵਖ-ਵਖ ਮੇਹਰਾਵਾਂ ਦੀ ਮੁਰੰਮਤ। |
| 2 | 63-2026-27-ADEN-JUC | ਫਿਰੋਜਪੁਰ ਜਾਲੰਧਰ ਸਿਟੀ, MCTM (ਸ਼ਹੀਦ ਕੈਪਟਨ ਤੁਸ਼ਾਰ ਮੇਹਤਾ) ਅਤੇ SVDK (ਸ੍ਰੀ ਮਾਤਾ ਵੈਸ਼ਨੋ ਦੇਵੀ ਕਟਰਾ) ਵਿਚ ਰਨਿੰਗ ਰੂਮ ਦੀ ਸਮਰਥਾ ਵਧਾਉਣ ਦੇ ਸਿਲਸਿਲੇ ਵਿਚ ਜਲੰਧਰ ਸਿਟੀ ਵਿਚ ਰਨਿੰਗ ਰੂਮ ਦਾ ਵਿਸਤਾਰ ਕੀਤਾ ਜਾ ਰਿਹਾ ਹੈ, ਜਿਸ ਦੇ ਤਹਿਤ 10 ਵਾਧੂ ਕਮਰੇ ਬਣਾਏ ਜਾਣਗੇ। |
| 3 | 64-2026-27-ADEN-I-ASR | ਸਹਾਇਕ ਮੰਡਲ ਇੰਜੀਨੀਅਰ-ਫਸਟ/ਅੰਮ੍ਰਿਤਸਰ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/WS/ ਅੰਮ੍ਰਿਤਸਰ ਦੇ ਸੈਕਸ਼ਨ ਵਿਚ, ਅੰਮ੍ਰਿਤਸਰ ਰੇਲਵੇ ਕਾਲੋਨੀ ਦੇ ਏ, ਬੀ ਅਤੇ ਸੀ ਬਲਾਕ ਵਿਚ ਪਾਣੀ ਦੀ ਸਪਲਾਈ ਜਿਹੀ ਕਰਮਚਾਰੀਆਂ ਦੀਆਂ ਵਖ-ਵਖ ਸੁਵਿਧਾਵਾਂ ਵਿਚ ਸੁਧਾਰ |

| ਲ. | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | ਸਮਾਨ ਨੇਚਰ ਦਾ ਕੰਮ |
|---|---|---|---|---|---|
| 1 | 7499422.81 | 150000.00 | 60 ਦਿਨ | 08 ਮਹੀਨੇ | "ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" |
| 2 | 8024077.24 | 160500.00 | 60 ਦਿਨ | 12 ਮਹੀਨੇ | "ਇਮਾਰਤ / ਆਵਾਸ ਦੀ ਉਸਾਰੀ।" |
| 3 | 24585712.25 | 491700.00 | 60 ਦਿਨ | 12 ਮਹੀਨੇ | "ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 2498/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**CFM thoughtful regeneration**

**ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ**

ਕਾਰਪੋਰੇਟ ਦਫ਼ਤਰ : ਪਹਿਲੀ ਮੰਜ਼ਲ, ਵੇਕਫੀਲਡ ਹਾਊਸ, ਸਪਰੌਟ ਰੋਡ, ਬੈਲਾਰਡ ਈਸਟ, ਮੁੰਬਈ-400038

**ਕਬਜ਼ਾ ਨੋਟਿਸ**

ਅੰਤਿਕਾ IV (ਅਚੱਲ ਜਾਇਦਾਦ ਵਾਸਤੇ) ਰੂਲ 8 (1) ਨਾਲ ਪੜ੍ਹੇ ਜਾਂਦੇ

ਜਦੋਂ ਕਿ ਨਿਮਨਹਸਤਾਖਰੀ ਨੇ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ (ਸੀ ਐੱਫ ਐੱਮ ਏ ਆਰ ਸੀ ਟਰੱਸਟ-181 ਦੇ ਟਰੱਸਟੀ ਦੀ ਹੈਸੀਅਤ 'ਚ ਕਾਰਜਸ਼ੀਲ) ਦਾ ਅਧਿਕਾਰਤ ਅਫ਼ਸਰ ਹੋਣ ਦੇ ਨਾਤੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12), 13(2) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਉਕਤ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ ਨੋਟਿਸ 'ਚ ਦਰਸਾਈ ਰਕਮ 60 ਦਿਨਾਂ ਦੇ ਅੰਦਰ-ਅੰਦਰ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਇਸ ਤੋਂ ਇਲਾਵਾ ਸਰਫੇਸੀ ਐਕਟ 2002 ਦੇ ਸੈਕਸ਼ਨ 5 ਦੀਆਂ ਵਿਵਸਥਾਵਾਂ ਅਧੀਨ ਅੰਮ੍ਰਿਤ ਮਾਲਵਾ ਕੈਪੀਟਲ ਲਿਮਟਿਡ ਅਤੇ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ ਦਰਮਿਆਨ ਮਿਤੀ 01.07.2025 ਨੂੰ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ ਦੇ ਪੱਖ 'ਚ ਅੰਮ੍ਰਿਤ ਮਾਲਵਾ ਕੈਪੀਟਲ ਲਿਮਟਿਡ ਨੇ ਆਪਣੇ ਸਾਰੇ ਅਧਿਕਾਰ, ਸਿਰਲੇਖ ਅਤੇ ਹਿੱਤ ਸਮੁੱਚੀ ਬਕਾਇਆ ਕਰਜ਼ ਸਕਿਉਰਟੀਜ਼ ਸਹਿਤ ਸੌਂਪ ਦਿੱਤੇ ਹਨ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਪਰੋਕਤ ਦਰਸਾਏ "ਕਬਜ਼ੇ ਦੀ ਮਿਤੀ" ਕਾਲਮ ਤਹਿਤ ਉਕਤ ਦਰਸਾਏ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਉਪਰੋਕਤ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਬੈਂਕ ਦੁਆਰਾ ਲਏ ਗਏ ਗਿਰਵੀ ਜਾਇਦਾਦ ਦੇ ਕਬਜ਼ੇ ਦੇ ਨਾਲ-ਨਾਲ ਧਿਰਾਂ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ:-

| ਗਾਹਕ (ਕਰਜ਼ਦਾਰ/ਸਹਿ-ਕਰਜ਼ਦਾਰ ਅਤੇ ਗਰੰਟਰ/ਭਾਈਵਾਲ/ਰਹਿਣਕਾਰ) ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ ਰੁਪਏ 'ਚ | ਕਬਜ਼ੇ ਦੀ ਮਿਤੀ |
|---|---|---|
| 1. ਸੰਦੀਪ ਕੌਰ ਪਤਨੀ ਸੂਬਾ ਸਿੰਘ (ਕਰਜ਼ਦਾਰ)<br>2. ਸਾਹਿਬ ਸਿੰਘ ਪੁੱਤਰ ਸੂਬਾ ਸਿੰਘ (ਸਹਿ-ਕਰਜ਼ਦਾਰ)<br>3. ਗੁਰਪ੍ਰੇਮ ਸਿੰਘ ਪੁੱਤਰ ਸਾਹਿਬ ਸਿੰਘ (ਸਹਿ-ਕਰਜ਼ਦਾਰ)<br>4. ਹਰਵਿੰਦਰ ਸਿੰਘ ਪੁੱਤਰ ਗੁਰਮੇਜ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰ. ਏ ਐੱਮ ਸੀ 0145573 ਅਤੇ ਏ ਐੱਮ ਸੀ 0123217 | ਡਿਮਾਂਡ ਨੋਟਿਸ ਦੀ ਮਿਤੀ : 28-01-2026<br>ਐੱਲ ਏ ਐੱਨ ਨੰ. ਏ ਐੱਮ ਸੀ 0145573 ਵਿਰੁੱਧ 31-12-2025 ਨੂੰ ਰੁਪਏ 3,13,078/- (ਤਿੰਨ ਲੱਖ ਤੇਰਾਂ ਹਜ਼ਾਰ ਅਠੱਤਰ ਰੁਪਏ ਕੇਵਲ) ਅਤੇ ਐੱਲ ਏ ਐੱਨ ਨੰ. ਏ ਐੱਮ ਸੀ 0123217 ਵਿਰੁੱਧ 31-12-2025 ਨੂੰ ਰੁਪਏ 2,95,753/- (ਦੋ ਲੱਖ ਪਚੰਨਵੇਂ ਹਜ਼ਾਰ ਸੱਤ ਸੌ ਤਰਵੰਜਾ ਰੁਪਏ ਕੇਵਲ) | 17.07.2026 |

ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਬੈਨਾਮਾ ਵਸੀਕਾ ਨੰ. 2020-21/136/1/1162 ਮਿਤੀ 17-12-2020 ਅਨੁਸਾਰ ਸ੍ਰੀਮਤੀ ਸੰਦੀਪ ਕੌਰ ਪਤਨੀ ਸ੍ਰੀ ਸਾਹਿਬ ਸਿੰਘ ਪੁੱਤਰ ਸ੍ਰੀ ਸੂਬਾ ਸਿੰਘ ਵਾਸੀ ਮਕਾਨ ਨੰ. 104, ਪਿੰਡ ਢੋਲੇਵਾਲਾ, ਮੋਗਾ, ਪੰਜਾਬ-142042 ਦੇ ਨਾਂਅ ਖੇਵਟ ਨੰ. 126/120 ਖਤੌਨੀ ਨੰ. 158 ਅਤੇ ਖਸਰਾ ਨੰ. 24//23/3/1 (2-8), ਜਮ੍ਹਾਂਬੰਦੀ ਸਾਲ 2019-2020, ਪਿੰਡ ਢੋਲੇਵਾਲਾ ਵਿਖੇ ਸਥਿਤ, ਹੱਦਬਸਤ ਨੰ. 237, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ। ਹੱਦਾਂ ਸਾਈਟ ਅਨੁਸਾਰ : ਪੂਰਬ : 38'-6" ਸੜਕ ਧਰਮਕੋਟ, ਪੱਛਮ : 38'-6" ਜਗਦੀਸ਼ ਸਿੰਘ, ਉੱਤਰ : 92'-9" ਗੁਰਵਿੰਦਰ ਸਿੰਘ, ਦੱਖਣ : 92'-9" ਗੁਰਵਿੰਦਰ ਸਿੰਘ

ਉਕਤ ਦਰਸਾਏ ਕਰਜ਼ਦਾਰਾਂ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਇਸ ਨੋਟਿਸ ਦੁਆਰਾ ਸਾਵਧਾਨ ਕੀਤਾ ਜਾਂਦਾ ਹੈ ਕਿ ਉਕਤ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਨਾ ਕਰਨ। ਇਸ ਨਾਲ ਕੀਤਾ ਕੋਈ ਵੀ ਲੈਣ-ਦੇਣ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ ਦੇ ਚਾਰਜ ਅਧੀਨ ਹੋਵੇਗਾ, ਜੋ ਕਿ ਇਸ ਨੋਟਿਸ 'ਚ ਦੱਸੀ ਰਕਮ, ਠੇਕਾ ਦਰ 'ਤੇ ਵਿਆਜ, ਅਚਨਚੇਤੀ ਖਰਚੇ, ਲਾਗਤਾਂ ਅਤੇ ਚਾਰਜਜ਼ ਆਦਿ ਉਪਰੋਕਤ ਵੇਰਵਿਆਂ ਵਿੱਚ ਦਰਸਾਈ ਗਈ ਬਕਾਇਆ ਰਕਮ ਦੀ ਕਿਸਮ ਦੀ ਅਗਲੀ ਮਿਤੀ ਤੋਂ ਪੂਰੀ ਅਦਾਇਗੀ ਅਤੇ/ਜਾਂ ਪ੍ਰਾਪਤੀ ਮਿਤੀ ਦੀ ਮਿਤੀ ਤੱਕ। ਇਸ ਤੋਂ ਇਲਾਵਾ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਤਹਿਤ ਸਕਿਉਰਡ ਐੱਸਟ ਦੇ ਪੁਨਰਗ੍ਰਹਿਣ ਲਈ ਉਪਲਬਧ ਸਮੇਂ ਵੱਲ ਦਿਵਾਇਆ ਜਾਂਦਾ ਹੈ।

ਕਿਰਪਾ ਕਰਕੇ ਨੋਟ ਕੀਤਾ ਜਾਵੇ ਕਿ ਦਰਸਾਈਆਂ ਜਾਇਦਾਦਾਂ ਦਾ ਵੇਰਵਾ ਉਕਤ ਦੱਸਿਆ ਗਿਆ ਹੈ।

ਮਿਤੀ : 22.07.2026 ਅਧਿਕਾਰਤ ਅਫ਼ਸਰ, ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ

ਸਥਾਨ : ਪੰਜਾਬ (ਸੀ ਐੱਫ ਐੱਮ ਏ ਆਰ ਸੀ ਟਰੱਸਟ-181 ਦੀ ਹੈਸੀਅਤ ਵਜੋਂ ਕਾਰਜਸ਼ੀਲ)


## ਰਹਿਬਰ ਇੰਸਟੀਚਿਊਟ 'ਚ ਪੋਕਸੋ ਤੇ ਸਾਈਬਰ ਸੁਰੱਖਿਆ ਬਾਰੇ ਕੀਤਾ ਜਾਗਰੂਕ



**ਭਵਾਨੀਗੜ੍ਹ (ਰਾਜ ਖੁਰਮੀ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਸੰਗਰੂਰ ਵੱਲੋਂ ਬੱਚਿਆਂ ਦੀ ਸੁਰੱਖਿਆ, ਪੋਕਸੋ ਐਕਟ ਤੇ ਸਾਈਬਰ ਸੇਫ਼ਟੀ ਸਬੰਧੀ ਚਲਾਈ ਜਾ ਰਹੀ ਵਿਸ਼ੇਸ਼ ਜਾਗਰੂਕਤਾ ਮੁਹਿੰਮ ਤਹਿਤ ਰਹਿਬਰ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਭਵਾਨੀਗੜ੍ਹ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।ਇਸ ਸੈਮੀਨਾਰ ਵਿੱਚ ਵਿਦਿਆਰਥੀਆਂ ਨੂੰ ਡਿਜੀਟਲ ਯੁੱਗ ਵਿੱਚ ਆਪਣੀ ਸੁਰੱਖਿਆ ਤੇ ਕਾਨੂੰਨੀ ਅਧਿਕਾਰਾਂ ਪ੍ਰਤੀ ਸੁਚੇਤ ਰਹਿਣ ਦਾ ਸੰਦੇਸ਼ ਦਿੱਤਾ ਗਿਆ।ਇਹ ਸੈਮੀਨਾਰ ਨਾਲਸਾ ਦੀ ਚਾਈਲਡ ਫਰੈਂਡਲੀ ਲੀਗਲ ਸਰਵਿਸਿਜ਼ ਫਾਰ ਚਿਲਡਰਨ ਸਕੀਮ-2024 ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਮਾਣਯੋਗ ਅਧਿਕਾਰੀਆਂ ਤੇ ਜਾਗਰੂਕਤਾ ਪ੍ਰੋਗਰਾਮ ਤਹਿਤ ਆਯੋਜਿਤ ਕੀਤਾ ਗਿਆ।ਇਸ ਮੌਕੇ ਰਹਿਬਰ ਗਰੁੱਪ ਆਫ਼ ਇੰਸਟੀਚਿਊਟ ਦੇ ਚੇਅਰਮੈਨ ਡਾ. ਐੱਮ. ਐੱਸ. ਖ਼ਾਨ ਨੇ ਕਿਹਾ ਕਿ ਮੌਜੂਦਾ ਡਿਜੀਟਲ ਦੌਰ ਵਿੱਚ ਬੱਚਿਆਂ ਨੂੰ ਸਾਈਬਰ ਸੁਰੱਖਿਆ ਤੇ ਕਾਨੂੰਨੀ ਜਾਣਕਾਰੀ ਨਾਲ ਲੈਸ ਕਰਨਾ ਸਮੇਂ ਦੀ ਮੁੱਖ ਲੋੜ ਹੈ।ਪ੍ਰਿੰਸੀਪਲ ਰਵਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਜਾਗਰੂਕਤਾ ਸੈਮੀਨਾਰ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਜ਼ਿੰਮੇਵਾਰ, ਸੁਚੇਤ ਤੇ ਸੁਰੱਖਿਅਤ ਨਾਗਰਿਕ ਬਣਾਉਣ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ।ਉਨ੍ਹਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ।

## ਕਪਿਆਲ 'ਚ ਆਧੁਨਿਕ ਜਿੰਮ ਦਾ ਉਦਘਾਟਨ



**ਸੰਗਰੂਰ/ਭਵਾਨੀਗੜ੍ਹ (ਪ੍ਰਵੀਨ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਤੇ ਪਿੰਡਾਂ ਵਿੱਚ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਦੀ ਲੜੀ ਤਹਿਤ, ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਪਿੰਡ ਕਪਿਆਲ ਵਿਖੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਗਏ ਆਧੁਨਿਕ ਮੁੱਖ ਮੰਤਰੀ ਜਿੰਮ ਦਾ ਉਦਘਾਟਨ ਕੀਤਾ ਗਿਆ।ਉਦਘਾਟਨੀ ਸਮਾਰੋਹ ਦੌਰਾਨ ਪਿੰਡ ਵਾਸੀਆਂ ਤੇ ਇਲਾਕਾ ਨਿਵਾਸੀਆਂ ਵੱਲੋਂ ਵਿਧਾਇਕਾ ਦਾ ਭਰਵਾਂ ਸਵਾਗਤ ਕੀਤਾ ਗਿਆ।ਜਿੰਮ ਦਾ ਉਦਘਾਟਨ ਕਰਨ ਉਪਰੰਤ ਭਰਾਜ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਵਿੱਚ ਪ੍ਰਤਿਭਾ ਦੀ ਕੋਈ ਘਾਟ ਨਹੀਂ ਹੈ।ਪਿੰਡਾਂ 'ਚ ਜਿੰਮਾਂ ਦੀ ਸਥਾਪਨਾ ਨਾਲ ਜਿੱਥੇ ਨੌਜਵਾਨਾਂ ਨੂੰ ਆਪਣੀ ਸਿਹਤ ਵੱਲ ਧਿਆਨ ਦੇਣ ਦੀ ਪ੍ਰੇਰਨਾ ਮਿਲੇਗੀ, ਉੱਥੇ ਹੀ ਉਹ ਮਾੜੀ ਸੰਗਤ ਅਤੇ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਦੇ ਖੇਤਰ ਵਿੱਚ ਪਿੰਡ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨਗੇ।ਉਨ੍ਹਾਂ ਦੱਸਿਆ ਕਿ ਸਰਕਾਰ ਹਰ ਪਿੰਡ ਵਿੱਚ ਖੇਡ ਮੈਦਾਨ ਤੇ ਜਿੰਮਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਕਪਿਆਲ ਪਿੰਡ ਦੇ ਸਰਬਪੱਖੀ ਵਿਕਾਸ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਵਿਕਾਸ ਕਾਰਜ ਸ਼ੁਰੂ ਕਰਵਾਏ ਜਾਣਗੇ।ਪਿੰਡ ਦੇ ਸਰਪੰਚ ਹਰਪਾਲ ਸਿੰਘ ਨੇ ਸਮੂਹ ਪਿੰਡ ਵਾਸੀਆਂ ਵੱਲੋਂ ਵਿਧਾਇਕ ਭਰਾਜ ਦਾ ਵਿਸ਼ੇਸ਼ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਪਿੰਡ ਵਿੱਚ 'ਮੁੱਖ ਮੰਤਰੀ ਜਿੰਮ' ਦੀ ਸਥਾਪਨਾ ਨਾਲ ਨੌਜਵਾਨ ਵਰਗ ਵਿੱਚ ਭਾਰੀ ਉਤਸ਼ਾਹ ਹੈ ਅਤੇ ਪਿੰਡ ਦੇ ਵਿਕਾਸ ਲਈ ਪੰਚਾਇਤ ਹਮੇਸ਼ਾ ਤਤਪਰ ਰਹੇਗੀ।


**UMMEED HOUSING FINANCE PVT. LTD**

Registered office at: 2009-2014,20th Floor, Magnum Global Park, Sector-58, Gurugram (Haryana)-122002"

CIN:U65922HR2016PTC057984.

**ਸਰਫੇਸੀ ਐਕਟ ਸੈਕਸ਼ਨ 13(2) ਤਹਿਤ ਡਿਮਾਂਡ ਨੋਟਿਸ**

[illegible]

| ਲੜੀ ਨੰ. | ਕਰਜ਼ਦਾਰ/ਗਾਰੰਟਰ/ਸਹਿ-ਕਰਜ਼ਦਾਰ ਦਾ ਨਾਂ | 1. ਡਿਮਾਂਡ ਨੋਟਿਸ ਦੀ ਮਿਤੀ 2. ਬਕਾਇਆ ਰਕਮ |
|---|---|---|
| 1 | 1. ਹਰਵਿੰਦਰ ਕੌਰ ਪਤਨੀ ਸੁਰੇਸ਼ ਕੁਮਾਰ (ਕਰਜ਼ਦਾਰ) 2. ਵਿਨੋਦ ਕੁਮਾਰ ਪੁੱਤਰ ਸੁਰੇਸ਼ ਕੁਮਾਰ (ਸਹਿ-ਕਰਜ਼ਦਾਰ) [illegible] ਕਰਜ਼ਾ ਇਕਰਾਰਨਾਮਾ ਮਿਤੀ : 30-11-2017 ਕਰਜ਼ਾ ਰਕਮ ਰੁਪਏ : 2072302/- | 15 ਜੁਲਾਈ 2026<br>15 ਜੁਲਾਈ 2026 ਨੂੰ ਰੁਪਏ 19,99,353/- (ਉੱਨੀ ਲੱਖ ਨੜਿੰਨਵੇਂ ਹਜ਼ਾਰ ਤਿੰਨ ਸੌ ਤਰਵੰਜਾ ਰੁਪਏ ਕੇਵਲ) + 16 ਜੁਲਾਈ 2026 ਤੋਂ ਅਗਲਾ ਵਿਆਜ ਅਤੇ ਹੋਰ ਚਾਰਜਿਜ਼ |
| 2 | 1. ਰਾਜ ਕੁਮਾਰ ਪੁੱਤਰ ਓਮ ਪਾਲ ਸਿੰਘ (ਕਰਜ਼ਦਾਰ)<br>2. ਕਾਂਤਾ ਦੇਵੀ ਪਤਨੀ ਰਾਜ ਕੁਮਾਰ (ਸਹਿ-ਕਰਜ਼ਦਾਰ) ਦੋਵੇਂ ਵਾਸੀ 257 ਹੈਲੋ ਮਾਜਰਾ ਚੰਡੀਗੜ੍ਹ-160022, ਨਾਲ ਹੀ : ਮਕਾਨ ਨੰ. ਡੀ 56 ਸੀ ਐੱਸ ਆਈ ਓ ਕਾਲੋਨੀ ਸੈਕਟਰ 30, ਚੰਡੀਗੜ੍ਹ-160036, ਨਾਲ ਹੀ : ਪਿੰਡ ਜਗਤਪੁਰਾ, ਮੁਹਾਲੀ, ਪੰਜਾਬ-160062<br>ਕਰਜ਼ਾ ਨੰ. ਐੱਲ ਐੱਕਸ ਕੇ ਯੂ ਆਰ 02922-230022720<br>ਕਰਜ਼ਾ ਇਕਰਾਰਨਾਮਾ ਮਿਤੀ : 22 ਫਰਵਰੀ 23<br>ਕਰਜ਼ਾ ਰਕਮ ਰੁਪਏ : 47500/- | 16 ਜੁਲਾਈ 2026<br>16 ਜੁਲਾਈ 2026 ਨੂੰ ਰੁਪਏ 4,57,764/- (ਚਾਰ ਲੱਖ ਸਤਵੰਜਾ ਹਜ਼ਾਰ ਸੱਤ ਸੌ ਚੌਹਠ ਰੁਪਏ ਕੇਵਲ) + 17 ਜੁਲਾਈ 2026 ਤੋਂ ਅਗਲਾ ਵਿਆਜ ਅਤੇ ਹੋਰ ਚਾਰਜਿਜ਼ |

ਰਹਿਣ ਕੀਤੀ ਜਾਇਦਾਦ ਦਾ ਵੇਰਵਾ (ਲੜੀ ਨੰ. 1):- ਜਾਇਦਾਦ ਦੇ ਸਾਰੇ ਹਿੱਸੇ ਅਤੇ ਹਿੱਸੇ ਦਾ ਮਾਪ 00 ਬਿਘੇ 03 ਬਿਸਵਾ 03 ਬਿਸਵਾਸੀ, ਖੱਤਾ ਨੰ. 126/178 ਤੋਂ 228, ਖਸਰਾ ਨੰ. 1710/1109/838/5 ਮਿੰਨ (2-3), 1717/839/5 ਮਿੰਨ (0-8), 1729/1181/840 ਮਿੰਨ 5(0-18), 1984/1725/841/7 ਮਿੰਨ (1-15-4), 1904/1725/841/7 ਮਿੰਨ (0-0-13), 1904/1725/841/7 ਮਿੰਨ (0-0-13)1901/841/3(0-0-13), 1902/841/1(0-0-10), 1903/841/1(0-0-10), 1730-31/841/1(0-6-0), 1732/841/2(0-4-0), 1711/839/1(0-4-0), 1734/841/5(0-0-10), 171/839/4(0-4-0), 1714/839/3(0-4-0), 1727/1181/840/1(0-2-0), 741/841/1(0-20), 1898/1702/837/5 ਮਿੰਨ(16-11), 1710/1109/838/5 ਮਿੰਨ(1-3-10), 1717/839/5 ਮਿੰਨ(1-7-7), 1729/1181/840/5 ਮਿੰਨ (0-8-0), 1899/1181/840/1(0-4-0), 1742/841/1 ਮਿੰਨ (0-6-0), 1717/839/5 (0-4-0), 1717/839/5 ਮਿੰਨ (0-2-13), 1704/1109/838/2(0-8-0),1724/1181/840/3(0-4-0),1739/841/3(0-6-10), 1737/841/1(0-4-10),1738/1181/840/2(0-3-0),1708/1109/832/6(0-4-0), 1696/837/1(0-4-0), 1694/837/2(0-4-0), 1181/840/1(0-4), 1726/1181/840/1(0-2), 1740/841/1(0-2), 1696/837/4(0-4), 1698/837/2(0-6), 1701/837/1(10), 1897/1702/837/5/1(0-15), 1898/1702/837/5/2 ਮਿੰਨ(0-9), 1693/837/1(0-12), 1181/840/1(0-4), 1712/839/1(0-4), 1669/837/1(0-4), 1713/839/2(0-2), 1719/1140/840/2(0- 2), 1735/841/6(0-0-12), 1720/1121/840/3(0-5), 1733/841/4(0-4), 1703/1109/838/1(0-2-10), 1705/1104/838/1(0-4), 1706/1109/838/2(0-4), 1707/1109/838/4(0-4), 1736/841/1(0-0-12), 481/2(0-0-10), 1697/837/2(0-3-9), 1725/1181/840/4(0-6-0), 1716/839/1(0-4), 1709/1109/838/1(0-4), 1181/240/2(0-4) ਕਿੱਤੇ 58, ਕੁੱਲ ਜ਼ਮੀਨ ਰਕਬਾ 24 ਵਿਘੇ 04 ਵਿਸਵੇ ਇਸ ਦਾ 54/8080 ਹਿੱਸਾ, ਜੋ ਕਿ 0 ਵਿਘੇ 02 ਬਿਸਵਾ 14 ਬਿਸਵਾਸੀ ਅਤੇ ਖੱਤਾ ਨੰ. 126/211, ਖਸਰਾ ਨੰ. 1693/837/1 (0-12) ਕਿੱਤੇ 01 ਕੁੱਲ ਜ਼ਮੀਨ ਰਕਬਾ 0 ਬਿਘਾ 12 ਬਿਸਵੇ ਇਸ ਦਾ 9/240 ਹਿੱਸਾ ਜੋ ਕਿ 00 ਬਿਘਾ 00 ਬਿਸਵਾਸੀ 09 ਬਿਸਵਾਸੀ (ਕੁੱਲ ਜ਼ਮੀਨ ਰਕਬਾ 00 ਬਿਘਾ 03 ਬਿਸਵਾ, 03 ਬਿਸਵਾਸੀ) ਜਾਇਦਾਦ ਅੰਦਾਜ਼ਨ 157.5 ਵਰਗ ਗਜ਼, ਗਲੀ ਨੰ. 6, ਵਾਰਡ ਨੰ. 1 ਪ੍ਰੀਤ ਕਾਲੋਨੀ, ਮਾਧੋਪੁਰ, ਹੱਦਬਸਤ ਨੰ. 11 ਡੇਰਾਬਸੀ, ਮੋਹਾਲੀ। ਹੱਦਾਂ : ਉੱਤਰ : ਹੋਰ ਮਾਲਕ, ਦੱਖਣ : ਨਰੇਸ਼ ਕੁਮਾਰ, ਪੂਰਬ : ਗਲੀ, ਪੱਛਮ : ਹੋਰ ਮਾਲਕ।

ਰਹਿਣ ਕੀਤੀ ਜਾਇਦਾਦ ਦਾ ਵੇਰਵਾ (ਲੜੀ ਨੰ. 2): ਜਾਇਦਾਦ ਨਾਲ ਸੰਬੰਧਤ ਸਭ ਕੁਝ, ਖਤੌਨੀ ਨੰ. 18/16, 18 ਖਸਰਾ ਨੰ. 16//11/2/1 (2-14), 16//12/1 (4-13) ਕਿੱਤੇ 2 ਰਕਬਾ 7 ਕਨਾਲ 7 ਮਰਲੇ, ਇਸ ਦਾ 5/294 ਹਿੱਸਾ ਬਕਦਰ 0 ਕਨਾਲ 2 ਮਰਲੇ 5 ਸਰਸਾਈ (75 ਵਰਗ ਗਜ਼) ਹੱਦਬਸਤ ਨੰ. 261, ਪਿੰਡ ਜਗਤਪੁਰਾ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਮੋਹਾਲੀ, ਐੱਸ ਏ ਐੱਸ ਨਗਰ। ਹੱਦਾਂ : ਪੂਰਬ : ਗਲੀ, ਪੱਛਮ : ਪਲਾਟ, ਉੱਤਰ : ਗਲੀ, ਦੱਖਣ : ਪਲਾਟ

ਮਿਤੀ 22 ਜੁਲਾਈ 2026 ਅਧਿਕਾਰਤ ਅਫਸਰ, ਸ੍ਰੀ ਗੌਰਵ ਤ੍ਰਿਪਾਠੀ ਮੋਬਾਇਲ-9650055701

ਸਥਾਨ : ਗੁਰੂਗ੍ਰਾਮ ਉਮੀਦ ਹਾਊਸਿੰਗ ਫਾਇਨਾਂਸ ਪ੍ਰਾਈਵੇਟ ਲਿਮਟਿਡ



**AXIS BANK LTD.** ਐਕਸਿਸ ਬੈਂਕ ਲਿਮਟਿਡ, ਬਰਾਂਚ ਦਾ ਪਤਾ : ਰਿਟੇਲ ਐੱਸਟ ਸੈਂਟਰ, ਪਹਿਲੀ ਮੰਜ਼ਲ, ਐੱਸ ਸੀ ਬੀ 5, ਛੋਟੀ ਬਾਰਾਦਰੀ, ਪਟਿਆਲਾ-147001

ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਪਬਲਿਕ ਨੋਟਿਸ**

ਇਹ ਜਨਤਾ ਦੀ ਜਾਣਕਾਰੀ ਹਿੱਤ ਨੋਟਿਸ ਹੈ ਕਿ ਹੇਠਾਂ ਵਰਨਣ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ (ਗਰੰਟਰਾਂ) ਨੇ ਬੈਂਕ ਕੋਲੋਂ ਪ੍ਰਾਪਤ ਕੀਤੀ ਕਰਜ਼ਾ ਸਹੂਲਤ ਉਪਰ ਬਣਦੇ ਵਿਆਜ ਅਤੇ ਮੂਲ ਦੋਵਾਂ ਨੂੰ ਮੋੜਨ ਵਿੱਚ ਅਨੇਕਾਂ ਗਲਤੀਆਂ ਕੀਤੀਆਂ ਹਨ। ਅਜਿਹੇ ਵਿੱਚ ਕਰਜ਼ਿਆਂ ਨੂੰ ਨਾਨ-ਪਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕੀਤਾ ਜਾ ਚੁੱਕਾ ਹੈ। ਕਰਜ਼ਦਾਰ (ਕਰਜ਼ਦਾਰਾਂ) ਨੂੰ ਉਨ੍ਹਾਂ ਦੇ ਆਖਰੀ ਮਲੂਮ ਪਤਿਆਂ ਉਪਰ ਉਪਰੋਕਤ ਵਰਨਣ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਭੇਜੇ ਗਏ ਸਨ, ਪਰ ਇਹ ਨੋਟਿਸ ਬਿਨਾਂ ਤਾਮੀਲ ਵਾਪਸ ਆ ਗਏ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | 1. ਨੋਟਿਸ ਦੀ ਮਿਤੀ 2. ਐੱਨ ਪੀ ਏ ਮਿਤੀ 3. ਬਕਾਇਆ ਰਕਮ (ਡਿਮਾਂਡ ਨੋਟਿਸ ਅਨੁਸਾਰ) |
|---|---|---|
| 1. | ਸ੍ਰੀ ਪਰਸ਼ੂ ਰਾਮ ਸ਼ੁਕਲਾ ਪੁੱਤਰ ਰਕਸ਼ਾ ਰਾਮ ਵਾਸੀ ਮਕਾਨ ਨੰ. 257, ਫੇਜ਼-2 ਬਾਪੂ ਧਾਮ ਕਲੋਨੀ, ਸੈਕਟਰ 26, ਚੰਡੀਗੜ੍ਹ-160019, ਨਾਲ ਹੀ : ਮਕਾਨ ਨੰ. 253 ਏ ਕੇ ਐੱਸ ਕਲੋਨੀ, ਪਿੰਡ ਭਬਾਹ, ਤਹਿ. ਜ਼ੀਰਕਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੋਹਾਲੀ-140603, ਨਾਲ ਹੀ : ਮਕਾਨ ਨੰ. 1213/1, ਮੋਰੀਗੇਟ ਮਨੀਮਾਜਰਾ, ਚੰਡੀਗੜ੍ਹ-160101<br>2. ਸ੍ਰੀਮਤੀ ਸੰਗੀਤਾ ਸ਼ੁਕਲਾ ਪਤਨੀ ਪਰਸ਼ੂ ਰਾਮ ਸ਼ੁਕਲਾ, ਵਾਸੀ ਮਕਾਨ ਨੰ. 1213/1, ਮੋਰੀਗੇਟ ਮਨੀਮਾਜਰਾ, ਚੰਡੀਗੜ੍ਹ-160101, ਨਾਲ ਹੀ : ਮਕਾਨ ਨੰ. 253, ਏ ਕੇ ਐੱਸ ਕਲੋਨੀ, ਪਿੰਡ ਭਵਾਤ, ਤਹਿ. ਜ਼ੀਰਕਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੁਹਾਲੀ-140603 | 1. 15-06-2026<br>2. 03-06-2026<br>3. ਰੁਪਏ 16,96,577/- (ਸੋਲਾਂ ਲੱਖ ਛਿਆਨਵੇਂ ਹਜ਼ਾਰ ਪੰਜ ਸੌ ਸਤੱਤਰ ਰੁਪਏ ਕੇਵਲ) |
| | ਰਹਿਣ ਕੀਤੀ ਜਾਇਦਾਦ ਦਾ ਵੇਰਵਾ :- ਦਸਤਾਵੇਜ਼ ਨੰ. 2021-22/13/1/1641 ਮਿਤੀ 07 ਮਈ 2021 ਅਨੁਸਾਰ ਸ੍ਰੀਮਤੀ ਸੰਗੀਤਾ ਸ਼ੁਕਲਾ ਪਤਨੀ ਪਰਸ਼ੂ ਰਾਮ ਸ਼ੁਕਲਾ ਦੀ ਮਲਕੀਅਤ ਜਾਇਦਾਦ ਦਾ ਉਚਿਤ ਗਿਰਵੀਨਾਮਾ ਸਮੇਤ ਜਾਇਦਾਦ ਜੋ ਕਿ ਮਕਾਨ ਨੰ. 253 'ਤੇ ਬਣਿਆ ਹੋਇਆ, ਏ ਕੇ ਐੱਸ ਕਲੋਨੀ, ਰਕਬਾ 50 ਵਰਗ ਗਜ਼, ਖੇਵਟ/ਖਤੌਨੀ ਨੰ. 397/409, ਖਸਰਾ ਨੰ. 53//17 (8-0), ਕਿੱਤੇ 1, ਜਿਸ 'ਚੋਂ ਉਕਤ ਮਕਾਨ ਦਾ ਹਿੱਸਾ ਹੈ 0 ਕਨਾਲ 01 ਮਰਲੇ 06 ਸਰਸਾਈ ਜੋ ਕਿ ਕੁੱਲ ਜ਼ਮੀਨ 8 ਕਨਾਲ 0 ਮਰਲੇ ਦਾ 15/1440 ਹਿੱਸਾ ਜਮ੍ਹਾਂਬੰਦੀ ਸਾਲ 2017-2018 ਏ ਕੇ ਐੱਸ ਕਲੋਨੀ 'ਚ ਸਥਿਤ, ਪਿੰਡ ਭਬਾਤ, ਹੱਦਬਸਤ ਨੰ. 234, ਐੱਮ ਸੀ ਅਤੇ ਸਬ-ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਐੱਸ ਏ ਐੱਸ ਨਗਰ (ਪੰਜਾਬ) ਨਾਲ ਸੰਬੰਧਤ ਸਭ ਕੁੱਝ। ਹੱਦਾਂ ਬੈਨਾਮੇ ਅਨੁਸਾਰ ਸਾਹਮਣੇ ਵਾਲਾ ਪਾਸਾ : ਸਾਂਝਾ ਰਸਤਾ, ਪਿਛਲਾ ਪਾਸਾ : ਸਾਂਝਾ ਰਸਤਾ ਇੱਕ ਪਾਸਾ : ਮਕਾਨ ਨੰ. 252, ਦੂਜੇ ਪਾਸੇ, ਮਕਾਨ ਨੰ. 253-ਏ | |
| 2. | 1. ਸ੍ਰੀ ਰਵੀ ਕੁਮਾਰ ਪੁੱਤਰ ਧ੍ਰੁਪ ਪ੍ਰਸਾਦ, ਵਾਸੀ ਪਲਾਟ ਨੰ. 25, ਫੇਜ਼ 9, ਇੰਡਸਟ੍ਰੀਅਲ ਏਰੀਆ, ਸੈਕਟਰ 62 ਐੱਸ ਏ ਐੱਸ ਨਗਰ (ਮੁਹਾਲੀ) 160062, ਨਾਲ ਹੀ : ਮਕਾਨ ਨੰ. 65, ਪ੍ਰੀਤ ਇਨਕਲੇਵ, ਅਨਾਜ ਮੰਡੀ ਰੋਡ, ਖਰੜ, ਐੱਸ ਏ ਐੱਸ ਨਗਰ (ਮੁਹਾਲੀ)-140301 2. ਸ੍ਰੀ ਰੋਮਿਲ ਪੁੱਤਰ ਧਰੁਵ ਕੁਮਾਰ, ਪਲਾਟ ਨੰ. 25, ਫੇਜ਼-9, ਇੰਡਸਟ੍ਰੀਅਲ ਏਰੀਆ, ਸੈਕਟਰ 62, ਐੱਸ ਏ ਐੱਸ ਨਗਰ, (ਮੁਹਾਲੀ) 160062, ਨਾਲ ਹੀ : ਮਕਾਨ ਨੰ. 65, ਪ੍ਰੀਤ ਇਨਕਲੇਵ, ਅਨਾਜ ਮੰਡੀ ਰੋਡ, ਖਰੜ, ਐੱਸ ਏ ਐੱਸ ਨਗਰ (ਮੁਹਾਲੀ)-140301 | 1. 15-06-2026<br>2. 08 ਜੂਨ 2026<br>3. ਰੁਪਏ 39,39,152/- (ਉਨਤਾਲੀ ਲੱਖ ਉਨਤਾਲੀ ਹਜ਼ਾਰ ਇੱਕ ਸੌ ਬਵੰਜਾ ਰੁਪਏ ਕੇਵਲ) |
| | ਰਹਿਣ ਕੀਤੀ ਜਾਇਦਾਦ ਦਾ ਵੇਰਵਾ :- ਜਾਇਦਾਦ ਦਾ ਉਚਿਤ ਗਿਰਵੀਨਾਮਾ ਸਮੇਤ ਜਾਇਦਾਦ ਨਾਲ ਸੰਬੰਧਤ ਸਭ ਕੁੱਝ ਜੋ ਕਿ ਰਿਹਾਇਸ਼ੀ ਮਕਾਨ, ਮਕਾਨ ਨੰ. 65 ਨਾਲ ਰਕਬਾ 72 ਵਰਗ ਗਜ਼, ਖੱਤਾ ਨੰ. 1215/1315, ਖਸਰਾ ਨੰ. 70//1/4/2 (1-14), 2/1/2 (3-12), 9/2 (1-5), 10/1 (2-6), ਕਿੱਤੇ 4, 0 ਕਨਾਲ 2-2/5 ਮਰਲੇ ਦਾ ਹਿੱਸਾ ਜੋ ਕਿ ਕੁੱਲ ਜ਼ਮੀਨ 8 ਕਨਾਲ 17 ਮਰਲੇ ਦਾ 240/17700, ਪ੍ਰੀਤ ਇਨਕਲੇਵ ਵਿਖੇ ਸਥਿਤ, ਅਨਾਜ ਮੰਡੀ ਰੋਡ, ਰਕਬਾ ਖਰੜ, ਹੱਦਬਸਤ ਨੰ. 184 ਤਹਿਸੀਲ ਖਰੜ, ਜ਼ਿਲ੍ਹਾ ਐੱਸ ਏ ਐੱਸ ਨਗਰ, (ਪੰਜਾਬ) ਰਾਹੀਂ ਇਸ ਦੇ ਰਜਿਸਟਰਡ ਮਾਲਕ ਸ੍ਰੀ ਰਵੀ ਕੁਮਾਰ ਪੁੱਤਰ ਧਰੁਵ ਪ੍ਰਸਾਦ ਪੁੱਤਰ ਫੱਗੂ ਸ਼ਾਹ ਅਤੇ ਸ੍ਰੀ ਰੋਮਿਲ ਪੁੱਤਰ ਧਰੁਵ ਕੁਮਾਰ ਪੁੱਤਰ ਫੱਗੂ ਸ਼ਾਹ ਬਰਾਬਰ ਹਿੱਸਿਆਂ 'ਚ ਬੈਨਾਮਾ ਨੰ. 2024-25/15/1/4275 ਮਿਤੀ 7 ਜੂਨ 2024 ਅਨੁਸਾਰ। ਹੱਦਾਂ ਬੈਨਾਮੇ ਅਨੁਸਾਰ : ਪੂਰਬ : ਸੜਕ 30 ਫੁੱਟ, ਪੱਛਮ : ਹੋਰ ਮਾਲਕ, ਉੱਤਰ : ਹੋਰ ਮਾਲਕ, ਦੱਖਣ : ਹੋਰ ਮਾਲਕ। | |

ਇਸ ਲਈ, ਇਹ ਜਨਤਕ ਸੂਚਨਾ ਸਿੱਧੇ ਪੱਤਰ ਵਿਹਾਰ ਦੀ ਜਗ੍ਹਾ ਜਾਰੀ ਕੀਤੀ ਜਾਂਦੀ ਹੈ।

ਕਰਜ਼ਦਾਰ (ਕਰਜ਼ਦਾਰਾਂ) ਅਤੇ/ਜਾਂ ਉਨ੍ਹਾਂ ਦੇ ਗਰੰਟਰ (ਗਰੰਟਰਾਂ) ਜਿੱਥੇ ਲਾਗੂਯੋਗ, ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਨਿਕਲਦੀ ਰਕਮ ਜਮ੍ਹਾਂ ਕਰਵਾਉਣ ਦਾ ਸੱਦਾ ਦਿੱਤਾ ਜਾਂਦਾ ਹੈ। ਅਜਿਹਾ ਕਰਨ ਵਿੱਚ ਨਾਕਾਮ ਰਹਿਣ ਦੀ ਸੂਰਤ ਵਿੱਚ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਸਕਿਓਰਿਟੀ ਇੰਟਰੈਸਟ ਐਕਟ, 2002 ਸੈਕਸ਼ਨ 13 ਦੇ ਸਬ-ਸੈਕਸ਼ਨ (4) ਦੇ ਤਹਿਤ 60 ਦਿਨਾਂ ਦਾ ਸਮਾਂ ਲੰਘ ਜਾਣ ਤੋਂ ਬਾਅਦ ਅਗਲੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ।

ਕਰਜ਼ਦਾਰਾਂ ਨੂੰ ਆਪਣੇ ਸਕਿਓਰਡ ਐਸਟਸ ਦੇ ਪੁਨਰਗ੍ਰਹਿਣ ਲਈ ਆਪਣੇ ਅਧਿਕਾਰਾਂ ਵਾਸਤੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦਾ ਵਿਸ਼ੇਸ਼ ਹਵਾਲਾ ਦਿੱਤਾ ਜਾਂਦਾ ਹੈ।

ਮਿਤੀ : 22.07.2026, ਸਥਾਨ : ਪੰਜਾਬ ਸਹੀ/- ਅਧਿਕਾਰਤ ਅਫ਼ਸਰ, ਐਕਸਿਸ ਬੈਂਕ ਲਿਮਟਿਡ

# ਨਾਗਰਾ ਦੇ ਰਿਮਾਂਡ 'ਚ ਇਕ ਦਿਨ ਦਾ ਹੋਰ ਵਾਧਾ



**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**-ਆਪ ਨੇਤਾ ਬਲਵਿੰਦਰ ਸਿੰਘ ਮਿਆਣੀ ਦੇ ਕਤਲ ਕਾਂਡ 'ਚ ਜਿੱਥੇ ਪੰਜਾਬ ਪੁਲਿਸ ਨੇ ਟਾਂਡਾ ਦੇ ਸਾਬਕਾ ਐਸ. ਐਚ. ਓ. ਗੁਰਿੰਦਰ ਸਿੰਘ ਨਾਗਰਾ ਨੂੰ ਗ੍ਰਿਫਤਾਰ ਕਰਕੇ ਜਿੱਥੇ ਤਿੰਨ ਦਿਨ ਦੇ ਰਿਮਾਂਡ ਮਗਰੋਂ ਫਿਰ ਦਸੂਹਾ ਦੀ ਅਦਾਲਤ 'ਚ ਪੇਸ਼ ਕਰਕੇ ਇਕ ਦਿਨ ਦਾ ਹੋਰ ਰਿਮਾਂਡ ਹਾਸਲ ਕੀਤਾ ਉਥੇ ਉਪਰੋਕਤ ਕੇਸ ਦੀ ਜਾਂਚ ਕਰ ਰਹੇ ਐੱਸ ਪੀ ਇਨਵੈਸਟੀਗੇਸ਼ਨ ਵਨੀਤ ਅਹਿਲਾਵਤ ਨੇ ਨਾਗਰਾ ਪਾਸੋਂ ਫੋਨ ਸਮੇਤ ਕੁੱਝ ਹੋਰ ਚੀਜਾਂ ਲੋੜੀਦਿਆਂ ਹੋਣ ਕਾਰਨ ਅਦਾਲਤ ਪਾਸੋਂ ਹੋਰ ਰਿਮਾਂਡ ਦੀ ਗਲ ਕਹੀ। ਉਨ੍ਹਾਂ ਸਪਸ਼ਟ ਕੀਤਾ ਕਿ ਹੁਣ ਤੱਕ ਦੀ ਜਾਂਚ ਵਿਚੋ ਲੱਖਾਂ ਦੀ ਰਿਕਵਰੀ ਹੋਣ ਦੀ ਗਲ ਸਾਹਮਣੇ ਆ ਚੁੱਕੀ ਹੈ।ਜਾਂਚ ਦੇ ਦਾਇਰੇ ਬਾਰੇ ਜ਼ਿਆਦਾ ਕੁੱਝ ਬੋਲਣ ਤੋਂ ਗੁਰੇਜ ਕਰਕੇ ਇਸ ਕੇਸ 'ਚ ਨਾਮਜਦ ਬਲਵਿੰਦਰ ਸਿੰਘ ਦੇ ਕੁੜਮ ਚਰਨਜੀਤ ਸਿੰਘ ਤੇ ਪੁੱਤਰ ਗੁਰਪ੍ਰੀਤ ਸਿੰਘ ਵਲੋਂ ਜੋ ਵੱਖ-ਵੱਖ ਥਾਵਾਂ ਤੇ ਵੱਖ-ਵੱਖ ਵਿਅਕਤੀਆਂ ਨੂੰ ਜੋ ਪੈਸੇ ਘਟਨਾ ਤੋਂ ਪਹਿਲਾਂ ਤੇ ਬਾਅਦ 'ਚ ਟਰਾਂਸਫਰ ਜਾ ਕਿਸੇ ਹੋਰ ਸਰੋਸ ਤੋਂ ਭੇਜੇ ਸਨ ਸੰਬੰਧੀ ਪੁੱਛੇ ਗਏ ਸਵਾਲਾਂ ਬਾਰੇ ਜਾਂਚ ਜਾਰੀ ਹੋਣ ਦੀ ਗਲ ਕਹੀ। ਇਸ ਸਬੰਧੀ ਇਕੱਤਰ ਕੀਤੀ ਜਾਣਕਾਰੀ ਮੁਤਾਬਕ ਅਮਰੀਕਾ ਬੈਠੇ ਚਰਨਜੀਤ ਤੇ ਨਾਗਰਾ ਵਿਚਾਲੇ ਕੜੀ ਦਾ ਕੰਮ ਕਰਨ ਵਾਲੇ ਇਕ ਹੋਰ ਪੁਲਸ ਮੁਲਾਜਮ ਜਿਸ ਨੇ ਕਿ 16 ਲੱਖ ਰੁਪਏ ਜਲੰਧਰ ਤੋਂ ਲਿਆਂਦੇ ਸਨ ਦੇ ਬਿਆਨ ਵੀ ਜਾਂਚ ਅਧਿਕਾਰੀ ਵਲੋਂ ਕਲਮਬੱਧ ਕੀਤੇ ਹਨ ਜਿਸ ਵਿਚ ਉਕਤ ਪੁਲਸ ਦਾ ਹੀ ਮੁਲਾਜਮ ਆਪਣੇ ਆਪ ਨੂੰ ਨਿਰਦੋਸ਼ ਦੱਸ ਰਿਹਾ ਹੈ।

# ਵਿਧਾਇਕ ਨੇ ਲਿੰਕ ਸੜਕ ਦਾ ਰੱਖਿਆ ਨੀਂਹ ਪੱਥਰ



**ਫਿਲੌਰ (ਨਿਰਮਲ)**-ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਸਬ ਡਵੀਜ਼ਨ ਦੇ ਪਿੰਡ ਪਾਲਕਦੀਮ ਵਿਖੇ ਐਨ.ਐਚ.-44 ਤੋਂ ਬੰਗਾ-ਫਿਲੌਰ ਰੋਡ ਨੂੰ ਜੋੜਨ ਵਾਲੀ 6.05 ਕਿਲੋਮੀਟਰ ਲੰਬੀ ਲਿੰਕ ਸੜਕ ਦਾ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਪਹਿਲੀ ਤਰਜੀਹ ਦਿੱਤੀ ਜਾ ਰਹੀ ਹੈ। ਇਹ ਸੜਕ 485.60 ਲੱਖ ਰੁਪਏ ਦੀ ਲਾਗਤ ਨਾਲ ਬਣ ਕੇ ਤਿਆਰ ਹੋਵੇਗੀ।ਇਸ ਮੌਕੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਬੁਨਿਆਦੀ ਢਾਂਚੇ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਇਲਾਕੇ ਦੇ ਪਿੰਡਾਂ ਦੇ ਲੋਕਾਂ ਅਤੇ ਹੋਰ ਆਉਣ-ਜਾਣ ਵਾਲਿਆਂ ਨੂੰ ਆਵਾਜਾਈ ਵਿੱਚ ਵਧੇਰੇ ਸੌਖ ਹੋਵੇਗੀ।

ਇਸ ਮੌਕੇ ਉਨ੍ਹਾਂ ਨਾਲ 'ਆਪ' ਆਗੂ ਹਰਜੋਤ ਕੌਰ ਲੋਹਟੀਆ ਵੀ ਮੌਜੂਦ ਸਨ। ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸੜਕੀ ਨੈੱਟਵਰਕ ਨੂੰ ਮਜ਼ਬੂਤ ਕਰਨ ਲਈ ਸੜਕਾਂ ਦੇ ਨਿਰਮਾਣ ਅਤੇ ਮੁਰੰਮਤ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਟੀਚਾ ਪੰਜਾਬ ਦੇ ਹਰ ਪਿੰਡ ਨੂੰ ਬਿਹਤਰੀਨ ਸੜਕੀ ਨੈੱਟਵਰਕ ਨਾਲ ਜੋੜਨਾ ਹੈ ਤਾਂ ਜੋ ਪੇਂਡੂ ਆਰਥਿਕਤਾ ਨੂੰ ਹੁਲਾਰਾ ਮਿਲ ਸਕੇ।ਇਸ ਤੋਂ ਪਹਿਲਾਂ 'ਆਪ' ਆਗੂ ਹਰਜੋਤ ਕੌਰ ਲੋਹਟੀਆ ਨੇ ਵਿਧਾਇਕ ਕੁਲਦੀਪ ਧਾਲੀਵਾਲ ਦਾ ਪਿੰਡ ਵਿਖੇ ਪਹੁੰਚਣ 'ਤੇ ਸਵਾਗਤ ਕੀਤਾ। ਉਨ੍ਹਾਂ ਇਸ ਸੜਕੀ ਪ੍ਰਾਜੈਕਟ ਲਈ ਪੰਜਾਬ ਸਰਕਾਰ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਪਿੰਡਾਂ ਦੇ ਵੱਡੀ ਗਿਣਤੀ ਲੋਕਾਂ ਨੂੰ ਰਾਹਤ ਮਿਲੇਗੀ।ਇਸ ਮੌਕੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਗੁਰਵਿੰਦਰ ਕੌਰ, ਸਰਪੰਚ ਸਤਪਾਲ ਸਿੰਘ ਤੂਰ ਅਤੇ ਹੋਰ ਸ਼ਖਸੀਅਤਾਂ ਵੀ ਮੌਜੂਦ ਸਨ।

## ਰਾਜ ਕੁਮਾਰ ਅਰੋੜਾ ਖੱਤਰੀ, ਅਰੋੜਾ ਵੈਲਫੇਅਰ ਬੋਰਡ ਦੇ ਚੇਅਰਮੈਨ ਬਣੇ



**ਕਰਤਾਰਪੁਰ (ਹਰਮੇਸ਼ ਦੱਤ)** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ, ਮਾਰਕੀਟ ਕਮੇਟੀ ਜਲੰਧਰ ਦੇ ਸਾਬਕਾ ਚੇਅਰਮੈਨ, ਰਾਜਕੁਮਾਰ ਅਰੋੜਾ ਨੂੰ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਖੱਤਰੀ ਅਰੋੜਾ ਵੈਲਫੇਅਰ ਬੋਰਡ ਕਰਤਾਰਪੁਰ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਉਨ੍ਹਾਂ ਨੇ ਇਸ ਨਿਯੁਕਤੀ ਲਈ ਕਰਤਾਰਪੁਰ ਦੇ ਵਿਧਾਇਕ ਬਲਕਾਰ ਸਿੰਘ, ਅਤੇ ਸਮੁੱਚੀ ਉੱਚ ਲੀਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਕਿਹਾ ਦਿੱਤੀ ਹੋਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਅਤੇ ਖੱਤਰੀ ਅਰੋੜਾ ਬਰਾਦਰੀ ਦੀ ਭਲਾਈ ਲਈ ਹਮੇਸ਼ਾ ਕੰਮ ਕਰਦਾ ਰਹਾਂਗਾ।

## ਖੇਤੀ ਸੰਦਾਂ ਦੀ ਨਿਲਾਮੀ

ਦੀ ਗੰਗਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਿਟਡ ਗੰਗਾ ਵੱਲੋਂ 4 ਅਗਸਤ 2026,ਸਵੇਰੇ 10 ਵਜੇ,ਦਿਨ ਮੰਗਲਵਾਰ ਨੂੰ ਸਭਾ ਦੇ ਦਫਤਰ ਵਿਖੇ ਹੇਠ ਲਿਖੇ ਖੇਤੀ ਸੰਦਾਂ ਦੀ ਨਿਲਾਮੀ ਖੁੱਲੀ ਬੋਲੀ ਰਾਹੀਂ ਕੀਤੀ ਜਾਣੀ ਹੈ। ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ ਖਰੀਦ ਕੀਤੇ ਸੰਦਾਂ ਦੀ 25 ਫੀਸਦੀ ਰਕਮ ਸਬੰਧਿਤ ਕੋਲੋਂ ਮੌਕੇ ਤੇ ਜਮਾਂ ਕਰਵਾਈ ਜਾਵੇਗੀ। ਸੰਦਾਂ ਦਾ ਵੇਰਵਾ ਇਸ ਪ੍ਰਕਾਰ ਹੈ-ਨਰਮਾ ਬਿਜਾਈ ਮਸ਼ੀਨ,ਕਣਕ ਬਿਜਾਈ ਮਸ਼ੀਨ,ਉਲਟਾਂਵੇ ਹਲ, ਕੰਪਿਊਟਰ ਕਰਾਹਾ,ਰੋਟਾਵੇਟਰ ਅਤੇ ਹੈਪੀਸੀਡਰ। ਹੋਰ ਵਧੇਰੇ ਜਾਣਕਾਰੀ ਲਈ ਸਭਾ ਦੇ ਪ੍ਰਧਾਨ/ਮੀਤ ਪ੍ਰਧਾਨ ਨਾਲ ਸੰਪਰਕ ਕਰ ਸਕਦੇ ਹੋ।

ਪ੍ਰਧਾਨ 94174-62262
ਮੀਤ ਪ੍ਰਧਾਨ 98789-66702
ਦੀ ਗੰਗਾ ਬਹੁਮਤ ਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਿਟਿਡ, ਪਿੰਡ ਗੰਗਾ (ਨਥਾਣਾ)

## ਜਨਤਕ ਨੋਟਿਸ

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ। ਕਿ ਗ੍ਰਾਮ ਪੰਚਾਇਤ ਸੈਦੋਪੱਟੀ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਪੰਚਾਇਤ ਦੇ 2 ਪਲਾਟ (ਬਰਾਨੀ) ਜ਼ਮੀਨ 7 ਸਾਲ ਲਈ ਲੀਜ਼ 'ਤੇ ਦੇਣ ਵਾਸਤੇ ਬੋਲੀ ਰੱਖੀ ਗਈ ਹੈ। ਕੋਈ ਵੀ ਇਸ ਵਿੱਚ ਬੋਲੀ ਦੇ ਸਕਦਾ ਹੈ ਬਾਕੀ ਸ਼ਰਤਾਂ ਮੌਕੇ 'ਤੇ ਦੱਸੀਆ ਜਾਣਗੀਆਂ। ਬੋਲੀ 30-07-2026 ਸਵੇਰੇ 11:00 ਵਜੇ ਹੋਵੇਗੀ। ਪਿੰਡ ਨੂੰ ਪਹਿਲ ਹੋਵੇਗੀ। ਸਰਪੰਚ ਗ੍ਰਾਮ ਪੰਚਾਇਤ ਸੈਦੋਪੱਟੀ 98729-13089

## Lost and Found

ORIGINAL SALE DEED NO 6022 DATED 27/02/2015 EXECUTED BY JYOTI GOYAL IN FAVOUR OF HARBANS SINGH Situated at Moga Mehla Singh, Moga is lost and currently owned by Amanpreet Kaur not mortgaged with any bank or Financial Institution. In this regard DDR 752168/2026 dated 17/07/2026 has got registered. Anybody having objection with mortgage of property with ICICI Bank Bathinda may respond or raise objection within 7days, to Adv Pankaj Jain, Advocate, Mob No. : 9878828140

## ਗੁੰਮਸ਼ੁਦਾ ਦਸਤਾਵੇਜ਼ਾਂ ਸਬੰਧੀ ਜਨਤਕ ਸੂਚਨਾ

ਮੈਂ ਪਿਸਤਾ ਦੇਵੀ ਪਤਨੀ ਰੁਲਦੂ ਰਾਮ, ਵਾਸੀ ਖਨੌਰੀ ਮੰਡੀ, ਤਹਿਸੀਲ ਮੂਨਕ, ਜ਼ਿਲ੍ਹਾ ਸੰਗਰੂਰ - 148027 ਦੀ ਰਹਿਣ ਵਾਲੀ ਹਾਂ।ਮੈਂ ਸਾਲ 2001 ਵਿੱਚ ਅਨਾਜ ਮੰਡੀ, ਖਨੌਰੀ ਵਿਖੇ ਸਥਿਤ ਦੁਕਾਨ ਨੰਬਰ 21 ਵਿਨੁਸਪਾਲ ਸਿੰਘ ਪੁੱਤਰ ਵਜ਼ੀਰ ਸਿੰਘ ਤੋਂ ਖਰੀਦੀ ਸੀ।ਮਿਤੀ 16.07.2026 ਨੂੰ ਮੈਂ ਉਕਤ ਦੁਕਾਨ ਨਾਲ ਸੰਬੰਧਿਤ ਪੁਰਾਣੇ ਦਸਤਾਵੇਜ਼ਾਂ ਦੀਆਂ ਫੋਟੋਕਾਪੀਆਂ ਕਰਵਾਉਣ ਲਈ ਬਾਜ਼ਾਰ ਗਈ ਸੀ। ਰਸਤੇ ਵਿੱਚ ਮੇਰੇ ਕੋਲੋਂ ਹੇਠ ਲਿਖੇ ਅਸਲ ਦਸਤਾਵੇਜ਼ ਗੁੰਮ ਹੋ ਗਏ:- 1. ਪੁਰਾਣੀ ਰਜਿਸਟਰੀ, ਵਸੀਕਾ ਨੰਬਰ 856, ਮਿਤੀ 19.02.2001, ਜੋ ਵਿਨੁਸਪਾਲ ਸਿੰਘ ਪੁੱਤਰ ਵਜ਼ੀਰ ਸਿੰਘ ਦੇ ਨਾਮ ਸੀ, 2. ਪਾਵਰ ਆਫ਼ ਅਟਾਰਨੀ, ਜੋ ਵਿਨੁਸਪਾਲ ਸਿੰਘ ਪੁੱਤਰ ਵਜ਼ੀਰ ਸਿੰਘ ਵੱਲੋਂ ਨਰੇਸ਼ ਕੁਮਾਰ ਪੁੱਤਰ ਨਰਾਤਾ ਰਾਮ ਦੇ ਹੱਕ ਵਿੱਚ ਦਿੱਤੀ ਗਈ ਸੀ, ਜਿਸ ਦੇ ਆਧਾਰ 'ਤੇ ਮੇਰੇ ਨਾਮ ਰਜਿਸਟਰੀ ਕੀਤੀ ਗਈ ਸੀ। ਜਿਸਦਾ ਵਸੀਕਾ ਨੰਬਰ 2116 , ਮਿਤੀ 15.01.2001 ਹੈ ।

ਇਨ੍ਹਾਂ ਦਸਤਾਵੇਜ਼ਾਂ ਦੇ ਗੁੰਮ ਹੋਣ ਸਬੰਧੀ ਮੈਂ ਪੰਜਾਬ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ, ਜਿਸ ਦੀ DDR ਨੰਬਰ LAR-2026-SGR-752912, ਮਿਤੀ 18.07.2026 ਹੈ। ਕਾਫ਼ੀ ਭਾਲ ਕਰਨ ਦੇ ਬਾਵਜੂਦ ਵੀ ਇਹ ਦਸਤਾਵੇਜ਼ ਨਹੀਂ ਮਿਲੇ।ਜੇਕਰ ਕਿਸੇ ਵੀ ਵਿਅਕਤੀ ਨੂੰ ਉਕਤ ਦਸਤਾਵੇਜ਼ ਮਿਲਣ ਜਾਂ ਕੋਈ ਜਾਣਕਾਰੀ ਹੋਵੇ ਤਾਂ ਕਿਰਪਾ ਕਰਕੇ ਸਭ ਤੋਂ ਨੇੜਲੇ ਪੁਲਿਸ ਥਾਣੇ ਵਿੱਚ ਜਮ੍ਹਾਂ ਕਰਵਾਏ ਜਾਂ ਮੇਰੇ ਨਾਲ ਸੰਪਰਕ ਕਰੇ।98726-50023.

ਪਿਸਤਾ ਦੇਵੀ ਪਤਨੀ ਰੁਲਦੂ ਰਾਮ, ਵਾਸੀ: ਖਨੌਰੀ ਮੰਡੀ, ਤਹਿਸੀਲ ਮੂਨਕ, ਜ਼ਿਲ੍ਹਾ ਸੰਗਰੂਰ - 148027

## ਕਾਗਜ਼ਾਤ ਗੁੰਮ

ਮੈਂ, ਸੰਜੀਵ ਗੁਪਤਾ ਪੁੱਤਰ ਰਾਮ ਲੁਭਾਇਆ, ਵਾਸੀ ਮਕਾਨ ਨੰ: 68, ਸ਼ਹੀਦ ਊਧਮ ਸਿੰਘ ਨਗਰ, ਜਲੰਧਰ, ਜਲੰਧਰ ਸਿਟੀ, ਪੰਜਾਬ-144001 ਘੋਸ਼ਣਾ ਕਰਦਾ ਹਾਂ ਕਿ ਮੇਰੇ ਅਸਲੀ ਦਸਤਾਵੇਜ਼ਾਂ ਦੀ ਲੜੀ ਜੋ ਕਿ ਬੈਨਾਮਾ ਨੰ: 347 ਮਿਤੀ 22.08.2022 ਨੂੰ ਜੇ ਐੱਸ ਆਰ ਗੋਰਾਇਆ, ਬੈਨਾਮਾ ਨੰ: 661 ਮਿਤੀ 30.11.2022 ਜੇ ਐੱਸ ਆਰ ਗੋਰਾਇਆ, ਬੈਨਾਮਾ ਨੰ: 663 ਮਿਤੀ 22.08.2022 ਜੇ ਐੱਸ ਆਰ ਗੋਰਾਇਆ, ਬੈਨਾਮਾ ਨੰ: 664 ਮਿਤੀ 22.08.2022 ਜੇ ਐੱਸ ਆਰ ਗੋਰਾਇਆ, ਬੈਨਾਮਾ ਨੰ: 665 ਮਿਤੀ 22.08.2022 ਜੇ ਐੱਸ ਗੋਰਾਇਆ ਜਿਓਤੀ ਚੌਕ, ਜਲੰਧਰ ਨੇੜੇ ਗੁਆਚ ਗਏ। ਮੈਂ ਇਨ੍ਹਾਂ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਮਿਲੇ ਨਹੀਂ। ਜੇਕਰ ਕਿਸੇ ਨੂੰ ਇਹ ਦਸਤਾਵੇਜ਼ ਮਿਲਦੇ ਹਨ ਜਾਂ ਇਨ੍ਹਾਂ ਬਾਰੇ ਕੋਈ ਜਾਣਕਾਰੀ ਹੈ ਤਾਂ ਕਿਰਪਾ ਕਰਕੇ ਮੇਰੇ ਨਾਲ ਜਾਂ ਨੇੜਲੇ ਪੁਲਸ ਸਟੇਸ਼ਨ ਲਾਲ ਸੰਪਰਕ ਕਰੇ। ਸੰਪਰਕ 70093-11662.

## ਭਰਤੀ ਸੂਚਨਾ

**The Parjian Kalan Multipurpose Primary Agriculture Cooperative Service Society Ltd.**
ਪਿੰਡ ਤੇ ਡਾਕਘਰ ਪਰਜੀਆਂ ਕਲਾਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਰਾਜ ਪੰਜਾਬ।

ਸਾਡੀ ਸੋਸਾਇਟੀ FPO ਵਜੋਂ ਰਜਿਸਟਰ ਹੋ ਚੁੱਕੀ ਹੈ। FPO ਦੇ ਕੰਮ-ਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਠੇਕੇ ਦੇ ਆਧਾਰ 'ਤੇ ਹੇਠ ਲਿਖੇ ਅਹੁਦਿਆਂ 'ਤੇ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ:

1. **CEO -** ਮੁੱਖ ਕਾਰਜਕਾਰੀ ਅਧਿਕਾਰੀ - 1 ਅਸਾਮੀ
ਯੋਗਤਾ: B.A ਪਾਸ। ਤਨਖਾਹ: ਰੁਪਏ 25,000 ਪ੍ਰਤੀ ਮਹੀਨਾ
2. **Accountant -** ਲੇਖਾਕਾਰ - 1 ਅਸਾਮੀ
ਯੋਗਤਾ: 10+2 ਪਾਸ, ਮੈਥ ਜ਼ਰੂਰੀ।
ਤਨਖਾਹ: ਰੁਪਏ 10,000 ਪ੍ਰਤੀ ਮਹੀਨਾ

ਨਿਯੁਕਤੀ ਦੀਆਂ ਸ਼ਰਤਾਂ:
1. ਇਹ ਨਿਯੁਕਤੀਆਂ ਪੂਰੀ ਤਰ੍ਹਾਂ ਅਸਥਾਈ ਅਤੇ ਠੇਕੇ ਦੇ ਆਧਾਰ 'ਤੇ ਹਨ ਅਤੇ ਸਿਰਫ਼ FPO ਦੇ ਪ੍ਰੋਜੈਕਟ/ਕੰਮ ਚੱਲਣ ਤੱਕ ਹੀ ਵੈਧ ਹੋਣਗੀਆਂ, 2. ਸੋਸਾਇਟੀ ਪ੍ਰਬੰਧਕ ਕਮੇਟੀ ਨੂੰ ਅਧਿਕਾਰ ਹੋਵੇਗਾ ਕਿ ਉਹ FPO ਦੇ ਕੰਮ ਘੱਟ ਹੋਣ ਜਾਂ ਫੰਡ ਨਾ ਆਉਣ ਦੀ ਸੂਰਤ ਵਿੱਚ 'ਬਿਨਾਂ ਕਿਸੇ ਨੋਟਿਸ ਅਤੇ ਬਿਨਾਂ ਕੋਈ ਕਾਰਨ ਦੱਸੇ' ਕਿਸੇ ਵੀ ਸਮੇਂ ਮੁਲਾਜ਼ਮ ਦੀਆਂ ਸੇਵਾਵਾਂ ਖਤਮ ਕਰ ਸਕਦੀ ਹੈ, 3. ਇਸ ਨਿਯੁਕਤੀ ਤੋਂ ਮੁਲਾਜ਼ਮ ਦਾ ਸੋਸਾਇਟੀ ਵਿੱਚ ਕਿਸੇ ਵੀ ਤਰ੍ਹਾਂ ਦਾ ਸਥਾਈ ਹੱਕ ਨਹੀਂ ਬਣੇਗਾ।

ਇੱਛੁਕ ਉਮੀਦਵਾਰ ਆਪਣਾ ਬਾਇਓਡਾਟਾ ਅਤੇ ਵਿਦਿਅਕ ਯੋਗਤਾ ਦੇ ਪ੍ਰਮਾਣ ਪੱਤਰਾਂ ਦੀਆਂ ਸੈਲਫ-ਤਸਦੀਕਸ਼ੁਦਾ ਕਾਪੀਆਂ ਨਾਲ ਸੋਸਾਇਟੀ ਦਫ਼ਤਰ ਵਿਖੇ ਅਰਜ਼ੀ ਦੇਣ। ਆਖਰੀ ਮਿਤੀ: 30/07/2026
ਸਥਾਨਕ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ।

ਵੱਲੋਂ : ਪ੍ਰਬੰਧਕ ਕਮੇਟੀ

## ਅਦਾਲਤੀ ਇਸ਼ਤਿਹਾਰ

ਬਾ: ਅਦਾਲਤ ਸ਼੍ਰੀ ਗੁਰਪ੍ਰੀਤ ਤਹਿਸੀਲਦਾਰ-ਕਮ-ਏ.ਸੀ. ਫਸਟ ਗ੍ਰੇਡ, ਨਕੋਦਰ
ਸ਼੍ਰੀ ਰਣਜੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਪਿੰਡ ਚਾਨੀਆਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵੱਲੋਂ ਆਪਣੇ ਪਿਤਾ ਦਾ ਨਾਂਮ ਸੁਰਿੰਦਰ ਸਿੰਘ ਉਰਫ ਸੁਵਿੰਦਰ ਸਿੰਘ ਮਾਲ ਰਿਕਾਰਡ ਵਿੱਚ ਦਰੁਸਤ ਕਰਵਾਉਣ ਸੰਬੰਧੀ।
ਬਨਾਮ : ਆਮ ਪਬਲਿਕ

# ਕਲਾਸੀਫਾਈਡ ਇਸ਼ਤਿਹਾਰ

## Change of Name

I, STEPHEN S/O OF MR. JANG MASIH WHOSE PERMANENT ADDRESS IN INDIA IS: H. NO. 91, WARD-2, OLD MATA GUJRI ENCLAVE, KHARAR, SAS NAGAR, PIN:140301, PUNJAB, AND NOW LIVING AT, 17 BOSDEN CLOSE, NOTTINGHAM, NG8 4HR, UK. HEREBY GIVE NOTICE OF MY INTENTION TO CHANGE MY NAME TO STEPHEN JANG MASIH. (R)

I, MRS. SARIKA W/O STEPHEN JANG MASIH WHOSE PERMANENT ADDRESS IN INDIA IS: H. NO. 91, WARD-2 OLD MATA GUJRI ENCLAVE, KHARAR, SAS NAGAR, PIN:140301, PUNJAB, AND NOW LIVING AT, 17 BOSDEN CLOSE, NOTTINGHAM, NG8 4HR, UK. HEREBY GIVE NOTICE OF MY INTENTION TO CHANGE MY NAME TO SARIKA STEPHEN. (R)

I,Gurjeet Kaur W/O Lakhbir Singh R/O 64,Majitha Road, Gali No.5, Nehru Colony, Amritsar, Punjab have changed my name from Gurjeet Kaur to Gurjit Kaur. Concerned note.

I, Santosh W/o Hakumat Rai, R/O Chur Chak, P/O Naushera Majja Singh, Distt Gurdaspur Punjab, I Have Changed My Name From Santosh to Santosh Rani. All concerned note.

I, Swarnjeet W/o Lakhwinder Singh, R/O Chur Chak, P/O Naushera Majja Singh, Distt. Gurdaspur Punjab, I Have Changed My Name From Swarnjeet to Sawarn Jit. All concerned note.

I,Daljit Kaur W/O Satnam Singh R/O H.No.2/171, Gali Desha Singh Wali,Ward No.7,Near Jagdev Market,Tarn Taran,Punjab have changed my name from Daljit Kaur to Daljeet Kaur.Concerned note.

I, Sansar Singh S/o Shankar Dass R/o Vill. Randhawa PO. Panwan Distt. Hoshiarpur declare that correct name of my father is Shankar Dass. Concerned note.

I, Aishvarya Kataria W/o Raghav Kapoor R/o H.No.33, Holycity Enclave, Phase-I, Gumtala Byepass Amritsar have changed my name from Aishvarya Kataria to Aishvarya Kapoor

I, Gurdeep Singh S/o Dial Singh R/o Near R.S Resort Guru Teg Bahadur Phase-II, Tarn Taran have changed my son's name from Pawandip Singh to Pawandeep Singh

I, Gurwinder Singh S/o Tehal Singh R/o Village Kalanjar Uttar PO Khemkaran Patti, Tarn Taran have declare that Gurwinder is my given name and Singh is my Surname

I, Harpreet Singh Randhawa S/o Jasdev Singh R/o Majhi Gate Vpo Ramdas Teh Ajnala Distt Amritsar have changed my name from Harpreet Singh Randhawa to Harpreet Singh.

I, Manjot Singh Council S/o Surjit Singh R/o H.No. 2, New Gokal Ka Bagh, 100 Feet Road, Amritsar, Punjab have changed my name from Manjot Singh Council to Manjot Singh.

I, Sukhdial S/o Naseeb Chand R/o VPO Kapoor Pind, Jalandhar, Punjab-144025 changed my name from Sukhdial to Sukhdyal.

I, Lovepreet S/o Sewa Ram, R/o VPO. Wadala, Distt. Jalandhar have changed my name from Lovepreet to Lovepreet Duggal.

I Amit Kumar Baweja S/o Gurdial Arora R/o H.No. 231/5, Ward No. 26 , Central Town, Jalandhar , Punjab-144001 have changed my name from Amit Kumar Baweja to Amit Kumar for all purposes. All concerned please note.

I Ruby W/o Roop Lal R/o ES 79/1, Makhdoompura , Jalandhar ,Punjab-144001 have changed my name from Ruby to given name Ruby and surname as Ruby. All concerned may note.

I Ramni Bala alias Ramni W/o Bal Krishan R/o H.No. 439 Street No. 11, Avtar Nagar , Jalandhar , Punjab-144003 have changed my name from Ramni Bala to Ramni. All concerned may note.

I, Tara Singh Kalsi Alias Avtar Singh Kalsi s/o Mohan Singh Kalsi R/o Vill. Randhawa, Po.Sang Dhesian, Teh.Phillaur, Distt. Jalandhar, Punjab have changed my name to Avtar Singh Kalsi. All Please Note.

I, Rakhi Sikka w/o Sanchit Sikka r/o 134, Lane No.3, Shiv Vihar, Jalandhar, Punjab have changed my name from Rakhi Sikka to Rakhi Mehta. All Please Note.

I, Mamta d/o Jiya Lal w/o Sandeep Shri Vas r/o H.No. 22, Dashmesh Avenue, Po. Mithapur, Jalandhar, Punjab changed my name to Mamta Shri Vas, after marriage. All Please Note.

I, Tarlok Singh s/o Sohan Singh r/o Moh. Village Majar Railway Road, Qadian Tehsil Batala Distt.Gurdaspur have changed my name from Tarlok Singh to Tarlok Singh Riar (Riar as surname). All Please Note.

I, Hardish Kaur w/o Manjit Singh r/o VPO. Kot Tehsil Nakodar, Distt. Jalandhar have changed my given name as Hardish & Surname as Kaur. All Please Note.

## Change of Name

I, Manjit Singh S/o Joginder Singh R/o VPO. Kotli Than Singh, Distt. Jalandhar have changed my Given name as Manjit & Surname as Singh. All Please Note.

I, Kiran Bala w/o Balwinder Singh Khatayu r/o H.no.132, Beant Nagar, Jalandhar have changed my name from Kiran Bala to Kiran Bala Khatayu. All Please Note.

I, Gurwinder Kaur W/o Raghuvir Singh R/o H.No.652/5, Model Town, Near Rana Hospital, Jalandhar-144003, Punjab have changed my name from Gurwinder Kaur to Gurvinder Kaur. All Please Note. (R)

I, Harshvir Singh S/o Baljit Singh R/o Lahinda Pasa, VPO. Raipur Rasulpur, Distt. Jalandhar, Punjab have changed my Given name as Harshvir & Surname as Singh. All Please Note.

I, Rakesh Kaushal son of Sh. Roop Lal resident of H.No. 54-A, Satkartar Enclave Basti Sheikh, Jalandhar-144002, Punjab have changed my minor daughter's name from Namrata to Namarta. All concerned please note.

I, Harjit Kumar S/o Joginder R/o H.No. 193, Dhina, Jalandhar-144005, Punjab have changed my minor daughter's name from Sakshi to Sakshi Singh. All concerned please note.

I, Kanu Priya W/o Sanjeev Sekhri R/o H.No. 177/8, Krishna Nagar, Jalandhar-144002, Punjab have changed my name from Kanupriya Sekhri to Kanu Priya. All concerned please note.

I, Ranjit Singh S/o Satnam Singh R/o Village Akbarpur, PO. Surkhpur, Distt Kapurthala, Punjab-144804 have change my name from Ranjit Singh to Given Name Ranjit & Surname as Singh. All concerned please note.

I, Jorawar Singh S/O Jaswant Singh R/O Village Mehsampur Khurd Tehsil Baba Bakala district Amritsar declare that I have changed my name from Jorawar Singh to Singh Jorawar. Please note.

I, Aarti W/o Sandeep Kumar R/o Ward No. 13, Shahkot, District Jalandhar, Punjab have changed my name from Aarti Chawla to Aarti. All concerned please note.

I, Baljeet Kaur W/o Sukhwinder Singh R/o Village Balla, Teh. Tanda Distt. Hoshiarpur, Punjab, I have changed my name from Simran Multani to Baljeet Kaur. All concerned please note.

I, Sagar Kundal S/o Gopal Dass, R/o Village Ghurala, Tehsil/Distt. Gurdaspur, Pin code-143521, Punjab, India declare that my Daughter name from Eveleen Kaur to Eveleen Kundal.

## ਆਮ ਸੂਚਨਾ

## ਬੇਦਖਲੀ ਨੋਟਿਸ

ਮੈਂ ਭਜਨ ਕੌਰ ਪਤਨੀ ਲੇਟ ਸਤਨਾਮ ਸਿੰਘ ਵਾਸੀ ਬੀਰ ਪਿੰਡ ਤਹਿਸੀਲ ਨਕੋਦਰ (ਜਲੰਧਰ) ਸੂਚਿਤ ਕਰਦੀ ਹਾਂ ਕਿ ਗੁਰਵਿੰਦਰ ਜੀਤ ਸਿੰਘ ਮੇਰਾ ਲੜਕਾ ਅਤੇ ਰਜਵੰਤ ਕੌਰ (ਨੂੰਹ) ਉਪਰੋਕਤ ਦੋਵੇ ਮੇਰੇ ਕਹਿਣੇ ਤੋਂ ਬਾਹਰ ਹਨ ਉਪਰੋਕਤ ਦੋਵਾਂ ਨੂੰ ਆਪਣੇ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ ਮੇਰਾ ਅਤੇ ਮੇਰੇ ਪਰਿਵਾਰ ਦਾ ਉਕਤ ਨਾਲ ਕੋਈ ਸਬੰਧ ਨਹੀਂ ਰਿਹਾ ਉਕਤ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ ਸਬੰਧਤ ਨੋਟ ਕਰਨ।

ਅਸੀਂ, ਸੁਰਜੀਤ ਲਾਲ ਪੁੱਤਰ ਸ਼੍ਰੀ ਮਦਨ ਲਾਲ ਅਤੇ ਸੁਖਵਿੰਦਰ ਕੌਰ ਪਤਨੀ ਸ਼੍ਰੀ ਸੁਰਜੀਤ ਲਾਲ ਵਾਸੀ ਵਾਰਡ ਨੰਬਰ 11, ਨਵੀਂ ਅਬਾਦੀ ਭੋਗਪੁਰ, ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਸਾਡਾ ਲੜਕਾ ਅਮਨਪ੍ਰੀਤ ਅਤੇ ਨੂੰਹ ਰਾਧਾ ਦੇਵੀ ਅਤੇ ਪੋਤੀ ਪੂਰਵੀ ਰਾਜਵੀਰ ਕੌਰ ਸਾਡੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਅਸੀਂ ਉਹਨਾਂ ਨੂੰ ਆਪਣੀਂ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਸਾਡੇ ਅਤੇ ਸਾਡੇ ਪਰਿਵਾਰ ਨਾਲ ਕੋਈ ਸੰਬਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਅਸੀਂ, ਭਜਨ ਕੌਰ ਪਤਨੀ ਦਰਸ਼ਨ ਸਿੰਘ ਵਾ ਦਰਸ਼ਨ ਸਿੰਘ ਪੁੱਤਰ ਕਰਤਾਰ ਚੰਦ, ਵਾਸੀ ਮਕਾਨ ਨੰ: 7 ਗੁਲਮੋਹਰ ਸਿਟੀ ਐਕਸਟੈਂਸ਼ਨ ਓਲਡ ਹੁਸ਼ਿਆਰਪੁਰ ਰੋਡ, ਲੰਮਾ ਪਿੰਡ ਚੌਕ ਬੈਕਸਾਈਡ ਵਾਟਰ ਟੈਂਕ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੁਰਿੰਦਰ ਸਿੰਘ ਅਤੇ ਇਸ ਦੀ ਪਤਨੀ ਗੁਲਸ਼ਨ ਰਾਣੀ ਅਤੇ ਇਨ੍ਹਾਂ ਦੇ ਲੜਕੇ ਪ੍ਰੀਤ ਵਾ ਹੈਰੀ ਸਾਰੇ ਸਾਡੇ ਕਹਿਣੇ ਤੋਂ ਬਾਹਰ ਹਨ, ਸਾਡੇ ਨਾਲਾ ਮਾੜਾ ਵਿਹਾਰ ਕਰਦੇ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ/ਤਲਕ-ਵਾਸਤਾ ਜੋ ਰੱਖੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਅਤੇ ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ ਬਬਲੀ ਪਤਨੀ ਲੇਟ ਬਿੱਲਾ ਵਾਸੀ ਵਾਰਡ ਨੰਬਰ 26, ਮਹਿਤਾਬਗੜ੍ਹ, ਕਪੂਰਥਲਾ ਘੋਸ਼ਣਾ ਕਰਦੀ ਹਾਂ ਕਿ ਮੇਰਾ ਲੜਕਾ ਇੰਦਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜੀ ਕਰਦਾ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਬਲਵਿੰਦਰ ਕੌਰ ਪਤਨੀ ਲੇਟ ਸੁਰਿੰਦਰ ਸਿੰਘ ਵਾਸੀ ਪਿੰਡ ਰਜਾਪੁਰ, ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦੀ ਹਾਂ ਕਿ ਮੇਰਾ ਲੜਕਾ ਪਰਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜੀ ਕਰਦਾ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਮਹੇਸ਼ ਸ਼ਾਹ ਪੁੱਤਰ ਸ਼੍ਰੀ ਰਾਮਰੂਪ ਸ਼ਾਹ, ਵਾਸੀ ਰਾਮਪੁਰ ਭਾਸੋਨ ਸੁੰਦਰਪੁਰ, ਬਰਿਆਪੁਰ, ਜ਼ਿਲ੍ਹਾ ਮੁਜ਼ਫਰਪੁਰ ,ਬਿਹਾਰ ਹਾਲ ਵਾਸੀ ਰਾਜ ਨਗਰ, ਬਸਤੀ ਬਾਵਾ ਖੇਲ, ਬੈਕਸਾਈਡ ਬੇਰੀਆਂ ਵਾਲਾ ਸਕੂਲ , ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕੀ ਰਿਮਝਿਮ ਮੇਰੇ ਕਹਿਣੇ ਤੋਂ ਬਾਹਰ ਹੈ । ਇਸ ਲਈ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਸੰਬੰਧਿਤ ਨੋਟ ਕਰਨ।

ਮੈਂ ਮਹਿੰਦਰ ਪੁੱਤਰ ਹੀਰਾ ਲਾਲ, ਵਾਸੀ ਪਿੰਡ ਨਵੇਲੀ ,ਡਾਕਖਾਨਾ ਬਿਜਾਇਆਪੁਰ , ਬਿਲਾਰੀਆ ਗੰਜ, ਆਜ਼ਮਗੜ੍ਹ ਹਾਲ ਵਾਸੀ ਕਬੀਰ ਵਿਹਾਰ ,ਬਸਤੀ ਬਾਵਾ ਖੇਲ, ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਧੀਰਜ ਮੇਰੇ ਕਹਿਣੇ ਤੋਂ ਬਾਹਰ ਹੈ । ਇਸ ਲਈ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਅਮਰ ਨਾਥ ਪੁੱਤਰ ਲੇਟ ਗੇਹਲਾ ਰਾਮ ਵਾਸੀ ਮਕਾਨ ਨੰ. 310, ਗਲੀ ਨੰ. 11, ਟੈਗੋਰ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਵਿੰਦਰ ਕੁਮਾਰ ਅਤੇ ਉਸਦੀ ਪਤਨੀ ਜੋਤੀ ਬੱਤਰਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸੁਸ਼ਮਾ ਰਾਣੀ ਬੱਸੀ ਪਤਨੀ ਲੇਟ ਰਜਿੰਦਰ ਕੁਮਾਰ ਬੱਸੀ ਵਾਸੀ ਮਕਾਨ ਨੰ. 4, ਸੋਡਲ ਰੋਡ, ਗੁਜਾ ਪੀਰ ਰੋਡ, ਨਿਊ ਸ਼ੰਕਰ ਗਾਰਡਨ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮਨੀਸ਼ ਬੱਸੀ ਅਤੇ ਇਸ ਦਾ ਪਰਿਵਾਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਸ ਨੂੰ ਇਸ ਦੇ ਪਰਿਵਾਰ ਸਮੇਤ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸੁਰੇਸ਼ ਵਿੱਜ ਪੁੱਤਰ ਸੁਰਿੰਦਰ ਪਾਲ ਵਾਸੀ ਪਿੰਡ ਤੇ ਡਾਕ: ਰੁੜਕੀ ਖਾਸ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਹਿਲ ਵਿਜੈ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਤਨਬੀਰ ਸਿੰਘ ਬੇਦੀ ਪੁੱਤਰ ਦਲਜੀਤ ਸਿੰਘ ਬੇਦੀ ਵਾ ਕਵਲਜੀਤ ਕੌਰ ਪਤਨੀ ਤਨਬੀਰ ਸਿੰਘ ਬੇਦੀ ਵਾਸੀਆਨ 364-ਆਰ, ਮਾਡਲ ਟਾਊਨ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਮਿਤੋਜ ਸਿੰਘ ਬੇਦੀ ਅਤੇ ਉਸਦੀ ਪਤਨੀ ਮਨਦੀਪ ਕੌਰ ਬੇਦੀ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਸਤੀਸ਼ ਕੁਮਾਰ ਪੁੱਤਰ ਅਮਰ ਚੰਦ ਅਤੇ ਰੀਨਾ ਪਤਨੀ ਸਤੀਸ਼ ਕੁਮਾਰ ਵਾਸੀਆਨ ਡੀ-60 ਦਸਮੇਸ਼ ਨਗਰ, ਜਲੋਵਾਲ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪ੍ਰਿੰਸ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਹੁਕਮ ਸਿੰਘ ਪੁੱਤਰ ਲਖੀ ਸਿੰਘ ਅਤੇ ਹਰਜਿੰਦਰ ਕੌਰ ਪਤਨੀ ਹੁਕਮ ਸਿੰਘ ਵਾਸੀਆਨ ਪਿੰਡ ਭਦਾਸ, ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕਮਲਜੀਤ ਸਿੰਘ, ਉਸਦੀ ਪਤਨੀ ਰਾਜਵਿੰਦਰ ਕੌਰ ਤੇ ਉਹਨਾਂ ਦੀ ਲੜਕੀ ਹਰਮਨਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਗੁਰਮੀਤ ਕੌਰ ਵਿਧਵਾ ਮਨਜੀਤ ਸਿੰਘ ਵਾਸੀ ਸੈਦਪੁਰ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲੀ ਹਾਂ । ਮੇਰਾ ਪੁੱਤਰ ਗੁਰਸੇਵਕ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਆਪਣੇ ਪੁੱਤਰ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦੀ ਹਾਂ ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ ।

ਮੈਂ ਕਸ਼ਮੀਰ ਚੰਦ ਪੁੱਤਰ ਸਰਦਾਰੀ ਲਾਲ ਵਾਸੀ ਪਿੰਡ ਠੱਠੀ ਤਹਿਸੀਲ ਦੀਨਾਨਗਰ ਜਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਤਨੀਸ਼ ਕੁਮਾਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹੈ । ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਕਿਸ਼ਨ ਲਾਲ ਪੁੱਤਰ ਸ੍ਰੀ ਬਲਕਾਰ ਸਿੰਘ ਵਾਸੀ ਵਾਰਡ ਨੰ: 8, ਚੰਦਰ ਨਗਰ, ਮੁਰਗੀ ਮੁੱਹਲਾ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਰਨ ਕੁਮਾਰ ਅਤੇ ਉਸਦੀ ਪਤਨੀ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਰਜਨੀ ਪਤਨੀ ਲੇਟ ਬਲਬੀਰ ਸਿੰਘ ਵਾਸੀ ਐੱਲ-4/54, ਸੁਲਤਾਨਵਿੰਡ ਰੋਡ ਕੋਟ ਆਤਮਾ ਰਾਮ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਬਲਵੰਤ ਸਿੰਘ ਉਰਫ ਪ੍ਰਿੰਸ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੈਨੂੰ ਤੰਗ-ਪ੍ਰੇਸ਼ਾਨ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

## ਨਾਂਅ ਦੀ ਬਦਲੀ

ਮੈਂ, ਮਨਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਵਾਰਡ ਨੰ: 10, ਨਿਊ ਕੋਟ, ਤਹਿਸੀਲ ਪੱਟੀ, ਖੇਮਕਰਨ, ਜ਼ਿਲ੍ਹਾ ਤਰਨ ਤਾਰਨ ਪੰਜਾਬ ਨੇ ਆਪਣਾ ਨਾਂਅ ਮਨਜੀਤ ਸਿੰਘ ਤੋਂ ਬਦਲ ਕੇ ਮਨਜੀਤ ਸਿੰਘ ਬਮਰਾਹ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, **Balveer Singh** ਪੁੱਤਰ ਗੁਰਚਰਨ ਸਿੰਘ, ਵਾਸੀ ਗੁਰਦਿੱਤਪੁਰਾ (ਪਟਿਆਲਾ), ਨੇ ਆਪਣਾ ਨਾਂ ਬਦਲ ਕੇ **Balvir Singh** ਰੱਖ ਲਿਆ ਹੈ।

ਮੈ ਸ਼ਹਿਬਾਜ਼ ਪੁੱਤਰ ਰੌਣਕੀ ਵਾਸੀ ਸਿੱਧਪੁਰ ਅਹਿਮਦਪੁਰ ਜਿਲਾ ਕਪੂਰਥਲਾ ਬਿਆਨ ਕਰਦਾ ਕਿ ਮੈਂ ਆਪਣਾ ਨਾਂ ਸ਼ਹਿਬਾਜ ਤੋਂ ਬਦਲ ਕੇ ਸ਼ਹਿਬਾਜ ਖਾਨ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ, ਰਕਸ਼ਾ ਨਿਸ਼ਾਦ ਪੁੱਤਰ ਮਹਾਬਲ ਨਿਸ਼ਾਦ ਵਾਸੀ ਫੂੱਲਾਂ ਵਾਲਾ ਬਾਗ, ਨਿਊ ਗੌਤਮ ਨਗਰ, ਬਸਤੀ ਬਾਵਾ ਖੇਲ, ਜਲੰਧਰ, ਪੰਜਾਬ-144021 ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਨਾਬਾਲਗ ਲੜਕੀ ਦਾ ਨਾਮ ਸੁਰਮਿਲਾ ਤੋਂ ਬਦਲ ਕੇ ਸੁਰਮਿਲਾ ਨਿਸ਼ਾਦ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ ਹਰਪ੍ਰੀਤ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਵਾਰਡ ਨੰ: 2, ਅਹੀਆਪੁਰ, ਤਹਿ. ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ, ਮੈਂ ਆਪਣਾ ਨਾਂਅ ਹਰਪ੍ਰੀਤ ਤੋਂ ਬਦਲ ਕੇ ਹਰਪ੍ਰੀਤ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

## PUBLIC NOTICE

We, S. Shamsher Singh Bhullar & S. Amrit Pal Singh Bhullar sons of S. Nirmal Singh Bhullar both resident of H. No. 642, S.G. Enclave, Phase-I, Majitha Road, Amritsar, declare that I am owner of the Property .i.e. Plot Private No. 80 & MCA No. 570, total area measuring 150 sq. yards, situated at abadi Diamond Avenue, Majitha Road, Rakba Naushera, Tehsil & District Amritsar on the basis of the Sale deed dated 24.02.2009, vide document no. 14749 but I have lost my previous sale deed dated 04.03.1994, vide document no. 20867.

I, Inderjit Singh S/o Ujagar Singh R/o Village Shaheed Bhagat Singh Nagar, Saido Bhulana, District Kapurthala, Punjab, India disown my daughter Jaswinder Kaur from my entire movable and immovable property. If anybody deals with her, he/she will be responsible for it himself/herself.

I, Sadhna W/o Sushil Kumar R/o H.No.W.S-58, Mohalla Satran, Basti Sheikh, Jalandhar declare that my son Sanjay Kumar aged 33 years he is out of my control at present. I disinherit him from my movable and immovable properties. I and my family members shall not be held responsible for any kind of dealings done with him. All Please Note.

We, Jatinder Kumar S/o Sangat Rai & Sharda Rani W/o Jatinder Kumar both R/o H.No. EB-96, Qazi Mohalla, Jalandhar declare that earlier we disinherited our son & daughter in law namely Karan Kumar & his wife Komal Puri from our moveable and immovable property. Now our son Karan Kumar has admitted his guilt and started residing with us as such we have cancelled our disinheritance. All Please Note. (R)

I, Ravinder Singh Ghumman son of Sh. Piara Singh resident of H.No. 55, 11/12, Street No. 1, Sahibzada Jujhar Singh Avenue, Amritsar, Punjab declare that my son Rithwick Pratap Singh Ghumman is out of my control. So, I disinherit him from all my moveable and Immoveable properties. Me and my family will be not held responsible for any of his act, deed and things related to him. All concerned please note.

I, Ram Lal S/o Chanan Ram and Surinder Kaur W/o Ram Lal both residents of H.No. 67, Tower Town, Khurla Kingra, Jalandhar, Punjab declare that our daughter Paramjeet Kaur W/o Nitin Jaggi R/o 5-L, 30, NIT-5, Faridabad (Haryana) is out of our control. So we debar and disinherit her from all our moveable and immoveable properties. In future we shall not be responsible of her any kind of acts and deeds. Anybody dealing with her shall be responsible himself. All concerned please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਇਸ਼ਤਿਹਾਰ ਦੇਣ ਵਾਲੇ ਦੀ ਹੈ, ਅਖ਼ਬਾਰ ਦੀ ਨਹੀਂ ਹੁੰਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਅਦਾਲਤੀ ਇਸ਼ਤਿਹਾਰ

## COURT NOTICE

(U/o 5 Rule 20 CPC)
In the Court of
Parminder Kaur Bains
Civil Judge (Senior Division) Amritsar
CNR No. PBAS02-004541-2025
Next Date:- 18-08-2026

State Bank of India having its regional/Local Head office at Sector 17-A, Chandigarh and having Branches all over India and one of its Branch Office amongst other Places at DSC Ranjit Avenue, Amritsar through its Branch Manager Ms. Meenakshi

Vs. Jasbir Kaur

Publication Issued To:
Jasbir Kaur
Legal Heir and Wd/o Mangal Singh Vill. Dala Rajput, PO Jagdev Khurd, Amritsar-143001

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 18-08-2026 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Senior Division) Amritsar
Dated, this day of 18-07-2026

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੂਜਾ ਬੱਧਨੀ ਕਲਾਂ ਤਹਿ: ਨਿਹਾਲ ਸਿੰਘ ਵਾਲਾ ਵਾ ਜ਼ਿਲ੍ਹਾ ਮੋਗਾ।
ਪਬਲਿਕ ਇਸ਼ਤਿਹਾਰ
ਕੇਸ ਅਨੁਵਾਨ : ਸ਼ਿਵ ਕੁਮਾਰ ਬਨਾਮ ਬਲਵਿੰਦਰ ਕੁਮਾਰ ਵਗੈਰਾ (ਖੇਵਟ ਨੰ: 739)
ਕਿਸਮ : ਗਿਰਦਾਵਰੀ (ਪਿੰਡ ਰਾਉਕੇ ਕਲਾਂ-1)

ਉਪਰੋਕਤ ਕੇਸਾਂ ਦੇ ਅਨੁਵਾਨ ਵਿੱਚ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼ਿਵ ਕੁਮਾਰ ਪੁੱਤਰ ਗੁਰਚਰਨ ਦਾਸ ਪੁੱਤਰ ਰਿਖੀ ਰਾਮ ਵਾਸੀ ਬੱਧਨੀ ਕਲਾਂ ਤਹਿ: ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵੱਲੋਂ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਉਕਤ ਖੇਵਟ ਵਿੱਚ ਗਿਰਦਾਵਰੀ ਦਾ 1 ਕੇਸ ਦਾਇਰ ਕੀਤਾ ਹੈ, ਜਿਸ ਵਿੱਚ ਹੇਠ ਲਿਖੇ ਉੱਤਰਵਾਦੀਆਨ ਨੂੰ ਪਾਰਟੀ ਬਣਾਇਆ ਗਿਆ ਹੈ ਅਤੇ ਅਦਾਲਤ ਨੂੰ ਇਹ ਯਕੀਨ ਹੋ ਚੁੱਕਾ ਹੈ ਕਿ ਉੱਤਰਵਾਦੀਆਨ ਦੀ ਤਲਬੀ ਸਾਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ।

ਇਸ ਲਈ ਹੇਠ ਲਿਖੇ ਉੱਤਰਵਾਦੀਆਨ ਨੂੰ ਇਸ ਪਬਲਿਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ ਅਦਾਲਤ ਵਿੱਚ ਮਿਤੀ 28/07/2026 ਜਾਂ ਇਸ ਤੋਂ ਪਹਿਲਾਂ-ਪਹਿਲਾਂ ਅਸਾਲਤਨ ਜਾਂ ਵਕਾਲਤਨ ਇਸ ਗਿਰਦਾਵਰੀ ਕੇਸ ਵਿੱਚ ਪੈਰਵੀ ਲਈ ਹਾਜ਼ਰ ਹੋ ਸਕਦੇ ਹਨ।ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਮਿਤੀ 28/07/2026 ਤੋਂ ਬਾਅਦ ਗੈਰ-ਹਾਜ਼ਰ ਉੱਤਰਵਾਦੀਆਨ ਦਾ ਕੋਈ ਇਤਰਾਜ਼ ਨਹੀਂ ਵਿਚਾਰਿਆ ਜਾਵੇਗਾ।

## COURT NOTICE

(U/o 5 Rule 20 CPC)
In The Court Of Ms. Ankita Dhawan
Civil Judge (Junior Division) -II, Barnala
CNR No. PBBR02-000785-2023
Next Date:- 29-08-2026
State Bank of India
Vs. Gurnam Singh

Publication Issued To:
Gurnam Singh (since Deceased) Son of Dalip Singh resident of VPO Chhiniwal Kalan, Tehsil and District Barnala Through his legal heirs/representatives

1. Dalip Kaur Widow of Mahinder Singh Son of Ranjit Singh resident of Chhiniwal Kalan, Tehsil and District Barnala, 2. Raman Preet Singh Son of Mahinder Singh Son of Ranjit Singh resident of Chhiniwal Kalan,Tehsil and District Barnala, 3. Gurdeep Singh Son of Mahinder Singh Son of Ranjit Singh Resident of Chhiniwal Kalan, Tehsil and District Barnala.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 29-08-2026 at 10:00 a.m.

For details logon to https://highcourtchd.gov.in/?mod=district_notice&district=barnala

Civil Judge (Junior Division)-II, Barnala
Dated, this day of 18-07-2026

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ, ਨਾਇਬ ਤਹਿਸੀਲਦਾਰ, ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ (ਪੰਜਾਬ)।
(ਨੋਟਿਸ ਬਨਾਮ ਆਮ ਜਨਤਾ)
ਕੇਸ ਤਕਸੀਮ : ਵਿਜੈ ਕੁਮਾਰ ਪੁੱਤਰ ਮਦਨ ਲਾਲ ਪੁੱਤਰ ਕਰਮ ਚੰਦ ਵਾਸੀ ਝੰਡਾ ਕਲਾਂ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ। .......ਸਾਇਲ
ਬਨਾਮ

## ਅਦਾਲਤੀ ਇਸ਼ਤਿਹਾਰ

## ਅਦਾਲਤੀ ਇਸ਼ਤਿਹਾਰ

## ਅਦਾਲਤੀ ਇਸ਼ਤਿਹਾਰ

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸ.,ਉੱਤਰ ਰੇਲਵੇ, ਜੰਮੂ ਤਵੀ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰ. | ਕੰਮਾਂ ਦਾ ਵੇਰਵਾ | | |
|---|---|---|---|
| 251-J- ਬਿਜਲੀ-T-13-2026-27 | ਜੇ ਏ ਟੀ (ਜੰਮੂ ਤਵੀ) ਦੇ ਈਸਟ ਕਾਲੋਨੀ ਵਿਚ ਪਲਬਿੰਗ ਪਾਈਪਾਂ ਸਮੇਤ 225 ਕਿਲੋਲੀਟਰ ਆਰਸੀਸੀ ਓਐਚ ਪਾਣੀ ਦੀ ਟੰਕੀ ਲਗਾਉਣ ਦੇ ਸਬੰਧ ਵਿਚ ਬਿਜਲੀ ਕੰਮ। | | |
| ਅੰਦਾਜਨ ਲਾਗਤ (ਰੁ) | ਬਿਆਨਾ ਰਾਸ਼ੀ (ਰੁ) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ |
| 13,96,762.39 | 27,900.00 | 6 ਮਹੀਨੇ | 14.08.2026 ਨੂੰ 15:00 ਵਜੇ ਦੇ ਬਾਦ |
| ਵੈਬਸਾਈਟ | www.ireps.gov.in | | |

ਨੰ. 251-ਜੇ-ਬਿਜਲੀ/ਬਿਜਲੀ-ਟੈਂਡਰ ਨੋਟਿਸ ਨੰ. /13/2026-27 ਮਿਤੀ: 21.07.2026


ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ · 2508/2026

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ · 2509/26

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।

ਬਿਨੈਕਾਰ ਦਾ ਨਾਮ : **ਕੁਲਵੰਤ ਸਿੰਘ** ਪਿਤਾ/ਪਤੀ ਦਾ ਨਾਮ : **ਸਾਧੂ ਸਿੰਘ**
ਪਤਾ: VPO Shankar Patti Takhar Tehsil Nakodar Jalandhar, Village - Shankar / Tehsil - Nakodar / District - Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਭਰਾ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ: **ਸੁਲਿੰਦਰ ਸਿੰਘ** ਪੱਕਾ ਪਤਾ: VPO Shankar Patti Takhar Tehsil Nakodar Jalandhar, Shankar, Nakodar, Jalandhar, Punjab ਵਿਦੇਸ਼ੀ ਪਤਾ: Indirizzo Di Residenza Residence Via Gioberti N 6 Villavallelonga Aq Italy / ਇੰਡੀਰੀਜੋ ਡੀ ਰੈਜ਼ੀਡੈਂਜ਼ਾ ਰੈਜ਼ੀਡੈਂਜ਼ਾ ਰਿਹਾਇਸ਼ ਰਾਹੀਂ ਜਿਓਬਰਟੀ ਐਨ 6 ਵਿਲਾਵਾਲੇਲੌਂਗਾ ਏਕਿਊ ਇਟਲੀ
ਉਮਰ/ਜਨਮ ਮਿਤੀ : 46-(03/04/1980)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫ਼ਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 20-07-2026 ਨੂੰ ਜਾਰੀ ਹੋਇਆ।
ਨੰਬਰ 52 /ਨੰਬਰ/ਰੀਡਰ ਮਤੀ 20.07.2026 ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

## THE SOUTH INDIAN BANK LTD

Branch Address: Arora Prime Tower, Opp. Narinder Cinema, GT Road, Jalandhar, Branch Mail ID: br0425@sib.bank.in

**PUBLIC NOTICE FOR AUCTION OF GOLD COLLATERAL**

The below mentioned borrowers have failed to repay the loan and redeem the gold jewellery, ornaments and coins/ security pledged within the stipulated timeline inspite of several reminders. The Gold jewellery, ornaments and coins / security pledged under the said loan account by the below listed borrowers will be sold in public auction strictly on "As is What is Basis" & "Whatever there is Basis" & "Without recourse Basis" at our branch premises on 01-08-2026 at 03:00 PM.

The details of loan account are as follows:

| Sl No | Account No | Borrower Name | Outstanding Amount | Gross weight in grams |
|---|---|---|---|---|
| 1 | 0425653000000565 | KAILASH DEVI | 9,13,706.47/- | 128.900 |

Terms and Conditions: 1) The Bank reserves the right to accept or reject any bid without assigning any reason whatsoever 2) Bank reserves its right to change/ modify/ cancel the scheduled auction without referring any reasons.3) No claim whatsoever will be entertained after auction of gold security.

The persons interested in participating in the auction may contact Rajkumar PR, Branch Head on 9895119664/ 9037854425 for more information.

Sd/- Authorised Officer
The South Indian Bank Ltd

# ਲਾਠੀਚਾਰਜ ਅਤਿ-ਨਿੰਦਣਯੋਗ : ਐਡਵੋਕੇਟ ਮਾਨਾ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)** ਬਸਪਾ ਹਲਕਾ ਚੱਬੇਵਾਲ ਦੇ ਸੈਕਟਰ ਫੁਗਲਾਣਾ ਅਤੇ ਬਸੀ ਦੌਲਤ ਖਾਂ ਦੀ ਮੀਟਿੰਗ ਸੰਮਤੀ ਮੈਂਬਰ ਹਰਮੇਸ਼ ਕੁਮਾਰ ਰੱਤੂ ਅਤੇ ਵਿਜੇ ਕੁਮਾਰ ਸੈਕਟਰ ਪ੍ਰਧਾਨ ਦੀ ਅਗਵਾਈ ਹੇਠ ਹੋਈ,



ਜਿਸ ਵਿੱਚ ਮੁੱਖ ਮਹਿਮਾਨ ਵਜੋਂ ਐਡਵੋਕੇਟ ਪਲਵਿੰਦਰ ਮਾਨਾ ਜ਼ਿਲ੍ਹਾ ਇੰਚਾਰਜ ਅਤੇ ਹਲਕਾ ਇੰਚਾਰਜ ਚੱਬੇਵਾਲ ਸ਼ਾਮਲ ਹੋਏ ਅਤੇ ਉਨ੍ਹਾਂ ਨਾਲ ਸਮੂਹ ਹਲਕੇ ਦੀ ਲੀਡਰਸ਼ਿਪ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸੀ।

ਇਸ ਮੌਕੇ ਬਸਪਾ ਦੇ ਸੈਕਟਰ ਦੇ ਸੰਗਠਨ ਅਤੇ ਬੂਥ ਲੈਵਲ ਦੀਆਂ ਕਮੇਟੀਆਂ ਨੂੰ ਮਜ਼ਬੂਤ ਕਰਨ ਲਈ ਵਿਚਾਰ ਸੁਣੇ ਗਏ ਅਤੇ ਸੈਕਟਰ ਪੱਧਰ ਦੇ ਪਿੰਡਾਂ ਵਿੱਚੋਂ ਆਏ ਸਾਥੀਆਂ ਨੇ ਆਪੋ ਆਪਣੀ ਹਾਜ਼ਰੀ ਲਗਵਾਉਂਦੇ ਹੋਏ ਬਸਪਾ ਨੂੰ ਗਰਾਊਂਡ ਪੱਧਰ 'ਤੇ ਮਜ਼ਬੂਤ ਕਰਨ ਲਈ ਦਿਨ ਰਾਤ ਮਿਹਨਤ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਮੀਟਿੰਗ ਵਿੱਚ ਆਏ ਵੱਖ ਵੱਖ ਪਿੰਡਾਂ ਦੇ ਸਾਥੀਆਂ ਨੂੰ ਐਡਵੋਕੇਟ ਪਲਵਿੰਦਰ ਮਾਨਾ ਨੇ ਸੰਬੋਧਨ ਕਰਦੇ ਹੋਏ ਦੱਸਿਆ ਕਿ ਮਨਰੇਗਾ ਮਜ਼ਦੂਰ ਆਪਣੀਆਂ ਮੰਗਾਂ ਨੂੰ ਲੈ ਕੇ ਸ਼ਾਂਤਮਈ ਤਰੀਕੇ ਨਾਲ ਧਰਨਾ ਲਗਾ ਰਹੇ ਸਨ ਅਤੇ ਇਸ ਸ਼ਾਂਤਮਈ ਚੱਲ ਰਹੇ ਧਰਨੇ ਨੂੰ ਚੁਕਾਉਣ ਦੇ ਲਈ ਪੁਲਸ ਦੇ ਰਾਹੀਂ ਸਰਕਾਰ ਨੇ ਲਾਠੀਚਾਰਜ ਕਰਵਾਇਆ, ਇਸ ਦੌਰਾਨ ਕਈ ਮਨਰੇਗਾ ਮਜ਼ਦੂਰਾਂ ਦੇ ਗੰਭੀਰ ਸੱਟਾਂ ਲੱਗੀਆਂ। ਬਾਅਦ ਵਿੱਚ ਐਡਵੋਕੇਟ ਮਾਨਾ ਨੇ ਅਹੁਦੇਦਾਰਾਂ ਨੂੰ ਪਾਰਟੀ ਦੀ ਮਜ਼ਬੂਤੀ ਲਈ ਬੂਥ ਪੱਧਰ ਤੱਕ ਸੰਗਠਨ ਨੂੰ ਮਜ਼ਬੂਤ ਕਰਨ ਦੇ ਲਈ ਹਦਾਇਤਾਂ ਜਾਰੀ ਕੀਤੀਆਂ। ਇਸ ਦੌਰਾਨ ਸੈਕਟਰ ਟੀਮ ਨੇ ਵਿਧਾਨ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਹਰ ਇਕ ਪਿੰਡ ਵਿਚ ਪਹੁੰਚ ਕਰਕੇ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦੀਆਂ ਨੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਅਤੇ ਹਰ ਬੂਥ ਨੂੰ ਮਜ਼ਬੂਤ ਕਰਨ ਦਾ ਸੰਕਲਪ ਲਿਆ। ਇਸ ਮੌਕੇ ਹਾਜ਼ਰ ਆਗੂ ਸਾਥੀਆਂ ਵਿੱਚ ਜੁਗਿੰਦਰ ਪਾਲ ਫਗਲਾਣਾ ਜ਼ਿਲ੍ਹਾ ਕੋਆਰਡੀਨੇਟਰ ਬਾਮਸੇਫ, ਹਲਕਾ ਚੱਬੇਵਾਲ ਦੇ ਉਪ ਪ੍ਰਧਾਨ ਸੁਦੇਸ਼ ਭੱਟੀ, ਸਤਪਾਲ ਬਡਲਾ ਜਨਰਲ ਸਕੱਤਰ, ਸੂਬੇਦਾਰ ਹਰਭਜਨ ਸਿੰਘ, ਜਸਵਿੰਦਰ ਸਿੰਘ ਤਾਜੇਵਾਲ, ਸੁਖਵਿੰਦਰ ਸਿੰਘ ਹੈਪੀ ਮੜ੍ਹਲੀ ਬਸਪਾ ਆਗੂ, ਮਹਿੰਦਰ ਪਾਲ, ਅਮਨਦੀਪ ਰੋੜੀਆਂ, ਸੋਨੂੰ ਬਸੀ, ਸੁਦਾਮਾ ਰਾਮ, ਪਰਦੀਪ ਕੁਮਾਰ, ਸੁਖਵਿੰਦਰ ਸਿੰਘ, ਨਸ਼ਤਰ ਸਿੰਘ, ਜਸਵੀਰ ਸਿੰਘ ਰੱਤੂ, ਪ੍ਰਵੀਨ ਸਿੰਘ, ਸਨਜੀਤ ਕੁਮਾਰ ਜ਼ਿੰਦ ਅਹਿਰਾਣਾ, ਸਤਨਾਮ ਖਨੌੜਾ, ਸਮੀਰ ਮਾਨਾ, ਸੌਰਵ ਹੀਰ ਅਤੇ ਹੋਰ ਵੀ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ।

## ਸਿਹਤ ਵਿਭਾਗ ਦੀ ਟੀਮ ਵੱਲੋਂ ਡੇਂਗੂ ਸਰਵੇ



**ਬੁੱਲ੍ਹੋਵਾਲ (ਵਿਰਦੀ)**- ਸਿਵਲ ਸਰਜਨ ਹੁਸ਼ਿਆਰਪੁਰ ਡਾ. ਨਰਿੰਦਰ ਕਮਲ ਜ਼ਿਲ੍ਹਾ ਐਪੀਡਿਮੋਲਜਿਸਟ ਡਾ. ਜਗਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਮਨਪ੍ਰੀਤ ਕੌਰ, ਸੀਨੀਅਰ ਮੈਡੀਕਲ ਅਫ਼ਸਰ ਡਾ. ਜਤਿੰਦਰ ਸਿੰਘ ਗਿੱਲ ਦੀ ਯੋਗ ਅਗਵਾਈ ਹੇਠ ਅਰਬਨ ਸ਼ਾਮਚੁਰਾਸੀ ਵਿਖੇ ਬਰੀਡਿੰਗ ਚੈੱਕਰ ਦੁਆਰਾ ਡੇਂਗੂ ਸਰਵੇ ਬਾਰੇ ਅਵੇਅਰਨੈਸ ਕੀਤੀ ਗਈ। ਐਚ ਆਈ ਗੁਰਦੇਵ ਸਿੰਘ, ਅਮਰਜੀਤ ਕੈਂਥ ਵੱਲੋਂ ਸੁਪਰਵੀਜ਼ਨ ਕੀਤੀ ਗਈ। ਇਸ ਮੌਕੇ ਗੁਰਦੇਵ ਸਿੰਘ ਸੁਪਰਵਾਈਜ਼ਰ ਨੇ ਦੱਸਿਆ ਕਿ ਡੇਂਗੂ ਮੱਛਰ ਸਾਫ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ। ਇਹ ਸਾਡੇ ਘਰਾਂ ਦੇ ਕੂਲਰਾਂ ਵਿੱਚ, ਮਨੀ ਪਲਾਂਟ ਦੇ ਬੂਟਿਆਂ ਵਿੱਚ, ਫਰਿੱਜ ਦੀ ਟਰੇ ਵਿੱਚ, ਬਰੋਕਨ ਕੰਟੇਨਰਾਂ ਵਿੱਚ, ਪਾਣੀ ਵਾਲੇ ਡਰੰਮਾਂ ਵਿੱਚ ਅਤੇ ਵਾਟਰ ਟੈਂਕਾਂ ਵਿੱਚ ਹੁੰਦਾ ਹੈ। ਸਾਨੂੰ ਸਾਰਿਆਂ ਨੂੰ ਸ਼ੁੱਕਰਵਾਰ ਨੂੰ ਡਰਾਈ ਡੇ ਦੇ ਤੌਰ 'ਤੇ ਆਪਣੇ ਘਰਾਂ ਦੀ ਸਾਫ ਸਫਾਈ ਕਰਨੀ ਚਾਹੀਦੀ ਹੈ।

ਕੂਲਰਾਂ ਨੂੰ ਸਾਫ ਪੋਚੇ ਨਾਲ ਸਾਫ ਕਰਕੇ ਸੁਕਾ ਕੇ ਪਾਣੀ ਪਾਉਣਾ ਚਾਹੀਦਾ ਹੈ, ਫਰਿੱਜ ਦੀ ਪਿੱਛੇ ਟਰੇ ਨੂੰ ਹਫਤੇ 'ਚ ਇਕ ਦਿਨ ਸਾਫ ਕਰਨਾ ਚਾਹੀਦਾ ਹੈ ਤਾਂ ਜੋ ਡੇਂਗੂ ਦੇ ਲਾਰਵੇ ਤੋਂ ਬਚਿਆ ਜਾ ਸਕੇ। ਅੱਜ ਸ਼ਾਮ ਚੌਰਾਸੀ ਦੇ ਘਰਾਂ ਵਿੱਚ ਕੰਟੇਨਰਾਂ ਵਿੱਚ ਟੈਮੀਫਾਸ ਦੀ ਸਪਰੇ ਵੀ ਕੀਤੀ ਗਈ।ਇਸ ਮੌਕੇ ਬਲਵਿੰਦਰ ਸਿੰਘ ਮਲਟੀਪਰਪਜ਼ ਹੈਲਥ ਵਰਕਰ ਅਤੇ ਬਰੀਡਿੰਗ ਚੈੱਕਰ ਹਰਜਿੰਦਰ ਸਿੰਘ, ਮਨਜੀਤ ਸਿੰਘ, ਲਖਵਿੰਦਰ ਕੌਰ, ਲਵਦੀਪ, ਸੁਖਵਿੰਦਰ ਕੌਰ, ਅਨੀਤਾ ਰਾਣੀ, ਜਸਪ੍ਰੀਤ ਕੌਰ ਅਤੇ ਜੋਤੀ ਮੌਜੂਦ ਸਨ।

## ਅਧਿਆਪਕਾਂ ਵੱਲੋਂ ਹੱਕੀ ਮੰਗਾਂ ਮਨਾਉਣ ਲਈ ਲਗਾਇਆ ਧਰਨਾ



**ਬੰਗਾ (ਅਵਤਾਰ ਕਲੇਰ)**- ਆਦਰਸ਼ ਸਕੂਲ ਟੀਚਿੰਗ ਨਾਨ ਟੀਚਿੰਗ ਮੁਲਾਜ਼ਮ ਯੂਨੀਅਨ ਪੰਜਾਬ ਵਲੋਂ ਹੱਕੀ ਮੰਗਾਂ ਮੰਨਾਉਣ ਲਈ ਲਈ ਆਦਰਸ਼ ਸਕੂਲ ਜੰਡਿਆਲਾ ਵਿਖੇ ਧਰਨਾ ਲਗਾਇਆ ਗਿਆ। ਇਸ ਮੌਕੇ ਟੀਚਰ ਜਸਵਿੰਦਰ ਕੌਰ ਅਤੇ ਮਾਇਆ ਨੇ ਸਾਂਝੇ ਤੌਰ ਤੇ ਕਿਹਾ ਕਿ ਅਸੀਂ 2012 ਤੋਂ ਇਨ੍ਹਾ ਸਕੂਲਾਂ ਵਿੱਚ ਸੇਵਾਵਾਂ ਨਿਭਾਅ ਰਹੇ ਹਾਂ ਪਰ ਸਾਨੂੰ ਸਿਰਫ 10 ਹਜ਼ਾਰ ਰੁਪਏ ਤਨਖਾਹ ਹੀ ਦਿੱਤੀ ਜਾਂਦੀ ਹੈ। ਐਨੀ ਮਹਿੰਗਾਈ ਵਿੱਚ ਇੰਨੀ ਕੁ ਤਨਖਾਹ ਨਾਲ ਘਰ ਪਰਵਾਰ ਚਲਾਉਣਾ ਬਹੁਤ ਔਖਾ ਹੈ। ਉਨ੍ਹਾ ਕਿਹਾ ਕਿ ਸਿੱਖਿਆ ਮੰਤਰੀ ਪੰਜਾਬ ਨਾਲ ਵੀ ਤਕਰੀਬਨ 30-35 ਮੀਟਿੰਗਾਂ ਹੋ ਚੁੱਕੀਆ ਹਨ। ਇਸ ਸਬੰਧੀ ਉਹ ਸੰਗਰੂਰ,ਪਟਿਆਲਾ, ਲੁਧਿਆਣਾ,ਬਰਨਾਲਾ ਆਦਿ ਥਾਵਾਂ ਤੇ ਰੋਸ ਰੈਲੀਆ ਕਰ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਦੁੱਖੀ ਹੋ ਕੇ ਇਹ ਧਰਨਾ ਲਗਾਇਆ ਹੈ ਜੋ ਲਗਾਤਾਰ ਚਲੇਗਾ ਜਦ ਤੱਕ ਸਰਕਾਰ ਸਾਡੀਆ ਮੰਗਾਂ ਨਹੀਂ ਮੰਨਦੀ। ਜੇ ਸਰਕਾਰ ਨੇ ਸਾਡੀ ਹੱਕੀ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਟੀਚਰ ਨੀਲਮ ਹੀਉਂ ਨੇ ਕਿਹਾ ਇਹ ਸੰਘਰਸ਼ ਹੱਕੀ ਮੰਗਾਂ ਮੰਨੇ ਜਾਣ ਤੱਕ ਜਾਰੀ ਰਹੇਗਾ। ਇਸ ਮੌਕੇ ਜਸਵਿੰਦਰ ਸਿੰਘ ਮਹਿਮੀ ਮੈਂਬਰ ਸਕੂਲ ਮੈਨੇਜਮੈਂਟ ਕਮੇਟੀ,ਪ੍ਰਿੰਸੀਪਲ ਅਮਿਤ ਕੌਂਸਲ, ਸੋਮ ਨਾਥ ਪ੍ਰਧਾਨ ਟੀਚਰ-ਮਾਪੇ ਯੂਨੀਅਨ, ਸਰਪੰਚ ਸੁਖਵਿੰਦਰ ਸਿੰਘ ਆਦਿ ਨੇ ਕਿਹਾ ਕਿ ਉਹ ਸਾਰੇ ਟੀਚਰਾਂ ਦੀ ਮੰਗ ਦਾ ਸਮਰਥਨ ਕਰਦੇ ਹਨ।

ਉਨ੍ਹਾਂ ਸੰਯੁਕਤ ਰੂਪ ਵਿਚ ਕਿਹਾ ਕਿ ਸਰਕਾਰ ਟੀਚਰਾਂ ਨੂੰ ਸਰਕਾਰੀ ਸਕੂਲਾਂ ਦੇ ਬਰਾਬਰ ਤਨਖਾਹ ਲਾਗੂ ਕਰੇ। ਇਸ ਮੌਕੇ ਗਗਨਦੀਪ ਕੌਰ, ਨਰੇਸ਼ ਕੁਮਾਰ, ਗੁਰਮੀਤ ਕੌਰ, ਗੁਰਪ੍ਰੀਤ ਕੌਰ, ਹਰਜਿੰਦਰ ਕੁਮਾਰ, ਜਗਵੀਰ ਸਿੰਘ ਰਾਣਾ, ਜਸਵੀਰ ਕੌਰ, ਜਸਵਿੰਦਰ ਕੌਰ, ਕੰਚਨ ਬਾਲਾ, ਮਨਵੀਰ ਸਿੰਘ, ਮਨਪ੍ਰੀਤ ਸਿੰਘ, ਅਮਨਦੀਪ ਕੌਰ, ਅਵਤਾਰ ਸਿੰਘ, ਬਲਜੀਤ ਕੌਰ,ਚੰਦਰ ਸ਼ੇਖਰ,ਦੀਪਕ ਕੁਮਾਰ, ਮੋਨਿਕਾ, ਮਾਇਆ ਰਾਣੀ, ਰਾਜ ਕੁਮਾਰੀ, ਪ੍ਰਦੀਨ,ਰੇਖਾ ਰਾਣੀ, ਸਰਬਜੀਤ ਕੌਰ, ਊਸ਼ਾ ਰਾਣੀ, ਜਸਵਿੰਦਰ ਕੌਰ ਅਤੇ ਯੂਨੀਅਨ ਦੇ ਸਮੂਹ ਮੈਂਬਰ ਆਦਿ ਹਾਜ਼ਰ ਸਨ।

## ਐੱਲ ਏ ਡੀ ਸੀ ਪਾਲਿਸੀ ਵਿਰੁੱਧ ਵਕੀਲਾਂ ਵੱਲੋਂ ਹੜਤਾਲ ਨਿਰੰਤਰ ਜਾਰੀ



**ਕਪੂਰਥਲਾ (ਪ੍ਰੀਤ ਸੰਗੋਜਲਾ)**- ਐੱਲ ਏ ਡੀ ਸੀ ਪੌਲਿਸੀ ਦੇ ਵਿਰੋਧ ਵਿੱਚ ਜਿੱਥੇ ਪੰਜਾਬ ਅਤੇ ਹਰਿਆਣਾ ਦੇ ਸਮੂਹ ਵਕੀਲ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਇਸੇ ਲੜੀ ਤਹਿਤ ਕਪੂਰਥਲਾ ਵਿਖੇ ਦੂਸਰੇ ਦਿਨ ਵੀ ਛੇ ਵਕੀਲ ਸਾਹਿਬਾਨ ਭੁੱਖਹੜਤਾਲ 'ਤੇ ਬੈਠੇ। ਇਸ ਮੌਕੇ ਗੱਲਬਾਤ ਕਰਦਿਆਂ ਪ੍ਰਧਾਨ ਐੱਸ ਐੱਸ ਮੱਲੀ ਨੇ ਕਿਹਾ ਕਿ ਐੱਲ ਏ ਡੀ ਸੀ (ਲੀਗਲ ਏਡ ਡਿਫੈਂਸ ਕੌਂਸਲ) ਪਾਲਸੀ ਸਮਾਜ ਅਤੇ ਵਕੀਲ ਵਿਰੋਧੀ ਹੈ। ਇਸ ਨਾਲ ਜਿੱਥੇ ਸਮਾਜ ਵਿੱਚ ਅਰਾਜਕਤਾ ਦਾ ਮਾਹੌਲ ਫੈਲੇਗਾ, ਅਪਰਾਧੀ ਬੇਖੌਫ ਹੋਣਗੇ ਉੱਥੇ ਇਸ ਦਾ ਪ੍ਰਭਾਵ ਵਕੀਲ ਭਾਈਚਾਰੇ ਦੇ ਰੁਜ਼ਗਾਰ 'ਤੇ ਵੀ ਪਵੇਗਾ। ਉਨਾਂ ਕਿਹਾ ਕਿ ਜਿਹੜੇ ਪੇਸ਼ੇਵਰ ਅਪਰਾਧੀ ਹਨ ਅਤੇ ਅਕਸਰ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ ਉਹਨਾਂ ਨੂੰ ਫਰੀ ਕਾਨੂੰਨੀ ਸਹਾਇਤਾ ਮੁਹਈਆ ਕਰਾਉਣੀ ਉਨਾਂ ਦੇ ਮਨੋਬਲ ਨੂੰ ਵਧਾਉਣਾ ਹੈ ਜਿਸ ਨਾਲ ਸਮਾਜ ਵਿੱਚ ਹੋਰ ਬੁਰੇ ਪ੍ਰਭਾਵ ਪੈਣਗੇ। ਇਸ ਨਾਲ ਜਿੱਥੇ ਸਮਾਜ ਅਤੇ ਕਾਨੂੰਨ ਦਾ ਤੰਤਰ ਹੋਰ ਵਿਗੜੇਗਾ ਉੱਥੇ ਹੀ ਨਵੇਂ ਆਉਣ ਵਾਲੇ ਵਕੀਲਾਂ ਨੂੰ ਪ੍ਰੈਕਟਿਸ ਦੌਰਾਨ ਹੋਰ ਮੁਸ਼ਕਿਲਾਂ ਆਉਣਗੀਆਂ ਜਿਸ ਵਿੱਚ ਉਹਨਾਂ ਦੇ ਰੁਜ਼ਗਾਰ ਵੀ ਪ੍ਰਭਾਵਿਤ ਹੋਣਗੇ।

ਇਸ ਮੌਕੇ ਪ੍ਰਧਾਨ ਐੱਸ.ਐੱਸ ਮੱਲੀ ਨੇ ਦੱਸਿਆ ਕਿ ਭੁੱਖ ਹੜਤਾਲ ਵਿੱਚ ਐਡਵੋਕੇਟ ਅਨਮੋਲਦੀਪ ਸਿੰਘ, ਐਡਵੋਕੇਟ ਮਹਾਂਦੇਵ ਪ੍ਰੋਥਰ, ਐਡਵੋਕੇਟ ਕੰਵਰ ਸਿੰਘ, ਐਡਵੋਕੇਟ ਪ੍ਰਿੰਸ ਕੌਸ਼ਲ, ਐਡਵੋਕੇਟ ਕਰਨ ਵਿਸ਼ਿਸ਼ਟ ਅਤੇ ਐਡਵੋਕੇਟ ਹਮੇਸ਼ ਕੁਮਾਰ ਭੁੱਖ ਹੜਤਾਲ 'ਤੇ ਬੈਠੇ ਜਿਹੜੀ ਸ਼ਾਮ 4.30 ਵਜੇ ਤੱਕ ਚੱਲੇਗੀ।

ਉਹਨਾਂ ਅੱਗੇ ਦੱਸਿਆ ਕਿ ਇਹ ਵਿਰੋਧ ਪ੍ਰਦਰਸ਼ਨ ਅਤੇ ਭੁੱਖ ਹੜਤਾਲ ਉਸ ਵਕਤ ਤੱਕ ਜਾਰੀ ਰਹੇਗੀ ਜਦ ਤੱਕ ਇਹ ਪਾਲਸੀ ਰੱਦ ਕਰਕੇ ਇਸ ਦਾ ਕੋਈ ਸਾਰਥਕ ਹੱਲ ਨਹੀਂ ਕੱਢਿਆ ਜਾਂਦਾ।

## ਚੱਬੇਵਾਲ ਵੀ ਬੀ-ਜੀ ਰਾਮ ਜੀ ਤਹਿਤ ਰੋਜ਼ਗਾਰ ਕਾਰਜਾਂ ਨੂੰ ਯਕੀਨੀ ਬਣਾਉਣ ਦਾ ਸੱਦਾ ਦਿੱਤਾ

**ਫਗਵਾੜਾ (ਜਸਵਿੰਦਰ ਢੱਡਾ)**- ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਪਿੰਡਾਂ ਦੇ ਸਰਪੰਚਾਂ ਨੂੰ ਅਪੀਲ ਕੀਤੀ ਕਿ ਉਹ 'ਵਿਕਸਿਤ ਭਾਰਤ-ਗਾਰੰਟੀ ਫਾਰ ਰੋਜ਼ਗਾਰ ਐਂਡ ਆਜੀਵਿਕਾ ਮਿਸ਼ਨ (ਗ੍ਰਾਮੀਣ)' ਸਕੀਮ ਤਹਿਤ ਰੋਜ਼ਗਾਰ ਉਤਪਾਦਨ ਦੇ ਕੰਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਅਤੇ ਨਿਰਮਾਣ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਸਰਗਰਮ ਭੂਮਿਕਾ ਨਿਭਾਉਣ ਤਾਂ ਜੋ ਗ੍ਰਾਮੀਣ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਜਾ ਸਕਣ। ਸਰਪੰਚਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਐੱਮ ਪੀ ਨੇ ਕਿਹਾ ਕਿ ਭਾਵੇਂ ਪੰਜਾਬ ਸਰਕਾਰ ਨੇ ਵੀ ਬੀ-ਜੀ ਰਾਮ ਜੀ ਪ੍ਰੋਗਰਾਮ ਦੇ ਕੁਝ ਪਹਿਲੂਆਂ ਸੰਬੰਧੀ ਸਵਾਲ ਉਠਾਏ ਹਨ ਅਤੇ ਇਤਰਾਜ਼ ਦਰਜ ਕਰਵਾਇਆ ਹੈ, ਪਰ ਉਹ ਇਸ ਸਕੀਮ ਤਹਿਤ ਦਿਹਾੜੀ ਮਜ਼ਦੂਰਾਂ ਨੂੰ ਰੋਜ਼ਗਾਰ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਗ੍ਰਾਮੀਣ ਮਜ਼ਦੂਰਾਂ ਦੀ ਰੋਜ਼ੀ-ਰੋਟੀ ਦੀ ਸੁਰੱਖਿਆ ਲਈ ਇਸ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਗ੍ਰਾਮ ਰੋਜ਼ਗਾਰ ਸੇਵਕਾਂ ਵੱਲੋਂ ਕੀਤੀ ਜਾ ਰਹੀ ਹੜਤਾਲ 'ਤੇ ਚਿੰਤਾ ਪ੍ਰਗਟ ਕਰਦਿਆਂ ਡਾ. ਚੱਬੇਵਾਲ ਨੇ ਕਿਹਾ ਕਿ ਇਸ ਸਕੀਮ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਬਾਰੇ ਮਜ਼ਦੂਰਾਂ ਵਿੱਚ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਸਰਪੰਚਾਂ ਨੂੰ ਅਪੀਲ ਕੀਤੀ ਕਿ ਉਹ ਮਜ਼ਦੂਰਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦੇ ਕੰਮ ਵਿੱਚ ਤੇਜ਼ੀ ਲਿਆਉਣ ਅਤੇ ਇਹ ਯਕੀਨੀ ਬਣਾਉਣ ਕਿ ਉਹ ਝੂਠੇ ਪ੍ਰਚਾਰ ਤੋਂ ਗੁੰਮਰਾਹ ਨਾ ਹੋਣ। ਸਰਪੰਚਾਂ ਨੂੰ ਤੁਰੰਤ ਕਾਰਵਾਈ ਕਰਨ ਦਾ ਸੱਦਾ ਦਿੰਦਿਆਂ ਐਮ.ਪੀ. ਨੇ ਉਨ੍ਹਾਂ ਨੂੰ ਮਨਰੇਗਾ ਮਜ਼ਦੂਰਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਕੰਮ ਸ਼ੁਰੂ ਕਰਨ ਲਈ ਪ੍ਰੇਰਿਤ ਕਰਨ ਲਈ ਕਿਹਾ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਮਸਟਰ ਰੋਲ ਤੁਰੰਤ ਜਾਰੀ ਕੀਤੇ ਜਾਣ ਅਤੇ ਮਜ਼ਦੂਰਾਂ ਦੀ ਹਾਜ਼ਰੀ ਦੀ ਪੁਸ਼ਟੀ ਕਰਕੇ ਸਹੀ ਰਿਕਾਰਡ ਰੱਖਿਆ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਹਰੇਕ ਪਿੰਡ ਵਿੱਚ ਇਸ ਪ੍ਰੋਗਰਾਮ ਤਹਿਤ ਘੱਟੋ-ਘੱਟ ਦੋ ਕੰਮ ਸ਼ੁਰੂ ਕੀਤੇ ਜਾਣ ਅਤੇ ਘੱਟੋ-ਘੱਟ 20 ਮਜ਼ਦੂਰਾਂ ਨੂੰ ਰੋਜ਼ਗਾਰ ਦਿੱਤਾ ਜਾਵੇ।

## ਸਫ਼ਾਈ ਸੇਵਕਾਂ ਦੀ ਹੜਤਾਲ ਕਾਰਨ ਥਾਂ-ਥਾਂ ਲੱਗੇ ਕੂੜੇ ਦੇ ਢੇਰ

**ਖਰੜ (ਹਰਨਾਮ ਸਿੰਘ ਡੱਲਾ)**- ਸਫ਼ਾਈ ਸੇਵਕ ਯੂਨੀਅਨ ਪੰਜਾਬ ਦੇ ਝੰਡੇ ਥੱਲੇ ਖਰੜ ਦੇ ਸਫ਼ਾਈ ਸੇਵਕਾਂ ਦੀ ਹੜਤਾਲ ਪੰਦਰਵੇਂ ਦਿਨ ਵਿੱਚ ਦਾਖਲ ਹੋ ਚੁੱਕੀ ਹੈ। ਆਪਣੀਆਂ ਹੱਕੀ



ਮੰਗਾਂ ਦੇ ਲਈ ਜੂਝਦੇ ਸਫ਼ਾਈ ਸੇਵਕ ਲੰਮੇ ਸਮੇਂ ਲਈ ਮੰਗਾਂ ਮੰਨੇ ਜਾਣ ਤੱਕ ਅਣਿਸ਼ਚਿਤ ਹੜਤਾਲ ਲਈ ਮਨ ਬਣਾ ਚੁੱਕੇ ਹਨ। ਖਰੜ ਨਗਰ ਕੌਂਸਲ ਦੇ ਸਫ਼ਾਈ ਕਰਮਚਾਰੀਆਂ ਦੇ ਪ੍ਰਧਾਨ ਅਮਿਤ ਕੁਮਾਰ ਨੇ ਦੱਸਿਆ ਕਿ ਸਾਡੀ ਜਥੇਬੰਦੀ ਠੇਕੇਦਾਰੀ ਸਿਸਟਮ ਖਤਮ ਕਰਨ ਅਤੇ ਸਫ਼ਾਈ ਸੇਵਕਾਂ ਨੂੰ ਸਰਕਾਰੀ ਕਰਮਚਾਰੀ ਐਲਾਨਣ ਤੱਕ ਅਣਮਿੱਥੇ ਸਮੇਂ ਲਈ ਹੜਤਾਲ ਉੱਤੇ ਹਾਂ। ਉਹਨਾਂ ਕਿਹਾ ਕਿ ਸਰਕਾਰ ਸਾਡੀਆਂ ਮੰਗਾਂ ਨੂੰ ਲੈ ਕੇ ਫਿਕਰਮੰਦ ਨਹੀਂ ਜਾਪਦੀ। ਜਦੋਂ ਕਿ ਸਮੁੱਚੇ ਸਫ਼ਾਈ ਕਰਮਚਾਰੀ ਸਿਹਤ ਦੀਆਂ ਚੁਣੌਤੀਆਂ ਤੋਂ ਬਾਅਦ ਵੀ ਆਪਣੀ ਡਿਊਟੀ ਤਨਦੇਹੀ ਨਾਲ ਕਰਦੇ ਆ ਰਹੇ ਹਨ।

ਜਦੋਂ ਕਿ ਪੰਜਾਬ ਸਰਕਾਰ ਵਿਧਾਨ ਸਭਾ ਵਿੱਚ ਠੇਕੇਦਾਰੀ ਸਿਸਟਮ ਬੰਦ ਕਰਨ ਲਈ ਮਤਾ ਪਾ ਚੁੱਕੀ ਹੈ,ਪਰ ਹੁਣ ਕਿਸ ਦੀ ਡੀਲਿੰਗ ਕੀਤੀ ਜਾ ਰਹੀ ਹੈ। ਪੰਜਾਬ ਭਰ ਦੇ ਸਫ਼ਾਈ ਕਰਮਚਾਰੀ ਸੜਕਾਂ ਉੱਤੇ ਸੰਘਰਸ਼ ਲਈ ਮਜਬੂਰ ਹਨ।

ਇਸ ਹੜਤਾਲ ਦੀ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ ਚੰਡੀਗੜ੍ਹ ਤੇ ਮੋਹਾਲੀ ਦੇ ਪ੍ਰਧਾਨ ਸਾਥੀ ਬੈਜ ਨਾਥ, ਜਨਰਲ ਸਕੱਤਰ ਦਿਨੇਸ਼ ਪ੍ਰਸਾਦ ਅਤੇ ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ (ਸੀਟੂ) ਖਰੜ ਦੇ ਪ੍ਰਧਾਨ ਸੁਰਿੰਦਰ ਸਿੰਘ ਬਡਾਲਾ, ਸਕੱਤਰ ਹਰਨਾਮ ਸਿੰਘ ਡੱਲਾ ਵੱਲੋਂ ਵੀ ਹਮਾਇਤ ਕੀਤੀ ਗਈ ਹੈ।

## ਆਂਗਣਵਾੜੀ ਵਰਕਰਾਂ ਨੂੰ ਸੌਂਪੇ ਨਿਯੁਕਤੀ ਪੱਤਰ

**ਫਿਲੌਰ (ਹਰਜਿੰਦਰ ਕੌਰ ਚਾਹਲ)**- ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਵੱਲੋਂ ਨੌਜਵਾਨਾਂ ਅਤੇ ਮਹਿਲਾਵਾਂ ਨੂੰ ਰੁਜ਼ਗਾਰ ਦੇਣ ਦੇ ਕੀਤੇ ਗਏ ਵਾਅਦਿਆਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਕੜੀ ਤਹਿਤ ਹਲਕਾ ਫਿਲੌਰ ਦੇ ਵਿੱਚ ਇੱਕ ਵਿਸ਼ੇਸ਼ ਅਤੇ ਪ੍ਰਭਾਵਸ਼ਾਲੀ ਸਮਾਗਮ ਆਮ ਆਦਮੀ ਪਾਰਟੀ ਦੇ ਦਫਤਰ ਵਿਖੇ ਆਯੋਜਨ ਕੀਤਾ ਗਿਆ, ਜਿੱਥੇ ਆਂਗਣਵਾੜੀ



ਵਰਕਰਾਂ ਵਜੋਂ ਚੁਣੀਆਂ ਗਈਆਂ ਨਵ-ਨਿਯੁਕਤ ਭੈਣਾਂ ਨੂੰ ਖੁਦ ਨਿਯੁਕਤੀ ਪੱਤਰ ਸੌਂਪੇ ਗਏ। ਇਸ ਮੌਕੇ ਹਲਕਾ ਫਿਲੌਰ ਦੀ ਹਲਕਾ ਇੰਚਾਰਜ ਹਰਜੋਤ ਕੌਰ ਲੋਹਟੀਆ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਆਪਣੇ ਹੱਥੀਂ ਇਨ੍ਹਾਂ ਮਿਹਨਤੀ ਭੈਣਾਂ ਨੂੰ ਨਿਯੁਕਤੀ ਪੱਤਰ ਵੰਡੇ ਅਤੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮਾਨ ਸਰਕਾਰ ਸੂਬੇ ਦੀਆਂ ਧੀਆਂ ਅਤੇ ਭੈਣਾਂ ਨੂੰ ਆਤਮ-ਨਿਰਭਰ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਨਿਯੁਕਤੀ ਪੱਤਰ ਹਾਸਲ ਕਰਨ ਤੋਂ ਬਾਅਦ ਲਾਭਪਾਤਰੀ ਭੈਣਾਂ ਦੇ ਚਿਹਰਿਆਂ 'ਤੇ ਵੱਡੀ ਖੁਸ਼ੀ ਦੇਖਣ ਨੂੰ ਮਿਲੀ। ਇਸ ਮੌਕੇ ਸ਼ਾਮਲ ਭੈਣਾਂ ਨੇ ਇਕੱਠੇ ਹੋ ਕੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਆਖਿਆ ਕਿ ਸਰਕਾਰ ਵੱਲੋਂ ਉਨ੍ਹਾਂ ਦੇ ਘਰਾਂ ਵਿੱਚ ਖੁਸ਼ੀਆਂ ਲਿਆਂਦੀਆਂ ਗਈਆਂ ਹਨ।ਪ੍ਰਭਜੋਤ ਕੌਰ ਪਤਨੀ ਕੁਲਵੰਤ ਸਿੰਘ ਕਲਸੀ, ਅਰਚਨਾ ਪਤਨੀ ਵਿਜੇ ਕੁਮਾਰ, ਸੋਨਿਕਾ ਪੁੱਤਰੀ ਰੂਪ ਲਾਲ, ਲਵਪ੍ਰੀਤ ਕੌਰ ਪੁੱਤਰੀ ਸੁਰਿੰਦਰ ਕੁਮਾਰ, ਰਮਨਦੀਪ ਕੌਰ ਪਤਨੀ ਚਮਨ, ਕਿੰਟੀ ਪਤਨੀ ਸੁਖਪਾਲ ਸਿੰਘ, ਹਰਪ੍ਰੀਤ ਕੌਰ ਪਤਨੀ ਭੁਪਿੰਦਰ ਕੁਮਾਰ, ਪ੍ਰਿਆ ਚੰਦਰ ਪਤਨੀ ਝਲਮਣ ਕੁਮਾਰ, ਰਾਜ ਕੁਮਾਰੀ ਪਤਨੀ ਪ੍ਰਵਿੰਦਰਮ, ਸ਼ਬਿੰਦਰ ਕੌਰ ਪਤਨੀ ਕਰਮਪ੍ਰੀਤ ਸਿੰਘ, ਕਰਮਪ੍ਰੀਤ ਕੌਰ ਪਤਨੀ ਮਦਨ ਲਾਲ, ਸੁਖਜੀਤ ਪਤਨੀ ਅਮਰਜੀਤ ਕੁਮਾਰ, ਸੁਹੰਸਾ ਪੁੱਤਰੀ ਦੀਪਕ ਰਾਮ, ਰਚਪ੍ਰੀਤ ਪੁੱਤਰੀ ਅਮਰਜੀਤ ਜਿਸ ਵਿੱਚ ਮੌਕੇ ਤੇ ਆਮ ਆਦਮੀ ਪਾਰਟੀ ਦੇ ਸਾਰੇ ਵਰਕਰ ਅਤੇ ਆਮ ਆਦਮੀ ਪਾਰਟੀ ਤੋਂ ਫਿਲੌਰ ਦੇ ਐੱਮ ਸੀ ਸਾਰੇ ਹਾਜ਼ਰ ਰਹੇ।

## ਤਿੰਨ ਰੋਜ਼ਾ ਕ੍ਰਿਕਟ ਟੂਰਨਾਮੈਂਟ 24 ਨੂੰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)**- ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਲਿਜਾਨ ਦੇ ਮੰਤਵ ਨਾਲ ਨੌਜਵਾਨ ਸਭਾ ਵੱਲੋਂ ਪਿੰਡ ਧੂਤ ਖੁਰਦ ਵਿਖੇ ਗਿਆਰਵਾਂ ਤਿੰਨ ਰੋਜਾ ਕ੍ਰਿਕਟ ਟੂਰਨਾਮੈਂਟ 24 ਤੋਂ 26 ਜੁਲਾਈ ਤੱਕ ਕਰਵਾਇਆ ਜਾਵੇਗਾ। ਪ੍ਰਵਾਸੀ ਭਾਰਤੀਆਂ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਟੂਰਨਾਮੈਂਟ ਸਬੰਧੀ ਜਾਣਕਾਰੀ ਦਿੰਦੇ ਹੋਏ ਨੌਜਵਾਨ ਯੂਥ ਕਲੱਬ ਦੇ ਮੈਂਬਰਾਂ ਨੇ ਦੱਸਿਆ ਕਿ ਟੂਰਨਾਮੈਂਟ ਵਿੱਚ ਇਲਾਕੇ ਭਰ ਚੋਂ ਕੁੱਲ 32 ਟੀਮਾਂ ਭਾਗ ਲੈਣਗੀਆਂ ਜਿਸ ਦੌਰਾਨ ਜੇਤੂ ਰਹੀ ਟੀਮ ਨੂੰ 25 ਹਜਾਰ ਰੁਪਏ ਜੇਤੂ ਟਰਾਫੀ ਜਦਕਿ ਦੂਸਰੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 15 ਹਜਾਰ ਰੁਪਏ ਤੇ ਯਾਦਗਾਰੀ ਟਰਾਫੀ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਪ੍ਰਬੰਧਕਾਂ ਨੇ ਹੋਰ ਦੱਸਿਆ ਕਿ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਬੈਸਟ ਬੈਸਟਮੈਨ, ਮੈਨ ਆਫ ਦਾ ਟੂਰਨਾਮੈਂਟ, ਮੈਨ ਆਫ ਦੀ ਸੀਰੀਜ ਅਤੇ ਵੈਸਟ ਬਾਲਰ ਦੇ ਐਵਾਰਡ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

## ਸਮੇਂ ਸਿਰ ਇਲਾਜ ਬਣਿਆ ਵਰਦਾਨ, ਸਰਜਨ ਡਾ. ਬੈਂਸ ਨੇ ਬਚਾਈ ਨੌਜਵਾਨ ਦੀ ਜਾਨ

**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਹਸਪਤਾਲ, ਢਾਹਾਂ ਕਲੇਰਾਂ ਦੇ ਪੇਟ ਦੇ ਰੋਗਾਂ ਦੇ ਮਾਹਿਰ ਲੈਪਰੋਸਕੋਪਿਕ ਅਤੇ ਅਪਰੇਸ਼ਨਾਂ ਦੇ ਮਾਹਿਰ ਡਾ. ਮਾਨਵਦੀਪ ਸਿੰਘ ਬੈਂਸ ਐਮ ਐਸ ਨੇ ਸਮੇਂ ਸਿਰ ਐਮਰਜੈਂਸੀ



ਸਰਜਰੀ ਕਰਕੇ ਨੌਜਵਾਨ ਦੀ ਜਾਨ ਬਚਾਉਣ ਦਾ ਸਮਾਚਾਰ ਹੈ। ਪਲਵਿੰਦਰ ਕੁਮਾਰ ਨੂੰ ਅਪੈਂਡਿਕਸ ਦੀ ਗੰਭੀਰ ਸਮੱਸਿਆ ਕਾਰਨ ਅਸਹਿਣਯੋਗ ਪੇਟ ਦਰਦ, ਸੋਜ ਅਤੇ ਉਲਟੀਆਂ ਦੀ ਸ਼ਿਕਾਇਤ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਅਪੈਂਡਿਕਸ ਦੇ ਫੱਟ ਜਾਣ ਕਾਰਨ ਮਰੀਜ਼ ਦੀ ਸਥਿਤੀ ਬਹੁਤ ਨਾਜ਼ੁਕ ਅਤੇ ਮਰੀਜ਼ ਦੀ ਜਾਨ ਨੂੰ ਖ਼ਤਰਾ ਸੀ। ਡਾ. ਬੈਂਸ ਨੇ ਬਿਨਾਂ ਦੇਰੀ ਕੀਤੇ ਐਮਰਜੈਂਸੀ ਅਪਰੇਸ਼ਨ ਕਰਨ ਦਾ ਫ਼ੈਸਲਾ ਲਿਆ ਅਤੇ ਅਪੈਂਡਿਕਸ ਦੀ ਸਫ਼ਲ ਸਰਜਰੀ ਤੋਂ ਬਾਅਦ ਮਰੀਜ਼ ਤੰਦਰੁਸਤ ਹੈ ਅਤੇ ਤੀਜੇ ਦਿਨ ਹੀ ਹਸਪਤਾਲ ਤੋਂ ਛੁੱਟੀ ਮਿਲ ਗਈ। ਡਾ. ਬੈਂਸ ਨੇ ਦੱਸਿਆ ਕਿ ਜੇਕਰ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਇਲਾਜ ਵਿੱਚ ਦੇਰੀ ਹੋ ਜਾਵੇ ਤਾਂ ਅੰਤੜੀ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਮਰੀਜ਼ ਦੀ ਜਾਨ ਨੂੰ ਵੀ ਖ਼ਤਰਾ ਹੋ ਸਕਦਾ ਹੈ। ਉਹਨਾਂ ਨੇ ਦੱਸਿਆ ਕਿ ਅਪੈਂਡਿਕਸ ਇੱਕ ਛੋਟੀ ਉਂਗਲੀ ਦੇ ਆਕਾਰ ਦਾ ਥੈਲੀ ਹੈ ਜੋ ਪੇਟ ਦੇ ਹੇਠਲੇ ਸੱਜੇ ਹਿੱਸੇ ਵਿੱਚ ਵੱਡੀ ਅੰਤੜੀ ਨਾਲ ਜੁੜੀ ਹੁੰਦੀ ਹੈ। ਇਸ ਮੌਕੇ ਹਸਪਤਾਲ ਪ੍ਰਬੰਧਕ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸਮੇਂ ਸਿਰ ਸਹੀ ਫੈਸਲਾ ਲੈ ਕੇ ਸਫ਼ਲ ਅਪਰੇਸ਼ਨ ਨਾਲ ਨੌਜਵਾਨ ਦੀ ਜਾਨ ਲਈ ਡਾ. ਮਾਨਵਦੀਪ ਸਿੰਘ ਬੈਂਸ ਅਤੇ ਉਹਨਾਂ ਦੀ ਟੀਮ ਨੂੰ ਵਧਾਈ ਦਿੱਤੀ।

## ਸੀ ਬੀ ਐੱਸ ਈ ਵਾਲੀਬਾਲ ਕਲਸਟਰ ਦੀਆਂ ਤਿਆਰੀਆਂ ਮੁਕੰਮਲ

**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਸੀ ਬੀ ਐਸ ਈ ਵਾਲੀਬਾਲ ਕਲਸਟਰ 18, ਅੰਡਰ 19, ਅੰਡਰ 17 ਅਤੇ ਅੰਡਰ 14 ਲੜਕੀਆਂ



ਦੀ ਪ੍ਰਤਿਯੋਗਤਾ ਦਾ ਆਯੋਜਨ 23 ਜੁਲਾਈ ਤੋਂ 26 ਜੁਲਾਈ ਤੱਕ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਇੰਜ. ਹਰਨਿਆਮਤ ਕੌਰ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਹਿੱਸਾ ਲੈਣ ਲਈ ਜਲੰਧਰ, ਲੁਧਿਆਣਾ, ਹੁਸ਼ਿਆਰਪੁਰ, ਪਠਾਨਕੋਟ, ਅੰਮ੍ਰਿਤਸਰ, ਰਈਆ, ਜੰਮੂ, ਟਾਂਡਾ, ਗੁਰਦਾਸਪੁਰ, ਤਰਨ ਤਾਰਨ, ਫਗਵਾੜਾ ਆਦਿ ਤੋਂ ਟੀਮਾਂ ਆ ਰਹੀਆਂ ਹਨ।

ਉਨਾਂ ਦੱਸਿਆ ਕਿ ਖਿਡਾਰੀਆਂ ਲਈ ਲੋੜੀਂਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਨੇ ਕਿਹਾ ਕਿ ਖੇਡਾਂ ਵਿਦਿਆਰਥੀ ਜੀਵਨ ਦਾ ਅਨਿਖੜਵਾਂ ਅੰਗ ਹਨ, ਖੇਡਾਂ ਜਿੱਥੇ ਵਿਦਿਆਰਥੀਆਂ ਨੂੰ ਸਰੀਰਕ ਪੱਖੋਂ ਮਜਬੂਤ ਬਣਾਉਂਦੀਆਂ ਹਨ, ਉਥੇ ਉਹਨਾਂ ਵਿੱਚ ਆਤਮ ਵਿਸ਼ਵਾਸ ਵੀ ਪੈਦਾ ਕਰਦੀਆਂ ਹਨ। ਉਹਨਾਂ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਸ਼ੁਭ ਇਛਾਵਾਂ ਦਿੰਦੇ ਹੋਏ ਕਿਹਾ ਕਿ ਹਰ ਇੱਕ ਖਿਡਾਰੀ ਨੂੰ ਸਪੋਰਟਸਮੈਨਸ਼ਿਪ ਦੀ ਭਾਵਨਾ ਨਾਲ ਇਸ ਪ੍ਰਤਿਯੋਗਿਤਾ ਵਿੱਚ ਹਿੱਸਾ ਲੈਣਾ ਚਾਹੀਦਾ ਹੈ।

## ਇਨੋਸੈਂਟ ਹਾਰਟਸ ਨੇ 2026 ਬੈਚ ਦੇ ਨਵੇਂ ਵਿਦਿਆਰਥੀਆਂ ਦਾ ਕੀਤਾ ਸਵਾਗਤ

**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਗਰੁੱਪ ਲੋਹਾਰਾਂ ਵੱਲੋਂ ਕਾਲਜ ਆਡੀਟੋਰੀਅਮ ਵਿੱਚ ਆਯੋਜਿਤ ਓਰੀਐਂਟੇਸ਼ਨ ਪ੍ਰੋਗਰਾਮ ਰਾਹੀਂ ਸਾਲ 2026 ਦੇ ਨਵੇਂ ਵਿਦਿਆਰਥੀਆਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਡਾਇਰੈਕਟਰ ਅਕੈਡਮਿਕ ਡਾ. ਗਗਨਦੀਪ ਕੌਰ ਧੰਜੂ ਦੇ ਸਵਾਗਤੀ ਸੰਬੋਧਨ ਨਾਲ ਹੋਈ। ਉਨ੍ਹਾਂ ਨੇ ਆਪਣੇ ਪ੍ਰੇਰਨਾਦਾਇਕ ਜੀਵਨ ਅਨੁਭਵਾਂ ਰਾਹੀਂ ਵਿਦਿਆਰਥੀਆਂ ਨੂੰ ਆਤਮ-ਵਿਸ਼ਵਾਸ, ਸਕਾਰਾਤਮਕ ਸੋਚ ਅਤੇ ਨਿਰੰਤਰ ਮਿਹਨਤ ਦੇ ਮਹੱਤਵ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਸੰਸਥਾ ਹਰ ਵਿਦਿਆਰਥੀ ਦੇ ਸਰਵਾਂਗੀਣ ਵਿਕਾਸ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਪ੍ਰੋਗਰਾਮ ਦਾ ਮੁੱਖ ਆਕਰਸ਼ਣ ਪ੍ਰਸਿੱਧ ਮੋਟੀਵੇਸ਼ਨਲ ਸਪੀਕਰ ਸ਼੍ਰੀਮਤੀ ਅਮਨਦੀਪ ਕੌਰ ਦਾ ਪ੍ਰੇਰਨਾਦਾਇਕ ਸੈਸ਼ਨ ਰਿਹਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਚੁਣੌਤੀਆਂ ਦਾ ਹਿੰਮਤ ਨਾਲ ਸਾਹਮਣਾ ਕਰਨ ਅਤੇ ਆਤਮ-ਵਿਸ਼ਵਾਸ ਨਾਲ ਸਫਲਤਾ ਦੇ ਰਾਹ 'ਤੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦਾ ਸਮਾਪਨ ਉਤਸ਼ਾਹ ਨਾਲ ਭਰਪੂਰ ਆਰਜੇ ਸੈਂਡੀ ਦੀ ਮਨੋਰੰਜਕ ਪੇਸ਼ਕਾਰੀ ਨਾਲ ਹੋਇਆ, ਜਿਨ੍ਹਾਂ ਨੇ ਆਪਣੇ ਦਿਲਚਸਪ ਅੰਦਾਜ਼ ਨਾਲ ਪੂਰੇ ਸਭਾਗਾਰ ਨੂੰ ਖੁਸ਼ੀ, ਜੋਸ਼ ਅਤੇ ਉਮੰਗ ਨਾਲ ਭਰ ਦਿੱਤਾ। ਇਸ ਮੌਕੇ ਪਾਵਰਪੌਇੰਟ ਪ੍ਰਜ਼ੈਂਟੇਸ਼ਨ ਰਾਹੀਂ ਵਿਦਿਆਰਥੀਆਂ ਨੂੰ ਸੰਸਥਾ, ਵੱਖ-ਵੱਖ ਕਲੱਬਾਂ ਅਤੇ ਕਮੇਟੀਆਂ, ਛੋਟੀ ਮਿਆਦ ਵਾਲੇ ਕੋਰਸਾਂ ਅਤੇ ਵਿਦਿਆਰਥੀਆਂ ਦੇ ਤਜਰਬਿਆਂ (ਟੈਸਟੀਮੋਨੀਅਲਜ਼) ਬਾਰੇ ਜਾਣਕਾਰੀ ਦਿੱਤੀ ਗਈ।ਇਨੋਸੈਂਟ ਹਾਰਟਸ ਗਰੁੱਪ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਸਾਰੇ ਨਵੇਂ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਨੂੰ ਉਤਸ਼ਾਹ, ਪ੍ਰੇਰਨਾ ਅਤੇ ਨਵੀਂ ਊਰਜਾ ਨਾਲ ਆਪਣੀ ਅਕਾਦਮਿਕ ਯਾਤਰਾ ਦੀ ਸ਼ੁਰੂਆਤ ਕਰਨ ਲਈ ਪ੍ਰੇਰਿਤ ਕੀਤਾ।



## ਕੋਟਪਾ ਦੀ ਉਲੰਘਣਾ ਕਰਨ ਵਾਲਿਆਂ ਦੇ ਕੱਟੇ ਚਲਾਨ : ਡਾ. ਮਨਪ੍ਰੀਤ ਕੌਰ

**ਬੁੱਲ੍ਹੋਵਾਲ (ਵਿਰਦੀ)**- ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਮਨਪ੍ਰੀਤ ਕੌਰ ਦੀ ਅਗਵਾਈ ਵਿਚ ਪੀ ਐੱਚ ਸੀ ਚੱਕੋਵਾਲ ਦੀ ਸਿਹਤ ਮੁਲਾਜ਼ਮਾਂ ਦੀ ਟੀਮ



ਨੇ ਜਨਤਕ ਥਾਂਵਾਂ ਤੇ ਤੰਬਾਕੂਨੋਸ਼ੀ ਕਰਨ ਅਤੇ ਗੈਰ ਕਾਨੂੰਨੀ ਤੌਰ ਤੇ ਤੰਬਾਕੂ ਵੇਚਣ ਵਾਲਿਆਂ ਦੇ ਚਲਾਨ ਕੱਟੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐੱਸ ਐੱਮ ਓ ਡਾ. ਮਨਪ੍ਰੀਤ ਕੌਰ ਨੇ ਦੱਸਿਆ ਕਿ ਕੋਟਪਾ ਐਕਟ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ ਜਾਂਦੇ ਹਨ। ਇਸੇ ਤਹਿਤ ਬਾਗਪੁਰ ਸੈਕਟਰ ਦੀ ਟੀਮ ਜਿਸ ਵਿਚ ਬਲਜੀਤ ਸਿੰਘ ਮ ਪ ਹ ਸੁ ਮੇਲ, ਜਸਪ੍ਰੀਤ ਸਿੰਘ ਮ ਪ ਹ ਵ, ਸ਼ਮਸ਼ੇਰ ਸਿੰਘ, ਸਤਵਿੰਦਰ ਸਿੰਘ ਆਦਿ ਸ਼ਾਮਲ ਹਨ ਨੇ ਬਾਗਪੁਰ ਬਾਜ਼ਾਰ ਵਿਚ ਚਲਾਨ ਕੱਟੇ। ਉਹਨਾਂ ਦੱਸਿਆ ਕਿ ਤੰਬਾਕੂ ਦੀ ਵਰਤੋਂ ਸਿਹਤ ਲਈ ਬਹੁਤ ਖਤਰਨਾਕ ਹੈ। ਇਸ ਨਾਲ ਮੂੰਹ ਤੇ ਫੇਫੜਿਆਂ ਦਾ ਕੈਂਸਰ ਤੇ ਹੋਰ ਕਈ ਬਿਮਾਰੀਆਂ ਹੋਣ ਦਾ ਖਤਰਾ ਰਹਿੰਦਾ ਹੈ। ਤੰਬਾਕੂ ਦਾ ਸਿਗਰਟ ਜਾਂ ਬੀੜੀ ਦੇ ਰੂਪ ਵਿਚ ਸੇਵਨ ਕਰਨਾ ਆਪਣੇ ਨਾਲ ਨਾਲ ਨੇੜੇ ਖੜੇ ਵਿਅਕਤੀ ਲਈ ਵੀ ਖਤਰਨਾਕ ਹੁੰਦਾ ਹੈ। ਇਸ ਲਈ ਜਨਤਕ ਥਾਂਵਾਂ ਤੇ ਸਿਗਰਟਨੋਸ਼ੀ ਕਰਨਾ ਕਾਨੂੰਨੀ ਜੁਰਮ ਹੈ। ਡਾ. ਮਨਪ੍ਰੀਤ ਕੌਰ ਨੇ ਦੱਸਿਆ ਕਿ ਵਿਦਿਅਕ ਸੰਸਥਾਂਵਾਂ ਦੇ ਨੇੜੇ ਤੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤੰਬਾਕੂ ਵੇਚਣਾ ਵੀ ਕਾਨੂੰਨਨ ਜੁਰਮ ਹੈ ਜਿਸ ਲਈ ਜੁਰਮਾਨੇ ਦੇ ਨਾਲ ਨਾਲ ਸਜ਼ਾ ਵੀ ਹੋ ਸਕਦੀ ਹੈ। ਇਸ ਮੌਕੇ ਬਲਜੀਤ ਸਿੰਘ ਮ ਪ ਹ ਸੁ. ਮੇਲ ਨੇ ਦੱਸਿਆ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਅੱਠ ਵਿਅਕਤੀਆਂ ਦੇ 900 ਰੁਪਏ ਦੇ ਚਲਾਨ ਕੱਟੇ ਗਏ ਹਨ। ਇਸ ਵਿਚ ਜਨਤਕ ਥਾਂਵਾਂ ਤੇ ਤੰਬਾਕੂਨੋਸ਼ੀ ਕਰਨ ਤੇ ਗੈਰ ਕਾਨੂੰਨੀ ਤੰਬਾਕੂ ਵੇਚਣ ਵਾਲੇ ਦੁਕਾਨਦਾਰ ਸ਼ਾਮਿਲ ਸਨ।

## ਆਜ਼ਾਦੀ ਦਿਹਾੜੇ ਸਮਾਗਮ ਦੀਆਂ ਤਿਆਰੀਆਂ ਵਿੱਢੀਆਂ

**ਜਲੰਧਰ (ਸੁਰਿੰਦਰ ਕੁਮਾਰ, ਰਾਜੇਸ਼ ਥਾਪਾ, ਇਕਬਾਲ ਸਿੰਘ ਉੱਭੀ)**- ਜ਼ਿਲ੍ਹਾ ਪ੍ਰਸ਼ਾਸਨ ਨੇ ਆਜ਼ਾਦੀ ਦਿਹਾੜੇ ਮੌਕੇ 15 ਅਗਸਤ ਨੂੰ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਕਰਵਾਏ ਜਾਣ ਵਾਲੇ ਆਜ਼ਾਦੀ ਦਿਵਸ ਸਮਾਗਮ ਲਈ ਤਿਆਰੀਆਂ ਵਿੱਢ ਦਿੱਤੀਆਂ ਹਨ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ ਸਮੇਤ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਦੌਰਾਨ ਆਜ਼ਾਦੀ ਦਿਵਸ ਸਮਾਗਮ ਨੂੰ ਨਿਰਵਿਘਨ ਤੇ ਸੁਚੱਜੇ ਢੰਗ ਨਾਲ ਨੇਪਰੇ



ਚਾੜ੍ਹਨ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਵਾਸਤੇ ਅਧਿਕਾਰੀਆਂ ਦੀਆਂ ਜ਼ਿੰਮੇਵਾਰੀਆਂ ਨਿਰਧਾਰਿਤ ਕੀਤੀਆਂ। ਇਸ ਮੌਕੇ ਏ ਡੀ ਸੀ ਪੀ ਸੁਖਵਿੰਦਰ ਸਿੰਘ ਵੀ ਮੌਜੂਦ ਸਨ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਇਸ ਰਾਸ਼ਟਰੀ ਮਹੱਤਤਾ ਵਾਲੇ ਸਮਾਗਮ ਨੂੰ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਉਣ ਲਈ ਸਾਰੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਣ ਦੇ ਨਿਰਦੇਸ਼ ਦਿੱਤੇ। ਵਾਲੀਆ ਨੇ ਕਿਹਾ ਕਿ ਸਮਾਗਮ ਦੌਰਾਨ ਸ਼ਾਨਦਾਰ ਮਾਰਚ ਪਾਸਟ, ਵਿਦਿਆਰਥੀਆਂ ਵੱਲੋਂ ਮਾਸ ਪੀ.ਟੀ. ਸ਼ੋਅ ਅਤੇ ਦੇਸ਼ ਭਗਤੀ ਦੀ ਭਾਵਨਾ 'ਤੇ ਆਧਾਰਿਤ ਸੱਭਿਆਚਾਰਕ ਸਮਾਗਮ ਪੇਸ਼ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਵੱਖ-ਵੱਖ ਵਿਭਾਗਾਂ ਦੇ ਪ੍ਰਾਪਤੀਆਂ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਸਨਮਾਨ ਵੀ ਕੀਤਾ ਜਾਵੇਗਾ। ਉਨ੍ਹਾਂ ਹਦਾਇਤ ਕੀਤੀ ਕਿ ਵਿਭਾਗ ਮੁਖੀ ਇਸ ਸਬੰਧੀ ਸੂਚੀਆਂ 7 ਅਗਸਤ ਤੱਕ ਭੇਜਣੀਆਂ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਵਿਲੱਖਣ ਉਪਲਬਧੀਆਂ ਹਾਸਲ ਕਰਨ ਵਾਲੀਆਂ ਸ਼ਖਸੀਅਤਾਂ ਨੂੰ ਵੀ ਸਨਮਾਨਤ ਕੀਤਾ ਜਾਵੇਗਾ। ਵੱਖ-ਵੱਖ ਵਿਭਾਗਾਂ ਨੂੰ ਜ਼ਿੰਮੇਵਾਰੀਆਂ ਦੀ ਵੰਡ ਕਰਦਿਆਂ ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ ਨੂੰ ਸੁਰੱਖਿਆ ਦੇ ਪੁਖ਼ਤਾ ਬੰਦੋਬਸਤ, ਢੁੱਕਵੀਂ ਪਾਰਕਿੰਗ, ਟ੍ਰੈਫਿਕ ਦੇ ਬਦਲਵੇਂ ਪ੍ਰਬੰਧ ਸਮੇਤ ਹੋਰ ਲੋੜੀਂਦੇ ਇੰਤਜ਼ਾਮ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਸਮਾਗਮ ਵਾਲੇ ਸਥਾਨ ਦੇ ਨਾਲ-ਨਾਲ ਚੌਕਾਂ ਦੀ ਸਾਫ-ਸਫਾਈ, ਸਜਾਵਟ, ਬੈਠਣ ਦੇ ਪ੍ਰਬੰਧ, ਪੀਣ ਵਾਲੇ ਪਾਣੀ, ਸੁਖਾਲੀ ਐਂਟਰੀ, ਨਿਰਵਿਘਨ ਬਿਜਲੀ ਸਪਲਾਈ, ਫਾਇਰ ਬ੍ਰਿਗੇਡ ਆਦਿ ਸਮੇਤ ਸਮੁੱਚੇ ਲੋੜੀਂਦੇ ਇੰਤਜ਼ਾਮ ਯਕੀਨੀ ਬਣਾਉਣ ਦੀ ਹਦਾਇਤ ਕੀਤੀ।

## ਸ.ਫ਼ਾਈ ਸੇਵਕ ਯੂਨੀਅਨ ਵੱਲੋਂ ਰੋਸ ਰੈਲੀ

**ਨੰਗਲ (ਸੁਰਜੀਤ ਸਿੰਘ ਢੇਰ)**- ਸਫ਼ਾਈ ਸੇਵਕ ਯੂਨੀਅਨ ਪੰਜਾਬ ਦੇ ਸੱਦੇ 'ਤੇ ਨੰਗਲ ਵਿਖੇ ਇੱਕ ਵਿਸ਼ਾਲ ਮਹਾਂਰੋਸ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬ ਦੇ ਕੋਨੇ-ਕੋਨੇ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਸਫ਼ਾਈ ਸੇਵਕਾਂ ਅਤੇ ਸੀਵਰਮੈਨ ਕਾਮਿਆਂ ਨੇ ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਹੱਕੀ ਮੰਗਾਂ ਕੱਚੇ ਕਾਮਿਆਂ ਨੂੰ ਪੱਕਾ ਕਰਨਾ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ ਨੂੰ ਲੈ ਕੇ ਸਰਕਾਰ ਵਿਰੁੱਧ ਤਿੱਖਾ ਰੋਸ ਪ੍ਰਗਟਾਇਆ। ਰੈਲੀ ਤੋਂ ਬਾਅਦ ਸ਼ਹਿਰ ਦੀ ਮੇਨ ਮਾਰਕੀਟ ਅਤੇ ਅੱਡਾ ਮਾਰਕੀਟ ਵਿੱਚ ਵਿਸ਼ਾਲ ਪੈਦਲ



ਰੋਸ ਮਾਰਚ ਕੱਢਿਆ ਗਿਆ ਅਤੇ ਸਰਕਾਰ ਦਾ ਪੁਤਲਾ ਫੂਕਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਨੀਅਨ ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰ ਨੇ 30 ਜੂਨ ਨੂੰ 65,000 ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਝੂਠਾ ਲਾਲੀਪੌਪ ਦਿੱਤਾ ਸੀ ਅਤੇ ਹੁਣ ਅਧਿਕਾਰੀ ਇਹ ਕਹਿ ਕੇ ਗੁਮਰਾਹ ਕਰ ਰਹੇ ਹਨ ਕਿ ਫਾਈਲ ਗਵਰਨਰ ਕੋਲ ਗਈ ਹੋਈ ਹੈ, ਜਦਕਿ ਬਿਨਾਂ ਬਿੱਲ ਪਾਸ ਕੀਤੇ ਕੋਈ ਆਰਡੀਨੈਂਸ ਜਾਂਦਾ ਹੀ ਨਹੀਂ। ਇਸ ਤੋਂ ਇਲਾਵਾ ਡੀ.ਸੀ.ਜ਼, ਈ.ਓ.ਜ਼ ਅਤੇ ਕਮਿਸ਼ਨਰਾਂ ਰਾਹੀਂ ਐਸਮਾ -(ਨੋ ਵਰਕ, ਨੋ ਪੇ) ਲਗਾਉਣ ਦੀਆਂ ਧਮਕੀਆਂ ਦੀ ਕਰੜੀ ਨਿੰਦਾ ਕਰਦਿਆਂ ਆਗੂਆਂ ਨੇ ਸਪੱਸ਼ਟ ਕੀਤਾ ਕਿ ਹਾਈ ਕੋਰਟ ਨੇ ਮਸਲੇ ਦਾ ਨਿਪਟਾਰਾ ਕਰਨ ਲਈ ਕਿਹਾ ਸੀ। ਇਸ ਮੌਕੇ ਤੇ ਕੁਲਦੀਪ ਸ਼ਰਮਾ (ਮੁੱਖ ਸਲਾਕਾਰ),ਰਮੇਸ਼ ਚੰਦਰ ਕਨਵੀਨਰ , ਅਰੁਣ ਗਿੱਲ, ਮਿੱਕਲ ਵਿਰਲਾ, ਹੰਸਰਾਜ, ਸੁਨੀਲ ਕੁਮਾਰ ਸੁਖਵਿੰਦਰ ਸਿੰਘ ਵਾਲਮੀਕਿ ਮੰਦਿਰ ਨੰਗਲ ਰਵਿਦਾਸ ਸਭਾ ਨੰਗਲ, ਪਰਵਰਤਨ ਸੰਸਥਾ ਨੰਗਲ ਭਗਵਾਨ ਵਾਲਮੀਕਿ ਗੁਰੂ ਰਵਿਦਾਸ ਯੂਥ ਕਲੱਬ ਨੰਗਲ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਬਜਿੰਦਰ ਪੰਡਤ, ਰਕੇਸ਼ ਬਾਲੀ ਕਲਸੇੜਾ, ਜ਼ਿਲ੍ਹਾ ਪ੍ਰਧਾਨ ਕੌਂਸਲ ਕੁਮਾਰ, ਜਰਨਲ ਸਕੱਤਰ ਰਵੀ ਰਾਇ, ਐਡਵੋਕੇਟ ਪਰਮਜੀਤ ਸਿੰਘ ਪੰਮਾ,ਵਿਜੈ ਕੌਂਸਲ, ਮੁਕੇਸ਼ ਕੁਮਾਰ , ਵਿਨੋਦ ਕੁਮਾਰ , ਰਾਜ ਕੁਮਾਰ ਸਾਰਵਾਣ, ਦਵਿੰਦਰ , ਰਾਜੇਸ਼ ਕੁਮਾਰ, ਵਿਜੈ ਸਹੋਤਾ, ਅਵਿਨਾਸ਼, ਧਰਮ ਪਾਲ , ਵੀਰ ਪਾਲ , ਸ਼ਾਂਤੀ ਦੇਵੀ, ਅਲਕਾ, ਮੰਜੂ, ਸਾਵਿਤਰੀ, ਰੂਪਾ ਦੇਵੀ , ਪੂਜਾ , ਬਲਵੀਰ ਕੌਰ, ਅੰਜੂ ਸਹੋਤਾ, ਨੀਲਮ ਆਦਿ ਹਾਜ਼ਰ ਸਨ।

## ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵੱਲੋਂ ਸਮਾਜ ਲਈ ਕੀਤੇ ਕਾਰਜ ਸ਼ਲਾਘਾਯੋਗ ਕਦਮ : ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਦੀ ਅਗਵਾਈ ਹੇਠ ਡੇਰਾ ਸੰਤ ਇੰਦਰ ਦਾਸ ਸੇਖੈ ਵਿਖੇ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਸੰਤ ਇੰਦਰ ਦਾਸ ਸੇਖੈ ਜਨਰਲ ਸਕੱਤਰ ਨਾਲ ਮੁਲਾਕਾਤ ਕੀਤੀ। ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਅਤੇ ਵੱਖ ਵੱਖ ਡੇਰਿਆਂ ਦੇ ਸੰਤਾਂ ਮਹਾਂਪੁਰਸ਼ਾਂ ਵਲੋਂ ਸਮਾਜ ਲਈ ਸਿੱਖਿਆ, ਸਿਹਤ, ਖੇਡਾਂ ਅਤੇ ਧਾਰਮਿਕ ,ਸਮਾਜਿਕ ਏਕਤਾ ਲਈ ਕੀਤੇ ਜਾ ਰਹੇ ਮਹਾਨ ਕਾਰਜਾਂ ਲਈ ਗੁਲਦਸਤੇ ਭੇਟ ਕਰਕੇ ਸਨਮਾਨਤ ਕੀਤਾ ਅਤੇ ਵਧਾਈ ਦਿੱਤੀ। ਇਸ ਮੌਕੇ ਬੀਰ ਚੰਦ ਸੁਰੀਲਾ ਚੇਅਰਮੈਨ ਦਲਿਤ ਵਿਕਾਸ ਭਲਾਈ ਬੋਰਡ, ਅਮਿਤ ਕੁਮਾਰ ਪਾਲ ਕੌਮੀ ਕੈਸ਼ੀਅਰ, ਵਰਿੰਦਰ ਬੰਗਾ ਜਨਰਲ ਸਕੱਤਰ, ਮੀਡੀਆ ਸਕੱਤਰ ਓ ਪੀ ਰਾਣਾ ਵੀ ਹਾਜਰ ਸਨ। ਇਸ ਮੌਕੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ.ਭਾਰਤ ਨੇ ਕਿਹਾ ਕਿ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਸਿਹਤ,ਸਿੱਖਿਆ, ਖੇਡਾਂ ਲਈ ਬਹੁਤ ਮਹਾਨ ਕਾਰਜ ਕੀਤੇ ਜਾ ਰਹੇ ਜਿਸ ਨਾਲ ਬੱਚਿਆਂ ਅੰਦਰ ਪੜਨ ਤੇ ਆਪਸੀ ਪਿਆਰ ਦੀ ਭਾਵਨਾ ਉਜਾਗਰ ਹੋ ਰਹੀ ਹੈ। ਸੁਸਾਇਟੀ ਵਲੋਂ ਮੈਡੀਕਲ ਕੈਂਪ ਲਗਾਕੇ ਅੱਖਾਂ ਅਤੇ ਹੋਰ ਬਿਮਾਰੀਆਂ ਦੇ ਮੁਫਤ ਚੈੱਕਅੱਪ ਅਤੇ ਦਵਾਈਆਂ ਦੇਣ ਨਾਲ ਹਜ਼ਾਰਾਂ



ਸੰਗਤਾਂ ਨੂੰ ਲਾਭ ਹੋ ਰਿਹਾ ਹੈ। ਸੰਤ ਸਤਵਿੰਦਰ ਹੀਰਾ ਨੇ ਕਿਹਾ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਆਦਿ ਧਰਮ ਦੀ ਹੋਂਦ ਨੂੰ ਕਾਇਮ ਰੱਖਣ ਲਈ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਕ੍ਰਾਂਤੀਕਾਰੀ ਸੰਘਰਸ਼ ਨੂੰ ਅੱਗੇ ਵਧਾਉਣ ਲਈ ਏਕਤਾ, ਭਾਈਚਾਰਾ ਦੇ ਮਜਬੂਤ ਸੰਗਠਨ ਨਾਲ ਆਦਿ ਧਰਮ ਦੇ ਮਹਾਨ ਰਹਿਬਰ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਬਾਬੂ ਕਾਂਸ਼ੀ ਰਾਮ ਦੇ ਸੰਘਰਸ਼ ਸਦਕਾ ਕਰੋੜਾਂ ਆਦਿ ਧਰਮੀ ਆਦਿ ਵਾਸੀ ਮਾਨ ਸਨਮਾਨ ਦਾ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ, ਪਰ ਇਸ ਸੰਦਰਭ ਵਿੱਚ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ। ਸੰਤ ਹੀਰਾ ਨੇ ਕਿਹਾ 1931 ਦੀ ਮਰਦਮ ਸ਼ੁਮਾਰੀ ਸਮੇਂ ਆਦਿ ਧਰਮ ਦਾ ਖਾਨਾ ਸਥਾਪਤ ਹੋਇਆ ਸੀ ਅਤੇ ਲੱਖਾਂ ਲੋਕਾਂ ਵਲੋਂ ਆਪਣਾ ਧਰਮ ਆਦਿ ਧਰਮ ਲਿਖਵਾਇਆ ਗਿਆ ਸੀ, ਪਰ ਆਦਿ ਧਰਮ ਦਾ ਖਾਨਾ ਖਤਮ ਕਰਨ ਨਾਲ ਆਦਿ ਧਰਮ ਦੀ ਹੋਂਦ ਨੂੰ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਆਦਿ ਧਰਮ ਦਾ ਖਾਨਾ ਮੁੜ ਸਥਾਪਿਤ ਕਰਾਉਣ ਲਈ ਧਾਰਮਿਕ, ਸਮਾਜਿਕ ਅਤੇ ਪੜੇ ਲਿਖੇ ਬੁੱਧੀਜੀਵੀਆਂ ਦੇ ਸਹਿਯੋਗ ਨਾਲ ਵੱਡਾ ਸੰਘਰਸ਼ ਆਰੰਭ ਕਰਨਾ ਇਸ ਸਮੇਂ ਦੀ ਵੱਡੀ ਚੁਣੌਤੀ ਹੈ। ਸੰਤ ਹੀਰਾ ਨੇ ਕਿਹਾ ਸਤਿਕਾਰਯੋਗ ਸੰਤ ਸਮਾਜ ਅਤੇ ਵਿਸ਼ਵ ਪੱਧਰ ਦੀਆਂ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋ ਕੇ ਸਾਂਝੀ ਮੁਹਿੰਮ ਰਾਹੀਂ ਆਦਿ ਧਰਮ ਕਾਲਿਮ ਸਥਾਪਤ ਕਰਾਉਣ ਦੇ ਏਜੰਡੇ ਤੇ ਸਾਂਝੀ ਰਾਇ ਬਣਾ ਕੇ ਸੰਘਰਸ਼ ਆਰੰਭ ਕਰਨਾ ਚਾਹੀਦਾ ਹੈ ਜਿਸ ਲਈ ਆਦਿ ਧਰਮ ਮਿਸ਼ਨ ਭਾਰਤ ਅਹਿਮ ਭੂਮਿਕਾ ਨਿਭਾਏਗਾ।

## ਕਹਾਣੀਕਾਰ ਲਾਲ ਸਿੰਘ ਦਸੂਹਾ ਦਾ ਸਾਹਿਤਕ ਮਿਸ਼ਨ ਹਰ ਘਰ ਤੱਕ ਪਹੁੰਚਾਉਣ ਦਾ ਅਹਿਦ

**ਦਸੂਹਾ (ਕਰਨੈਲ ਮਾਂਗਟ)** ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ਦੀ ਇੱਕ ਵਿਸ਼ੇਸ਼ ਕਾਨਫਰੰਸ ਕਾਲ ਮੀਟਿੰਗ ਚੇਅਰਮੈਨ ਸੁਖਾਲਵੀਰ ਸਿੰਘ ਕੈਲਗਰੀ ਅਤੇ ਮੰਚ ਦੀ ਸਰਪਰਸਤ ਮੱਖਣ ਸਿੰਘ ਕੁਹਾੜ ਦੀ ਰਹਿਨੁਮਾਈ ਹੇਠ ਸੰਪੰਨ ਹੋਈ। ਜਿਸ ਦੀ ਸਾਰੀ ਕਾਰਵਾਈ ਪ੍ਰਧਾਨ ਅਮਰਜੀਤ ਸਿੰਘ ਦਸੂਹਾ ਅਤੇ ਜਨਰਲ ਸਕੱਤਰ ਭੁਪਿੰਦਰ ਸਿੰਘ ਰਾਜਾ ਦੇ ਦੇਖ ਰੇਖ ਹੇਠ ਹੋਈ । ਮੀਟਿੰਗ ਦੌਰਾਨ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਪ੍ਰਚਾਰ-ਪ੍ਰਸਾਰ ਲਈ ਇੱਕ ਵਿਸ਼ਾਲ ਲੋਕ-ਲਹਿਰ ਆਰੰਭਣ ਦਾ ਅਹਿਮ ਫ਼ੈਸਲਾ ਲਿਆ ਗਿਆ। ਜ਼ੂਮ ਮੀਟਿੰਗ ਵਿੱਚ ਇਸ ਗੱਲ ਉੱਤੇ ਡੂੰਘਾ ਚਿੰਤਨ ਕੀਤਾ ਗਿਆ ਕਿ ਮਹਾਨ ਕਹਾਣੀਕਾਰ ਲਾਲ ਸਿੰਘ ਦਸੂਹਾ ਨੇ ਆਪਣਾ ਸਾਰਾ ਜੀਵਨ ਪੰਜਾਬੀ ਸਾਹਿਤ ਦੀ ਜੋਤ ਨੂੰ ਰੌਸ਼ਨ ਰੱਖਣ, ਨਵੀਆਂ ਕਲਮਾਂ ਨੂੰ ਉਤਸ਼ਾਹਿਤ ਕਰਨ ਅਤੇ ਸਾਹਿਤ ਨੂੰ ਲੋਕਾਂ ਦੀ ਚੇਤਨਾ ਨਾਲ ਜੋੜਨ ਲਈ ਸਮਰਪਿਤ ਕੀਤਾ। ਉਨ੍ਹਾਂ ਵੱਲੋਂ ਆਪਣੇ ਲਹੂ -ਪਸੀਨੇ ਨਾਲ ਜਗਾਈ ਗਈ ਸਾਹਿਤਕ ਮਸ਼ਾਲ ਸਮੁੱਚੇ ਸਾਹਿਤ-ਪ੍ਰੇਮੀ ਸਮਾਜ ਦੀ ਅਮਾਨਤ ਹੈ। ਇਸ ਮਸ਼ਾਲ ਨੂੰ ਹੋਰ ਉੱਚਾ ਚੁੱਕ ਕੇ ਪੰਜਾਬ ਖਾਸ ਕਰਕੇ ਦੁਆਬੇ ਦੇ ਘਰ ਘਰ ਤੱਕ ਪਹੁੰਚਾਉਣਾ ਮੰਚ ਦਾ ਸਾਂਝਾ ਸੰਕਲਪ ਹੈ। ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ਨੇ ਐਲਾਨ ਕੀਤਾ ਕਿ ਦਸੂਹਾ ਅਤੇ ਸਮੁੱਚੇ ਦੁਆਬਾ ਖੇਤਰ ਤੋਂ ਸ਼ੁਰੂ ਕਰਦਿਆਂ ਘਰ-ਘਰ, ਪਿੰਡ-ਪਿੰਡ ਸਾਹਿਤਕ ਮਿਲਣੀਆਂ,



ਵਿਚਾਰ-ਗੋਸ਼ਟੀਆਂ, ਪੁਸਤਕ ਚਰਚਾਵਾਂ, ਕਵੀ ਦਰਬਾਰ ਅਤੇ ਕਹਾਣੀ ਗੋਸ਼ਟੀਆਂ ਆਯੋਜਿਤ ਕੀਤੀਆਂ ਜਾਣਗੀਆਂ। ਇਨ੍ਹਾਂ ਗਤੀਵਿਧੀਆਂ ਦਾ ਉਦੇਸ਼ ਆਮ ਲੋਕਾਂ, ਵਿਦਿਆਰਥੀਆਂ ਅਤੇ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਸਾਹਿਤ, ਕਲਾ, ਸੱਭਿਆਚਾਰ ਅਤੇ ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਮੰਚ ਦਾ ਵਿਸ਼ਵਾਸ ਹੈ ਕਿ ਸਾਹਿਤ ਕੇਵਲ ਮਨੋਰੰਜਨ ਨਹੀਂ, ਸਗੋਂ ਮਨੁੱਖ ਨੂੰ ਸੰਵੇਦਨਸ਼ੀਲ, ਚਿੰਤਨਸ਼ੀਲ ਅਤੇ ਸਮਾਜ ਪ੍ਰਤੀ ਜ਼ਿੰਮੇਵਾਰ ਬਣਾਉਣ ਵਾਲੀ ਸਭ ਤੋਂ ਪ੍ਰਭਾਵਸ਼ਾਲੀ ਸ਼ਕਤੀ ਹੈ।

ਮੀਟਿੰਗ ਦੇ ਅੰਤ ਵਿੱਚ ਸਮੂਹ ਮੈਂਬਰਾਂ ਨੇ ਇੱਕ ਸੁਰ ਵਿੱਚ ਇਹ ਅਹਿਦ ਦੁਹਰਾਇਆ ਕਿ ਕਹਾਣੀਕਾਰ ਲਾਲ ਸਿੰਘ ਦਸੂਹਾ ਦੀ ਸੋਚ ਤੇ ਉਹਨਾਂ ਦੀ ਕਲਮ ਦੀ ਲੋਅ ਕਦੇ ਮੱਧਮ ਨਹੀਂ ਪੈਣ ਦਿੱਤੀ ਜਾਵੇਗੀ , ਕਹਾਣੀਕਾਰ ਲਾਲ ਸਿੰਘ ਦਸੂਹਾ ਦਾ ਸਾਹਿਤਕ ਮਿਸ਼ਨ ਹਰ ਪਿੰਡ, ਹਰ ਘਰ ਅਤੇ ਹਰ ਦਿਲ ਤੱਕ ਪਹੁੰਚਾਇਆ ਜਾਵੇਗਾ। ਇਸ ਮੌਕੇ ਮੰਚ ਦੇ ਪ੍ਰਧਾਨ ਅਮਰਜੀਤ ਸਿੰਘ, ਜਨਰਲ ਸਕੱਤਰ ਭੁਪਿੰਦਰ ਸਿੰਘ ਰਾਜਾ, ਚੈਅਰਮੈਨ ਸੁਖਪਾਲਵੀਰ ਸਿੰਘ ਕੈਲਗਰੀ, ਸਰਪ੍ਰਸਤ ਮੱਖਣ ਕੁਹਾੜ, ਵਾਈਸ ਪ੍ਰਧਾਨ ਦਲਵੀਰ ਸਿੰਘ ਭੁੱਲਰ, ਵਾਇਸ ਪ੍ਰਧਾਨ ਗੁਰਪ੍ਰੀਤ ਸਿੰਘ ਹੈਪੀ ਸਹੋਤਾ, ਅਦਬੀ ਵਿਰਾਸਤ ਮੈਗਜ਼ੀਨ ਦੇ ਕਾਰਜਕਾਰੀ ਸੰਪਾਦਕ ਦਲਜੀਤ ਰਾਏ ਕਾਲੀਆ, ਪਰਮਿੰਦਰ ਕਲੇਰ, ਰਾਜਿੰਦਰ ਸਿੰਘ ਜੋਗਾ ਸਿੰਘ ਡਿਬੂ, ਗੁਰਿੰਦਰ ਸਿੰਘ ਸਫਰੀ , ਜੈਲੀ ਗੇਰਾ , ਜਸਵਿੰਦਰ ਸਿੰਘ, ਜਸਵੀਰ ਸਿੰਘ, ਸਰਬਜੀਤ ਕੌਰ, ਹਰਪ੍ਰੀਤ ਕੌਰ ਆਦਿ ਸਮੇਤ ਅਨੇਕ ਸਾਹਿਤਕਾਰ ਹਾਜ਼ਰ ਸਨ।

## ਦੌੜਾਕ ਸ਼ਹੀਦ ਜਰਨੈਲ ਸਿੰਘ ਝੂਟੀ ਸਦਾ ਅਮਰ ਰਹੇਗਾ : ਤਲਵਿੰਦਰ ਹੀਰ

**ਮਾਹਿਲਪੁਰ (ਸ.ਫਰੀ)**- ਪਿੰਡ ਕਾਲੇਵਾਲ ਭਗਤਾਂ ਦੇ ਜੰਮਪਲ ਨਾਮਵਰ ਕੌਮਾਂਤਰੀ ਦੌੜਾਕ ਸਵ: ਜਰਨੈਲ ਸਿੰਘ ਝੂਟੀ ਨੇ ਆਖਰੀ ਸਵਾਸ ਵੀ ਸਾਢੇ ਚੌਦਾਂ ਕਿਲੋਮੀਟਰ ਦੀ ਦੌੜ ਦੌੜਦਿਆਂ ਅਖੀਰਲੇ 10



ਮੀਟਰ ਤੱਕ ਪੁੱਜ ਕੇ ਤਿਆਗੇ।ਖਾਲਸਾ ਕਾਲਜ ਮਾਹਿਲਪੁਰ ਦਾ ਵਿਦਿਆਰਥੀ ਫੁੱਟਬਾਲ ਦਾ ਵੀ ਬਹੁਤ ਵਧੀਆ ਖਿਡਾਰੀ ਸੀ ਪਰ ਉਸ ਨੇ ਦੌੜਨ 'ਚ ਰੁਚੀ ਦਿਖਾਈ।ਪੰਜਾਬ ਯੂਨੀਵਰਸਿਟੀ 'ਚ 800 ਮੀਟਰ ਦੀ ਦੌੜ 'ਚ ਰਿਕਾਰਡ ਕਾਇਮ ਕੀਤਾ।ਨੈਸ਼ਨਲ ਚੈਂਪੀਅਨ ਦਾ ਖਿਤਾਬ 850 ਮੀਟਰ ਜਿੱਤ ਕੇ ਪ੍ਰਾਪਤ ਕੀਤਾ।ਭਾਰਤੀ ਰੇਲਵੇ ਪੁਲਸ 'ਚ ਸਬ ਇੰਸਪੈਕਟਰ ਬਣ ਜਰਮਨੀ ਸਮੇਤ ਸੰਸਾਰ ਦੇ ਕਈ ਮੁਲਕਾਂ 'ਚ ਦੌੜਿਆ।ਉਹ ਭਾਵੇਂ 21 ਜੁਲਾਈ1973 ਨੂੰ ਸਿੱਧਵਾਂ ਨਹਿਰ ਲੁਧਿਆਣਾ ਤੇ ਕਰਾਸ ਕੰਟਰੀ ਦੌੜਦਿਆਂ ਸਦੀਵੀ ਵਿਛੋੜਾ ਦੇ ਗਿਆ ਪਰ ਉਹ ਆਪਣੇ ਮਾਰੇ ਮਾਅਰਕਿਆਂ ਸਦਕਾ ਹਮੇਸ਼ਾ ਲੋਕਾਂ ਦੇ ਦਿਲਾਂ 'ਚ ਜਿਊਂਦਾ ਰਹੇਗਾ।ਉਸ ਦੀ ਯਾਦ ਵਿੱਚ ਪਿੰਡ ਵਾਸੀਆਂ ਵੱਲੋਂ ਹਰ ਸਾਲ ਖੇਡ ਮੇਲਾ ਕਰਵਾਇਆ ਜਾਂਦਾ ਹੈ।ਅਸੀਂ ਫੁੱਟਬਾਲ ਪਲੇਅਰਜ਼ ਵੈਲਫੇਅਰ ਸੁਸਾਇਟੀ ਮਾਹਿਲਪੁਰ ਵਲੋਂ ਟਰੈਕ ਦੇ ਸ਼ਹੀਦ ਆਪਣੇ ਮਹਾਨ ਰਾਸ਼ਟਰੀ ਦੌੜਾਕ ਸ: ਜਰਨੈਲ ਸਿੰਘ ਝੂਟੀ ਨੂੰ ਉਨ੍ਹਾਂ ਦੀ ਬਰਸੀ ਮੌਕੇ ਸ਼ਰਧਾਂਜਲੀ ਭੇਟ ਕਰਦੇ ਹਾਂ ਤੇ ਉਨ੍ਹਾਂ ਦੇ ਪਰਵਾਰ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ ਇਲਾਕੇ ਦੀ ਨਵੀਂ ਪੀੜ੍ਹੀ ਆਪਣੇਂ ਮਹਾਨ ਪੁਰਖੇ ਦੀਆਂ ਪਾਈਆਂ ਪੈੜਾਂ 'ਤੇ ਚੱਲਦਿਆਂ ਸੂਬੇ, ਦੇਸ਼ ਤੇ ਮਾਪਿਆਂ ਦਾ ਨਾਂਅ ਰੁਸ਼ਨਾਉਣ ਲਈ ਲਗਨ ਤੇ ਜਨੂੰਨ ਨਾਲ ਮਿਹਨਤ ਕਰੇਗੀ ।ਅੱਜ ਉਨ੍ਹਾਂ ਦੀ ਯਾਦਗਾਰ ਤੇ ਪਹੁੰਚ ਕੇ ਉਨ੍ਹਾਂ ਨੂੰ ਦਿਲੋਂ ਚਾਹੁਣ ਤੇ ਸਤਿਕਾਰ ਕਰਨ ਵਾਲਿਆਂ ਵਲੋਂ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਉਨ੍ਹਾਂ ਦੀ ਯਾਦ ਨੂੰ ਹਮੇਸ਼ਾ ਦਿਲਾਂ 'ਚ ਵਸਾਈ ਰੱਖਣ ਦਾ ਅਹਿਦ ਲਿਆ।

## ਐੱਸ ਕੇ ਐੱਮ ਦੇ ਸੱਦੇ 'ਤੇ ਟੋਲ ਪਲਾਜ਼ਾ ਬਛੂਆ ਤੇ ਬਹਿਰਾਮ ਅੱਜ ਫਰੀ ਕਰਨ ਦਾ ਐਲਾਨ

**ਬੰਗਾ (ਅਵਤਾਰ ਕਲੇਰ)**- ਸੰਯੁਕਤ ਕਿਸਾਨ ਮੋਰਚੇ ਦੀ ਕਾਲ ਨੂੰ ਲਾਗੂ ਕਰਨ ਲਈ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਮੀਟਿੰਗ ਕੀਤੀ ਗਈ। ਭਾਰਤ



ਸਰਕਾਰ ਆਉਣ ਵਾਲੇ ਦਿਨਾਂ ਚ ਅਮਰੀਕਾ ਨਾਲ ਮੁਕਤ ਵਪਾਰ ਸਮਝੌਤਾ ਕਰਨ ਜਾ ਰਹੀ ਹੈ। ਮੋਦੀ ਸਰਕਾਰ ਦੀ ਕਰੜੇ ਸ਼ਬਦਾ 'ਚ ਨਿਖੇਧੀ ਕੀਤੀ ਗਈ।ਇਹ ਸਮਝੌਤਾ ਕਿਸਾਨੀ ਨੂੰ ਬਰਬਾਦ ਕਰ ਦੇਵੇਗਾ।

ਜਿਸ ਨੂੰ ਰੱਦ ਕਰਵਾਉਣ ਲਈ ਕਿਸਾਨ ਕੋਲ ਸੰਘਰਸ਼ ਤੋਂ ਬਿਨਾਂ ਕੋਈ ਰਾਹ ਨਹੀਂ।ਸੰਯੁਕਤ ਕਿਸਾਨ ਮੋਰਚੇ ਨੇ 22 ਜੁਲਾਈ ਦਾ ਮੁਕਤ ਵਪਾਰ ਸਮਝੌਤੇ ਦੇ ਵਿਰੋਧ ਦਾ ਸੱਦਾ ਦਿੱਤਾ ਗਿਆ ਹੈ। ਕਿਸਾਨ ਡੱਟ ਕੇ ਵਿਰੋਧ ਕਰਨ ਲਈ ਸਮੁਚੇ ਲੋਕਾਂ ਨੂੰ ਇਸ ਸੰਘਰਸ਼ ਵਿੱਚ ਹਿੱਸਾ ਲੈਣ ਦੀ ਅਪੀਲ ਕਰਦੀ ਹੈ। ਜ਼ਿਲ੍ਹਾ ਨਵਾਂਸ਼ਹਿਰ ਅੰਦਰ ਭਾਰੀ ਗਿਣਤੀ ਨਾਲ ਬਛੂਆ ਅਤੇ ਬਹਿਰਾਮ ਵਿਖੇ ਮੁਕਤ ਵਪਾਰ ਸਮਝੌਤੇ ਦੇ ਵਿਰੋਧ ਚ ਟੋਲ ਪਲਾਜੇ 22 ਜੁਲਾਈ 11 ਵਜੇ ਸਵੇਰ ਤੋਂ ਬਾਅਦ ਦੁਪਹਿਰ 2 ਵਜੇ ਤੱਕ ਪਰਚੀ ਮੁਕਤ ਕੀਤੇ ਜਾਣਗੇ। ਉਹਨਾਂ ਕਿਹਾ ਕਿ ਹਰ ਖੇਤ ਲਈ ਨਹਿਰੀ ਪਾਣੀ ਅਤੇ ਹਰ ਘਰ ਨੂੰ ਪੀਣ ਵਾਲਾ ਸਾਫ ਨਹਿਰੀ ਪਾਣੀ ਸਰਕਾਰ ਦੇਵੇ।

ਵਰਲਡ ਬੈਂਕ ਦੀ ਯੋਜਨਾ ਅਨੁਸਾਰ ਪਾਣੀ ਉੱਤੇ ਕਾਰਪੋਰੇਟ ਕੰਟਰੋਲ ਦੀ ਨੀਤੀ ਰੱਦ ਕੀਤੀ ਜਾਵੇ, ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਸਾਰੀਆਂ ਫਸਲਾਂ, ਫਲਾਂ, ਸਬਜੀਆਂ ਅਤੇ ਬਾਸਮਤੀ ਦੀ ਸੀ। ਇਸ ਮੌਕੇ ਸੁਰਿੰਦਰ ਸਿੰਘ ਬੈਂਸ, ਜਸਵਿੰਦਰ ਸਿੰਘ ਭੰਗਲ, ਕੁਲਦੀਪ ਦੌੜਕਾ, ਚਰਨਜੀਤ ਦੌਲਤਪੁਰ, ਨਿਰਮਲ ਸਿੰਘ ਔਜਲਾ, ਸੰਤੋਖ ਸਿੰਘ ਰੈਲਮਾਜਰਾ, ਸੁਖਵਿੰਦਰ ਸਿੰਘ ਬੱਲੋਵਾਲ, ਤਰਸੇਮ ਸਿੰਘ ਬੈਂਸ, ਕੁਲਦੀਪ ਸੁੱਜੋਂ, ਜੁਝਾਰ ਸਿੰਘ, ਬਿੱਕਰ ਸਿੰਘ,ਨਰੰਜਣ ਦਾਸ ਮੇਹਲੀ,ਗੁਰਦਿਆਲ ਸਿੰਘ, ਸਤਨਾਮ ਗੁਲਾਟੀ, ਤਾਰਾ ਸਿੰਘ ਅਤੇ ਹੋਰ ਹਾਜ਼ਰ ਸਨ।

# ਵਿਦਿਆਰਥੀਆਂ 'ਤੇ ਕੀਤੇ ਤਸ਼ੱਦਦ ਵਿਰੁੱਧ ਸੀ ਪੀ ਆਈ ਐੱਮ ਨੇ ਕੇਂਦਰ ਸਰਕਾਰ ਦੀ ਅਰਥੀ ਫੂਕ ਕੇ ਕੀਤਾ ਰੋਸ ਪ੍ਰਦਰਸ਼ਨ

**ਨੰਗਲ (ਸੁਰਜੀਤ ਸਿੰਘ ਢੇਰ)**- ਇੱਥੇ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਸੂਬਾ ਕਮੇਟੀ ਦੇ ਸੱਦੇ ਤੇ ਵਿਦਿਆਰਥੀਆਂ ਅਤੇ



ਨੌਜਵਾਨਾਂ ਵੱਲੋਂ ਸੰਸਦ ਵੱਲ ਕੀਤੇ ਜਾ ਅਮਨ ਢੰਗ ਨਾਲ ਰੋਸ ਮਾਰਚ ਤੇ ਮੋਦੀ ਸਰਕਾਰ ਨੇ ਅੰਦੋਲਨ ਨੂੰ ਕੁਚਲਣ ਲਈ ਜੋ ਤਸ਼ੱਦਦ ਕੀਤਾ ਗਿਆ ਉਸ ਦੇ ਰੋਸ ਵਜੋਂ ਅੱਜ ਇੱਥੇ ਕੇਂਦਰ ਸਰਕਾਰ ਦੀ ਅਰਥੀ ਫੂਕ ਕੇ ਰੋਸ ਮੁਜਾਹਰਾ ਕੀਤਾ ਗਿਆ। ਇਸ ਮੌਕੇ ਤੇ ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਬਜਿੰਦਰ ਪੰਡਤ ਨੇ ਕਿਹਾ ਕਿ ਕਾਕਰੋਚ ਜਨਤਾ ਪਾਰਟੀ ਵੱਲੋਂ ਪਿਛਲੇ ਮਹੀਨੇ ਤੋਂ ਲਗਾਤਾਰ ਪੁਰ ਅਮਨ ਢੰਗ ਨਾਲ ਜੰਤਰ ਮੰਤਰ ਦਿੱਲੀ ਵਿਖੇ ਸੰਘਰਸ਼ ਕੀਤਾ ਜਾ ਰਿਹਾ ਹੈ ।ਉਹਨਾਂ ਦੀ ਮੁੱਖ ਮੰਗ ਇਹ ਹੈ ਕਿ ਨੀਟ ਦੀ ਪ੍ਰੀਖਿਆਵਾਂ ਵਿੱਚ ਲੀਕਜ ਦੇ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੀ ਜਾਵੇ ਅਤੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਅਸਤੀਫਾ ਲਿਆ ਜਾਵੇ। ਪਰ ਮੋਦੀ ਸਰਕਾਰ ਨੇ ਗੱਲ ਸੁਣਨ ਦੀ ਬਜਾਏ ਨੌਜਵਾਨਾਂ ਵਿਦਿਆਰਥੀਆਂ ਤੇ ਅੰਨਾ ਪੁਲਿਸ ਤਸ਼ੱਦਦ ਕੀਤਾ ਗਿਆ ਪੁਲਿਸ ਨੇ ਅੰਦੋਲਨ ਦਬਾਉਣ ਲਈ ਪਹਿਲਾਂ ਸੋਨਮ ਵਾਂਗਚੁਕ ਨੂੰ ਜਬਰੀ ਚੁੱਕ ਲਿਆ ਤੇ ਫਿਰ ਹਰ ਜੰਤਰ ਮੰਤਰ ਤੋਂ ਸੰਸਦ ਮਾਰਚ ਨੂੰ ਰੋਕਣ ਲਈ ਅਥਰੂ ਗੈਸ ਦੇ ਗੋਲੇ, ਲਾਠੀ ਚਾਰਜ ਹਰ ਤਰ੍ਹਾਂ ਦਾ ਪੁਲਸ਼ ਤਸੱਸਦ ਕੀਤਾ ਗਿਆ । ਸੀ ਪੀ ਆਈ ਐਮ ਕੇਂਦਰ ਦੀ ਮੋਦੀ ਸਰਕਾਰ ਤੋਂ ਮੰਗ ਕਰਦੀ ਹੈ ਕਿ ਨੌਜਵਾਨਾਂ ਤੇ ਵਿਦਿਆਰਥੀਆਂ ਦੀ ਮੰਗ ਨੂੰ ਪੂਰਾ ਕੀਤਾ ਜਾਵੇ, ਉੱਚ ਪ੍ਰੀਖਿਆਵਾਂ ਵਿੱਚ ਹੋ ਰਹੀ ਲੀਕਜ ਨੂੰ ਬੰਦ ਕੀਤਾ ਜਾਵੇ। ਕਾਮਰੇਡ ਬਜਿੰਦਰ ਪੰਡਤ ਨੇ ਕਿਹਾ ਕਿ ਪੇਪਰ ਲੀਕ ਹੋਣ ਕਾਰਨ ਵਿਦਿਆਰਥੀਆਂ ਦੇ ਆਰਥਿਕ, ਮਾਨਸਿਕ ਬੋਝ ਬਹੁਤ ਵੱਧ ਜਾਂਦਾ ਹੈ। ਜਿਸ ਕਾਰਨ ਦਰਜਨਾਂ ਵਿਦਿਆਰਥੀ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਗਏ ਹਨ। ਇਸ ਮੌਕੇ ਤੇ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਸਤਰਾਮ ਸਿੰਘ, ਰਾਕੇਸ਼ ਬਾਲੀ ਕਲਸੇੜਾ, ਤਰਸੇਮ ਸੁਖਸਾਲ,ਤਾਰਾ ਚੰਦ ਤੋਂ ਇਲਾਵਾ ਹੋਰ ਵੀ ਪਾਰਟੀ ਸਾਥੀ ਹਾਜ਼ਰ ਸਨ। ਪਾਰਟੀ ਸਾਥੀਆਂ ਨੇ ਸਥਾਨਕ ਬੱਸ ਸਟੈਂਡ ਦੇ ਨੇੜੇ ਕੇਂਦਰ ਦੀ ਮੋਦੀ ਸਰਕਾਰ ਦੀ ਅਰਥੀ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਤੇ ਮੰਗ ਕੀਤੀ ਕਿ ਗ੍ਰਿਫਤਾਰ ਸੰਘਰਸ਼ਸ਼ੀਲ ਲੋਕਾਂ ਨੂੰ ਫੌਰੀ ਤੌਰ ਤੇ ਰਿਹਾਅ ਕੀਤਾ ਜਾਵੇ।

# ਰਾਣਾ ਗੁਰਜੀਤ ਦੇ ਬਿਆਨ ਦਾ ਮੁਸਲਿਮ ਭਾਈਚਾਰੇ ਵੱਲੋਂ ਵਿਰੋਧ

## ਮਾਫ਼ੀ ਨਾ ਮੰਗਣ 'ਤੇ ਕਾਨੂੰਨੀ ਕਾਰਵਾਈ ਦੀ ਚੇਤਾਵਨੀ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**- ਕਾਂਗਰਸ ਵਿਧਾਇਕ ਅਤੇ ਪੰਜਾਬ ਦੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਦੀ ਹਾਲੀਆ ਪ੍ਰੈੱਸ ਕਾਨਫਰੰਸ ਤੋਂ ਬਾਅਦ ਕਪੂਰਥਲਾ ਦੀ ਸਿਆਸਤ ਵਿੱਚ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਰਾਣਾ ਗੁਰਜੀਤ ਸਿੰਘ ਵੱਲੋਂ ਨਾਜਾਇਜ਼ ਸ਼ਰਾਬ ਦੇ ਕਾਰੋਬਾਰ, ਮੇਅਰ ਚੋਣ ਤੇ ਆਮ ਆਦਮੀ ਪਾਰਟੀ 'ਤੇ ਲਗਾਏ ਗਏ ਦੋਸ਼ਾਂ ਤੋਂ ਬਾਅਦ ਹੁਣ ਮੁਸਲਿਮ ਭਾਈਚਾਰੇ, ਮੁਸਲਿਮ ਡਿਵੈਲਪਮੈਂਟ ਬੋਰਡ ਅਤੇ ਆਮ ਆਦਮੀ ਪਾਰਟੀ ਨੇ ਉਨ੍ਹਾਂ ਦੇ ਬਿਆਨ ਦਾ ਵਿਰੋਧ ਕੀਤਾ ਹੈ। ਮੁਸਲਿਮ ਭਾਈਚਾਰੇ ਦੇ ਨੁਮਾਇੰਦਿਆਂ ਦਾ ਦੋਸ਼ ਹੈ ਕਿ ਪ੍ਰੈੱਸ ਕਾਨਫਰੰਸ ਦੌਰਾਨ ਪਾਰਸ਼ਦਾਂ ਦੇ ਦਲ-ਬਦਲ ਦੇ ਸੰਦਰਭ ਵਿੱਚ ਰਾਣਾ ਗੁਰਜੀਤ ਸਿੰਘ ਨੇ ਮੁਸਲਿਮ ਭਾਈਚਾਰੇ ਦੀ ਉਦਾਹਰਨ ਦਿੱਤੀ, ਜਿਸ ਨਾਲ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।ਮੁਸਲਿਮ ਡਿਵੈਲਪਮੈਂਟ ਬੋਰਡ ਦੇ ਅਹੁਦੇਦਾਰਾਂ ਨੇ ਕਿਹਾ ਕਿ ਸਿਆਸੀ ਦੋਸ਼-ਪ੍ਰਤੀਦੋਸ਼ ਦੌਰਾਨ ਕਿਸੇ ਵੀ ਧਰਮ ਜਾਂ ਭਾਈਚਾਰੇ ਦਾ ਨਾਂਅ ਲੈ ਕੇ ਟਿੱਪਣੀ ਕਰਨਾ ਬਿਲਕੁਲ ਵੀ ਠੀਕ ਨਹੀਂ। ਉਨ੍ਹਾਂ ਕਿਹਾ ਕਿ ਭਾਰਤ ਹਰ ਧਰਮ ਅਤੇ ਹਰ ਵਰਗ ਦਾ ਦੇਸ਼ ਹੈ ਅਤੇ ਸੀਨੀਅਰ ਆਗੂਆਂ ਨੂੰ ਆਪਣੇ ਸ਼ਬਦਾਂ ਦੀ ਚੋਣ ਬਹੁਤ ਜ਼ਿੰਮੇਵਾਰੀ ਨਾਲ ਕਰਨੀ ਚਾਹੀਦੀ ਹੈ। ਅਜਿਹੇ ਬਿਆਨ ਸਮਾਜਿਕ ਭਾਈਚਾਰੇ ਅਤੇ ਆਪਸੀ ਸਦਭਾਵਨਾ ਨੂੰ ਪ੍ਰਭਾਵਿਤ ਕਰ ਸਕਦੇ ਹਨ। ਮੁਸਲਿਮ ਡਿਵੈਲਪਮੈਂਟ ਬੋਰਡ ਦੇ ਨੁਮਾਇੰਦੇ ਯਾਕੂਬ ਅਲੀ ਨੇ ਮੰਗ ਕੀਤੀ ਕਿ ਰਾਣਾ ਗੁਰਜੀਤ ਸਿੰਘ ਆਪਣੇ ਕਥਿਤ ਬਿਆਨ 'ਤੇ ਜਨਤਕ ਤੌਰ 'ਤੇ ਖੇਦ ਪ੍ਰਗਟ ਕਰਦੇ ਹੋਏ ਇਸ ਨੂੰ ਵਾਪਸ ਲੈਣ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਉਹ ਕਾਨੂੰਨੀ ਕਾਰਵਾਈ ਕਰਨ ਦੇ ਨਾਲ-ਨਾਲ ਰੋਸ ਪ੍ਰਦਰਸ਼ਨ ਵੀ ਕਰਨਗੇ। ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਐਡਵੋਕੇਟ ਕਰਮਬੀਰ ਚੰਦੀ ਨੇ ਮੁਸਲਿਮ ਭਾਈਚਾਰੇ ਦਾ ਸਮਰਥਨ ਕਰਦਿਆਂ ਕਿਹਾ ਕਿ ਕਿਸੇ ਵੀ ਧਰਮ ਜਾਂ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਟਿੱਪਣੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਲੋੜ ਪਈ ਤਾਂ ਇਹ ਮਾਮਲਾ ਘੱਟ ਗਿਣਤੀ ਕਮਿਸ਼ਨ ਦੇ ਸਾਹਮਣੇ ਵੀ ਉਠਾਇਆ ਜਾਵੇਗਾ, ਤਾਂ ਜੋ ਸਮਾਜਿਕ ਭਾਈਚਾਰਾ ਅਤੇ ਸਾਂਝ ਬਣੀ ਰਹੇ। ਰਾਣਾ ਗੁਰਜੀਤ ਸਿੰਘ ਵੱਲੋਂ ਲਗਾਏ ਗਏ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਕਰਮਬੀਰ ਚੰਦੀ ਨੇ ਕਿਹਾ ਕਿ ਸੰਬੰਧਿਤ ਮਾਮਲੇ ਵਿੱਚ ਪੁਲਿਸ ਨੇ ਦੋਵੇਂ ਧਿਰਾਂ ਖ਼ਿਲਾਫ਼ ਕੇਸ ਦਰਜ ਕੀਤਾ ਹੋਇਆ ਹੈ ਅਤੇ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਉਸ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ, ਭਾਵੇਂ ਉਹ ਕਿਸੇ ਵੀ ਸਿਆਸੀ ਪਾਰਟੀ ਨਾਲ ਸੰਬੰਧਿਤ ਹੋਵੇ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਦੇ ਕੁਝ ਪਾਰਸ਼ਦ ਖੁਦ ਵੀ ਨਾਜਾਇਜ਼ ਕਾਰੋਬਾਰ ਵਿੱਚ ਸ਼ਾਮਲ ਹਨ, ਇਸ ਲਈ ਕਾਂਗਰਸ ਨੂੰ ਦੂਜਿਆਂ 'ਤੇ ਉਂਗਲ ਚੁੱਕਣ ਤੋਂ ਪਹਿਲਾਂ ਆਪਣੇ ਅੰਦਰ ਵੀ ਝਾਤੀ ਮਾਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨਾ ਤਾਂ ਕਿਸੇ ਨਾਜਾਇਜ਼ ਕਾਰੋਬਾਰ ਦਾ ਸਮਰਥਨ ਕਰਦੀ ਹੈ ਅਤੇ ਨਾ ਹੀ ਕਿਸੇ ਨੂੰ ਸੁਰੱਖਿਆ ਦਿੰਦੀ ਹੈ।

# ਡਾ. ਰਵਜੋਤ ਸਿੰਘ ਨੇ ਜਨੌੜੀ ਨੂੰ 10 ਲੱਖ ਦੀ ਗ੍ਰਾਂਟ ਕੀਤੀ ਜਾਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**
ਪੰਜਾਬ ਦੇ ਜੇਲਾਂ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਸ਼ਾਮਚੁਰਾਸੀ ਵਿਧਾਨ ਸਭਾ ਹਲਕੇ ਦੇ ਪਿੰਡ ਜਨੌੜੀ ਵਿਖੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਮੌਕੇ 'ਤੇ ਹੀ ਕਈ ਮੰਗਾਂ ਦੇ ਹੱਲ ਲਈ ਐਲਾਨ ਕੀਤੇ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਵਿਕਾਸ ਕਾਰਜਾਂ ਲਈ 10 ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਸੌਂਪਿਆ ਜਿਸ ਵਿਚੋਂ ਮੁਹੱਲਾ ਪੁਰਾਣੀ ਅਬਾਦੀ ਵਿੱਚ ਡਾ. ਬੀ. ਆਰ. ਅੰਬੇਡਕਰ ਭਵਨ




ਦੇ ਨਿਰਮਾਣ ਲਈ 5 ਲੱਖ ਰੁਪਏ ਤੇ ਮੁਹੱਲਾ ਨਵੀਂ ਅਬਾਦੀ ਵਿੱਚ ਕਮਿਊਨਿਟੀ ਹਾਲ ਲਈ 5 ਲੱਖ ਰੁਪਏ ਦੀ ਰਾਸ਼ੀ ਖ਼ਰਚੀ ਜਾਵੇਗੀ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਪਹਿਲ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕ ਮਿਲਣੀਆਂ ਦਾ ਮੁੱਖ ਉਦੇਸ਼ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣ ਕੇ ਤੁਰੰਤ ਹੱਲ ਕਰਨਾ ਹੈ। ਉਨ੍ਹਾਂ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਦੇ ਵਿਚਾਰ ਸਮਾਜ ਨੂੰ ਬਰਾਬਰੀ, ਸਿੱਖਿਆ ਅਤੇ ਸਵੈ-ਸਨਮਾਨ ਦਾ ਰਾਹ ਦਿਖਾਉਂਦੇ ਹਨ, ਇਸ ਲਈ ਪਿੰਡ ਜਨੌੜੀ ਦੇ ਮੁਹੱਲਾ ਪੁਰਾਣੀ ਅਬਾਦੀ ਵਿੱਚ ਬਣਨ ਵਾਲਾ ਡਾ. ਬੀ ਆਰ ਅੰਬੇਡਕਰ ਭਵਨ ਸਮਾਜਿਕ ਅਤੇ ਭਾਈਚਾਰਕ ਗਤੀਵਿਧੀਆਂ ਲਈ ਪਿੰਡ ਵਾਸੀਆਂ ਦੇ ਕੰਮ ਆਵੇਗਾ। ਇਸੇ ਤਰ੍ਹਾਂ ਨਵੀਂ ਅਬਾਦੀ ਵਿੱਚ ਬਣਨ ਵਾਲਾ ਕਮਿਊਨਿਟੀ ਹਾਲ ਲੋਕਾਂ ਨੂੰ ਸਮਾਜਿਕ ਸਮਾਗਮਾਂ ਅਤੇ ਹੋਰ ਭਾਈਚਾਰਕ ਕਾਰਜਾਂ ਲਈ ਸਹੂਲਤ ਪ੍ਰਦਾਨ ਕਰੇਗਾ। ਡਾ. ਰਵਜੋਤ ਸਿੰਘ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵਿਕਾਸ ਕਾਰਜਾਂ ਵਿੱਚ ਆਪਣਾ ਸਹਿਯੋਗ ਦੇਣ ਅਤੇ ਪਿੰਡ ਨੂੰ ਸਾਫ਼-ਸੁਥਰਾ ਅਤੇ ਸਮਾਜਿਕ ਬੁਰਾਈਆਂ ਤੋਂ ਬਣਾਉਣ ਲਈ ਮਿਲ ਕੇ ਯਤਨ ਕਰਨ।

# ਬੰਦ ਕੋਠੀ 'ਚ ਚੋਰੀ ਦੀ ਕੋਸ਼ਿਸ਼ ਨਾਕਾਮ

## ਅਲਮਾਰੀ ਦੇ ਖਾਨਿਆਂ 'ਚ ਲੁਕੇ ਦੋ ਨਸ਼ੇੜੀ ਦਬੋਚੇ

**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਇਲਾਕੇ ਵਿੱਚ ਵਧ ਰਹੀਆਂ ਚੋਰੀ ਦੀਆਂ ਘਟਨਾਵਾਂ ਦਰਮਿਆਨ ਡੇਰਾਬੱਸੀ ਪੁਲਸ ਥਾਣੇ ਦੇ ਬਿਲਕੁਲ ਪਿਛਲੇ ਪਾਸੇ ਸਥਿਤ ਗੁਪਤਾ ਬਿਲਡਰ ਦੀ ਇੱਕ ਬੰਦ ਕੋਠੀ ਵਿੱਚ ਚੋਰੀ ਦੀ ਨੀਅਤ ਨਾਲ ਦਾਖ਼ਲ ਹੋਏ ਦੋ ਨਸ਼ੇੜੀਆਂ ਨੂੰ ਪੁਲਸ ਅਤੇ ਸਥਾਨਕ ਲੋਕਾਂ ਨੇ ਮੁਸਤੈਦੀ ਦਿਖਾਉਂਦੇ ਹੋਏ ਮੌਕੇ 'ਤੇ ਹੀ ਕਾਬੂ ਕਰ ਲਿਆ।ਮਿਲੀ ਜਾਣਕਾਰੀ ਅਨੁਸਾਰ ਕੋਠੀ ਦੇ ਗੁਆਂਢ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਰਾਹੀਂ ਸ਼ੱਕੀ ਹਰਕਤਾਂ ਦਾ ਪਤਾ ਲੱਗਦਿਆਂ ਹੀ ਮੁਹੱਲਾ ਵਾਸੀਆਂ ਨੇ ਤੁਰੰਤ ਸੂਝ-ਬੂਝ ਦਿਖਾਈ। ਲੋਕਾਂ ਨੇ ਕੋਠੀ ਨੂੰ ਚਾਰੋਂ ਪਾਸਿਓਂ ਘੇਰ ਲਿਆ ਤੇ ਇਸ ਦੀ ਸੂਚਨਾ ਤੁਰੰਤ ਸਥਾਨਕ ਪੁਲਿਸ ਨੂੰ ਦਿੱਤੀ। ਸੂਚਨਾ ਮਿਲਦੇ ਹੀ ਮੌਕੇ 'ਤੇ



ਪਹੁੰਚੀ ਪੁਲਿਸ ਨੇ ਜਦੋਂ ਅੰਦਰ ਸਰਚ ਆਪ੍ਰੇਸ਼ਨ ਚਲਾਇਆ ਤਾਂ ਹੈਰਾਨੀਜਨਕ ਨਜ਼ਾਰਾ ਸਾਹਮਣੇ ਆਇਆ। ਦੋਵੇਂ ਮੁਲਜ਼ਮ ਅੰਦਰ ਬਣੇ ਛੋਟੇ ਦਰਾਜ਼ਾਂ (ਖਾਨਿਆਂ) ਵਿੱਚ ਲੁਕੇ ਹੋਏ ਸਨ, ਜੋ ਡਰ ਅਤੇ ਦਮ ਘੁੱਟਣ ਕਾਰਨ ਪਸੀਨੇ ਨਾਲ ਤਰ-ਬਤਰ ਹੋ ਚੁੱਕੇ ਸਨ। ਪੁਲਸ ਨੇ ਦੋਵਾਂ ਨੂੰ ਬਾਹਰ ਕੱਢ ਕੇ ਹਿਰਾਸਤ ਵਿੱਚ ਲੈ ਲਿਆ। ਫੜੇ ਗਏ ਮੁਲਜ਼ਮਾਂ ਦੀ ਪਛਾਣ ਪਿੰਡ ਕਾਰਕੌਰ ਦੇ ਚੜ੍ਹਿਆਲਾ ਦੇ ਰਹਿਣ ਵਾਲੇ ਨਸ਼ੇੜੀਆਂ ਵਜੋਂ ਹੋਈ ਹੈ, ਜੋ ਆਪਣੇ ਨਸ਼ੇ ਦੀ ਪੂਰਤੀ ਲਈ ਇਲਾਕੇ ਵਿੱਚ ਛੋਟੀਆਂ-ਮੋਟੀਆਂ ਚੋਰੀਆਂ ਕਰਦੇ ਹਨ।ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਸੁਮਿਤ ਮੋਰ ਨੇ ਦੱਸਿਆ ਕਿ ਮੌਕੇ ਤੋਂ ਚੋਰੀ ਦਾ ਕੋਈ ਸਾਮਾਨ ਬਰਾਮਦ ਨਾ ਹੋਣ ਤੇ ਕਿਸੇ ਵੀ ਪੀੜਤ ਵੱਲੋਂ ਲਿਖਤੀ ਸ਼ਿਕਾਇਤ ਨਾ ਮਿਲਣ ਕਾਰਨ ਫਿਲਹਾਲ ਮੁਲਜ਼ਮਾਂ ਖ਼ਿਲਾਫ਼ ਅਵਾਰਾਗਰਦੀ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦਾ ਡੋਪ ਟੈਸਟ ਕਰਵਾਇਆ ਜਾ ਰਿਹਾ ਹੈ, ਜਿਸ ਦੀ ਰਿਪੋਰਟ ਆਉਣ ਅਤੇ ਕਿਸੇ ਵੀ ਸ਼ਿਕਾਇਤਕਰਤਾ ਦੇ ਸਾਹਮਣੇ ਆਉਣ ਤੋਂ ਬਾਅਦ ਅਗਲੇਰੀ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਵਪਾਰੀਆਂ ਦੀਆਂ ਮੰਗਾਂ ਦੇ ਜਲਦ ਨਿਪਟਾਰੇ ਲਈ ਪ੍ਰਸ਼ਾਸਨ ਵਚਨਬੱਧ : ਡਾ. ਅੰਕਿਤਾ ਕਾਂਸਲ

**ਮੁਹਾਲੀ (ਗੁਰਜੀਤ ਬਿੱਲਾ)**- ਜ਼ਿਲ੍ਹਾ ਪ੍ਰਸ਼ਾਸਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਤੁਰੰਤ ਹੱਲ ਅਤੇ ਕਾਰੋਬਾਰ ਅਨੁਕੂਲ ਮਾਹੌਲ ਸਿਰਜਣ ਦੇ



ਉਦੇਸ਼ ਨਾਲ ਸਹਾਇਕ ਕਮਿਸ਼ਨਰ (ਜ) ਡਾ.ਅੰਕਿਤਾ ਕਾਂਸਲ ਅਤੇ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਰਣਜੀਤ ਪਾਲ ਸਿੰਘ ਦੀ ਅਗਵਾਈ ਹੇਠ ਵਪਾਰੀਆਂ ਨਾਲ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ।ਡਾ. ਅੰਕਿਤਾ ਕਾਂਸਲ ਨੇ ਨਗਰ ਨਿਗਮ, ਸਥਾਨਕ ਸਰਕਾਰਾਂ ਵਿਭਾਗ, ਪਾਵਰਕਾਮ, ਪੁਲਸ ਵਿਭਾਗ, ਡਰੇਨੇਜ ਵਿਭਾਗ, ਗਮਾਡਾ, ਪੀ ਡਬਲਿਊ ਡੀ ਤੇ ਹੋਰ ਵਿਭਾਗਾਂ ਨਾਲ ਸਬੰਧਤ ਮਾਮਲਿਆਂ ਦੀ ਸਮੀਖਿਆ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸ਼ਿਕਾਇਤਾਂ ਦਾ ਸਮਾਂਬੱਧ ਅਤੇ ਪ੍ਰਭਾਵਸ਼ਾਲੀ ਨਿਪਟਾਰਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਸ਼ਿਕਾਇਤਾਂ ਦੇ ਹੱਲ ਵਿੱਚ ਬੇਲੋੜੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਹਰ ਵਿਭਾਗ ਆਪਣੀ ਜ਼ਿੰਮੇਵਾਰੀ ਨੂੰ ਗੰਭੀਰਤਾ ਨਾਲ ਨਿਭਾਉਣ। ਮੀਟਿੰਗ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਬਾਜ਼ਾਰਾਂ ਅਤੇ ਵਪਾਰਕ ਸੰਸਥਾਵਾਂ ਨਾਲ ਸਬੰਧਤ ਨੁਮਾਇੰਦਿਆਂ ਨੇ ਆਪਣੀਆਂ ਮੰਗਾਂ ਅਤੇ ਸ਼ਿਕਾਇਤਾਂ ਵਿਸਥਾਰ ਨਾਲ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦੀਆਂ। ਵਪਾਰੀਆਂ ਵੱਲੋਂ ਬਾਜ਼ਾਰਾਂ ਵਿੱਚ ਬਿਜਲੀ ਸਪਲਾਈ, ਸਫ਼ਾਈ, ਟ੍ਰੈਫਿਕ ਪ੍ਰਬੰਧਨ, ਪਾਰਕਿੰਗ, ਸਟਰੀਟ ਲਾਈਟਾਂ, ਸੀਵਰੇਜ, ਗੈਰ-ਕਾਨੂੰਨੀ ਕਬਜ਼ਿਆਂ, ਨਾਜਾਇਜ਼ ਵੈਂਡਿੰਗ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਸਬੰਧਤ ਮੁੱਦੇ ਉਠਾਏ ਗਏ ਸਨ। ਸ੍ਰੀਮਤੀ ਅੰਕਿਤਾ ਕਾਂਸਲ ਨੇ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਵੱਲੋਂ ਉਠਾਏ ਗਏ ਹਰੇਕ ਮੁੱਦੇ ਨੂੰ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਕੇ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

# ਸੈਨਿਕ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਦਾ ਨਤੀਜਾ ਰਿਹਾ ਸ਼ਾਨਦਾਰ

**ਜਲੰਧਰ, (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਛਾਉਣੀ ਵਿਸ਼ੇਸ਼ ਤੌਰ ਤੇ ਡਾਇਰੈਕਟਰ-ਕਮ-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ (ਰਿਟ.) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵਿਖੇ ਚਲਾਏ ਜਾ ਰਹੇ ਸਰਕਾਰੀ ਕਾਲਜ



ਸੈਨਿਕ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨੋਲੋਜੀ, ਜੋ ਕਿ ਆਈ ਕੇ ਜੀ ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ, ਦਾ ਬੈਚਲਰ ਆਫ਼ ਸਾਇੰਸ ਇਨ ਆਈ ਟੀ ਦੇ ਛੇਵੇਂ ਅਤੇ ਮਾਸਟਰ ਆਫ਼ ਸਾਇੰਸ (ਆਈ.ਟੀ.) ਦੇ ਚੌਥੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਬੀ ਐੱਸ ਸੀ (ਆਈ.ਟੀ) ਦੇ ਛੇਵੇਂ ਸਮੈਸਟਰ ਵਿੱਚ ਨੇਹਾ ਨੇ 8.04 ਐੱਸ ਜੀ ਪੀ ਏ ਲੈ ਕੇ ਪਹਿਲਾ ਅਤੇ ਐੱਮ ਐੱਸ ਸੀ (ਆਈ.ਟੀ.) ਦੇ ਚੌਥੇ ਸਮੈਸਟਰ ਵਿੱਚ ਦੀਪਕ ਕੁਮਾਰ ਨੇ 7.83 ਐੱਸ ਜੀ ਪੀ ਏ ਲੈ ਕੇ ਪਹਿਲਾ ਸਥਾਨ ਹਾਸਿਲ ਕੀਤਾ ਹੈ। ਉਨ੍ਹਾਂ ਇਸ ਸ਼ਾਨਦਾਰ ਨਤੀਜੇ ਲਈ ਪ੍ਰਿੰਸੀਪਲ ਪ੍ਰੋ.ਹਰਜੀਤ ਕੌਰ (ਕੰਪਿਊਟਰ ਵਿਭਾਗ ਦੇ ਮੁਖੀ) , ਪ੍ਰੋ.ਮਨਜੀਤ ਕੌਰ, ਪ੍ਰੋ.ਰਵੀਨਾ, ਸੂਬੇਦਾਰ ਮੇਜਰ ਹਰਜਿੰਦਰ ਸਿੰਘ, ਸਮੂਹ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

# ਅਣਪਛਾਤੇ ਵਾਹਨ ਨੇ ਮੋਟਰਸਾਈਕਲ ਨੂੰ ਮਾਰੀ ਟੱਕਰ, ਇੱਕ ਗੰਭੀਰ ਜ਼ਖ਼ਮੀ



**ਬਲਾਚੌਰ (ਜਸਵਿੰਦਰ ਬੈਂਸ)**- ਲੈਮਰੀਨ ਯੂਨੀਵਰਸਿਟੀ ਕੋਲ ਇੱਕ ਦਰਦਨਾਕ ਸੜਕ ਹਾਦਸਾ ਵਾਪਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਮੁਤਾਬਕ ਪਿਆਰਾ ਸਿੰਘ ਵਾਸੀ ਪਿੰਡ ਫਤਿਹਪੁਰ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਪਿੰਡ ਤੋਂ ਸਵੇਰਾ ਕੰਮਕਾਰ ਲਈ ਵੱਲ ਜਾ ਰਿਹਾ ਸੀ। ਇਸ ਦੌਰਾਨ ਲੈਮਰੀਨ ਯੂਨੀਵਰਸਿਟੀ ਦੇ ਨੇੜੇ ਪਿੱਛੇ ਆ ਰਹੇ ਇੱਕ ਅਣਪਛਾਤੇ ਵਾਹਨ ਨੇ ਉਸ ਦੇ ਮੋਟਰਸਾਈਕਲ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਪਿਆਰਾ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਘਟਨਾ ਦੀ ਸੂਚਨਾ ਮਿਲਦਿਆਂ ਹੀ ਸੜਕ ਸੁਰੱਖਿਆ ਫੋਰਸ ਦੀ ਟੀਮ ਵੱਲੋਂ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਸੜਕ ਸੁਰੱਖਿਆ ਫੋਰਸ ਟੀਮ ਨੇ ਤੁਰੰਤ ਮੁਸਤੈਦੀ ਦਿਖਾਉਂਦੇ ਹੋਏ ਜ਼ਖ਼ਮੀ ਪਿਆਰਾ ਸਿੰਘ ਨੂੰ ਆਪਣੀ ਸਰਕਾਰੀ ਗੱਡੀ ਰਾਹੀਂ ਸਿਵਲ ਹਸਪਤਾਲ ਰੋਪੜ ਵਿਖੇ ਇਲਾਜ ਲਈ ਦਾਖ਼ਲ ਕਰਵਾਇਆ। (ਇਸ ਦੇ ਨਾਲ ਹੀ ਹਾਦਸੇ ਦੀ ਸੂਚਨਾ ਜ਼ਖ਼ਮੀ ਦੇ ਪਰਿਵਾਰਕ ਮੈਂਬਰਾਂ ਨੂੰ ਦਿੱਤੀ ਗਈ ਅਤੇ ਮਾਮਲੇ ਦੀ ਪੂਰੀ ਜਾਣਕਾਰੀ ਮੁਨਸ਼ੀ ਅੰਸ਼ਕੋ ਤੇਜਿੰਦਰ ਸਿੰਘ ਨੂੰ ਦੇ ਕੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਧਾਰਮਿਕ ਸਮਾਗਮਾਂ 'ਚ ਸ਼ਿਵ ਸੈਨਾ ਯੋਗਦਾਨ ਪਾਉਂਦੀ ਹੈ : ਸੰਜੀਵ ਘਨੌਲੀ, ਮਿੱਕੀ ਪੰਡਤ

**ਟਾਂਡਾ ਉੜਮੁੜ (ਮਿਲਣੇਸ਼ ਗਰਗ, ਜਸਵਿੰਦਰ ਸੰਧੂ)**- ਹਰ ਸਾਲ ਸਾਵਣ ਮਹੀਨੇ ਵਿੱਚ ਮਾਤਾ ਚਿੰਤਪੁਰਨੀ ਦੇ ਦਰਬਾਰ ਮੱਥਾ ਟੇਕਣ ਜਾਣ ਵਾਲੇ ਸ਼ਰਧਾਲੂਆਂ ਦੇ ਖਾਣ ਪੀਣ ਲਈ ਹੁਸ਼ਿਆਰਪੁਰ ਚੋਹਾਲ ਨੇੜੇ ਲੰਗਰ



ਲਗਾਉਣ ਵਾਲੀ ਸ੍ਰੀ ਨਵ ਦੁਰਗਾ ਚਿੰਤਪੁਰਨੀ ਲੰਗਰ ਸੇਵਾ ਸੋਸਾਇਟੀ (ਰਜਿ:) ਟਾਂਡਾ ਦੀ ਬੀਤੇ ਦਿਨੀਂ ਹੋਈ ਮੀਟਿੰਗ ਵਿੱਚ ਸਰਬ ਸੰਮਤੀ ਨਾਲ ਚੁਣੇ ਗਏ ਪ੍ਰਧਾਨ ਸੁਮਿਤ ਗੁਪਤਾ ਅਤੇ ਵਾਈਸ ਪ੍ਰਧਾਨ ਗਗਨ ਭੱਟੀ ਨੂੰ ਸਨਮਾਨਤ ਕਰਨ ਲਈ ਸ਼ਿਵ ਸੈਨਾ ਪੰਜਾਬ ਦੇ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਿਤ ਦੀ ਅਗਵਾਈ ਵਿੱਚ ਇੱਕ ਸਨਮਾਨਤ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸ਼ਿਵ ਸੈਨਾ ਪੰਜਾਬ ਦੇ ਰਾਸ਼ਟਰੀ ਪ੍ਰਧਾਨ ਸੰਜੀਵ ਘਨੌਲੀ ਅਤੇ ਰਾਸ਼ਟਰੀ ਚੇਅਰਮੈਨ ਰਾਜੀਵ ਟੰਡਨ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਸਮਾਰੋਹ ਵਿੱਚ ਸ਼ਾਮਿਲ ਸ਼ਿਵ ਸੈਨਾ ਦੋਆਬਾ ਪ੍ਰਧਾਨ ਸ਼ਿਵਮ ਵੈਦ, ਜ਼ਿਲ੍ਹਾ ਚੇਅਰਮੈਨ ਵਿਕਾਸ ਜਸਰਾ, ਬੇਟ ਏਰੀਆ ਪ੍ਰਧਾਨ ਤੇ ਜਲੰਧਰ ਯੁਵਾ ਇੰਚਾਰਜ ਗਗਨ ਪਰੋਜ, ਸਨਾਤਨ ਧਰਮ ਸਭਾ ਕਲੋਇਆਂ ਦੇ ਪ੍ਰਧਾਨ ਆਕਾਸ਼ ਰਾਣਾ, ਹਿੰਦੂ ਨੇਤਾ ਗਿੰਦਾ ਪਰੋਜ, ਯੁਵਾ ਨੇਤਾ ਹਰਜੀਤ ਸਿੰਘ ਬਘੇਲ, ਯੁਵਾ ਨੇਤਾ ਜਿੰਦਰ ਬਨਿਆਲ, ਹਿੰਦੂ ਨੇਤਾ ਸ਼ੁਭਮ ਮਲਹੋਤਰਾ, ਹਿੰਦੂ ਨੇਤਾ ਜੋਬਨ, ਯੁਵਾ ਨੇਤਾ ਗੁਰਮੀਤ ਅਰੋੜਾ, ਹਿੰਦੂ ਨੇਤਾ ਗੌਰਵ ਟਾਂਡਾ, ਰਵੀ ਕੁਮਾਰ, ਸੋਨੂੰ ਕੁਮਾਰ, ਵਿਸ਼ਾਲ ਕੁਮਾਰ, ਸੂਰਜ ਕੁਮਾਰ, ਸੰਜੂ, ਦੀਪਕ ਵਰਮਾ, ਗੁਰਮੀਤ ਸਿੰਘ, ਸੰਗਮ ਨੈਨੋਵਾਲ, ਹਰਮਨ, ਗਗਨ ਕੁਮਾਰ, ਡਿੰਕੀ, ਗੌਰਵ ਕੁਮਾਰ, ਯੁਵਾ ਨੇਤਾ ਸਾਬੀ ਤੇ ਲਾਡੀ ਤੋਂ ਇਲਾਵਾ ਹੋਰ ਸ਼ਿਵ ਸੈਨਾ ਵਰਕਰਾਂ ਅਤੇ ਲੰਗਰ ਸੇਵਾ ਸੋਸਾਇਟੀ ਦੇ ਸਮੂਹ ਮੈਂਬਰਾਂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਨੂੰ ਸਨਮਾਨਤ ਕੀਤਾ।

# ਰਵਜੋਤ ਸਿੰਘ ਵੱਲੋਂ ਵੱਖ-ਵੱਖ ਬੋਰਡਾਂ ਦੇ ਥਾਪੇ ਚੇਅਰਮੈਨਾਂ ਦਾ ਸਨਮਾਨ



**ਹੁਸ਼ਿਆਰਪੁਰ (ਓ ਪੀ ਰਾਣਾ)**
ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਹਰ ਵਰਗ ਦੇ ਬਰਾਬਰ ਵਿਕਾਸ ਲਈ ਵਚਨਬੱਧ ਹੈ ਅਤੇ ਇਸੇ ਤਹਿਤ ਵੱਖ-ਵੱਖ ਭਾਈਚਾਰਿਆਂ ਨਾਲ ਸਬੰਧਿਤ ਬੋਰਡਾਂ ਦਾ ਗਠਨ ਕੀਤਾ ਗਿਆ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਨਾਲ ਸਬੰਧਿਤ ਬੋਰਡਾਂ ਦੇ ਐਲਾਨੇ ਗਏ ਚੇਅਰਮੈਨਾਂ ਦਾ ਸਨਮਾਨ ਕਰਨ ਸਮੇਂ ਕੀਤਾ ਗਿਆ। ਮੰਤਰੀ ਰਵਜੋਤ ਸਿੰਘ ਨੇ ਦੱਸਿਆ ਕਿ ਰਾਮਗੜ੍ਹੀਆ ਵੈਲਫੇਅਰ ਬੋਰਡ ਦੇ ਹਲਕਾ ਚੇਅਰਮੈਨ ਉਕਾਂਰ ਸਿੰਘ, ਸੈਣੀ ਵੈਲਫੇਅਰ ਬੋਰਡ ਦੇ ਤੁਲਸੀ ਰਾਮ ਸਿੰਘ, ਬ੍ਰਾਹਮਣ ਵੈਲਫੇਅਰ ਬੋਰਡ ਦੇ ਨੰਦ ਕਿਸ਼ੋਰ ਸ਼ਰਮਾ, ਦਲਿਤ ਵਿਕਾਸ ਬੋਰਡ ਦੇ ਰਾਜ ਕੁਮਾਰ, ਰਾਜਪੂਤ ਕਲਿਆਣ ਬੋਰਡ ਦੇ ਆਸ਼ੀਸ਼ ਕੁਮਾਰ, ਪੰਜਾਬ ਸਟੇਟ ਮੁਸਲਿਮ ਡਿਵੈਲਪਮੈਂਟ ਬੋਰਡ ਦੇ ਸਾਦਿਕ, ਗੁੱਜਰ ਵੈਲਫੇਅਰ ਬੋਰਡ ਦੇ ਬਿੱਲਾ, ਮਸੀਹ ਵੈਲਫੇਅਰ ਬੋਰਡ ਦੇ ਜਤਿੰਦਰ ਕੁਮਾਰ, ਬਾਜੀਗਰ ਅਤੇ ਟੱਪਰੀਵਾਸ ਵੈਲਫੇਅਰ ਬੋਰਡ ਦੇ ਕਰਮ ਚੰਦ, ਖੱਤਰੀ ਅਰੋੜਾ ਵੈਲਫੇਅਰ ਬੋਰਡ ਦੇ ਵਰਿੰਦਰ ਚੋਪੜਾ, ਸਪੋਰਟਸ ਵੈਲਫੇਅਰ ਬੋਰਡ ਦੇ ਹਰਸਿਮਰਨਜੀਤ ਸਿੰਘ ਨੂੰ ਚੇਅਰਮੈਨ ਲਗਾਇਆ ਗਿਆ ਹੈ।

# ਵਿਦਿਆਰਥਣਾਂ ਨੂੰ ਸਕੂਲ ਬੈਗ ਤੇ ਟਰੈਕ ਸੂਟ ਵੰਡੇ

**ਨਵਾਂਸ਼ਹਿਰ (ਮਨੋਜ ਲਾਡੀ)**-ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ 'ਬੇਟੀ ਬਚਾਓ, ਬੇਟੀ ਪੜ੍ਹਾਓ' ਸਕੀਮ ਅਧੀਨ ਸਕੂਲ ਆਫ ਐਮੀਨੈਂਸ, ਐੱਸ ਬੀ ਐੱਸ ਨਗਰ ਵਿਖੇ ਵਿਦਿਆਰਥਣਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੌਰਾਨ ਪੜ੍ਹਾਈ ਤੇ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸਕੂਲ ਬੈਗ ਅਤੇ ਟਰੈਕ ਸੂਟ ਪ੍ਰਦਾਨ ਕੀਤੇ ਗਏ।ਸਮਾਗਮ ਵਿੱਚ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਗਰੂਪ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿਮ ਦਾ ਮੁੱਖ ਉਦੇਸ਼ ਧੀਆਂ ਨੂੰ ਸਿੱਖਿਆ, ਸੁਰੱਖਿਆ, ਸਨਮਾਨ ਅਤੇ ਬਰਾਬਰ ਦੇ ਮੌਕੇ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਧੀਆ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ, ਸੱਭਿਆਚਾਰਕ ਅਤੇ ਹੋਰ ਸਹਿ-ਪਾਠਕ੍ਰਮ ਗਤੀਵਿਧੀਆ ਵਿੱਚ ਵੀ ਵੱਧ-ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ ਤਾਂ ਜੋ ਉਹ ਹਰ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ। ਇਸ ਉਪਰੰਤ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਗਰੂਪ ਸਿੰਘ ਵੱਲੋਂ ਯੋਗ ਵਿਦਿਆਰਥਣਾਂ ਨੂੰ ਬੇਟੀ ਬਚਾਓ, ਬੇਟੀ ਪੜ੍ਹਾਓ ਸਕੀਮ ਅਧੀਨ ਸਕੂਲ ਬੇਗ ਅਤੇ ਟਰੇਕ ਸੂਟਾਂ ਦੀ ਵੰਡ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਧੀਆਂ ਦੀ ਸਿੱਖਿਆ, ਸੁਰੱਖਿਆ ਅਤੇ ਸਸ਼ਕਤੀਕਰਨ ਲਈ ਅਨੇਕਾਂ ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਵਿਦਿਆਰਥਣਾਂ ਨੂੰ ਮਿਹਨਤ, ਲਗਨ ਅਤੇ ਆਤਮ-ਵਿਸ਼ਵਾਸ ਨਾਲ ਆਪਣੇ ਟੀਚੇ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਮਾਪਿਆਂ ਨੂੰ ਵੀ ਧੀਆਂ ਨੂੰ ਹਰ ਖੇਤਰ ਵਿੱਚ ਅੱਗੇ ਵਧਣ ਲਈ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ।ਸਮਾਗਮ ਦੌਰਾਨ ਵਿਦਿਆਰਥਣਾ ਨੇ ਬੇਟੀ ਬਚਾਓ, ਬੇਟੀ ਪੜ੍ਹਾਓ ਵਿਸ਼ੇ ਨਾਲ ਸਬੰਧਤ ਪ੍ਰੇਰਨਾਦਾਇਕ ਵਿਚਾਰ ਪੇਸ਼ ਕੀਤੇ ਅਤੇ ਧੀਆਂ ਦੀ ਸਿੱਖਿਆ ਅਤੇ ਸਸ਼ਕਤੀਕਰਨ ਦਾ ਸੰਦੇਸ਼ ਦਿੱਤਾ। ਸਕੂਲ ਦੇ ਅਧਿਆਪਕਾਂ ਨੇ ਵੀ ਵਿਦਿਆਰਥਣਾਂ ਨੂੰ ਸਿੱਖਿਆ ਦੇ ਨਾਲ-ਨਾਲ ਖੇਡਾਂ ਅਤੇ ਹੋਰ ਰਚਨਾਤਮਕ ਗਤੀਵਿਧੀਆਂ ਵਿੱਚ ਸਰਗਰਮ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਪਾਣੀ ਦੀ ਸਮੱਸਿਆ ਦੇ ਹੱਲ ਲਈ ਨਵੇਂ ਬੋਰਵੈੱਲ ਦਾ ਉਦਘਾਟਨ



**ਡੇਰਾਬੱਸੀ (ਵਿਨੈ ਕੁਮਾਰ ਜੈਨ)**
ਸਥਾਨਕ ਸਰਕਾਰੀ ਕਾਲਜ ਡੇਰਾਬੱਸੀ ਵਿਖੇ ਲੰਮੇ ਸਮੇਂ ਤੋਂ ਚੱਲ ਰਹੀ ਪਾਣੀ ਦੀ ਸਮੱਸਿਆ ਨੂੰ ਹੱਲ ਕਰਦਿਆਂ ਇੱਕ ਨਵੇਂ ਬੋਰਵੈੱਲ ਦਾ ਸ਼ੁੱਭ ਆਰੰਭ ਕੀਤਾ ਗਿਆ। ਇਹ ਪ੍ਰੋਜੈਕਟ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਵਿਸ਼ੇਸ਼ ਸਹਿਯੋਗ ਸਦਕਾ ਅਤੇ ਕਾਲਜ ਪ੍ਰਿੰਸੀਪਲ ਵਿਨਿਤਾ ਰਾਓ ਦੀ ਸਰਪ੍ਰਸਤੀ ਹੇਠ ਨੇਪਰੇ ਚੜ੍ਹਿਆ ਹੈ।ਇਸ ਮੌਕੇ ਹਲਕਾ ਵਿਧਾਇਕ ਸਰਦਾਰ ਕੁਲਜੀਤ ਸਿੰਘ ਰੰਧਾਵਾ ਨੇ ਸ਼ਲਾਘਾਯੋਗ ਪਹਿਲਕਦਮੀ ਕਰਦਿਆਂ ਬੀ ਏ ਭਾਗ ਪਹਿਲਾ ਦੀ ਵਿਦਿਆਰਥਣ ਦੀਪਾ ਕੁਮਾਰੀ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਅਤੇ ਉਸ ਦੇ ਕਰ-ਕਮਲਾਂ ਦੁਆਰਾ ਨਵੇਂ ਬੋਰਵੈੱਲ ਦਾ ਉਦਘਾਟਨ ਕਰਵਾਇਆ।ਸਮਾਗਮ ਦੌਰਾਨ ਹਲਕਾ ਵਿਧਾਇਕ ਰੰਧਾਵਾ ਨੇ ਕਾਲਜ ਵਿੱਚ ਨਵੇਂ ਬੋਰਵੈੱਲ ਦੀ ਸਥਾਪਨਾ ਹੋਣ 'ਤੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਕਾਲਜ ਦੇ ਵਿਕਾਸ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

ਇਸ ਮੌਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਕਰਮਜੀਤ ਸਿੰਘ, ਈ.ਓ. ਰਵਨੀਤ ਸਿੰਘ, ਕਾਲਜ ਕੌਂਸਲ ਦੇ ਮੈਂਬਰ, ਸਮੂਹ ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼, ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਇਲਾਕੇ ਦੇ ਹੋਰ ਪਤਵੰਤੇ ਸੱਜਣ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# 100 ਫੀਸਦੀ ਡਿਜੀਟਲੀਕਰਨ ਕਰਨ ਵਾਲੇ ਦੋ ਬੀ ਐੱਲ ਓ ਨੂੰ ਮਿਲਿਆ ਪ੍ਰਸ਼ੰਸਾ ਪੱਤਰ


**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਭਾਰਤ ਚੋਣ ਕਮਿਸ਼ਨ ਵੱਲੋਂ ਚਲਾਏ ਜਾ ਰਹੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ ਆਈ ਆਰ)-2026 ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ



ਵਿੱਚ ਸ਼ਾਨਦਾਰ ਕੰਮ ਕਰਨ ਵਾਲੇ ਦੋ ਬੂਥ ਲੈਵਲ ਅਫ਼ਸਰਾਂ (ਬੀ ਐੱਲ ਓ) ਨੂੰ ਮੁੱਖ ਚੋਣ ਅਫ਼ਸਰ, ਪੰਜਾਬ ਵੱਲੋਂ ਪ੍ਰਸ਼ੰਸਾ ਪੱਤਰ ਭੇਜੇ ਗਏ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਆਸ਼ਿਕਾ ਜੈਨ ਨੇ ਦੋਵੇਂ ਬੀ ਐੱਲ ਓ. ਨੂੰ ਪ੍ਰਸ਼ੰਸਾ ਪੱਤਰ ਭੇਟ ਕਰਕੇ ਸਨਮਾਨਤ ਕੀਤਾ ਅਤੇ ਉਨ੍ਹਾਂ ਦਾ ਹੌਸਲਾ ਅਫ਼ਜ਼ਾਈ ਕੀਤੀ। ਆਸ਼ਿਕਾ ਜੈਨ ਨੇ ਦੱਸਿਆ ਕਿ ਦੋਵੇਂ ਬੀ ਐੱਲ ਓ ਨੇ ਗਿਣਤੀ ਫਾਰਮਾਂ ਦਾ 100 ਫੀਸਦੀ ਡਿਜੀਟਲੀਕਰਨ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਸਫ਼ਲਤਾਪੂਰਵਕ ਪੂਰਾ ਕੀਤਾ। ਇਸ ਸ਼ਲਾਘਾਯੋਗ ਪ੍ਰਾਪਤੀ ਲਈ ਮੁੱਖ ਚੋਣ ਅਫ਼ਸਰ, ਪੰਜਾਬ ਵੱਲੋਂ ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਜਾਰੀ ਕੀਤੇ ਗਏ ਹਨ। ਉਨ੍ਹਾਂ ਸਨਮਾਨਤ ਬੀ ਐੱਲ. ਓ ਦੇਵਿੰਦਰ ਸੈਣੀ ਅਤੇ ਮਨਦੀਪ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਚੋਣ ਪ੍ਰਕਿਰਿਆ ਦੀ ਸਫ਼ਲਤਾ ਵਿੱਚ ਬੀ ਐੱਲ ਓ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਹੁੰਦੀ ਹੈ।

# ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਨੇ ਲਗਾਇਆ ਖ਼ੂਨਦਾਨ ਕੈਂਪ

**ਫਗਵਾੜਾ (ਡਾ. ਰਮਨ)**
ਸਤਿਗੁਰੂ ਮਾਤਾ ਸੁਦੀਕਸ਼ਾ ਦੇ ਪਾਵਨ ਆਸ਼ੀਰਵਾਦ ਸਦਕਾ ਸੰਤ ਨਿਰੰਕਾਰੀ ਸਤਸੰਗ ਭਵਨ ਫਗਵਾੜਾ ਵਿਖੇ ਸੰਤ ਨਿਰੰਕਾਰੀ ਚੈਰਿਟੇਬਲ ਫਾਊਂਡੇਸ਼ਨ ਵੱਲੋਂ 16ਵੇਂ ਵਿਸ਼ਾਲ ਖ਼ੂਨਦਾਨ ਕੈਂਪ ਦਾ ਸਫਲ ਆਯੋਜਨ ਫਗਵਾੜਾ ਬ੍ਰਾਂਚ ਦੇ ਸੰਯੋਜਕ ਮਲਕੀਤ ਚੰਦ ਦੀ ਅਗਵਾਈ ਹੇਠ



ਕੀਤਾ ਗਿਆ। ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਇਸ ਕੈਂਪ ਦੌਰਾਨ 225 ਯੂਨਿਟ ਖ਼ੂਨ ਇਕੱਠਾ ਹੋਇਆ, ਜੋ ਲੋੜਵੰਦ ਮਰੀਜ਼ਾਂ ਦੀ ਜ਼ਿੰਦਗੀ ਬਚਾਉਣ ਲਈ ਲਾਹੇਵੰਦ ਹੋਵੇਗਾ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਮੈਂਬਰ ਪਾਰਲੀਮੈਂਟ ਤੇ ਆਮ ਆਦਮੀ ਪਾਰਟੀ ਫਗਵਾੜਾ ਹਲਕੇ ਦੇ ਇੰਚਾਰਜ ਡਾ. ਰਾਜ ਕੁਮਾਰ ਚੱਬੇਵਾਲ ਨੇ ਕੀਤਾ। ਬ੍ਰਾਂਚ ਕਨਵੀਨਰ ਮਲਕੀਤ ਚੰਦ ਨੇ ਦੱਸਿਆ ਕਿ ਸੰਤ ਨਿਰੰਕਾਰੀ ਮਿਸ਼ਨ ਵੱਲੋਂ ਸਾਲ 1986 ਤੋਂ ਲੈ ਕੇ ਹੁਣ ਤੱਕ ਦੇਸ਼ ਭਰ ਵਿੱਚ 9 ਹਜ਼ਾਰ ਤੋਂ ਵੱਧ ਖ਼ੂਨਦਾਨ ਕੈਂਪ ਲਗਾਏ ਜਾ ਚੁੱਕੇ ਹਨ, ਜਿਨ੍ਹਾਂ ਰਾਹੀਂ 15 ਲੱਖ ਤੋਂ ਵੱਧ ਯੂਨਿਟ ਖ਼ੂਨ ਮਨੁੱਖਤਾ ਦੀ ਭਲਾਈ ਲਈ ਸਮਰਪਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਨਿਰੰਕਾਰੀ ਮਿਸ਼ਨ ਮਨੁੱਖਤਾ ਦੀ ਨਿਸ਼ਕਾਮ ਸੇਵਾ ਨੂੰ ਹੀ ਸੱਚੀ ਪ੍ਰਭੂ ਭਗਤੀ ਮੰਨਦਿਆਂ ਖ਼ੂਨਦਾਨ, ਸਿਹਤ ਸੇਵਾ ਅਤੇ ਹੋਰ ਲੋਕ-ਭਲਾਈ ਦੇ ਕਾਰਜ ਨਿਰੰਤਰ ਕਰ ਰਿਹਾ ਹੈ। ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਸੰਤ ਨਿਰੰਕਾਰੀ ਮਿਸ਼ਨ ਦੇ ਸੇਵਾ ਕਾਰਜਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਮਿਸ਼ਨ ਖ਼ੂਨਦਾਨ ਵਰਗੇ ਮਹਾਨ ਕਾਰਜਾਂ ਦੇ ਨਾਲ-ਨਾਲ ਸਵੱਛਤਾ, ਵਾਤਾਵਰਣ ਸੁਰੱਖਿਆ ਲਈ ਬੂਟੇ ਲਗਾਉਣ ਅਤੇ 'ਅੰਮ੍ਰਿਤ' ਪ੍ਰੋਜੈਕਟ ਜਿਹੀਆਂ ਮੁਹਿੰਮਾਂ ਰਾਹੀਂ ਸਮਾਜ ਦੀ ਵਢਮੁੱਲੀ ਸੇਵਾ ਕਰ ਰਿਹਾ ਹੈ। ਉਨ੍ਹਾਂ ਵੱਧ ਤੋਂ ਵੱਧ ਲੋਕਾਂ ਨੂੰ ਖ਼ੂਨਦਾਨ ਵਰਗੇ ਪੁੰਨ ਦੇ ਕਾਰਜਾਂ ਨਾਲ ਜੁੜਨ ਦਾ ਸੱਦਾ ਦਿੱਤਾ। ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ, ਖ਼ੂਨਦਾਨੀ ਅਤੇ ਸਮਾਜ ਸੇਵੀ ਹਾਜ਼ਰ ਰਹੇ। ਖ਼ੂਨਦਾਨੀਆਂ ਦੇ ਉਤਸ਼ਾਹ, ਸੇਵਾ ਭਾਵਨਾ ਅਤੇ ਮਿਸ਼ਨ ਦੇ ਸੇਵਾਦਾਰਾਂ ਦੀ ਸੁਚੱਜੀ ਵਿਵਸਥਾ ਨੇ ਕੈਂਪ ਨੂੰ ਪੂਰੀ ਤਰ੍ਹਾਂ ਸਫਲ ਬਣਾਇਆ।

# ਐੱਮ ਐੱਲ ਏ ਨੇ ਤੀਰਥ ਯਾਤਰਾ ਲਈ 3 ਬੱਸਾਂ ਨੂੰ ਕੀਤਾ ਰਵਾਨਾ

**ਮੋਹਾਲੀ (ਗੁਰਜੀਤ ਬਿੱਲਾ)**
ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਵਿਧਾਨ ਸਭਾ ਹਲਕਾ ਮੋਹਾਲੀ ਤੋਂ ਅੰਮ੍ਰਿਤਸਰ ਲਈ ਸ਼ਰਧਾਲੂਆਂ ਦੀਆਂ 3 ਬੱਸਾਂ ਰਵਾਨਾ ਕੀਤੀਆਂ ਗਈਆਂ। ਬੱਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਮੌਕੇ ਸੈਕਟਰ 114 ਆਂਸਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਜਦੋਂ ਸ਼ਰਧਾਲੂ ਇਕੱਠਿਆਂ ਤਿੰਨ ਦਿਨ ਸੰਗਤ ਦੇ ਰੂਪ ਵਿੱਚ ਯਾਤਰਾ ਤੇ ਜਾਂਦੇ ਹਨ, ਤਾਂ ਇਹਨਾਂ ਦੇ ਵਿੱਚ ਆਪਸੀ ਭਾਈਚਾਰਕ ਸਾਂਝ ਦਾ ਦਾਇਰਾ ਹੋਰ ਵਡੇਰਾ ਹੁੰਦਾ ਹੈ ਅਤੇ ਉਹ ਆਪਣੇ ਨਿੱਜੀ ਅਤੇ ਸਮਾਜਿਕ ਸਮਾਗਮਾਂ ਦੇ ਵਿੱਚ ਸਾਂਝੇ ਤੌਰ ਤੇ ਵਿਚਰਨ ਲੱਗ ਜਾਂਦੇ ਹਨ, ਅਤੇ ਇਸ ਸਮਾਜਿਕ ਸਾਂਝ ਦੇ ਚੱਲਦਿਆਂ ਸਮੁੱਚਾ ਚੌਗਿਰਦਾ ਰੁਸ਼ਨਾ ਉੱਠਦਾ ਹੈ, ਜੋ ਕਿ ਇੱਕ ਉਸਾਰੂ ਸਮਾਜ ਦੀ ਸਿਰਜਣਾ ਵਿੱਚ ਬਿਹਤਰ ਭੂਮਿਕਾ ਨਿਭਾਉਂਦਾ ਹੈ। ਇਸ ਮੌਕੇ ਤੇ ਫੂਲਰਾਜ ਸਿੰਘ ਸਟੇਟ ਐਵਾਰਡੀ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ -ਕੁਲਦੀਪ ਸਿੰਘ ਸਮਾਣਾ, ਡਾਕਟਰ ਕੁਲਦੀਪ ਸਿੰਘ, ਸੁਖਦੇਵ ਸਿੰਘ ਪਟਵਾਰੀ, ਕੌਂਸਲਰ -ਅਰੁਣਾ ਵਸਿਸਟ,ਰਾਜੀਵ ਵਸ਼ਿਸ਼ਟ, ਸਰਪੰਚ ਦਵਿੰਦਰ ਸਿੰਘ, ਜਸਪਾਲ ਸਿੰਘ ਮਟੌਰ,



ਕਰਮਜੀਤ ਸਿੰਘ- ਦੁਰਾਲੀ, ਖੁਸ਼ਵੀਰ ਕੌਰ, ਸੁਖਵਿੰਦਰ ਕੌਰ,ਤਰਲੋਚਨ ਸਿੰਘ- ਤੌਂਚੀ ਸਰਪੰਚ, ਇੰਦਰਜੀਤ ਸਿੰਘ ਬਰਾੜੀ, ਗੁਰਿੰਦਰਜੀਤ ਸਿੰਘ, ਸਿਮਰਨਜੀਤ ਸਿੰਘ, ਰੁਪਿੰਦਰ ਸਿੰਘ, ਸਤਵਿੰਦਰ ਸਿੰਘ ਲਾਲਾ, ਗੁਰਜੰਟ ਸਿੰਘ, ਬਲਵੀਰ ਸਿੰਘ, ਰਣਜੀਤ ਸਿੰਘ ਐਡਵੋਕੇਟ ਪ੍ਰਿਤਪਾਲ ਸਿੰਘ, ਕੁਲਦੀਪ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਸੈਕਟਰ -69 ,ਬਲਪ੍ਰੀਤ ਸਿੰਘ ਪੱਡਾ, ਹਰਪਾਲ ਸਿੰਘ ਸੰਧੂ ਵੀ ਹਾਜ਼ਰ ਸਨ।

# ਜੰਤਰ ਮੰਤਰ ਵਿਖੇ ਵਿਦਿਆਰਥੀਆਂ 'ਤੇ ਲਾਠੀਚਾਰਜ ਦੀ ਨਿਖੇਧੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਦੇਸ਼ ਭਗਤ ਪੰਡਤ ਕਿਸ਼ੋਰੀ ਲਾਲ ਯਾਦਗਾਰ ਕਮੇਟੀ ਨੇ 'ਚ ਨੀਟ ਪੇਪਰ ਲੀਕ ਮਾਮਲੇ ਵਿਚ ਦਿੱਲੀ ਦੇ ਜੰਤਰ ਮੰਤਰ ਵਿਖੇ ਸੰਘਰਸ਼ ਕਰ ਰਹੇ ਵਿਦਿਆਰਥੀਆਂ 'ਤੇ ਪੁਲਸ ਵੱਲੋਂ ਕੀਤੇ ਲਾਠੀਚਾਰਜ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਕਮੇਟੀ ਦੇ ਸਰਪ੍ਰਸਤ ਸ਼ਿਵ ਕੁਮਾਰ ਅਮਰੋਹੀ, ਯੁਗਰਾਜ ਸਿੰਘ, ਗਿਆਨ ਸਿੰਘ ਗੁਪਤਾ, ਕੁੰਦਨ ਸਿੰਘ, ਬਿਸ਼ਨ ਦਾਸ ਆਦਿ ਨੇ ਸਾਂਝੇ ਬਿਆਨ 'ਚ ਕਿਹਾ ਕਿ ਕੇਂਦਰ ਸਰਕਾਰ ਸੰਘਰਸ਼ ਦੇ ਰਾਹ ਪਏ ਨੌਜਵਾਨਾਂ ਨਾਲ ਗੱਲਬਾਤ ਕਰਨ ਦੀ ਬਜਾਇ ਉਨ੍ਹਾਂ ਦੀ ਆਵਾਜ਼ ਨੂੰ ਪੁਲਸ ਦੇ ਡੰਡੇ ਨਾਲ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਜ਼ਮਹੂਰੀਅਤ ਵਿੱਚ ਹਰ ਵਿਅਕਤੀ ਨੂੰ ਆਪਣੀ ਗੱਲ ਰੱਖਣ ਦਾ ਅਧਿਕਾਰ ਹੈ, ਸਰਕਾਰ ਅਤੇ ਪ੍ਰਸ਼ਾਸਨ ਦਾ ਕੰਮ ਲੋਕਾਂ ਦੀ ਆਵਾਜ਼ ਨੂੰ ਸੁਣਨਾ ਹੈ ਨਾ ਕਿ ਦਬਾਉਣਾ। ਉੱਥੇ ਹੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਆਰ ਐਸ ਐਸ ਦੇ ਪ੍ਰੋਗਰਾਮਾਂ ਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਅਤੇ ਖੰਨਾ ਵਿਖੇ ਆਪਣੀ ਰੁਜ਼ਗਾਰ ਦੀ ਬਹਾਲੀ ਲਈ ਸੰਘਰਸ਼ ਕਰ ਰਹੇ ਮਨਰੇਗਾ ਕਰਮਚਾਰੀਆਂ ਦੇ ਹੱਕ 'ਚ ਕਮੇਟੀ ਨੇ ਹਾਅ ਦਾ ਨਾਅਰਾ ਮਾਰਿਆ ਹੈ। ਆਗੂਆਂ ਨੇ ਕਿਹਾ ਕਿ ਆਰ ਐੱਸ ਐੱਸ ਦਾ ਪਿਛੋਕੜ ਵਿਵਾਦਤ ਹੈ, ਸਮਾਜ 'ਚ ਆਰ ਐੱਸ ਐੱਸ ਦੀ ਭੂਮਿਕਾ ਵੰਡੀਆਂ ਪਾਉਣ ਵਾਲੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਅਜਿਹੇ ਫਿਰਕੂ ਸੰਗਠਨਾਂ ਦੇ ਪ੍ਰੋਗਰਾਮ ਕੈਂਪਸ 'ਚ ਕਰਵਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

# ਡਿਪਟੀ ਸਪੀਕਰ ਨੇ ਡਾ. ਭੀਮ ਰਾਓ ਅੰਬੇਡਕਰ ਹਾਲ ਦਾ ਰੱਖਿਆ ਨੀਂਹ ਪੱਥਰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਪਿੰਡ ਪਦਰਾਣਾ ਵਿਖੇ ਪਿੰਡ ਵਾਸੀਆਂ ਨੂੰ ਇੱਕ ਹੋਰ



ਵੱਡੀ ਸੌਗਾਤ ਦਿੰਦਿਆਂ ਡਾ.ਭੀਮ ਰਾਓ ਅੰਬੇਡਕਰ ਹਾਲ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਕਰਵਾਏ ਗਏ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ, ਪਤਵੰਤੇ ਵਿਅਕਤੀਆਂ, ਸਮਾਜ ਸੇਵੀਆਂ ਅਤੇ ਪਾਰਟੀ ਵਰਕਰਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਹਾਲ ਪਿੰਡ ਦੇ ਸਮਾਜਿਕ, ਧਾਰਮਿਕ, ਸੱਭਿਆਚਾਰਕ ਅਤੇ ਸਾਂਝੇ ਕਾਰਜਾਂ ਲਈ ਇੱਕ ਆਧੁਨਿਕ ਕੇਂਦਰ ਵਜੋਂ ਵਿਕਸਿਤ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਹਾਲ ਹਰ ਵਰਗ ਦੇ ਲੋਕਾਂ ਲਈ ਲਾਹੇਵੰਦ ਸਾਬਤ ਹੋਵੇਗਾ ਤੇ ਪਿੰਡ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਬਣੇਗਾ। ਇਸ ਸਮਾਗਮ ਮੌਕੇ ਪਿੰਡ ਪਦਰਾਣਾ ਦੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਅਤੇ ਪਰਵਾਰਾਂ ਨੇ ਦੂਜੀਆਂ ਰਾਜਨੀਤਿਕ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ। ਇਸ ਮੌਕੇ ਸਰਪੰਚ ਜਰਨੈਲ ਸਿੰਘ, ਪੰਚ ਮਹਿੰਗਾ ਰਾਮ, ਪੰਚ ਜਸਪਾਲ ਸਿੰਘ, ਪੰਚ ਕੁਲਵਿੰਦਰ ਸਿੰਘ, ਪੰਚ ਸਰੋਜ ਰਾਣੀ, ਪੰਚ ਸੁਭਾਸ਼, ਪੰਚ ਹਰਬੰਸ ਲਾਲ, ਸਾਬਕਾ ਪੰਚ ਨਿਸ਼ੂ ਰਾਣੀ, ਡਾ. ਭੀਮ ਰਾਓ ਅੰਬੇਡਕਰ ਵੈਲਫੇਅਰ ਸੋਸਾਇਟੀ ਸਮੂਹ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਪਾਰਟੀ ਆਗੂ, ਨੌਜਵਾਨ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਨਿਰਧਾਰਤ ਟਾਈਮਿੰਗ ਤੁਰੰਤ ਲਾਗੂ ਕਰੋ : ਮੱਟੂ

**ਮਾਹਿਲਪੁਰ (ਸ਼ਫ਼ਰੀ)**- 21 ਜੁਲਾਈ ਨੂੰ ਕੰਢੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾਈ ਕਨਵੀਨਰ ਦਰਸ਼ਨ ਸਿੰਘ ਮੱਟੂ ਨੇ ਪ੍ਰੈੱਸ ਨਾਂ ਲਿਖਤੀ ਬਿਆਨ 'ਚ ਦੱਸਿਆ ਕਿ ਗੜ੍ਹਸ਼ੰਕਰ ਨੰਗਲ ਸੜਕ 'ਤੇ ਟਿੱਪਰ,



ਟਰਾਲਿਆਂ, ਟਰਾਲੀਆਂ ਦੀ ਗਲਤ ਡਰਾਈਵਿੰਗ ਕਰਕੇ ਹੁਣ ਤਕ 29 ਬੇਕਸੂਰ ਲੋਕ ਮਾਰੇ ਗਏ ਹਨ, ਸੰਘਰਸ਼ ਕਰਕੇ ਮਾਰੇ ਲੋਕਾਂ ਨੂੰ ਇਨਸਾਫ ਦਿਵਾਇਆ ਗਿਆ। 20 ਜੁਲਾਈ ਸਵੇਰੇ ਕਸ਼ਮੀਰੀ ਲਾਲ ਸੇਵਾਮੁਕਤ ਬਿਜਲੀ ਮੁਲਾਜ਼ਮ ਨੂੰ ਗੜ੍ਹਸ਼ੰਕਰ ਨੰਗਲ ਸੜਕ 'ਤੇ ਤੇਜ਼ ਰਫਤਾਰ ਟਰੈਕਟਰ ਟਰਾਲੀ ਨਾਲ ਬੁਰੀ ਤਰਾਂ ਦਰੜ ਕੇ ਮਾਰ ਦਿੱਤਾ ਗਿਆ। ਮਰਹੂਮ ਕਸ਼ਮੀਰੀ ਲਾਲ ਗੋਂਦਪੁਰ ਦੇ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਕੁਲ ਹਿੰਦ ਕਿਸਾਨ ਸਭਾ ਦੇ ਸੂਬਾਈ ਸਕੱਤਰ ਗੁਰਨੇਕ ਸਿੰਘ ਭੱਜਲ, ਕੰਢੀ ਸੰਘਰਸ਼ ਕਮੇਟੀ ਦੇ ਆਗੂ ਚੌਧਰੀ ਅੱਛਰ ਸਿੰਘ ਬਿਲੜੋਂ, ਵਿਕਾਸ ਮੰਚ ਗੜ੍ਹਸ਼ੰਕਰ ਦੇ ਪ੍ਰਧਾਨ ਕੁਲਵਿੰਦਰ ਸੰਘਾ, ਸੀਟੂ ਆਗੂ ਮਹਿੰਦਰ ਕੁਮਾਰ ਬੱਢੋਆਣ, ਜਨਵਾਦੀ ਇਸਤਰੀ ਸਭਾ ਸੂਬਾਈ ਪ੍ਰਧਾਨ ਬੀਬੀ ਸੁਭਾਸ਼ ਮੱਟੂ, ਜ਼ਿਲ੍ਹਾ ਸਕੱਤਰ ਨੀਲਮ ਬਡੋਆਣ, ਜ਼ਿਲ੍ਹਾ ਪ੍ਰਧਾਨ ਸੁਰਿੰਦਰ ਚੁੰਬਰ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਮਾਰੇ ਗਏ ਕਸ਼ਮੀਰੀ ਲਾਲ ਦੇ ਪਰਵਾਰ ਨੂੰ ਇਨਸਾਫ ਦਿਵਾਉਣ ਤੇ ਟਾਇਮਿੰਗ ਲਾਗੂ ਕਰਨ ਲਈ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ ।

# ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਜ਼ ਵੱਲੋਂ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਦੀ ਲਗਾਤਾਰ ਅਣਦੇਖੀ ਅਤੇ ਵਾਅਦਾ ਖ਼ਿਲਾਫ਼ੀ ਦੇ ਰੋਸ ਵਜੋਂ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ,



ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ (ਏਟਕ), ਪੈਨਸ਼ਨਰ ਵੈਲਫੇਅਰ ਫੈਡਰੇਸ਼ਨ ਅਤੇ ਟੈਕਨੀਕਲ ਸਰਵਿਸਿਜ਼ ਯੂਨੀਅਨ ਭੰਗਲ ਦੇ ਸਾਂਝੇ ਸੱਦੇ 'ਤੇ ਪਾਵਰਕਾਮ ਦੇ ਸਮੂਹ ਮੁਲਾਜ਼ਮਾਂ ਵੱਲੋਂ ਸਮੁੱਚੇ ਪੰਜਾਬ ਵਿੱਚ ਡਿਵੀਜ਼ਨ ਅਤੇ ਸਬ-ਡਿਵੀਜ਼ਨ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤੇ ਗਏ।ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪੀ.ਐੱਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ (ਏਟਕ) ਕੁਰਾਲੀ ਦੇ ਪ੍ਰਧਾਨ ਗਗਨ ਰਾਣਾ ਨੇ ਦੱਸਿਆ ਕਿ ਖਰੜ ਅਤੇ ਕੁਰਾਲੀ ਡਿਵੀਜ਼ਨ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਕੁਰਾਲੀ ਡਿਵੀਜ਼ਨ ਦਫ਼ਤਰ ਅੱਗੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸੰਘਰਸ਼ ਦੇ ਅਗਲੇ ਪੜਾਅ ਤਹਿਤ 22 ਜੁਲਾਈ ਨੂੰ ਸਮੁੱਚੇ ਪੰਜਾਬ ਦੇ ਪੈਨਸ਼ਨਰ ਜ਼ਿਲ੍ਹਾ ਹੈੱਡਕੁਆਰਟਰਾਂ ਅੱਗੇ ਜੇਲ੍ਹ ਭਰੋ ਅੰਦੋਲਨ ਸ਼ੁਰੂ ਕੀਤਾ ਜਾਵੇਗਾ।ਇਸ ਮੌਕੇ ਟੈਕਨੀਕਲ ਸਰਵਿਸਿਜ਼ ਯੂਨੀਅਨ ਭੰਗਲ ਦੇ ਸਰਕਲ ਪ੍ਰਧਾਨ ਦਵਿੰਦਰ ਸਿੰਘ, ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ (ਏਟਕ) ਦੀ ਸਰਕਲ ਆਗੂ ਨਵਦੀਪ ਕੌਰ ਅਤੇ ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰਜ਼ ਦੇ ਸਰਕਲ ਪ੍ਰਧਾਨ ਜੇ ਈ ਪਾਰੁਲ ਪਰਮਾਰ ਨੇ ਕਿਹਾ ਕਿ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਲਾਗੂ ਕੀਤਾ ਜਾਵੇ। ਇਸ ਮੌਕੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੇ ਈਸਟ ਜੋਨ ਵਾਈਸ ਪ੍ਰਧਾਨ ਗੁਰਪ੍ਰੀਤ ਸਿੰਘ ਜੇ ਈ 1, ਮੰਡਲ ਖਰੜ ਦੇ ਪ੍ਰਧਾਨ ਰਣਬੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਤਰਨਜੀਤ ਸਿੰਘ, ਸਰਕਲ ਆਗੂ ਰਿਸ਼ਭ ਚਿਗਲ, ਜਗਦੀਪ ਸਿੰਘ, ਰੋਹਿਤ ਚੌਧਰੀ, ਗੁਰਵਿੰਦਰ ਸਿੰਘ, ਰਣਧੀਰ ਸਿੰਘ, ਗੁਰਦੀਪ ਸਿੰਘ, ਰਵਨੀਤ ਕੌਰ, ਅਵਨੀਤ ਕੌਰ, ਹਰਦੀਪ ਕੌਰ, ਦਲਵੀਰ ਸਿੰਘ, ਗੁਰਪ੍ਰੀਤ ਸਿੰਘ, ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰ ਯੂਨੀਅਨ (ਏਟਕ) ਦੇ ਪ੍ਰਧਾਨ ਅਮਰਜੀਤ ਸਿੰਘ, ਜਗਦੀਸ਼ ਚੰਦ, ਮੋਹਨ ਸਿੰਘ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਆਗੂ, ਵੱਡੀ ਗਿਣਤੀ ਵਿੱਚ ਬਿਜਲੀ ਮੁਲਾਜ਼ਮ ਅਤੇ ਪੈਨਸ਼ਨਰ ਹਾਜ਼ਰ ਸਨ।

# ਪਾਣੀ ਬਚਾਓ ਵਿਸ਼ੇ ਸੰਬੰਧੀ ਸੈਮੀਨਾਰ

**ਆਦਮਪੁਰ (ਪਰਮਜੀਤ ਸਿੰਘ)**
ਜੈਨ ਇਰੀਗਰੇਸ਼ਨ ਸਿਸਟਮ ਲਿਮਟਿਡ ਕੰਪਨੀ ਜਲਗਾਉ ਮਹਾਰਾਸ਼ਟਰ ਵੱਲੋਂ ਸਵ. ਪਦਮਸ਼੍ਰੀ ਭਵਰ ਲਾਲ ਹੀਰਾ ਲਾਲ ਜੈਨ ਅਤੇ ਕਲਮ ਦੇ ਧਨੀ ਸੀਨੀਅਰ ਪੱਤਰਕਾਰ ਸਵ. ਝਰਮਲ ਸਿੰਘ ਦੀ ਮਿੱਠੀ ਯਾਦ ਨੂੰ ਸਮਰਪਿਤ ਧਰਤੀ ਬਚਾਓ, ਪਾਣੀ ਬਚਾਓ ਵਿਸ਼ੇ ਸਬੰਧੀ ਵਿਸ਼ੇਸ਼ ਸੈਮੀਨਾਰ ਆਦਮਪੁਰ ਦੇ ਨੇੜਲੇ ਪਿੰਡ ਹਰੀਪੁਰ ਜ਼ਿਲ੍ਹਾ ਜਲੰਧਰ ਦੇ ਪੰਚਾਇਤ ਘਰ ਵਿਖੇ ਬਾਬੂ ਅਜਿਤ ਜੈਨ (ਐਮ.ਡੀ) ਜੈਨ ਇਰੀਗਰੇਸ਼ਨ ਜਲਗਾਉ ਮਹਾਰਾਸ਼ਟਰ ਅਤੇ ਗੁਰੂ ਅੰਗਦ ਦੇਵ ਵਾਤਾਵਰਨ ਸੁਸਾਇਟੀ ਪਿੰਡ ਝੋਕ ਹਰੀਹਰ ਜ਼ਿਲ੍ਹਾ ਫਿਰੋਜ਼ਪੁਰ ਤੇ ਸਮੂਹ ਗ੍ਰਾਮ ਪੰਚਾਇਤ ਪਿੰਡ ਹਰੀਪੁਰ ਅਤੇ ਨਗਰ ਨਿਵਾਸੀਆ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਸੈਮੀਨਾਰ ਮੌਕੇ ਬਾਗਬਾਨੀ ਵਿਭਾਗ ਜਲੰਧਰ ਦੇ ਉਪ-ਡਾਇਰੈਕਟਰ ਨਰਿੰਦਰ ਪਾਲ ਕਲਸੀ, ਬਾਗਬਾਨੀ ਵਿਭਾਗ ਜੋਬਨਪ੍ਰੀਤ ਸਿੰਘ, ਪਾਣੀ ਅਤੇ ਭੂਮੀ ਸੰਭਾਲ ਵਿਭਾਗ ਤੋਂ ਇੰਜਨੀਅਰ ਰੁਪਿੰਦਰ ਕੁਮਾਰ, ਖੇਤੀਬਾੜੀ ਵਿਭਾਗ ਜਲੰਧਰ ਤੋ ਡਾ. ਰਣਧੀਰ ਸਿੰਘ ਅਤੇ ਹੋਰ ਖੇਤੀ ਮਾਹਿਰਾਂ ਦੀਆਂ ਟੀਮਾ ਵੱਲੋ ਸੈਮੀਨਾਰ ਵਿੱਚ ਪਹੁੰਚੇ ਇਲਾਕਾ ਨਿਵਾਸੀਆ ਨੂੰ ਪਾਣੀ ਅਤੇ ਧਰਤੀ ਦੇ ਬਚਾਅ ਦੇ ਵਿਸ਼ੇ ਸਬੰਧੀ ਜਾਗਰੂਕ ਕੀਤਾ ਅਤੇ ਵੱਖ-ਵੱਖ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਵਿਸ਼ੇਸ਼ ਤੌਰ ਪਹੁੰਚੇ ਸਰਵਣ ਸਿੰਘ ਸਟੇਟ ਹੈਡ ਪਟੈਟੋ ਸੀਡ ਪ੍ਰੋਡਕਸ਼ਨ ਜੈਨ ਇਰੀਗਰੇਸ਼ਨ ਸਿਸਟਮ ਲਿਮਟਿਡ ਕੰਪਨੀ ਵੱਲੋਂ ਡਰਿੱਪ ਸਿਸਟਮ ਸੱਚਾਈ ਟਿਸ਼ੂ ਪਾਈਪ ਫੈਕਟਰੀ ਜੂਸ ਫੈਕਟਰੀ ਨਰਸਰੀ ਪੌਦਿਆਂ ਦੀ ਅਤੇ ਬੀਜਾਂ ਬਾਰੇ ਜਾਣਕਾਰੀ ਦਿਤੀ। ਜਿਸ ਦਾ ਆਏ ਹੋਏ ਕਿਸਾਨਾਂ ਨੇ ਪੂਰਾ ਲਾਭ ਲਿਆ ਦੇਣਗੇ। ਅਖੀਰ ਨਿਰਮਲ ਸਿੰਘ ਚੇਅਰਮੈਨ ਗੁਰੂ ਅੰਗਦ ਦੇਵ ਵਾਤਾਵਰਨ ਸੁਸਾਇਟੀ ਪਿੰਡ



ਝੋਕ ਹਰੀ ਹਰ ਜਿਲਾ ਫਿਰੋਜ਼ਪੁਰ ਨੇ ਦੱਸਿਆ ਕਿ ਸੁਸਾਇਟੀ ਵੱਲੋ ਜੈਨ ਇਰੀਗੇਸ਼ਨ ਦੇ ਸਹਿਯੋਗ ਨਾਲ ਪੂਰੇ ਪੰਜਾਬ ਦੇ ਹਰ ਪਿੰਡ 'ਚ ਧਰਤੀ ਬਚਾਓ ਪਾਣੀ ਬਚਾਓ ਦੇ ਮਿਸ਼ਨ ਨੂੰ ਲੇ ਕੇ ਕੈਂਪ ਲਗਾਏ ਜਾਣਗੇ। ਪਿੰਡ ਦੇ ਸਰਪੰਚ ਡਾਕਟਰ ਨਿਰਮਲ ਕੌਲ ਵੱਲੋ ਜੈਨ ਇਰੀਗੇਸ਼ਨ ਜਲਗਾਉ ਅਤੇ ਆਏ ਹੋਏ ਪਤਵੰਤੇ ਸੱਜਣਾ ਦੇ ਸੈਮੀਨਾਰ ਵਿੱਚ ਪਹੁੰਚਣ ਤੇ ਧੰਨਵਾਦ ਕੀਤਾ ਗਿਆ।ਸਟੇਜ ਸਕੱਤਰ ਦੀ ਭੂਮਿਕਾ ਹਰਿੰਦਰ ਸਿੰਘ ਆਦਮਪੁਰ ਵੱਲੋ ਨਿਭਾਈ ਗਈ। ਇਸ ਮੌਕੇ ਹੋਰਨਾ ਤੋ ਇਲਾਵਾ ਕਰਮਵੀਰ ਸਿੰਘ, ਜਗਜੀਤ ਸਿੰਘ ਜੱਗੀ ਬਲਾਕ ਸੰਮਤੀ ਮੈਂਬਰ, ਸੋਹਣ ਲਾਲ ਹਰੀਪੁਰ, ਸੁਰਿੰਦਰ ਸਿੰਘ ਪੰਚ, ਬਲਵੀਰ ਸਿੰਘ ਦਿਉਲ, ਨਰਿੰਦਰ ਪਾਲ ਪੰਚ, ਸਰਪੰਚ ਬਲਵਿੰਦਰ ਸਿੰਘ, ਰਣਜੀਤ ਸਿੰਘ, ਜੋਗਰਾਜ ਸਿੰਘ ਦਿਉਲ, ਹਰੀਸ਼ ਚੰਦਰ, ਰਣਵੀਰ ਸਿੰਘ ਦਿਉਲ ਪ੍ਰਧਾਨ ਨੌਜਵਾਨ ਸਭਾ ਹਰੀਪੁਰ, ਜਸਵੀਰ ਸਿੰਘ, ਰਣਜੀਤ ਸਿੰਘ, ਮਨਜੀਤ ਸਿੰਘ ਅਤੇ ਹੋਰ ਹਾਜ਼ਰ ਸਨ।

# ਸੰਤ ਬਾਬਾ ਮਿੱਤ ਸਿੰਘ ਦੀ ਬਰਸੀ ਭਲਕੇ

**ਆਦਮਪੁਰ (ਧਰਮਜੀਤ ਸਿੰਘ)**- ਆਦਮਪੁਰ ਦੇ ਨਜ਼ਦੀਕ ਪਿੰਡ ਕਿਸ਼ਨਪੁਰ ਨੇੜੇ ਜੱਫਲ ਝਿੰਗੜ (ਜਲੰਧਰ) ਦੇ ਗੁਰਦੁਆਰਾ ਤਪ ਅਸਥਾਨ ਬਾਬਾ ਮਿੱਤ ਸਿੰਘ ਵਿਖੇ ਮੁੱਖ ਸੇਵਾਦਾਰ ਜਥੇਦਾਰ ਤਲਵਿੰਦਰ ਸਿੰਘ (ਬਾਬਾ ਪਰਮੇਸਰ ਸਿੰਘ) ਦੀ ਦੇਖ-ਰੇਖ ਹੇਠ ਸਮੂਹ ਸਾਧ ਸੰਗਤ ਵਲੋਂ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਤੋਂ ਵਰੋਸਾਏ 108 ਬ੍ਰਹਮ ਗਿਆਨੀ ਸੰਤ ਬਾਬਾ ਮਿੱਤ ਸਿੰਘ ਦੀ ਮਿੱਠੀ ਯਾਦ ਨੂੰ ਸਮਰਪਿਤ 82ਵੀਂ ਸਲਾਨਾ ਬਰਸੀ 23 ਜੁਲਾਈ ਨੂੰ ਬੜੇ ਪ੍ਰੇਮ ਤੇ ਸ਼ਰਧਾ ਨਾਲ ਮਨਾਈ ਜਾ ਰਹੀ ਹੈ।



ਜਾਣਕਾਰੀ ਦਿੰਦੇ ਹੋਏ ਸੰਤ ਪਰਮੇਸਰ ਸਿੰਘ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਸਵੇਰੇ 10 ਵਜੇ ਤੋਂ 4 ਵਜੇ ਤੱਕ ਦੀਵਾਨ ਸਜਾਏ ਜਾਣਗੇ ।ਜਿਸ ਵਿਚ ਪ੍ਰਿੰਸੀਪਲ ਮਨਿੰਦਰਪਾਲ ਸਿੰਘ ਸਾਹਿਬਜਾਦਾ ਜੁਝਾਰ ਸਿੰਘ ਗੁਰਮਿਤ ਮਿਸਨਰੀ ਕਾਲਜ ਚੌਂਤਾ ਕਲਾ (ਰੋਪੜ), ਰਾਗੀ ਜਥਾ ਭਾਈ ਕੁਲਜੀਤ ਸਿੰਘ ਨੈਰੇਬੀ, ਢਾਡੀ ਜਥਾ ਭਾਈ ਗੁਰਦਿਆਲ ਸਿੰਘ ਲੱਖਪੁਰ, ਸੰਤ ਤੇਜਾ ਸਿੰਘ ਖੁੱਡਾ ਕੁਰਾਲਾ, ਇੰਟਰਨੈਸਨਲ ਢਾਡੀ ਜਥਾ ਭਾਈ ਬਿਮਲਜੀਤ ਸਿੰਘ ਆਦਮਪੁਰ ਦੋਆਬਾ,ਰਾਗੀ ਭਾਈ ਭੁਪਿੰਦਰ ਸਿੰਘ ਉਦੇਸੀਆਂ,ਰਾਗੀ ਜਥਾ ਭਾਈ ਜਤਿੰਦਰ ਸਿੰਘ ਮਲਕਪੁਰ,ਰਾਗੀ ਜਥਾ ਸੰਤ ਸੇਵਕ ਜਥਾ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ, ਹਜੂਰੀ ਰਾਗੀ ਜਥਾ ਭਾਈ ਘੁਮੰਡਾ ਸਿੰਘ ਕਿਸ਼ਨਪੁਰ ਵਾਲੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਨਗੇ। ਸਟੇਜ ਸਕੱਤਰ ਦੀ ਸੇਵਾ ਭਗਵਾਨ ਸਿੰਘ ਜੌਹਲ ਵੱਲੋਂ ਨਿਭਾਈ ਜਾਵੇਗੀ ।

## ਅਕਾਲੀ ਦਲ ਵਾਰਿਸ ਪੰਜਾਬ ਦੇ ਨੂੰ ਪਿੰਡਾਂ 'ਚ ਭਰਵਾਂ ਹੁੰਗਾਰਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਅਕਾਲੀ ਦਲ (ਵਾਰਿਸ ਪੰਜਾਬ ਦੇ) ਪਾਰਟੀ ਦੀ ਵਿਚਾਰਧਾਰਾ ਨੂੰ ਘਰ- ਘਰ ਤੱਕ ਪੁਚਾਉਣ ਲਈ ਦਿਨ-ਰਾਤ ਇੱਕ ਕਰਕੇ ਪਾਰਟੀ ਆਗੂ, ਵਰਕਰ ਸਖ਼ਤ ਮਿਹਨਤ ਕਰ ਰਹੇ ਹਨ, ਜਿਸ ਦਾ ਹਰ ਵਰਗ ਦੇ ਲੋਕਾਂ ਵੱਲੋਂ ਭਰਵੇਂ ਹੁੰਗਾਰੇ ਦੇ ਰੂਪ 'ਚ ਜਵਾਬ ਮਿਲ ਰਿਹਾ ਹੈ।ਇਹ ਪ੍ਰਗਟਾਵਾ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੇ ਆਗੂ ਜਥੇ: ਗੁਰਮੀਤ ਸਿੰਘ ਮਾਹਮਦਪੁਰ ਨੇ ਹਲਕਾ ਮਹਿਲ ਕਲਾਂ ਦੇ ਪਿੰਡ ਛੀਨੀਵਾਲ ਕਲਾਂ, ਖਿਆਲੀ ਤੇ ਸਹੌਰ ਵਿਖੇ ਭਰਵੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆ ਕੀਤਾ।ਉਨ੍ਹਾਂ ਕਿਹਾ ਕਿ ਅਕਾਲੀ ਦਲ (ਵਾਰਿਸ ਪੰਜਾਬ ਦੇ) ਪਾਰਟੀ ਪ੍ਰਤੀ ਲੋਕਾਂ ਵਿੱਚ ਬਹੁਤ ਜ਼ਿਆਦਾ ਉਤਸ਼ਾਹ ਪਾਇਆ ਜਾ ਰਿਹਾ ਹੈ।ਹਰ ਪਾਸਿਓਂ ਲੋਕ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਰੂਹ ਤੋਂ ਪਿਆਰ ਕਰਦੇ ਹੋਏ ਵੱਡੀ ਗਿਣਤੀ 'ਚ ਵਾਰਿਸ ਪੰਜਾਬ ਪਾਰਟੀ ਵਿਚ ਸ਼ਾਮਿਲ ਹੋ ਰਹੇ ਹਨ।ਭਾਈ ਮਾਹਮਦਪੁਰ ਨੇ ਕਿਹਾ ਕਿ ਸਾਨੂੰ ਧੀਆਂ ਨੂੰ ਕੁੱਖ 'ਚ ਮਾਰਨ ਦਾ ਸਰਾਪ ਭੁਗਤਣਾ ਪੈ ਰਿਹਾ ਹੈ, ਕਿਉਂਕਿ ਦਸ ਦਸ, ਪੰਦਰਾਂ, ਪੰਦਰਾਂ ਕਿੱਲਿਆਂ ਦੇ ਮਾਲਕ ਮੁੰਡਿਆਂ ਨੂੰ ਰਿਸ਼ਤੇ ਨਹੀਂ ਮਿਲ ਰਹੇ।ਭਾਈ ਅਵਤਾਰ ਸਿੰਘ ਰਾਏਸਰ ਨੇ ਕਿਹਾ ਕਿ ਬੜੀ ਬੇਬਾਕੀ ਨਾਲ ਪੱਖ ਰੱਖਣ ਵਾਲੇ ਆਗੂ ਦੇ ਰੂਪ 'ਚ ਭਾਈ ਅੰਮ੍ਰਿਤਪਾਲ ਸਿੰਘ ਮਿਲੇ ਹਨ।ਇਸ ਲਈ ਜੇਲ੍ਹ ਦੀਆਂ ਕਾਲ ਕੋਠੜੀਆਂ 'ਚੋਂ ਬਾਹਰ ਲਿਆਉਣ ਲਈ ਭਾਈ ਅੰਮ੍ਰਿਤਪਾਲ ਸਿੰਘ ਨੂੰ ਸੂਬੇ ਦਾ ਮੁੱਖ ਮੰਤਰੀ ਬਨਾਉਣਾ ਸਮੇਂ ਦੀ ਮੁੱਖ ਲੋੜ ਹੈ। ਭਾਈ ਗੁਰਪ੍ਰੀਤ ਸਿੰਘ ਬੜੀ, ਭਾਈ ਗੁਰਪ੍ਰੀਤ ਸਿੰਘ ਕਾਲਾਬੂਲਾ, ਗਿਆਨੀ ਰਣਜੀਤ ਸਿੰਘ ਚੰਨਣਵਾਲ ਨੇ ਕਿਹਾ ਕਿ ਪਾਰਟੀ ਨੂੰ ਜੁਝਾਰੂ ਜਜ਼ਬੇ ਵਾਲੇ ਵਰਕਰਾਂ ਦੀ ਲੋੜ ਹੈ।

# ਸਾਂਝੇ ਥੜ੍ਹੇ ਦੇ ਸੱਦੇ 'ਤੇ ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਡਵੀਜ਼ਨ ਦੇ ਮੇਨ ਗੇਟ ਅੱਗੇ ਰੋਸ ਰੈਲੀ



**ਰਾਜਪੁਰਾ (ਰਮੇਸ਼ ਕਟਾਰੀਆ)**

ਸਾਂਝੇ ਥੜੇ ਦੇ ਸੱਦੇ ਉੱਤੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਤੇ ਪਾਵਰਕਾਮ ਟਰਾਂਸਕੋ ਪੈਨਸ਼ਨ ਯੂਨੀਅਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਵੱਲੋਂ ਮਾਸ ਲੀਵ ਭਰਨ ਉਪਰੰਤ ਡਵੀਜ਼ਨ ਦੇ ਮੇਨ ਗੇਟ ਉੱਤੇ ਰੋਸ ਰੈਲੀ ਕੀਤੀ ਗਈ। ਇਸ ਰੋਸ ਰੈਲੀ ਵਿੱਚ ਵਿਸ਼ੇਸ਼ ਤੌਰ 'ਤੇ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ ਤੇ ਪੈਨਸ਼ਨ ਯੂਨੀਅਨ ਏਟਕ ਪੰਜਾਬ ਦੇ ਮੀਤ ਪ੍ਰਧਾਨ ਸਾਥੀ ਰਜਿੰਦਰ ਸਿੰਘ ਪਹੁੰਚੇ। ਉਕਤ ਬੁਲਾਰਿਆਂ ਨੇ ਦੱਸਿਆ ਕਿ ਸਰਕਾਰ ਤੇ ਮੈਨੇਜਮੈਂਟ ਵਾਰ-ਵਾਰ ਸਾਡੀਆਂ ਵਾਜਿਬ ਮੰਨੀਆਂ ਹੋਈਆਂ ਮੰਗਾਂ ਜਿਵੇਂ ਕਿ ਪੈਨਸ਼ਨਰਾਂ ਤੇ ਮੁਲਾਜ਼ਮਾਂ ਦਾ ਬਕਾਇਆ ਡੀ ਏ 17.07.2020 ਵਾਲਾ ਮੁਲਾਜ਼ਮ ਮਾਰੂ ਪੱਤਰ ਰੱਦ ਕਰਨਾ, ਆਰ ਟੀ ਐਮਾ ਨੂੰ ਇੱਕੋ ਤਰਜ਼ 'ਤੇ 35400 ਵਾਲਾ ਸਕੇਲ ਦੇਣਾ ਤੇ ਹੋਰ ਵਾਜਿਬ ਮੰਗਾਂ ਮੰਨਣ ਤੋਂ ਟਾਲ ਮਟੋਲ ਕਰ ਰਹੀ ਹੈ, ਜਿਹੜਾ ਕਿ ਕਦੀ ਵੀ ਬਰਦਾਸ਼ਤ ਨਹੀਂ ਕੀਤਾ ਜਾਏਗਾ। ਗੁਰਦਿਆਲ ਸਿੰਘ ਬੱਬੂ ਨੇ ਮੈਨੇਜਮੈਂਟ ਤੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮੰਨੀਆਂ ਮੰਗਾਂ ਮਨਵਾਉਣ ਲਈ ਮਾਸ ਲੀਵ ਦਾ ਸੰਘਰਸ਼ ਅੱਗੇ ਵਧੇਗਾ ਤਾਂ ਸਰਕਲ ਪਟਿਆਲਾ ਦੇ ਸਮੁੱਚੇ ਸਾਥੀਆਂ ਵੱਲੋਂ ਇਹ ਸੰਘਰਸ਼ ਤਨਦੇਹੀ ਨਾਲ ਅੱਗੇ ਵਧਾਇਆ ਜਾਵੇਗਾ। ਕੱਲ੍ਹ ਨੂੰ ਵੀ ਇਸੇ ਤਰ੍ਹਾਂ ਗੇਟ ਉੱਤੇ ਰੋਸ ਰੈਲੀ ਕੀਤੀ ਜਾਵੇਗੀ। ਸਾਰੇ ਸਾਥੀਆਂ ਨੂੰ ਪੁਰਜ਼ੋਰ ਅਪੀਲ ਹੈ ਕਿ ਸਾਰੇ ਸਾਥੀ ਸਮੇਂ ਸਿਰ ਪਹੁੰਚਣ। ਇਸ ਰੋਸ ਰੈਲੀ ਵਿੱਚ ਸਰਕਲ ਪਟਿਆਲਾ ਦੇ ਪ੍ਰਧਾਨ ਸਾਥੀ ਗੁਰਦਿਆਲ ਸਿੰਘ ਬੱਬੂ ਰਾਜਪੁਰਾ ਦੇ ਵਰਕਿੰਗ ਪ੍ਰਧਾਨ ਸਾਥੀ ਹਰਦੀਪ ਸਿੰਘ ਡਵੀਜ਼ਨ ਰਾਜਪੁਰਾ ਅਤੇ ਸਰਕਲ ਆਗੂ ਸਾਥੀ ਸੁਖਦੇਵ ਸਿੰਘ, ਡਵੀਜ਼ਨ ਸਕੱਤਰ ਸਾਥੀ ਜਗਜੀਤ ਸਿੰਘ, ਡਵੀਜ਼ਨ ਆਗੂ ਸਾਥੀ ਬਲਵੀਰ ਸਿੰਘ, ਸਾਥੀ ਨਰਿੰਦਰ ਮੈਨੋਰੀ, ਸਾਥੀ ਜਗਵਿੰਦਰ ਸਿੰਘ ਗੱਜੂਖੇੜਾ, ਸਾਥੀ ਮੰਗਤ ਸਿੰਘ ਤੇ ਹੋਰ ਆਗੂ ਸਾਹਿਬਾਨਾਂ ਨੇ ਹਿੱਸਾ ਲਿਆ।

## ਰੇਲਵੇ ਸਟੇਸ਼ਨ ਦੀਆਂ ਸਹੂਲਤਾਂ 'ਚ ਸੁਧਾਰ ਲਈ ਜਨਰਲ ਮੈਨੇਜਰ ਨੂੰ ਭੇਜਿਆ ਮੰਗ ਪੱਤਰ

**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਡਿਵੈਲਪਮੈਂਟ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰ ਆਗਰਾ ਨੇ ਮਾਨਸਾ ਰੇਲਵੇ ਸਟੇਸ਼ਨ 'ਤੇ ਯਾਤਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਉੱਤਰੀ ਰੇਲਵੇ ਦੇ ਜਨਰਲ ਮੈਨੇਜਰ ਨਵੀਂ ਦਿੱਲੀ ਨੂੰ ਇੱਕ ਵਿਸਥਾਰਤ ਮੰਗ ਪੱਤਰ ਭੇਜਿਆ ਹੈ, ਜਿਸ ਦੀ ਕਾਪੀ ਡੀ.ਆਰ.ਐੱਮ. ਦਿੱਲੀ ਨੂੰ ਵੀ ਭੇਜੀ ਗਈ ਹੈ।ਆਗਰਾ ਨੇ ਆਪਣੇ ਪੱਤਰ 'ਚ ਸਟੇਸ਼ਨ 'ਤੇ ਰਾਤ ਸਮੇਂ ਖ਼ਰਾਬ ਲਾਈਟਿੰਗ, ਕਈ ਬਿਜਲੀ ਦੇ ਖੰਭਿਆਂ ਦੀਆਂ ਬੰਦ ਜਾਂ ਟਿਮਟਿਮਾਉਂਦੀਆਂ ਲਾਈਟਾਂ, ਸਟੇਸ਼ਨ ਪ੍ਰਾਂਗਣ ਤੇ ਪਲੇਟਫਾਰਮਾਂ ਦੀ ਮਾੜੀ ਸਫ਼ਾਈ, ਗੰਦੇ ਪਖਾਨੇ, ਬੰਦ ਪਏ ਈ ਐੱਸ ਯੂ ਪੀ ਟਾਇਲਟ, ਟੁੱਟੀਆਂ ਟਾਇਲਟ ਸੀਟਾਂ ਤੇ ਪਲੇਟਫਾਰਮ ਨੰਬਰ 2 'ਤੇ ਖ਼ਾਸ ਕਰਕੇ ਰਾਤ ਸਮੇਂ ਪੀਣ ਵਾਲੇ ਪਾਣੀ ਦੀ ਅਣਉਪਲੱਬਧਤਾ ਵਰਗੀਆਂ ਗੰਭੀਰ ਸਮੱਸਿਆਵਾਂ ਵੱਲ ਧਿਆਨ ਦਿਵਾਇਆ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਕਮੀਆਂ ਕਾਰਨ ਰੋਜ਼ਾਨਾ ਹਜ਼ਾਰਾਂ ਯਾਤਰੀਆਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਮਾਨਸਾ ਰੇਲਵੇ ਸਟੇਸ਼ਨ ਦਾ ਪੁਨਰ ਵਿਕਾਸ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ, ਜੋ ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਡਰੀਮ ਪ੍ਰੋਜੈਕਟ ਹੈ, ਤਹਿਤ ਕੀਤਾ ਜਾ ਰਿਹਾ ਹੈ, ਪਰ ਜੇਕਰ ਯਾਤਰੀਆਂ ਦੀਆਂ ਸਹੂਲਤਾਂ ਦੀ ਸਹੀ ਸੰਭਾਲ ਤੇ ਪ੍ਰਭਾਵਸ਼ਾਲੀ ਨਿਗਰਾਨੀ ਯਕੀਨੀ ਨਾ ਬਣਾਈ ਗਈ ਤਾਂ ਇਸ ਯੋਜਨਾ ਦਾ ਅਸਲ ਮਕਸਦ ਪੂਰਾ ਨਹੀਂ ਹੋ ਸਕੇਗਾ।ਜਤਿੰਦਰ ਆਗਰਾ ਨੇ ਜਨਰਲ ਮੈਨੇਜਰ ਤੋਂ ਮੰਗ ਕੀਤੀ ਹੈ ਕਿ ਮਾਨਸਾ ਰੇਲਵੇ ਸਟੇਸ਼ਨ ਦਾ ਤੁਰੰਤ ਨਿਰੀਖਣ ਕਰਵਾਇਆ ਜਾਵੇ, ਸਾਰੀਆਂ ਕਮੀਆਂ ਦੂਰ ਕੀਤੀਆਂ ਜਾਣ ਤੇ ਸਟੇਸ਼ਨ 'ਤੇ ਸਫ਼ਾਈ, ਲਾਈਟਿੰਗ, ਟਾਇਲਟਾਂ, ਪੀਣ ਵਾਲੇ ਪਾਣੀ ਤੇ ਹੋਰ ਯਾਤਰੀ ਸਹੂਲਤਾਂ ਦਾ ਉੱਚ ਪੱਧਰੀ ਰੱਖ-ਰਖਾਅ ਤੇ ਪ੍ਰਭਾਵਸ਼ਾਲੀ ਨਿਗਰਾਨੀ ਯਕੀਨੀ ਬਣਾਈ ਜਾਵੇ।

## ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮਾਂ ਦੀਆਂ ਤਿਆਰੀਆਂ ਮੁਕੰਮਲ ਕਰਨ ਦੀ ਹਦਾਇਤ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਣ ਲਈ ਵਿਧਾਨਕ ਪੱਧਰ 'ਤੇ ਸਮਾਗਮ ਉਲੀਕੇ ਗਏ ਹਨ ਤੇ ਜ਼ਿਲ੍ਹਾ ਮਾਨਸਾ 'ਚ ਆਯੋਜਤ ਕੀਤੇ ਜਾਣ ਵਾਲੇ ਅਜਿਹੇ ਵੱਖ-ਵੱਖ ਸਮਾਗਮਾਂ ਨੂੰ ਸਫਲਤਾ ਪੂਰਵਕ ਨੇਪਰੇ ਚੜ੍ਹਾਉਣ 'ਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਡਿਪਟੀ ਕਮਿਸ਼ਨਰ ਨਵਜੋਤ ਕੌਰ ਵੱਲੋਂ ਅਜਿਹੀਆਂ ਹਦਾਇਤਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਪ੍ਰੋਗਰਾਮਾਂ ਦੀਆਂ ਤਿਆਰੀਆਂ ਸਬੰਧੀ ਹੋਈ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਦਿੱਤੀਆਂ ਗਈਆਂ।ਉਨ੍ਹਾਂ ਕਿਹਾ ਕਿ ਪਿਛਲੇ ਕੁੱਝ ਦਿਨਾਂ 'ਤੋਂ ਜ਼ਿਲ੍ਹਾ ਮਾਨਸਾ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ 'ਚ ਵਿਸ਼ੇਸ਼ ਵੈਨ ਰਾਹੀਂ ਦਸਤਾਵੇਜ਼ੀ ਸ਼ੋਅ ਕਰਵਾਏ ਜਾ ਰਹੇ ਹਨ, ਜਿਨ੍ਹਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਘਰ-ਘਰ ਪਹੁੰਚ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਅਗਲੇ ਕੁੱਝ ਦਿਨਾਂ 'ਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮਾਂ ਤਹਿਤ ਜਿੱਥੇ ਵਿੱਦਿਅਕ ਅਦਾਰਿਆਂ 'ਚ ਸੈਮੀਨਾਰ ਕਰਾਏ ਜਾਣਗੇ, ਉੱਥੇ ਹੀ ਸਿਹਤ ਵਿਭਾਗ ਵੱਲੋਂ ਖ਼ੂਨਦਾਨ ਕੈਂਪ, ਵਣ ਵਿਭਾਗ ਵੱਲੋਂ ਬੂਟੇ ਲਾਉਣ ਤੇ ਵਿਸ਼ੇਸ਼ ਬਗੀਚੀਆਂ ਦੀ ਸਥਾਪਨਾ, ਖੇਡ ਵਿਭਾਗ ਵੱਲੋਂ ਮੈਰਾਥਨ ਤੇ ਸਾਈਕਲ ਰੈਲੀ, ਡਰੋਨ ਸ਼ੋਅ, ਸ਼ਰਧਾਲੂਆਂ ਲਈ ਤੀਰਥ ਯਾਤਰਾ ਆਦਿ ਹੋਰ ਅਨੇਕਾਂ ਪ੍ਰੋਗਰਾਮਾਂ ਦਾ ਆਯੋਜਨ ਵੀ ਕੀਤਾ ਜਾਵੇਗਾ।ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਸਮੇਂ-ਸਮੇਂ 'ਤੇ ਸਰਕਾਰ ਵੱਲੋਂ ਜਾਰੀ ਹੋਣ ਵਾਲੇ ਆਦੇਸ਼ਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

## ਵਿਗਿਆਨਕ ਸੋਚ ਦੇ ਪ੍ਰਚਾਰ ਲਈ ਤਰਕਸ਼ੀਲ ਸੁਸਾਇਟੀ ਨੇ ਰੂਪਰੇਖਾ ਉਲੀਕੀ



**ਰਾਏਕੋਟ (ਸੰਤੋਖ ਗਿੱਲ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀਆਂ ਸਰਗਰਮੀਆਂ ਨੂੰ ਹੋਰ ਮਜ਼ਬੂਤ ਕਰਨ ਤੇ ਵਿਗਿਆਨਕ ਸੋਚ ਦੇ ਪ੍ਰਚਾਰ-ਪ੍ਰਸਾਰ ਨੂੰ ਨਵੀਂ ਗਤੀ ਦੇਣ ਦੇ ਮੰਤਵ ਨਾਲ ਸੁਸਾਇਟੀ ਦੀ ਸੁਧਾਰ ਇਕਾਈ ਦੀ ਮੀਟਿੰਗ ਸੂਬਾਈ ਆਗੂ ਸੁਖਵਿੰਦਰ ਬਾਗਪੁਰ ਦੀ ਰਹਿਨੁਮਾਈ ਹੇਠ ਹੋਈ।ਮੀਟਿੰਗ ਦੌਰਾਨ ਤਰਕਸ਼ੀਲ ਲਹਿਰ ਦੇ ਇਤਿਹਾਸ, ਤਰਕਸ਼ੀਲ ਸਿਧਾਂਤਾਂ, ਸੰਵਿਧਾਨ ਵਿੱਚ ਦਰਜ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਅਪਣਾਉਣ ਦੇ ਫ਼ਰਜ਼ ਤੇ ਸਮਾਜ ਵਿੱਚ ਫੈਲੇ ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ ਤੇ ਪਾਖੰਡ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ।ਸੁਖਵਿੰਦਰ ਬਾਗਪੁਰ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਸਮਾਜ ਨੂੰ ਵਿਗਿਆਨਕ ਚੇਤਨਾ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਕਿਹਾ ਕਿ ਹਰ ਮੈਂਬਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਤਰਕਸ਼ੀਲ ਲਹਿਰ ਨੂੰ ਹੋਰ ਮਜ਼ਬੂਤ ਬਣਾਉਣ ਲਈ ਪਿੰਡ-ਪਿੰਡ ਤੇ ਘਰ-ਘਰ ਤੱਕ ਪਹੁੰਚ ਕਰੇ ਅਤੇ ਨਵੀਂ ਪੀੜ੍ਹੀ ਨੂੰ ਸੰਵਿਧਾਨਕ ਕਦਰਾਂ-ਕੀਮਤਾਂ ਤੇ ਵਿਗਿਆਨਕ ਸੋਚ ਨਾਲ ਜੋੜੇ। ਮੀਟਿੰਗ ਵਿੱਚ ਇਕਾਈ ਦੇ ਵਿਸਥਾਰ, ਮੈਂਬਰਸ਼ਿਪ ਮੁਹਿੰਮ ਤੇਜ਼ ਕਰਨ, ਜਨ-ਜਾਗਰੂਕਤਾ ਮੁਹਿੰਮਾਂ ਤੇ ਸਮਾਜਿਕ ਸਰੋਕਾਰਾਂ ਨਾਲ ਜੁੜੇ ਪ੍ਰੋਗਰਾਮਾਂ ਦੀ ਰੂਪ-ਰੇਖਾ ਵੀ ਉਲੀਕੀ ਗਈ।ਇਕਾਈ ਦੇ ਮੁਖੀ ਧਰਮ ਸਿੰਘ ਸੂਜਾਪੁਰ, ਕਰਨੈਲ ਸਿੰਘ, ਸ਼ਮਸ਼ੇਰ ਨੂਰਪੁਰੀ, ਬੂਟਾ ਸਿੰਘ, ਗੁਰਪ੍ਰੀਤ ਹਲਵਾਰਾ, ਗੁਰਮੇਲ ਸਿੰਘ, ਬੱਬੂ ਡਾਂਗੋਂ ਤੇ ਚਮਕੌਰ ਸਿੰਘ ਸਮੇਤ ਹੋਰ ਮੈਂਬਰ ਹਾਜ਼ਰ ਸਨ।

## ਸੀਵਰੇਜ ਕਾਰਨ ਪੁੱਟੀਆਂ ਸੜਕਾਂ ਨੇ ਲੋਕਾਂ ਦਾ ਜੀਵਨ ਨਰਕ ਬਣਾਇਆ : ਸੂਬੇਦਾਰ ਭੁਲੇਰੀਆ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਪਿਛਲੇ ਕਰੀਬ ਦੋ ਸਾਲ ਤੋਂ ਚੱਲ ਰਹੀ ਸੀਵਰੇਜ਼ ਪਾਉਣ ਦੀ ਕਵਾਇਦ ਦੇ ਚੱਲਦਿਆਂ ਪੱਟੀਆਂ ਗਈਆਂ ਸੜਕਾਂ ਕਾਰਨ ਸ਼ਹਿਰ ਵਾਸੀ ਨਰਕ ਵਰਗੀ ਜਿੰਦਗੀ ਜਿਉਣ ਵਾਸਤੇ ਮਜਬੂਰ ਹਨ। ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਸੂਬੇਦਾਰ ਜਸਵਿੰਦਰ ਸਿੰਘ ਭਲੇਰੀਆ ਨੇ ਦੱਸਿਆ ਕਿ ਮਮਦੋਟ ਹਿਠਾੜ ਨਾਲ ਸਬੰਧਤ ਇਲਾਕਾ, ਜਿਸ ਵਿੱਚ ਸਬ ਤਹਿਸੀਲ ਮਮਦੋਟ, ਬੀ ਡੀ ਪੀ ਓ ਦਫਤਰ, ਦਫਤਰ ਬਲਾਕ ਸਿਖਿਆ ਅਫ਼ਸਰ, ਸੀ ਡੀ ਪੀ ਓ ਦਫਤਰ ਮਮਦੋਟ, ਸਾਹਨਕੇ, ਬਸਤੀ ਕਸ਼ਮੀਰ ਸਿੰਘ ਵਾਲੀ, ਮੁਹੱਲਾ ਭੁਲੇਰੀਆਂ ਤੇ ਢਾਣੀਆਂ, ਜਲੋਕੇ ਸੇਠਾਂ ਵਾਲਾ ਤੇ ਦੋਨਾਂ ਰਹਿਮਤ ਦੇ ਪਿੰਡਾਂ ਦੇ ਲੋਕਾਂ ਦਾ ਇਹਨਾਂ ਪੁਟੀਆਂ ਗਈਆਂ ਸੜਕਾਂ ਕਾਰਨ ਜਿਉਣਾ ਬੇ ਹਾਲ ਹੋਇਆ ਪਿਆ ਹੈ। ਉਨ੍ਹਾਂ ਦੱਸਿਆ ਕਿ ਕੋਈ ਦਿਨ ਇਹੋ ਜਿਹਾ ਨਿਕਲਦਾ ਹੋਵੇਗਾ, ਜਿਸ ਦਿਨ ਇਥੇ ਡਿੱਗ ਕੇ ਰਾਹਗੀਰ ਜ਼ਖ਼ਮੀ ਨਹੀਂ ਹੁੰਦੇ ਹੋਣਗੇ ਤੇ ਹੁਣ ਬਰਸਾਤਾਂ ਦਾ ਮੌਸਮ ਚੱਲ ਰਿਹਾ ਹੈ, ਥਾਂ-ਥਾਂ ਪਾਣੀ ਦੀਆਂ ਖੱਡਾਂ ਨੇ, ਦੋ ਪਹੀਆ ਵਾਹਨ ਦਾ ਚੱਲਣਾ ਬਹੁਤ ਮੁਸ਼ਕਲ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹਨਾਂ ਟੁੱਟੀਆਂ ਸੜਕਾਂ ਕਾਰਨ ਬੱਚਿਆਂ ਨੂੰ ਸਕੂਲ ਜਾਣ ਵਿਚ ਵੀ ਬਹੁਤ ਮੁਸ਼ਕਲ ਆ ਰਹੀ ਹੈ ਤੇ ਮੱਛਰ ਨਾਲ ਡੇਂਗੂ ਬਿਮਾਰੀ ਫੈਲਣ ਦਾ ਵੀ ਖਦਸਾ ਜ਼ਾਹਰ ਹੋ ਰਿਹਾ ਹੈ। ਲੋਕਾਂ ਨੂੰ ਆਪਣੇ ਰੋਜ਼ਾਨਾ ਦੇ ਕੰਮ ਕਾਰ ਵਾਸਤੇ ਦਫਤਰਾਂ ਜਾਂ ਬਜ਼ਾਰ ਆਉਣਾ ਵੀ ਔਖਾ ਹੋਇਆ ਪਿਆ ਹੈ।

# ਪੱਤਰਕਾਰ ਏਕਤਾ ਫਰੰਟ ਵੱਲੋਂ ਵਿਸ਼ੇਸ਼ ਵਰਕਸ਼ਾਪ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਪੱਤਰਕਾਰ ਏਕਤਾ ਫਰੰਟ ਰਾਮਪੁਰਾ ਫੂਲ ਵੱਲੋਂ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੇ ਸਹਿਯੋਗ ਨਾਲ ਪੈਂਬਰ ਕਲੱਬ ਰਾਮਪੁਰਾ ਫੂਲ ਵਿਖੇ ਪੱਤਰਕਾਰਾਂ ਲਈ ਇੱਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਵਰਕਸ਼ਾਪ ਦੌਰਾਨ ਪੱਤਰਕਾਰੀ ਦੇ ਮੌਜੂਦਾ ਹਾਲਾਤ, ਨਵੀਆਂ ਤਕਨੀਕਾਂ ਤੇ ਵਰਤਮਾਨ ਤੇ ਭਵਿੱਖ ਦੀਆਂ ਚੁਣੌਤੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।ਸਮਾਗਮ ਵਿੱਚ ਇੰਡੀਅਨ ਜਰਨਲਿਸਟ ਯੂਨੀਅਨ ਦੇ ਕੌਮੀ ਪ੍ਰਧਾਨ ਬਲਵਿੰਦਰ ਜੰਮੂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਸਮਾਗਮ ਦੀ ਪ੍ਰਧਾਨਗੀ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੇ ਸੂਬਾਈ ਪ੍ਰਧਾਨ ਜੈ ਸਿੰਘ ਛਿੱਬਰ ਨੇ ਕੀਤੀ।ਇਸ ਮੌਕੇ ਸੂਬਾਈ ਜਨਰਲ ਸਕੱਤਰ ਸਤੋਖ ਗਿੱਲ, ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਜੋੜਾ ਤੇ ਜ਼ਿਲ੍ਹਾ ਜਨਰਲ ਸਕੱਤਰ ਸੁਖਨੈਬ ਸਿੰਘ ਜੈ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਸੀਨੀਅਰ ਪੱਤਰਕਾਰ ਜਗਤਾਰ ਸਿੱਧੂ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਸੱਚੀ, ਨਿਰਪੱਖ ਤੇ ਜ਼ਿੰਮੇਵਾਰ ਪੱਤਰਕਾਰੀ ਦੀ ਲੋੜ ਪਹਿਲਾਂ ਨਾਲੋਂ ਕਈ ਗੁਣਾਂ ਵਧ ਗਈ ਹੈ।ਉਨ੍ਹਾਂ ਕਿਹਾ ਕਿ ਅੱਜ ਸੋਸ਼ਲ ਮੀਡੀਆ ਦੇ ਦੌਰ ਵਿੱਚ ਖ਼ਬਰਾਂ ਨੂੰ ਜਲਦਬਾਜ਼ੀ ਵਿੱਚ ਸਾਂਝਾ ਕਰਨ ਦੀ ਬਜਾਏ ਪਹਿਲਾਂ ਉਨ੍ਹਾਂ ਨਾਲ ਸਬੰਧਤ ਤੱਥਾਂ ਦੀ ਪੂਰੀ ਤਸਦੀਕ ਕਰਨੀ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਪੱਤਰਕਾਰਾਂ ਨੂੰ ਆਪਣੇ ਅਧਿਕਾਰਾਂ ਦੇ ਨਾਲ-ਨਾਲ ਆਪਣੇ ਫ਼ਰਜ਼ਾਂ ਨੂੰ ਵੀ ਸਮਝਣਾ ਚਾਹੀਦਾ ਹੈ ਤੇ ਹਮੇਸ਼ਾ ਸੱਚੀ, ਸੁੱਚੀ ਤੇ ਨਿਰਪੱਖ ਪੱਤਰਕਾਰੀ ਨੂੰ ਆਪਣਾ ਧਰਮ ਬਣਾਉਣਾ ਚਾਹੀਦਾ ਹੈ।ਇਸ ਮੌਕੇ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਵੱਲੋਂ ਪੱਤਰਕਾਰ ਏਕਤਾ ਫਰੰਟ ਰਾਮਪੁਰਾ ਫੂਲ ਦੇ ਮੈਂਬਰਾਂ ਨੂੰ ਯੂਨੀਅਨ ਦੀ ਮੈਂਬਰਸ਼ਿਪ ਪ੍ਰਦਾਨ ਕਰਦਿਆਂ ਮੈਂਬਰਸ਼ਿਪ ਕਾਰਡ ਵੀ ਵੰਡੇ ਗਏ।

## ਗਰੇਵਾਲ ਨੂੰ ਕੌਮੀ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕਰਨ 'ਤੇ ਲੱਡੂ ਵੰਡੇ



**ਭੀਖੀ (ਧਰਮਵੀਰ ਸ਼ਰਮਾ)**-ਕੇਂਦਰੀ ਘੱਟ ਗਿਣਤੀ ਮੰਤਰਾਲਾ ਵੱਲੋਂ ਭਾਜਪਾ ਦੇ ਰਾਸ਼ਟਰੀ ਕਾਰਜਕਾਰੀ ਮੈਂਬਰ ਹਰਜੀਤ ਸਿੰਘ ਗਰੇਵਾਲ ਨੂੰ ਕੌਮੀ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕਰਨ 'ਤੇ ਜਿੱਥੇ ਭਾਜਪਾ ਵਰਕਰਾਂ 'ਚ ਖ਼ੁਸ਼ੀ ਦਾ ਮਾਹੌਲ ਹੈ, ਉਥੇ ਉਨ੍ਹਾਂ ਨੇੜਲੇ ਸਾਥੀਆਂ ਤੇ ਪ੍ਰਸ਼ੰਸਕਾਂ ਨੇ ਵੀ ਗਰੇਵਾਲ ਦੀ ਨਿਯੁਕਤੀ 'ਤੇ ਭਾਜਪਾ ਹਾਈਕਮਾਂਡ ਦਾ ਤਹਿ ਦਿਲੋਂ ਧੰਨਵਾਦ ਜਤਾਇਆ ਹੈ। ਮਾਰਕਿਟ ਕਮੇਟੀ ਦੇ ਸਾਬਕਾ ਉਪ ਚੇਅਰਮੈਨ ਰਜਿੰਦਰ ਰਾਜੀ ਦੇ ਦਫਤਰ ਵਿਖੇ ਲੱਡੂ ਵੰਡ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹਰਜੀਤ ਸਿੰਘ ਗਰੇਵਾਲ ਇੱਕ ਜ਼ਮੀਨੀ ਤੇ ਸਮਾਜ ਨਾਲ ਖਹਿ ਕੇ ਵਿਚਰਨ ਵਾਲੇ ਆਗੂ ਹਨ। ਉਨ੍ਹਾਂ ਹਮੇਸ਼ਾ ਪੰਜਾਬ ਤੇ ਦੇਸ਼ ਦੀ ਭਲਾਈ ਵਾਲੇ ਕਾਰਜਾਂ ਲਈ ਬੇਬਾਕੀ ਨਾਲ ਆਪਣੀ ਰਾਇ ਹੀ ਨਹੀਂ ਦਿੱਤੀ, ਸਗੋਂ ਆਪਣੇ ਕਹੇ ਨੂੰ ਕਰ ਕੇ ਦਿਖਾਇਆ। ਉਨ੍ਹਾਂ ਕਿਹਾ ਕਿ ਗਰੇਵਾਲ ਦੀ ਇਸ ਨਿਯੁਕਤੀ ਨਾਲ ਜਿਥੇ ਦੇਸ਼ ਦੀਆਂ ਘੱਟ ਗਿਣਤੀਆਂ ਦਾ ਭਰੋਸਾ ਸਰਕਾਰ ਅਤੇ ਪ੍ਰਸ਼ਾਸਨ ਵਿੱਚ ਵਧੇਗਾ, ਉਥੇ ਲੰਮੇ ਸਮੇਂ ਤੋਂ ਧਾਰਮਿਕ ਕਾਰਜਾਂ ਨੂੰ ਲੈ ਕੇ ਸਿੱਖ ਪੰਥ ਦੀਆਂ ਮੰਗਾਂ ਪ੍ਰਤੀ ਵੀ ਸੁਹਿਦਰਤਾ ਨਾਲ ਵਿਚਾਰ ਹੋਵੇਗੀ ਤੇ ਗਰੇਵਾਲ ਇਨ੍ਹਾਂ ਕਾਰਜਾਂ ਨੂੰ ਨਿੱਠ ਕੇ ਪੂਰਾ ਕਰਨਗੇ।

## ਰਾਈਫਲ ਫਾਇਰਿੰਗ ਸਿਖਲਾਈ ਪ੍ਰੋਗਰਾਮ ਕਰਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨਵਲ ਯੂਨਿਟ, ਬਠਿੰਡਾ ਵੱਲੋਂ ਕਮਾਂਡਿੰਗ ਅਫ਼ਸਰ ਇਸ਼ਰਾਜ ਸਿੰਘ ਦੀ ਅਗਵਾਈ ਤੇ ਸਟਾਫ਼ ਅਫ਼ਸਰ ਦੇ ਦਿਸ਼ਾ-ਨਿਰਦੇਸ਼ ਹੇਠ 22 ਰਾਈਫਲ ਫਾਇਰਿੰਗ ਸਿਖਲਾਈ ਪ੍ਰੋਗਰਾਮ ਦਾ ਸਫ਼ਲਤਾਪੂਰਵਕ ਆਯੋਜਨ ਕੀਤਾ ਗਿਆ।ਇਸ ਸਿਖਲਾਈ ਪ੍ਰੋਗਰਾਮ ਵਿੱਚ ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਦੇ ਐਨ.ਸੀ.ਸੀ. ਕੈਡੇਟਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਸਿਖਲਾਈ ਦੌਰਾਨ ਕੈਡੇਟਾਂ ਨੂੰ ਰਾਈਫਲ ਚਲਾਉਣ ਦੀ ਵਿਧੀ, ਸੁਰੱਖਿਆ ਨਿਯਮਾਂ, ਨਿਸ਼ਾਨੇਬਾਜ਼ੀ ਦੀਆਂ ਤਕਨੀਕਾਂ ਅਤੇ ਅਨੁਸ਼ਾਸਨ ਸੰਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ। ਕੈਡੇਟਾਂ ਨੇ ਪੂਰੀ ਸਿਖਲਾਈ ਦੌਰਾਨ ਸ਼ਾਨਦਾਰ ਅਨੁਸ਼ਾਸਨ, ਇਕਾਗਰਤਾ ਤੇ ਉਤਸ਼ਾਹ ਦਾ ਪ੍ਰਦਰਸ਼ਨ ਕੀਤਾ।ਸਕੂਲ ਦੀ ਸੀ.ਟੀ.ਓ. ਦੀਦੀ ਮੋਹਦੀਪ ਦੀ ਹਾਜ਼ਰੀ ਵਿੱਚ ਵਿਦਿਆਰਥੀਆਂ ਨੇ ਇਹ ਸਿਖਲਾਈ ਪ੍ਰਾਪਤ ਕੀਤੀ। ਉਨ੍ਹਾਂ ਨੇ ਕੈਡੇਟਾਂ ਦਾ ਹੌਸਲਾ ਵਧਾਉਂਦੇ ਹੋਏ ਉਨ੍ਹਾਂ ਨੂੰ ਐਨ.ਸੀ.ਸੀ. ਦੀ ਹਰ ਗਤੀਵਿਧੀ ਵਿੱਚ ਸਰਗਰਮ ਭਾਗ ਲੈਣ ਲਈ ਪ੍ਰੇਰਿਤ ਕੀਤਾ।ਪ੍ਰਿੰਸੀਪਲ ਸੰਜੀਵ ਕੁਮਾਰ ਸ਼ਰਮਾ ਨੇ ਸਿਖਲਾਈ ਵਿੱਚ ਭਾਗ ਲੈਣ ਵਾਲੇ ਸਾਰੇ ਕੈਡੇਟਾਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਐਨ.ਸੀ.ਸੀ. ਦੀ ਹਰ ਗਤੀਵਿਧੀ ਵਿੱਚ ਵਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਐਨ.ਸੀ.ਸੀ. ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਨੇਤ੍ਰਿਤਵ ਸਮਰੱਥਾ, ਆਤਮਵਿਸ਼ਵਾਸ, ਦੇਸ਼ਭਗਤੀ ਤੇ ਸੇਵਾ-ਭਾਵਨਾ ਦਾ ਵਿਕਾਸ ਕਰਦੀ ਹੈ, ਜੋ ਉਨ੍ਹਾਂ ਦੇ ਸਰਵਪੱਖੀ ਵਿਅਕਤੀਤਵ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

## ਪੰਜਾਬੀ ਯੂਨੀਵਰਸਿਟੀ 'ਚ ਏ ਆਈ ਲੈਬ ਸਥਾਪਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ 'ਸੈਂਟਰ ਫ਼ਾਰ ਇੰਟੈਲੀਜੈਂਸ ਐਂਡ ਡਾਟਾ ਸਾਇੰਸ' ਵਿਖੇ ਅਤਿ-ਆਧੁਨਿਕ ਏ.ਆਈ. ਲੈਬ ਸਥਾਪਤ ਕੀਤੀ ਗਈ ਹੈ।'ਰੂਸਾ-2' ਸਕੀਮ ਤਹਿਤ ਮਿਲੀ ਗ੍ਰਾਂਟ ਤੇ ਈ.ਆਈ.ਸੀ.ਐੱਚ. ਦੇ ਵਿਸ਼ੇਸ਼ ਤਕਨੀਕੀ ਸਹਿਯੋਗ ਨਾਲ਼ ਸਥਾਪਤ ਕੀਤੀ ਗਈ। ਇਸ ਲੈਬ ਦਾ ਉਦਘਾਟਨ ਉਪ ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਕੀਤਾ ਗਿਆ। ਡਾ. ਜਗਦੀਪ ਸਿੰਘ ਨੇ 'ਸੈਂਟਰ ਫ਼ਾਰ ਇੰਟੈਲੀਜੈਂਸ ਐਂਡ ਡਾਟਾ ਸਾਇੰਸ' ਦੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਇਸ ਪ੍ਰੋਜੈਕਟ ਨੂੰ ਯੂਨੀਵਰਸਿਟੀ ਲਈ ਇੱਕ ਵੱਡਾ ਹਾਸਲ ਦੱਸਦਿਆਂ ਏ.ਆਈ. ਦੇ ਹਵਾਲੇ ਨਾਲ ਅਹਿਮ ਤੇ ਗੰਭੀਰ ਟਿੱਪਣੀਆਂ ਕੀਤੀਆਂ।ਉਨ੍ਹਾਂ ਕਿਹਾ ਕਿ ਪੂਰੀ ਦੁਨੀਆ ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਡਾਟਾ ਅਧਾਰਤ ਤਕਨਾਲੋਜੀ ਦੇ ਦੌਰ ਵਿੱਚੋਂ ਲੰਘ ਰਹੀ ਹੈ।ਅਜਿਹੇ ਸਮੇਂ ਵਿੱਚ ਜੋ ਸੰਸਥਾਵਾਂ ਆਪਣੇ ਆਪ ਨੂੰ ਸਮੇਂ ਦੇ ਅਨੁਕੂਲ ਨਹੀਂ ਢਾਲਣਗੀਆਂ, ਉਹ ਪਿੱਛੇ ਰਹਿ ਜਾਣਗੀਆਂ।ਉਨ੍ਹਾਂ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਸਿਰਫ਼ ਇੱਕ ਤਕਨੀਕ ਨਹੀਂ ਹੈ, ਬਲਕਿ ਇਹ ਮਨੁੱਖੀ ਸਮਰੱਥਾ ਨੂੰ ਗੁਣਾਤਮਕ ਰੂਪ ਵਿੱਚ ਵਧਾਉਣ ਦਾ ਜ਼ਰੀਆ ਹੈ।ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਲੈਬ ਰਾਹੀਂ ਪੰਜਾਬੀ ਯੂਨੀਵਰਸਿਟੀ ਦੇ ਖੋਜਾਰਥੀ ਸਿਹਤ, ਖੇਤੀਬਾੜੀ, ਭਾਸ਼ਾ ਵਿਗਿਆਨ ਅਤੇ ਸਮਾਜਿਕ ਵਿਗਿਆਨ ਵਰਗੇ ਵੱਖ-ਵੱਖ ਖੇਤਰਾਂ ਵਿੱਚ ਮੌਜੂਦ ਵੱਡੀਆਂ ਚੁਣੌਤੀਆਂ ਦੇ ਹੱਲ ਲੱਭਣ ਵਿੱਚ ਸਮਰੱਥ ਹੋਣਗੇ।ਉਨ੍ਹਾਂ ਅੱਗੇ ਕਿਹਾ ਕਿ ਇਹ ਲੈਬ ਯੂਨੀਵਰਸਿਟੀ ਨੂੰ ਕੌਮਾਂਤਰੀ ਨਕਸ਼ੇ ਤੇ ਉਭਾਰਨ ਵਿੱਚ ਮਦਦਗਾਰ ਸਾਬਤ ਹੋਵੇਗੀ, ਕਿਉਂਕਿ ਇੱਥੇ ਉੱਚ-ਪੱਧਰੀ ਕੰਪਿਊਟੇਸ਼ਨਲ ਸੁਵਿਧਾਵਾਂ ਉਪਲਬਧ ਕਰਾਈਆਂ ਗਈਆਂ ਹਨ, ਜੋ ਵੱਡੇ ਖੋਜ ਕਾਰਜਾਂ (ਹਾਈ-ਐਂਡ ਰਿਸਰਚ) ਲਈ ਬੇਹੱਦ ਜ਼ਰੂਰੀ ਹਨ।

# ਗਿੱਦੜਵਿੰਡੀ ਵਿਖੇ 66 ਕੇ ਵੀ ਗਰਿੱਡ ਦਾ ਬਿਜਲੀ ਮੰਤਰੀ ਸੌਂਦ ਵੱਲੋਂ ਉਦਘਾਟਨ

### 10 ਪਿੰਡਾਂ ਦੀ ਬਿਜਲੀ ਸਪਲਾਈ ਹੋਵੇਗੀ ਹੋਰ ਮਜ਼ਬੂਤ : ਤਰੁਨਪ੍ਰੀਤ ਸਿੰਘ



**ਜਗਰਾਉਂ (ਨਛੱਤਰ ਸੰਧੂ)**

ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਤੇ ਸੂਬੇ ਦੇ ਬਿਜਲੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਦੂਰਅੰਦੇਸ਼ੀ ਸੋਚ ਤਹਿਤ ਜਗਰਾਉਂ ਤਹਿਸੀਲ ਦੇ ਪਿੰਡ ਗਿੱਦੜਵਿੰਡੀ ਵਿਖੇ ਸੂਬੇ ਦੇ ਬਿਜਲੀ ਮੰਤਰੀ ਸ੍ਰ. ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਨਵੇਂ 66 ਕੇ. ਵੀ. ਗਰਿੱਡ ਸਬ-ਸਟੇਸ਼ਨ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਵਿਧਾਨ ਸਭਾ ਹਲਕਾ ਜਗਰਾਉਂ ਦੇ ਵਿਧਾਇਕ ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ ਤੇ ਪਾਵਰਕਾਮ ਦੇ ਸੀ.ਐੱਮ.ਡੀ. ਡਾ. ਬਸੰਤ ਗਰਗ ਮੌਜੂਦ ਸਨ।ਇਸ ਮੌਕੇ ਬਿਜਲੀ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਸੂਬਾ ਸਰਕਾਰ ਬਿਜਲੀ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪੀ.ਐੱਸ.ਪੀ.ਸੀ.ਐੱਲ. ਵੱਲੋਂ ਆਪਣੇ ਖਪਤਕਾਰਾਂ ਨੂੰ ਨਿਰਵਿਘਨ, ਭਰੋਸੇਯੋਗ ਤੇ ਬਿਹਤਰ ਬਿਜਲੀ ਸਪਲਾਈ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ 5 ਕਰੋੜ 50 ਲੱਖ ਰੁਪਏ ਦੀ ਲਾਗਤ ਨਾਲ ਇਹ ਪ੍ਰੋਜੈਕਟ ਤਿਆਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਨਾਲ ਇਲਾਕੇ ਦੇ ਬਿਜਲੀ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤੀ ਮਿਲੇਗੀ ਤੇ ਗਿੱਦੜਵਿੰਡੀ, ਲੋਧੀਵਾਲ, ਤਿਹਾੜਾ, ਸ਼ੇਰੇਵਾਲ, ਸੋਧੀਵਾਲ, ਮਲਸੀਆਂ ਬਾਜਾਂ, ਕੰਨੀਆਂ, ਰਸੂਲਪੁਰ ਜਾਂਡੀ, ਤਰਫ਼ ਕੋਟਲੀ ਤੇ ਅਬੂਪੁਰਾ ਸਮੇਤ 10 ਪਿੰਡਾਂ ਦੇ ਹਜ਼ਾਰਾਂ ਖਪਤਕਾਰਾਂ ਨੂੰ ਨਿਰਵਿਘਨ ਤੇ ਭਰੋਸੇਯੋਗ ਬਿਜਲੀ ਸਪਲਾਈ ਦਾ ਲਾਭ ਮਿਲੇਗਾ।ਵਿਧਾਨ ਸਭਾ ਹਲਕਾ ਜਗਰਾਉਂ ਦੇ ਵਿਧਾਇਕ ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ ਨੇ ਕੈਬਨਿਟ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਨੂੰ ਮਾਣ ਮਹਿਸੂਸ ਹੁੰਦਾ ਹੈ ਕਿ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਮੇਰੇ ਹਲਕੇ ਦੇ ਜਿੰਨੇ ਵੀ ਕੰਮ ਸਨ, ਉਹ ਸਾਰੇ ਮਨਜ਼ੂਰ ਕੀਤੇ ਹਨ।ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਹਲਕਾ ਜਗਰਾਉਂ ਦੇ ਬੁਜਕਰ, ਕਾਉਂਕੇ ਤੇ ਭੰਮੀਪੁਰ ਦੇ ਗਰਿੱਡ ਵੀ ਜਲਦੀ ਸ਼ੁਰੂ ਹੋਣਗੇ।ਇਸ ਮੌਕੇ ਪਾਵਰਕਾਮ ਦੇ ਸੀ.ਐੱਮ.ਡੀ. ਡਾ. ਬਸੰਤ ਗਰਗ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਵਿੱਚ ਬਿਜਲੀ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਤੇ ਲੋਕਾਂ ਨੂੰ ਉੱਚ ਪੱਧਰੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਨਿਰੰਤਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਗਿੱਦੜਵਿੰਡੀ ਦਾ ਇਹ 66 ਕੇ.ਵੀ. ਸਬ-ਸਟੇਸ਼ਨ ਆਉਣ ਵਾਲੇ ਸਮੇਂ ਵਿੱਚ ਇਲਾਕੇ ਦੇ ਸਮਾਜਿਕ ਤੇ ਆਰਥਿਕ ਵਿਕਾਸ ਨੂੰ ਹੋਰ ਗਤੀ ਦੇਵੇਗਾ ਤੇ ਇਸ ਨਾਲ ਲਗਭਗ 20 ਪਿੰਡਾਂ ਦੀ ਬਿਜਲੀ ਸਪਲਾਈ ਵਿੱਚ ਸੁਧਾਰ ਆਵੇਗਾ।ਇਸ ਦੇ ਨਾਲ ਹੀ ਇਨ੍ਹਾਂ ਪਿੰਡਾਂ ਨੂੰ ਬਿਜਲੀ ਸਪਲਾਈ ਕਰਨ ਵਾਲੇ 11 ਕੇ.ਵੀ. ਫੀਡਰਾਂ ਤੇ ਮੌਜੂਦਾ 66 ਕੇ.ਵੀ. ਸਬ-ਸਟੇਸ਼ਨਾਂ ਨੂੰ ਜੋੜਨ ਨਾਲ ਲੋਡ ਘਟੇਗਾ ਤੇ ਵੋਲਟੇਜ ਵਿੱਚ ਸੁਧਾਰ ਆਵੇਗਾ, ਜਿਸ ਨਾਲ ਟਰਾਂਸਮਿਸ਼ਨ ਤੇ ਡਿਸਟ੍ਰੀਬਿਊਸ਼ਨ ਪ੍ਰਣਾਲੀ ਹੋਰ ਮਜ਼ਬੂਤ ਤੇ ਪ੍ਰਭਾਵਸ਼ਾਲੀ ਬਣੇਗੀ।

## ਬੀ ਕੇ ਯੂ ਸਿੱਧੂਪੁਰ ਨੇ ਕਿਸਾਨੀ ਮਸਲਿਆਂ ਸੰਬੰਧੀ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਵੱਲੋਂ ਏ.ਡੀ.ਸੀ. ਫਿਰੋਜ਼ਪੁਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਕਿਸਾਨੀ ਮਸਲਿਆਂ ਸਬੰਧੀ ਮੰਗ ਪੱਤਰ ਭੇਜਿਆ ਗਿਆ।ਇਸ ਮੌਕੇ ਕਮੇਟੀ ਮੈਂਬਰ ਗੁਰਮੀਤ ਸਿੰਘ ਘੋੜੇਚੱਕ ਤੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਵਿਰਕ ਨੇ ਕਿਹਾ ਕਿ ਖੇਤੀ ਦੇਸ਼ ਦੀ ਲਗਭਗ 60 ਫੀਸਦੀ ਅਬਾਦੀ ਦੀ ਰੋਜ਼ੀ-ਰੋਟੀ ਦਾ ਆਧਾਰ ਹੈ, ਪਰ ਸਰਕਾਰ ਦੀ ਠੋਸ ਖੇਤੀ ਨੀਤੀ ਦੀ ਘਾਟ ਕਾਰਨ ਖੇਤੀ ਖੇਤਰ ਗੰਭੀਰ ਸੰਕਟ ਵਿੱਚ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਆਰਥਿਕਤਾ ਖੇਤੀ 'ਤੇ ਨਿਰਭਰ ਹੋਣ ਦੇ ਬਾਵਜੂਦ ਕਿਸਾਨ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ, ਜਿਸ ਕਾਰਨ ਖੁਦਕੁਸ਼ੀਆਂ ਵਰਗੀਆਂ ਦੁਖਦਾਈ ਘਟਨਾਵਾਂ ਵਾਪਰ ਰਹੀਆਂ ਹਨ।ਯੂਨੀਅਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਵੀਂ ਲੈਂਡ ਪੂਲਿੰਗ ਨੀਤੀ ਨੂੰ ਤੁਰੰਤ ਰੱਦ ਕੀਤਾ ਜਾਵੇ, ਸ਼ਹਿਰਾਂ ਨਾਲ ਲੱਗਦੀਆਂ ਜ਼ਮੀਨਾਂ ਨੂੰ ਪ੍ਰਭਾਵਿਤ ਕਰਨ ਵਾਲੀ ਮਾਸਟਰ ਪਲਾਨ ਨੀਤੀ ਵੀ ਰੱਦ ਕਰਨ, ਉਦਯੋਗਾਂ ਵਿੱਚ ਪੰਜਾਬ ਦੇ ਨੌਜਵਾਨਾਂ ਨੂੰ ਪਹਿਲ ਦੇ ਅਧਾਰ 'ਤੇ ਰੁਜ਼ਗਾਰ ਦੇਣ, ਨਕਲੀ ਡੀ.ਏ.ਪੀ. ਖਾਦ ਕਾਰਨ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਜਾਰੀ ਕਰਨ ਤੇ ਪਿਛਲੇ ਦਸ ਸਾਲਾਂ ਤੋਂ ਲੰਬਿਤ ਖੇਤੀ ਮੋਟਰ ਕੁਨੈਕਸ਼ਨ ਤੁਰੰਤ ਜਾਰੀ ਕਰਨ ਦੀ ਵੀ ਮੰਗ ਉਠਾਈ।ਇਸ ਮੌਕੇ ਪਰਮਜੀਤ ਸਿੰਘ ਭੁੱਲਰ, ਹੀਰਾ ਸਿੰਘ, ਗੁਰਜੰਟ ਸਿੰਘ, ਸੁਖਵਿੰਦਰ ਸਿੰਘ, ਬਲਜਿੰਦਰ ਸਿੰਘ, ਲਖਵਿੰਦਰ ਸਿੰਘ ਭੁੱਲਰ, ਲਖਵੀਰ ਸਿੰਘ, ਜਸਬੀਰ ਸਿੰਘ ਖਾਲਸਾ ਸਮੇਤ ਵੱਖ-ਵੱਖ ਇਕਾਈਆਂ ਦੇ ਪ੍ਰਧਾਨ, ਅਹੁਦੇਦਾਰ ਤੇ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਲੀਗਲ ਏਡ ਡਿਫੈਂਸ ਕੌਂਸਲ ਨੀਤੀ ਖਿਲਾਫ ਵਕੀਲਾਂ ਦਾ ਰੋਸ ਪ੍ਰਦਰਸ਼ਨ ਜਾਰੀ

### 11 ਵਕੀਲਾਂ ਨੇ ਭੁੱਖ ਹੜਤਾਲ ਕਰਕੇ ਜਤਾਇਆ ਰੋਸ



**ਬਰਨਾਲਾ (ਰਾਜਿੰਦਰ ਬਰਾੜ/ਰਾਕੇਸ਼ ਨੀਟਾ) :** ਲੀਗਲ ਏਡ ਡਿਫੈਂਸ ਕੌਂਸਲ ਦੇ ਵਿਰੋਧ ਵਿੱਚ ਵਕੀਲਾਂ ਵੱਲੋਂ ਸ਼ੁਰੂ ਕੀਤਾ ਗਿਆ ਸੰਘਰਸ਼ ਹੁਣ ਅਗਲੇ ਪੜਤਾਲ ਤਹਿਤ ਭੁੱਖ ਹੜਤਾਲ ਵਿੱਚ ਤਬਦੀਲ ਹੋ ਗਿਆ ਹੈ, ਜਿਸ ਤਹਿਤ ਜ਼ਿਲ੍ਹਾ ਬਾਰ ਐਸੋਸੀਏਸ਼ਨ ਬਰਨਾਲਾ ਦੇ 11 ਵਕੀਲਾਂ ਵੱਲੋਂ ਭੁੱਖ ਹੜਤਾਲ ਕਰਕੇ ਇਸ ਨੀਤੀ ਖਿਲਾਫ ਆਪਣਾ ਰੋਸ ਜਤਾਇਆ ਗਿਆ। ਇਸ ਮੌਕੇ ਚੇਅਰਮੈਨ ਐਡਵੋਕੇਟ ਹਰਿੰਦਰ ਪਾਲ ਸਿੰਘ ਰਾਣੂੰ, ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਤਲਵਿੰਦਰ ਸਿੰਘ ਮਸੌਣ, ਐਡਵੋਕੇਟ ਰੁਪਿੰਦਰ ਸਿੰਘ ਸੰਧੂ, ਐਡਵੋਕੇਟ ਧਰਮਿੰਦਰ ਸਿੰਘ ਧਾਲੀਵਾਲ, ਐਡਵੋਕੇਟ ਇਕਬਾਲ ਸਿੰਘ ਗਿੱਲ, ਐਡਵੋਕੇਟ ਨਛੱਤਰ ਸਿੰਘ ਬਰਾੜ, ਐਡਵੋਕੇਟ ਦਰਸਨ ਸਿੰਘ ਸਿੱਧੂ, ਐਡਵੋਕੇਟ ਨਰੇਸ਼ ਕੁਮਾਰੀ ਬਾਵਾ ਆਦਿ ਨੇ ਦੱਸਿਆ ਕਿ ਸਰਕਾਰ ਵੱਲੋਂ ਗਠਿਤ ਲੀਡਲ ਏਡ ਡਿਫੈਂਸ ਕਾਊਂਸਲ ਦਾ ਸਮਾਜ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ ਤੇ ਇਸ ਵਿਵਸਥਾ ਦਾ ਲਾਭ ਲੋੜਵੰਦ ਤੇ ਗਰੀਬ ਲੋਕਾਂ ਦੀ ਬਜਾਏ ਅਪਰਾਧ ਕਰਨ ਵਾਲੇ ਮੁਲਜ਼ਮ ਉਠਾ ਰਹੇ ਹਨ।ਉਨ੍ਹਾਂ ਅਨੁਸਾਰ ਮੁਫਤ ਕਾਨੂੰਨੀ ਸਹਾਇਤਾ ਮਿਲਣ ਨਾਲ ਕਈ ਅਪਰਾਧੀ ਅਸਾਨੀ ਨਾਲ ਕਾਨੂੰਨੀ ਨੁਮਾਇੰਦਗੀ ਹਾਸਲ ਕਰ ਲੈਣਗੇ ਤੇ ਜਮਾਨਤ ਹਾਸਲ ਕਰਕੇ ਮੁੜ ਅਪਰਾਧ ਕਰਨ ਲੱਗ ਜਾਣਗੇ, ਜਿਸ ਨਾਲ ਸਮਾਜ ਅੰਦਰ ਅਮਨ ਕਾਨੂੰਨ ਦੀ ਵਿਵਸਥਾ ਵੀ ਵਿਗੜ ਸਕਦੀ ਹੈ, ਜਿਸ ਕਾਰਨ ਸਮੂਹ ਵਕੀਲਾਂ ਵਿੱਚ ਇਸ ਨੀਤੀ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਕਾਨੂੰਨ ਰੱਦ ਨਹੀਂ ਹੁੰਦਾ, ਤਦ ਤੱਕ ਵਕੀਲਾਂ ਵੱਲੋਂ ਅਦਾਲਤਾਂ ਦਾ ਮੁਕੰਮਲ ਬਾਈਕਾਟ ਤੇ ਭੁੱਖ ਹੜਤਾਲ ਲਗਾਤਾਰ ਜਾਰੀ ਰਹੇਗੀ।ਅੱਜ ਦੀ ਭੁੱਖ ਹੜਤਾਲ ਵਿੱਚ ਜ਼ਿਲ੍ਹਾ ਬਾਰ ਐਸੋਏਸ਼ਨ ਦੇ ਪ੍ਰਧਾਨ ਪੰਕਜ ਬਾਂਸਲ, ਐਡਵੋਕੇਟ ਇੱਕਬਾਲ ਸਿੰਘ ਗਿੱਲ, ਐਡਵੋਕੇਟ ਧਰਮਪਾਲ ਸਿੰਘ, ਐਡਵੋਕੇਟ ਬੱਗਾ ਸਿੰਘ ਕਾਹਨੇਕੇ, ਐਡਵੋਕੇਟ ਹੰਸਰਾਜ ਸਿੰਘ, ਐਡਵੋਕੇਟ ਕੁਨਾਲ ਗਰਗ, ਐਡਵੋਕੇਟ ਸਰਬਜੀਤ ਕੌਰ, ਐਡਵੋਕੇਟ ਸਵਰਨਜੀਤ ਕੌਰ, ਐਡਵੋਕੇਟ ਅਮਨਦੀਪ ਸ਼ਰਮਾ, ਐਡਵੋਕੇਟ ਦਿੱਬਿਆ ਗੁਲਾਟੀ, ਐਡਵੋਕੇਟ ਕਮਲਜੀਤ ਸੋਹਲ ਬੈਠੇ। ਇਸ ਮੌਕੇ ਅਬੇ ਕੁਮਾਰ, ਪ੍ਰੀਤ ਮਹਿੰਦਰ ਸਿੰਘ ਆਦਿ ਹਾਜ਼ਰ ਸਨ।

## ਸੋਧੀ ਲੈਂਡ ਪੂਲਿੰਗ ਨੀਤੀ ਕਿਸੇ ਕੀਮਤ 'ਤੇ ਲਾਗੂ ਨਹੀਂ ਹੋਣ ਦੇਵਾਂਗੇ : ਗਿਆਸਪੁਰਾ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀਆਂ ਬੇਸ਼ ਕੀਮਤੀ ਜ਼ਮੀਨਾਂ 'ਤੇ ਕਬਜ਼ਾ ਕਰਕੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਸਾਜ਼ਿਸ਼ ਨੂੰ ਕਿਸਾਨ ਏਕੇ ਨੇ ਪਹਿਲਾਂ ਨਾਕਾਮ ਕਰ ਦਿੱਤਾ ਸੀ।ਸਰਕਾਰ ਨੇ ਹੁਣ ਦੁਬਾਰਾ ਫੇਰ ਕਿਸਾਨਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਦੀ ਕੋਸ਼ਿਸ਼ ਕਰਦਿਆਂ ਸੋਧੀ ਹੋਈ ਲੈਂਡ ਪੂਲਿੰਗ ਪਾਲਿਸੀ ਨਾਂ 'ਤੇ ਇੱਕ ਹੋਰ ਹੱਲਾ ਕਿਸਾਨਾਂ 'ਤੇ ਮਾਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਸ ਨੂੰ ਮੁੜ ਕਿਸਾਨ ਏਕਾ ਸਿਰੇ ਨਹੀਂ ਚੜ੍ਹ ਦੇਵੇਗਾ ਤੇ ਕਿਸਾਨਾਂ ਦੀਆਂ ਕੀਮਤੀ ਜ਼ਮੀਨਾਂ ਕਿਸੇ ਕੀਮਤ 'ਤੇ ਵੀ ਸਰਕਾਰ ਨੂੰ ਲੈਣ ਨਹੀਂ ਦੇਵੇਗਾ।ਇਹ ਵਿਚਾਰ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਗਿਆਸਪੁਰਾ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਸਰਕਾਰ ਦੀ ਇਹ ਪਾਲਿਸੀ ਕਿਸਾਨ ਤੇ ਮਜ਼ਦੂਰ ਵਿਰੋਧੀ ਹੈ, ਜਿਸ ਦਾ ਦੋਵੇਂ ਧਿਰਾਂ ਡੱਟ ਕੇ ਵਿਰੋਧ ਕਰਨਗੀਆਂ।ਉਨ੍ਹਾਂ ਮੰਗ ਕੀਤੀ ਕਿ ਸਤਲੁਜ ਫਿਲਮ 'ਤੇ ਪਾਬੰਦੀ ਹਟਾਈ ਜਾਵੇ, ਤਾਂ ਜੋ ਲੋਕ ਸਰਕਾਰੀ ਜਬਰ ਨੂੰ ਆਪਣੀਆਂ ਅੱਖਾਂ ਨਾਲ ਦੇਖ ਸਕਣ।

## ਖੇਡਾਂ ਨਾਲ ਜੁੜੋ, ਨਸ਼ਿਆਂ ਤੋਂ ਦੂਰ ਰਹੋ : ਡਾ. ਮਿੰਕੂ ਜਵੰਧਾ



**ਭਵਾਨੀਗੜ੍ਹ (ਰਾਜ ਖੁਰਮੀ)**-ਕ੍ਰਿਕਟ ਟੂਰਨਾਮੈਂਟ ਵਿੱਚ ਸਮਾਜ ਸੇਵੀ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੱਦਾ ਦਿੱਤਾ।ਉਨ੍ਹਾਂ ਨੇ ਖਿਡਾਰੀਆਂ ਦਾ ਹੌਸਲਾ ਵਧਾਉਂਦਿਆਂ ਕਿਹਾ ਕਿ ਖੇਡਾਂ ਸਿਰਫ਼ ਸਰੀਰਕ ਤੰਦਰੁਸਤੀ ਹੀ ਨਹੀਂ, ਸਗੋਂ ਅਨੁਸ਼ਾਸਨ, ਟੀਮ ਭਾਵਨਾ, ਲੀਡਰਸ਼ਿਪ ਤੇ ਸਬਰ ਵਰਗੇ ਗੁਣਾਂ ਨੂੰ ਵੀ ਵਿਕਸਤ ਕਰਦੀਆਂ ਹਨ।ਡਾ. ਜਵੰਧਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਵਿੱਚ ਬੇਅੰਤ ਪ੍ਰਤਿਭਾ ਮੌਜੂਦ ਹੈ, ਜਿਸ ਨੂੰ ਸਹੀ ਮਾਰਗਦਰਸ਼ਨ ਅਤੇ ਉਚਿਤ ਮੌਕੇ ਮਿਲਣ 'ਤੇ ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਆਪਣਾ ਤੇ ਆਪਣੇ ਇਲਾਕੇ ਦਾ ਨਾਮ ਰੌਸ਼ਨ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਨਸ਼ਿਆਂ ਦੀ ਚੁਣੌਤੀ ਨਾਲ ਨਜਿੱਠਣ ਲਈ ਖੇਡਾਂ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਹਨ।ਜੇਕਰ ਨੌਜਵਾਨ ਖੇਡ ਮੈਦਾਨਾਂ ਨਾਲ ਜੁੜੇ ਰਹਿਣਗੇ ਤਾਂ ਉਹ ਨਾ ਕੇਵਲ ਨਸ਼ਿਆਂ ਤੋਂ ਦੂਰ ਰਹਿਣਗੇ, ਸਗੋਂ ਇੱਕ ਸਿਹਤਮੰਦ ਤੇ ਜ਼ਿੰਮੇਵਾਰ ਸਮਾਜ ਦੀ ਉਸਾਰੀ ਵਿੱਚ ਵੀ ਅਹਿਮ ਭੂਮਿਕਾ ਨਿਭਾਉਣਗੇ।ਉਨ੍ਹਾਂ ਕਿਹਾ ਕਿ ਪਿੰਡਾਂ ਤੇ ਸ਼ਹਿਰਾਂ ਵਿੱਚ ਕਰਾਏ ਜਾਂਦੇ ਖੇਡ ਮੁਕਾਬਲੇ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਲਈ ਵਧੀਆ ਮੰਚ ਪ੍ਰਦਾਨ ਕਰਦੇ ਹਨ।ਇਸ ਨਾਲ ਆਪਸੀ ਭਾਈਚਾਰਾ, ਖੇਡ ਭਾਵਨਾ ਤੇ ਸਿਹਤਮੰਦ ਮੁਕਾਬਲੇ ਦੀ ਸੋਚ ਨੂੰ ਵੀ ਮਜ਼ਬੂਤੀ ਮਿਲਦੀ ਹੈ।ਉਨ੍ਹਾਂ ਟੂਰਨਾਮੈਂਟ ਦੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਸਮਾਜ ਲਈ ਪ੍ਰੇਰਣਾਦਾਇਕ ਹਨ ਅਤੇ ਇਨ੍ਹਾਂ ਨੂੰ ਨਿਰੰਤਰ ਜਾਰੀ ਰੱਖਿਆ ਜਾਣਾ ਚਾਹੀਦਾ ਹੈ।

## ਆਊਟਸੋਰਸ ਕਾਮਿਆਂ ਨੇ ਹੜਤਾਲ ਕਰਕੇ ਰੁਕੀ ਤਨਖਾਹ ਜਾਰੀ ਕਰਨ ਦੀ ਕੀਤੀ ਮੰਗ



**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ (ਰਜਿ: 31) ਦੀ ਸਬ ਕਮੇਟੀ ਦਫਤਰੀ ਸਟਾਫ਼ ਜ਼ਿਲ੍ਹਾ ਫ਼ਾਜ਼ਿਲਕਾ ਵੱਲੋਂ ਉਲੀਕੇ ਗਏ ਪ੍ਰੋਗਰਾਮ ਮੁਤਾਬਿਕ ਆਊਟਸੋਰਸ ਮੁਲਾਜ਼ਮਾਂ ਨੇ ਇਕਰੋਜ਼ਾ ਹੜਤਾਲ ਕਰਕੇ ਐਕਸੀਅਨ ਦਫਤਰ ਫ਼ਾਜ਼ਿਲਕਾ ਤੇ ਸਬ ਡਵੀਜ਼ਨ ਦਫ਼ਤਰ ਵਿਖੇ ਸਵੇਰੇ 10:00 ਵਜੋਂ 11:00 ਵਜੇ ਤੱਕ ਪੰਜਾਬ ਸਰਕਾਰ ਖਿਲਾਫ ਰੋਸ਼ ਪ੍ਰਦਸ਼ਨ ਕਰਨ ਉਪਰੰਤ ਆਊਟਸੋਰਸ ਕਾਮਿਆਂ ਦੀ ਮਹੀਨਾ ਜੂਨ 2026 ਦੀ ਤਨਖਾਹ ਰਿਲੀਜ਼ ਕਰਾਉਣ ਸਬੰਧੀ ਮੰਗ-ਪੱਤਰ ਕਾਰਜਕਾਰੀ ਇੰਜਨੀਅਰ, ਜਸਸ, ਮੰਡਲ ਨੂੰ ਦਿੱਤਾ ਗਿਆ। ਪ੍ਰੋਗਰਾਮ ਵਿੱਚ ਪਵਨ ਕੁਮਾਰ, ਗੋਰਵ ਬੱਬਰ, ਸ਼ੁਸ਼ੀਲ ਕੁਮਾਰ, ਸੰਦੀਪ, ਪ੍ਰਦੀਪ ਕੁਮਾਰ, ਕੁਲਿਵੰਦਰ ਕੋਰ ਡਾਟਾ ਐਟਰੀ ਅਪਰੇਟਰ, ਰਾਜ ਕੁਮਾਰ. ਅਤੇ ਪਰਮਜੀਤ ਡਰਾਇਵਰ, ਰਾਜ ਕੁਮਾਰ ਤੇ ਰਮਨਦੀਪ ਸਿੰਘ ਲੈਬ ਸਟਾਫ, ਰਾਜਿੰਦਰ ਬਿੱਲ ਡਿਸਟਰੀਬਿਊਟਰ, ਫੀਲਡ ਸਟਾਫ ਅਸ਼ੋਕ ਕੁਮਾਰ, ਮੰਗਤ ਰਾਮ, ਬਲਵਿੰਦਰ ਸਿੰਘ, ਕਰਨੈਲ ਸਿੰਘ ਅਤੇ ਸੋਨੂੰ ਆਦਿ ਸਾਥੀ ਹਾਜਰ ਹੋਏ। ਇਸ ਤੋ ਇਵਾਲਾ ਰੈਗੂਲਰ ਸਟਾਫ ਪੀ.ਐਸ.ਐਸ.ਯੂ. (ਕੈਲਰੀਕਲ ਸਟਾਫ) ਦੇ ਪ੍ਰਧਾਨ ਸੁਖਦੇਵ ਚੰਦ ਕੰਬੋਜ ਅਤੇ ਉਨ੍ਹਾਂ ਨਾਲ ਹੋਰ ਸਾਥੀ ਵੀ ਮੌਜੂਦ ਰਹੇ। ਇਸੇ ਤਰ੍ਹਾਂ ਹੀ ਜਲ ਸਪਲਾਈ ਵਿਭਾਹ ਦੀ ਸਬ ਡਵਿਜਨ ਦਫਤਰ ਜਲਾਲਾਬਾਦ ਵਿਖੇ ਸੁਖਚੈਨ ਸਿੰਘ ਸੋਢੀ ਦੀ ਅਗੁਵਾਈ ਹੇਠ ਆਊਟਸੋਰਸ ਕਾਮਿਆਂ ਵਲੋਂ ਧਰਨਾ ਦਿੱਤਾ ਗਿਆ ਤੇ ਪੰਜਾਬ ਸਰਕਾਰ ਅਤੇ ਵਿਭਾਗ ਪਾਸੋਂ ਮੰਗ ਕੀਤੀ ਗਈ ਕਿ ਆਊਟਸੋਰਸ ਕਾਮਿਆਂ ਦੀ ਰੁਕੀ ਤਨਖਾਹ ਤੁਰੰਤ ਜਾਰੀ ਕੀਤੀ ਜਾਵੇ।

# ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ 'ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰ' ਵਿਸ਼ੇ 'ਤੇ ਵਿਚਾਰ-ਗੋਸ਼ਟੀ



**ਲੁਧਿਆਣਾ (ਰੈਕਟਰ ਕਥੂਰੀਆ)**

ਗੁਰਬਾਣੀ ਦੇ ਸ਼ਬਦ 'ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰ' ਨਾਲ ਸਾਵਣ ਮਹੀਨੇ ਦੀਆਂ ਖੁਸ਼ੀਆਂ ਦਾ ਆਨੰਦ ਮਾਨਣ ਲਈ 'ਬਲਿਹਾਰੀ ਕੁਦਰਤ ਵਸਿਆ' ਵਿਸ਼ੇ 'ਤੇ ਵਿਚਾਰ ਗੋਸ਼ਟੀ ਕੁਦਰਤ ਬਾਰੇ ਲੋਕ ਚੇਤਨਾ ਲਹਿਰ ਦਾ ਸ਼ੁੱਭ ਆਰੰਭ ਕੀਤਾ ਗਿਆ।ਇਸ ਮੌਕੇ 30 ਅਗਸਤ ਨੂੰ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਜਾਣ ਵਾਲੇ ਜਥੇ ਦੀਆਂ ਤਿਆਰੀਆਂ ਸਬੰਧੀ ਵੀ ਵਿਚਾਰਾਂ ਹੋਈਆਂ।ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਸਾਵਣ ਮਹੀਨੇ ਦੀਆਂ ਖੁਸ਼ੀਆਂ ਦਾ ਆਨੰਦ ਗੁਰਬਾਣੀ ਦੇ ਸ਼ਬਦ 'ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰ' ਨਾਲ ਸਾਂਝੀਆਂ ਕੀਤੀਆਂ, ਜੋ ਤੇਜ ਪ੍ਰਤਾਪ ਸਿੰਘ ਸੰਧੂ ਵੱਲੋਂ ਸ਼ਰਧਾ ਸਤਿਕਾਰ ਨਾਲ ਸੰਦੇਸ਼ ਭੇਜਿਆ ਗਿਆ। ਇਸ ਸਮੇਂ ਗਿਆਨੀ ਜੈਰਾਮ ਸਿੰਘ ਨੇ ਅਰਦਾਸ ਕਰਕੇ ਖੀਰ ਤੇ ਮਾਲ ਪੂੜਿਆਂ ਦੇ ਲੰਗਰ ਦਾ ਭੋਗ ਲਵਾ ਕੇ ਸਮਾਗਮ ਦਾ ਸ਼ੁਭ ਆਰੰਭ ਕੀਤਾ।ਸਮਾਗਮ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਸਵਰਾਜ ਸਿੰਘ, ਮਲਕੀਤ ਸਿੰਘ ਦਾਖਾ, ਕ੍ਰਿਸ਼ਨ ਕੁਮਾਰ ਬਾਵਾ ਮੁੱਖ ਪ੍ਰਬੰਧਕ ਤੋਂ ਬਿਨਾਂ ਸਮਾਜਸੇਵੀ ਹੇਮਰਾਜ ਗੋਇਲ, ਸਾਧੂ ਸਿੰਘ ਸਰਪੰਚ, ਕਰਮਜੀਤ ਕੌਰ ਛੰਦੜਾਂ, ਅਮਰਜੀਤ ਸ਼ੇਰਪੁਰੀ, ਕਰਨੈਲ ਸਿੰਘ ਗਿੱਲ, ਜਸਵੰਤ ਸਿੰਘ ਛਾਪਾ, ਜਗਪਾਲ ਸਿੰਘ ਜੱਗਾ ਜਮਾਲਪੁਰ, ਜਗਦੀਸ਼ਪਾਲ ਸਿੰਘ ਗਰੇਵਾਲ ਸਾਬਕਾ ਸਰਪੰਚ ਦਾਦ, ਹਰਜੀਤ ਸਿੰਘ ਰਕਬਾ ਯੂ.ਐੱਸ.ਏ, ਸੁਰਜੀਤ ਸਿੰਘ ਲੋਟੇ, ਵੀ. ਕੇ. ਬਾਂਸਲ, ਮਨਜੀਤ ਸਿੰਘ ਝੰਮਟ, ਜਸਵੀਰ ਸਿੰਘ ਰਾਣਾ ਝਾਂਡੇ ਤੇ ਸਾਧੂ ਸਿੰਘ ਦਿਲਸ਼ਾਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਸਮੇਂ ਸ੍ਰੀ ਹਜ਼ੂਰ ਸਾਹਿਬ ਨੰਦੇੜ ਦੀ 22ਵੀਂ ਯਾਤਰਾ ਦੇ ਕਨਵੀਨਰ ਤਰਲੋਚਨ ਸਿੰਘ ਬਿਲਾਸਪੁਰ ਤੇ ਜਸਵੰਤ ਸਿੰਘ ਛਾਪਾ ਨੇ 30 ਅਗਸਤ ਨੂੰ ਮਿਲਾਪ ਦਿਹਾੜਾ ਮਨਾਉਣ ਲਈ ਏ ਸੀ ਕੋਚ ਰਾਹੀਂ ਜਾ ਰਹੀ ਯਾਤਰਾ ਦੀ ਜਾਣਕਾਰੀ ਦਿੱਤੀ।

ਸੁਆਗਤੀ ਸ਼ਬਦ ਬੋਲਦਿਆਂ ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਨੇ ਕਿਹਾ ਕਿ ਰਕਬਾ (ਲੁਧਿਆਣਾ) ਸਥਿਤ ਭਵਨ ਤੇ ਸ਼ਬਦ ਪ੍ਰਕਾਸ਼ ਅਜਾਇਬ ਘਰ ਤੋਂ ਇਲਾਵਾ ਇਸ ਕੰਪਲੈਕਸ ਵਿੱਚ ਬਹੁਤ ਜਲਦੀ ਲਾਇਬਰੇਰੀ ਤੇ ਸਿਲਾਈ ਕਢਾਈ ਸਿਖਲਾਈ ਕੇਂਦਰ ਵੀ ਸ਼ੁਰੂ ਕੀਤਾ ਜਾ ਰਿਹਾ ਹੈ।ਲਾਇਬਰੇਰੀ ਲਈ ਮੈਂਬਰ ਪਾਰਲੀਮੈਂਟ ਸ੍ਰ. ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪੰਜ ਲੱਖ ਰੁਪਏ ਦੀ ਗਰਾਂਟ ਮਿਲ ਚੁੱਕੀ ਹੈ।ਫਾਉਂਡੇਸ਼ਨ ਦੇ ਸਰਪ੍ਰਸਤ ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ 151 ਕਿਤਾਬਾਂ ਤੇ ਉਨ੍ਹਾਂ ਦੀ ਪ੍ਰੇਰਨਾ ਨਾਲ ਅਮਰੀਕਾ ਵਾਸੀ ਲੇਖਕ ਧਰਮ ਸਿੰਘ ਗੋਰਾਇਆ ਵੱਲੋਂ ਸੌ ਕਿਤਾਬਾਂ ਤੋਂ ਇਲਾਵਾ ਪਟਿਆਲਾ ਵਾਸੀ ਮਹਾਨ ਵਿਦਵਾਨ ਪਦਮਸ਼੍ਰੀ ਡਾ. ਰਤਨ ਸਿੰਘ ਜੱਗੀ ਪਰਿਵਾਰ ਵੱਲੋਂ ਵੀ ਇੱਕ ਅਲਮਾਰੀ ਤੇ ਸੌ ਕਿਤਾਬਾਂ ਦਾ ਸੈੱਟ ਪਹੁੰਚ ਰਿਹਾ ਹੈ।ਇਸ ਸਮੇਂ ਬੋਲਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਸਾਵਣ ਮਹੀਨੇ ਦੀ ਮਹੱਤਤਾ 'ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਸਾਵਣ ਬਾਰੇ ਗੁਰਬਾਣੀ ਵਿੱਚ ਵੀ ਖੁਸ਼ੀਆਂ ਸਾਂਝੀਆਂ ਕਰਨ ਦੀ ਗੱਲ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਸਾਵਣ ਦਾ ਸੰਬੰਧ ਧੀਆਂ ਤੇ ਤੀਆਂ ਦੇ ਵਿਸ਼ੇਸ਼ ਰਿਸ਼ਤੇ ਵੱਲ ਵੀ ਖਿੱਚਦਾ ਹੈ।ਉਨ੍ਹਾਂ ਕਿਹਾ ਕਿ ਲੋੜ ਹੈ ਅਸੀਂ ਸਾਵਣ ਦੀਆਂ ਖੁਸ਼ੀਆਂ ਦੇ ਨਾਲ ਨਾਲ ਉਨ੍ਹਾਂ ਪਰਿਵਾਰਾਂ ਦੀਆਂ ਖੁਸ਼ੀਆਂ ਵੱਲ ਵੀ ਧਿਆਨ ਦਈਏ ਜਿਨਾਂ ਦੀਆਂ ਖੁਸ਼ੀਆਂ ਕੁਝ ਧਨਾਢਾਂ ਨੇ ਖੋਹ ਲਈਆਂ ਹਨ। ਉਨ੍ਹਾਂ ਇਸ ਮਹੀਨੇ ਬਲਿਹਾਰੀ ਕੁਦਰਤ ਵੱਸਿਆ ਦੀ ਪੂਰਤੀ ਲਈ ਪੌਦੇ ਲਾਉਣ ਦੀ ਪ੍ਰੇਰਨਾ ਵੀ ਦਿੱਤੀ। ਉਹਨਾਂ ਇਸ ਸਮੇਂ ਖੀਰ, ਮਾਲ-ਪੂੜਿਆਂ ਦੇ ਲੰਗਰ ਅਤੇ ਸ਼੍ਰੀ ਹੇਮਰਾਜ ਗੋਇਲ ਵੱਲੋਂ ਲੜਕੀਆਂ ਲਈ ਆਪਣੇ ਵੱਲੋਂ ਸਿਲਾਈ ਸੈਂਟਰ ਖੋਲ੍ਹਣ ਦੇ ਐਲਾਨ ਦੀ ਸ਼ਲਾਘਾ ਕੀਤੀ। ਇਸ ਨਾਲ ਇਲਾਕੇ ਦੀਆਂ ਬੇਟੀਆਂ ਨੂੰ ਹੁਨਰਮੰਦ ਬਣਾਉਣ ਵਿੱਚ ਮਦਦ ਮਿਲੇਗੀ।

ਇਸ ਸਮੇਂ ਬੋਲਦੇ ਪਟਿਆਲਾ ਤੋਂ ਆਏ ਡਾ. ਸਵਰਾਜ ਸਿੰਘ ਉੱਘੇ ਇਤਿਹਾਸਕਾਰ ਨੇ ਕਿਹਾ ਕਿ ਸਾਵਣ ਮਹੀਨੇ ਵਿੱਚ ਜਿਸ ਤਰ੍ਹਾਂ ਧਰਤੀ ਨੂੰ ਪਾਣੀ ਦੀ ਬੂੰਦ ਦੀ ਪਿਆਸ ਹੁੰਦੀ ਹੈ, ਉਸੇ ਤਰ੍ਹਾਂ ਆਤਮਾ ਨੂੰ ਵੀ ਪਰਮਾਤਮਾ ਨਾਲ ਮਿਲਣ ਦੀ ਤਾਂਘ ਹੁੰਦੀ ਹੈ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੁਨੀਆਂ ਦੀਆਂ ਸਮੱਸਿਆਵਾਂ ਦਾ ਹੱਲ ਹੈ ਤੇ ਸਮੁੱਚੀ ਮਨੁੱਖਤਾ ਨੂੰ ਜ਼ਿੰਦਗੀ ਜਿਉਣ ਦਾ ਰਸਤਾ ਦਿਖਾਉਂਦੀ ਹੈ।ਇਸ ਸਮੇਂ ਦਾਖਾ ਤੇ ਬਾਵਾ ਨੇ ਵੀ ਵਿਚਾਰ ਪੇਸ਼ ਕਰਦੇ ਸਾਵਣ ਮਹੀਨੇ ਦੀ ਵਿਸ਼ੇਸ਼ਤਾ 'ਤੇ ਵਿਚਾਰਾਂ ਕੀਤੀਆਂ।ਇਸ ਸਮੇਂ ਅਮਰਜੀਤ ਸ਼ੇਰਪੁਰੀ ਤੇ ਜਗਪਾਲ ਜੱਗਾ ਨੇ ਗੀਤ ਰਾਹੀਂ ਤੀਆਂ ਦੀ ਮਹੱਤਤਾ ਤੇ ਭਾਈਚਾਰਕ ਸਾਂਝ ਦੀ ਗੱਲ ਕੀਤੀ।

ਇਸ ਸਮੇਂ ਉੱਘੇ ਲੇਖਕ ਸਾਧੂ ਸਿੰਘ ਸਰਪੰਚ ਸ਼ੇਖੂਪੁਰਾ ਨੇ ਆਪਣੀ ਲਿਖੀ ਪੁਸਤਕ ਮਲਕੀਤ ਸਿੰਘ ਦਾਖਾ ਨੂੰ ਭੇਟ ਕੀਤੀ ਤੇ ਕ੍ਰਿਸ਼ਨ ਕੁਮਾਰ ਬਾਵਾ ਤੇ ਪ੍ਰੋ. ਗਿੱਲ ਨੇ ਆਏ ਮਹਿਮਾਨਾਂ ਨੂੰ 'ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ' ਪੁਸਤਕ ਭੇਟ ਕੀਤੀ ਅਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ।ਇਸ ਸਮੇਂ ਫਾਊਂਡੇਸ਼ਨ ਦੀ ਲੁਧਿਆਣਾ ਦੀ ਪ੍ਰਧਾਨ ਸੋਨੀਆ ਅਰੋੜਾ, ਅਮਨਦੀਪ ਬਾਵਾ, ਜਗਵਿੰਦਰ ਸਿੰਘ ਗਰੇਵਾਲ ਲਲਤੋਂ, ਭੁਪਿੰਦਰ ਸਿੰਘ (ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ), ਗੁਰਪ੍ਰੀਤ ਸਿੰਘ, ਸੁਖਪ੍ਰੀਤ ਸਿੰਘ, ਬਾਦਸ਼ਾਹਦੀਪ ਸਿੰਘ, ਗਗਨ ਬਾਵਾ, ਸੰਜੇ ਠਾਕੁਰ, ਗੁਰਨਾਮ ਸਿੰਘ ਕਲੇਰ (ਓ.ਬੀ.ਸੀ ਨੇਤਾ), ਅਮਿਤ ਕੁਮਾਰ, ਮਾ. ਹਰੀਦੇਵ ਬਾਵਾ , ਵਾਈਸ ਪ੍ਰਧਾਨ ਬੈਰਾਗੀ ਮਹਾਂਮੰਡਲ, ਜਗਜੀਵਨ ਸਿੰਘ ਗਰੀਬ (ਜਨਰਲ ਸਕੱਤਰ), ਅਭਿਨਵ, ਨਾਮਵਰ ਪੱਤਰਕਾਰ ਵਿਨੋਦ ਕਾਲੀਆ, ਗੌਰਵੀ ਸਰੋਏ, ਸੁਖਵਿੰਦਰ ਕੌਰ ਸਮਾਜਸੇਵੀ, ਹਰਮਿੰਦਰ ਸਿੱਧੂ, ਅਮਨ ਸੰਧੂ ਦਾਖਾ, ਪੰਕਜ ਪ੍ਰਭਾਕਰ, ਰਜਿੰਦਰ ਬਾਂਸਲ, ਮਨੀ ਖੀਵਾ, ਗਗਨ ਗੌਤਮ, ਸੁਖਦੇਵ ਸਿੰਘ, ਬੀਬੀ ਪਰਮਜੀਤ ਕੌਰ ਹਾਜ਼ਰ ਸਨ।ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਨੇ ਆਏ ਸਮੂਹ ਮਹਿਮਾਨਾਂ ਦਾ ਧੰਨਵਾਦ ਕੀਤਾ।

# ਬਿਜਲੀ ਕਾਮੇ ਕੰਮ ਠੱਪ ਕਰਕੇ ਦੋ ਦਿਨ ਦੀ ਸਮੂਹਿਕ ਛੁੱਟੀ 'ਤੇ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਬਿਜਲੀ ਵਿਭਾਗ ਵਿੱਚ ਕੰਮ ਕਰਦੀਆਂ ਵੱਖ-ਵੱਖ ਜਥੇਬੰਦੀਆਂ ਦੇ ਸੱਦੇ 'ਤੇ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਦੇ ਮੁਲਾਜ਼ਮ ਸਰਕਾਰ ਦੇ ਮੁਲਾਜ਼ਮ ਅਤੇ ਲੋਕ ਵਿਰੋਧੀ ਰਵੱਈਏ ਵਿਰੁੱਧ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਮਨਵਾਉਣ ਲਈ ਦੋ ਦਿਨ ਦੀ ਸਮੂਹਿਕ ਛੁੱਟੀ ਤੇ ਜਾ ਕੇ ਸਬ ਡਵੀਜ਼ਨ ਹਰਸ਼ਾ ਛੀਨਾ ਦੇ ਗੇਟ ਤੇ ਰੋਹ ਭਰਪੂਰ ਰੈਲੀ ਕੀਤੀ।ਇਸ ਗੇਟ ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਦੱਸਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸਾਮਰਾਜੀ ਦਿਸ਼ਾ ਨਿਰਦੇਸ਼ਿਤ ਨੀਤੀਆਂ ਤਹਿਤ ਨਿੱਜੀਕਰਨ ਦਾ ਹੱਲਾ ਵਿੱਢਿਆ ਹੋਇਆ ਹੈ, ਇਸੇ ਨੀਤੀ ਤਹਿਤ ਹੀ ਮੁਲਾਜ਼ਮ ਤੇ ਮਜ਼ਦੂਰ ਪੱਖੀ ਕਿਰਤ ਕਾਨੂੰਨਾਂ ਵਿੱਚ ਵੱਡੀਆਂ ਤਬਦੀਲੀਆਂ ਕਰਕੇ ਕਿਰਤ ਕਰਨ ਵਾਲਿਆਂ ਦੀ ਲੁੱਟ ਕਰਨ ਲਈ ਚਾਰ ਲੇਬਰ ਕੋਡ ਪਾਸ ਕੀਤੇ ਗਏ ਹਨ, ਤਨਖਾਹਾਂ ਦਾ ਬੁਨਿਆਦੀ ਢਾਂਚਾ ਬਦਲ ਕੇ ਘੱਟ ਤੋਂ ਘੱਟ ਤਨਖਾਹ ਦੇਣ ਦਾ ਫਾਰਮੂਲਾ ਲਾਗੂ ਕੀਤਾ ਜਾ ਰਿਹਾ ਹੈ, ਇਸੇ ਨੀਤੀ ਤਹਿਤ ਹੀ ਪੰਜਾਬ ਸਰਕਾਰ ਵੱਲੋਂ 17-07-2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਤੇ ਬਰਾਬਰ ਕੰਮ ਲਈ ਬਰਾਬਰ ਤਨਖਾਹ ਦਾ ਫਾਰਮੂਲਾ ਰੱਦ ਕਰਕੇ ਕੇਂਦਰ ਸਰਕਾਰ ਦੇ ਸਤਵੇਂ ਪੇਅ ਸਕੇਲ ਰਾਹੀਂ ਤਨਖਾਹ ਦੇਣ ਦਾ ਫਾਰਮੂਲਾ ਲਾਗੂ ਕੀਤਾ ਜਾ ਰਿਹਾ ਹੈ, ਆਰ. ਟੀ. ਐੱਮ. ਤੋਂ ਪ੍ਰਮੋਟ ਹੋਏ ਸਹਾਇਕ ਲਾਈਨਮੈਨ ਅਤੇ ਏ. ਐੱਸ. ਐੱਸ. ਏ. ਨੂੰ ਪਹਿਲਾਂ ਤੋਂ ਮਿਲਦਾ 35400 ਦਾ ਸਕੇਲ ਨਹੀਂ ਦਿੱਤਾ ਜਾ ਰਿਹਾ, ਪੰਜਾਬ ਸਰਕਾਰ ਵੱਲ ਮੁਲਾਜ਼ਮਾਂ ਦੇ ਡੀ. ਏ. ਦਾ ਬਕਾਇਆ 18% ਮਹਿੰਗਾਈ ਭੱਤਾ ਨਹੀਂ ਦਿੱਤਾ ਜਾ ਰਿਹਾ, ਪੰਜਾਬ ਸਰਕਾਰ ਵੱਲੋਂ ਚੋਣਾਂ ਸਮੇਂ ਕੀਤੇ ਵਾਅਦੇ ਮੁਤਾਬਕ ਪੁਰਾਣੀ ਪੈਨਸ਼ਨ ਸਕੀਮ ਬਹਾਲ ਨਹੀਂ ਕੀਤੀ ਜਾ ਰਹੀ, ਨਿੱਜੀਕਰਨ ਦੀ ਨੀਤੀ ਨੂੰ ਲਾਗੂ ਕਰਦਿਆਂ ਮੁਲਾਜ਼ਮਾਂ ਤੇ ਵਾਧੂ ਬੋਝ ਲੱਦਣ ਲਈ ਜ਼ਬਰੀ ਮੋਬਾਇਲ ਫੋਨ ਦਿੱਤੇ ਜਾ ਰਹੇ ਹਨ, ਬਿਜਲੀ ਕਾਮਿਆਂ ਦੀ ਭਾਰੀ ਘਾਟ ਦੇ ਬਾਵਜੂਦ ਸ਼ਿਕਾਇਤਾਂ ਅਤੇ ਬ੍ਰੇਕਡਾਊਨ ਇੱਕ ਘੰਟੇ ਅੰਦਰ ਹੱਲ ਕਰਨ ਦੇ ਨਾਦਰਸ਼ਾਹੀ ਫਰਮਾਨ ਜਾਰੀ ਕੀਤੇ ਗਏ ਹਨ।ਆਗੂਆਂ ਨੇ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਨ੍ਹਾਂ ਮੰਗਾਂ ਮਸਲਿਆਂ ਦਾ ਸੰਜੀਦਗੀ ਨਾਲ ਨਿਪਟਾਰਾ ਨਾ ਕੀਤਾ ਤਾਂ ਜਥੇਬੰਦੀਆਂ ਇਸ ਸਮੂਹਿਕ ਛੁੱਟੀ ਦੇ ਫੈਸਲੇ ਨੂੰ ਅੱਗੇ ਵਧਾਉਣ ਲਈ ਮਜਬੂਰ ਹੋਣਗੀਆਂ।ਉਨ੍ਹਾਂ ਕਿਹਾ ਕਿ ਪੰਜੀ ਸੀਜ਼ਨ ਦੌਰਾਨ ਖਪਤਕਾਰਾਂ ਦੀ ਪ੍ਰੇਸ਼ਾਨੀ ਹੋਣ ਵਾਲੀ ਬਿਜਲੀ ਸਪਲਾਈ ਸਬੰਧੀ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਜ਼ਿੰਮੇਵਾਰ ਹੋਵੇਗੀ।ਇਸ ਗੇਟ ਰੈਲੀ ਨੂੰ ਸਰਕਲ ਪ੍ਰਧਾਨ ਮਲਕੀਅਤ ਸਿੰਘ ਸੈਂਸਰਾ, ਸਬ ਡਵੀਜ਼ਨ ਪ੍ਰਧਾਨ ਜੁਗਰਾਜ ਸਿੰਘ ਛੀਨਾ, ਪਰਮਿੰਦਰ ਸਿੰਘ ਅਦਲੀਵਾਲ, ਜਰਨੈਲ ਸਿੰਘ ਸੈਂਸਰਾ, ਨਰਿੰਦਰ ਕੁਮਾਰ, ਜਸਪਾਲ ਸਿੰਘ, ਰੋਹਤ ਮੰਡਲ ਤੇ ਅਵਤਾਰ ਸਿੰਘ ਵੱਜੀ ਨੇ ਸੰਬੋਧਨ ਕੀਤਾ।

## ਅਣਪਛਾਤੇ ਵਾਹਨ ਦੀ ਲਪੇਟ 'ਚ ਆਉਣ ਨਾਲ ਸਾਈਕਲ ਸਵਾਰ ਦੀ ਮੌਤ



ਧਾਰੀਵਾਲ, (ਮਨਦੀਪ ਵਿੱਕੀ)-ਪਿੰਡ ਸਠਿਆਲੀ ਨੇੜੇ ਸ੍ਰੀਹਰਗੋਬਿੰਦਪੁਰ-ਗੁਰਦਾਸਪੁਰ ਰੋਡ ਉਪਰ ਅਣਪਛਾਤੇ ਤੇਜ਼ ਰਫਤਾਰ ਵਾਹਨ ਦੀ ਲਪੇਟ ਵਿੱਚ ਆਉਣ ਨਾਲ ਸਾਈਕਲ ਸਵਾਰ ਵਿਅਕਤੀ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜੋਜਫ ਮਸੀਹ (75) ਪੁੱਤਰ ਗੁਰਦਿਆਲ ਮਸੀਹ ਵਾਸੀ ਪਿੰਡ ਕਾਲਾ ਬਾਲਾ ਵਜੋਂ ਹੋਈ। ਪਿੰਡ ਕਾਲਾ ਬਾਲਾ ਦੇ ਵਸਨੀਕ ਭੁਪਿੰਦਰ ਸਿੰਘ ਨੇ ਦੱਸਿਆ ਮ੍ਰਿਤਕ ਦੇ ਪਿੰਡ ਪਰਿਵਾਰ ਵਿੱਚ ਉਸਦੀ ਵਿਆਹੁਣ ਵਾਲੀ 30 ਸਾਲਾ ਇਕਲੌਤੀ ਧੀ ਰਹਿ ਗਈ ਹੈ। ਭੁਪਿੰਦਰ ਸਿੰਘ ਨੇ ਦੱਸਿਆ ਉਹ (ਜੋਜਫ ਮਸੀਹ) ਕਾਹਨੂੰਵਾਨ ਵਿਖੇ ਇਕ ਆੜਤੀਏ ਕੋਲ ਬਤੌਰ ਮੁਨੀਮ ਕੰਮ ਕਰਦਾ ਸੀ ਅਤੇ ਆਮ ਆਦਮੀ ਪਾਰਟੀ ਦਾ ਸਰਗਰਮ ਵਰਕਰ ਸੀ।

ਭੁਪਿੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਉਹ (ਜੋਜਫ ਮਸੀਹ) ਆਪਣੇ ਘਰ ਪਿੰਡ ਕਾਲਾ ਬਾਲਾ ਤੋਂ 19 ਜੁਲਾਈ ਨੂੰ ਸਵੇਰੇ ਕਰੀਬ 9 ਵਜੇ ਕਾਹਨੂੰਵਾਨ ਨੂੰ ਜਾ ਰਿਹਾ ਸੀ ਤਾਂ ਜਦੋਂ ਉਹ ਜੀ ਟੀ ਰੋਡ ਕਾਲਾ ਬਾਲਾ ਨੇੜੇ ਸਮਸ਼ਾਨਘਾਟ ਤੋਂ ਸ੍ਰੀਹਰਗੋਬਿੰਦਪੁਰ-ਗੁਰਦਾਸਪੁਰ ਰੋਡ ਉਪਰ ਸਠਿਆਲੀ ਵਾਲੇ ਪਾਸੇ ਨੂੰ ਮੁੜਿਆ ਤਾਂ ਸ੍ਰੀਹਰਗੋਬਿੰਦਪੁਰ ਵਾਲੇ ਪਾਸੇ ਤੋਂ ਆਏ ਕਿਸੇ ਅਣਪਛਾਤੇ ਤੇਜ਼ ਰਫਤਾਰ ਵਾਹਨ ਨੇ ਉਸਨੂੰ ਆਪਣੀ ਲਪੇਟ ਵਿੱਚ ਲੈ ਲਿਆ ਜਿਸ ਨੂੰ ਹਸਪਤਾਲ ਲਿਜਾਂਦੇ ਸਮੇਂ ਰਸਤੇ ਵਿੱਚ ਉਸਦੀ ਮੌਤ ਹੋ ਗਈ। ਥਾਣਾ ਕਾਹਨੂੰਵਾਨ ਦੇ ਏਐਸਆਈ ਬਲਵਿੰਦਰ ਸਿੰਘ ਨੇ ਭੁਪਿੰਦਰ ਸਿੰਘ ਦੇ ਬਿਆਨਾਂ ਅਨੁਸਾਰ ਅਣਪਛਾਤੇ ਵਾਹਨ ਚਾਲਕ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਪਿੰਡ ਵਾਸੀਆਂ ਭੁਪਿੰਦਰ ਸਿੰਘ, ਤਲਵਿੰਦਰ ਸਿੰਘ, ਨਵਲਪ੍ਰੀਤ ਸਿੰਘ, ਲਾਭਾ ਮਸੀਹ, ਤਰਲੋਕ ਸਿੰਘ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮ੍ਰਿਤਕ ਦੀ ਪਿੱਛੇ ਘਰ ਵਿੱਚ ਰਹਿ ਗਈ ਵਿਆਹੁਣ ਵਾਲੀ ਇਕਲੌਤੀ ਧੀ ਦੀ ਮਾਲੀ ਸਹਾਇਤਾ ਕੀਤੀ ਜਾਵੇ।

# ਕਾਮਰੇਡ ਸੋਹਲ ਤੇ ਹੋਰ ਸ਼ਹੀਦਾਂ ਦੀ ਬਰਸੀ ਮਨਾਈ

## * ਹਰੇਕ ਕਿਸਮ ਦੇ ਜ਼ੁਲਮ ਵਿਰੁੱਧ ਲੜਨਾ ਹੀ ਕਮਿਊਨਿਸਟਾਂ ਦਾ ਫਰਜ਼: ਹਰਭਜਨ ਸਿੰਘ



ਝਬਾਲ, ਸਰਾਏ ਅਮਾਨਤ ਖਾਂ (ਹਰਜਿੰਦਰ ਸਿੰਘ ਸੋਨੀ/ਮੱਖਣ ਮਨੋਜ)-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਗੰਡੀਵਿੰਡ ਝਬਾਲ ਵੱਲੋਂ ਸ਼ਹੀਦ ਕਾਮਰੇਡ ਸਵਰਨ ਸਿੰਘ ਸੋਹਲ ਤੇ ਪਰਿਵਾਰਕ ਜੀਅ, ਹੀਰਾ ਸਿੰਘ ਸੋਹਲ, ਕਾਮਰੇਡ ਦਿਦਾਰਸਿੰਘ ਸਰਾਂ ਕਸ਼ਮੀਰ ਤੇ ਸਿੰਘ ਸੋਹਲ ਨੂੰ ਯਾਦ ਕਰਨ ਲਈ ਸਥਾਨਕ ਮਾਈ ਭਾਗੋ ਲਾਇਬ੍ਰੇਰੀ ਵਿੱਚ ਸ਼ਹੀਦੀ ਸਮਾਗਮ ਕਾਮਰੇਡ ਤਰਸੇਮ ਸਿੰਘ ਸੋਹਲ ਤੇ ਬਲਵਿੰਦਰ ਸਿੰਘ ਮੂਸੇ ਦੀ ਪ੍ਰਧਾਨਗੀ ਹੇਠ ਕੀਤਾ ਗਿਆ।ਇਸ ਮੌਕੇ ਬਜ਼ੁਰਗ ਕਮਿਊਨਿਸਟ ਆਗੂ ਕਾਮਰੇਡ ਹਰਭਜਨ ਸਿੰਘ ਨੇ ਕਿਹਾ ਕਿ ਹਾਕਮ ਸਰਮਾਏਦਾਰ ਜਮਾਤ ਲੋਕਾਂ ਨੂੰ ਆਪਸ ਵਿੱਚ ਲੜਾ ਕੇ ਆਪਣੇ ਮੁਨਾਫ਼ੇ ਵਧਾਉਣੀ ਹੈ।ਦੁਨੀਆ 'ਚ ਕਿੱਥੇ ਵੀ ਅੱਤਵਾਦ, ਵੱਖਵਾਦ ਤੇ ਫਿਰਕਾਪ੍ਰਸਤੀ ਦਾ ਬੋਲਬਾਲਾ ਵਧਿਆ ਉਸ ਪਿੱਛੇ ਲੁੱਕਵੇਂ ਤੌਰ 'ਤੇ ਸਾਜ਼ਿਸ਼ੀ ਢੰਗ ਨਾਲ ਸਾਮਰਾਜਵਾਦੀ ਪ੍ਰਬੰਧ ਨੂੰ ਪੱਕਾ ਕਰਨ ਲਈ ਅਮਰੀਕੀ ਸਾਮਰਾਜ ਦਾ ਰੋਲ ਕੰਮ ਕਰਦਾ ਹੈ।ਪੰਜਾਬ ਦੇ ਕਾਲੇ ਦੌਰ ਵਿੱਚ ਵੀ ਹਿੰਦੂ ਸਿੱਖਾਂ ਨੂੰ ਲੜਾਉਣ ਲਈ ਪਾਕਿਸਤਾਨ ਰਾਹੀਂ ਵੱਡੀ ਮਾਤਰਾ ਵਿੱਚ ਹਥਿਆਰ ਭੇਜ ਕੇ ਆਪਣਿਆਂ ਹੱਥੋਂ ਆਪਣਿਆਂ ਨੂੰ ਮਰਵਾਇਆ।ਭਾਰਤੀ ਕਮਿਊਨਿਸਟ ਪਾਰਟੀ ਦੇ ਜਾਂਬਾਜ਼ ਵਰਕਰਾਂ ਤੇ ਆਗੂਆਂ ਨੇ ਇਸ ਬੋਲੋਤੀ ਭਰਾ ਮਾਰੂ ਜੰਗ ਨੂੰ ਰੋਕਣ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ।ਕਾਮਰੇਡ ਸਵਰਨ ਸਿੰਘ ਸੋਹਲ ਤੇ ਉਨ੍ਹਾਂ ਦੇ ਪਰਿਵਾਰ ਦੇ ਤਿੰਨ ਹੋਰ ਜੀਅ, ਸਹਾਇਕ ਹੀਰਾ ਸਿੰਘ ਸੋਹਲ, ਭੁੱਪੀਮਾਨ ਤੇ ਕਵੀ ਕਾਮਰੇਡ ਦਿਦਾਰਸਿੰਘ ਸਰਾਂ ਤੇ ਕਸ਼ਮੀਰ ਸਿੰਘ ਸੋਹਲ ਨੇ ਆਪਣੀ ਸ਼ਹਾਦਤ ਦੇ ਕੇ ਪੰਜਾਬ ਦੇ ਅਮਨ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ।ਇਸ ਮੌਕੇ ਸੂਬਾਈ ਆਗੂ ਕਾਮਰੇਡ ਸੁਖਚੈਨ ਸਿੰਘ ਤੇ ਜ਼ਿਲ੍ਹਾ ਸਕੱਤਰ ਕਾਮਰੇਡ ਦਵਿੰਦਰ ਸੋਹਲ ਨੇ ਕਿਹਾ ਕਿ ਕਮਿਊਨਿਸਟ ਪਾਰਟੀ ਮਿਹਨਤਕਸ਼ ਲੋਕਾਂ ਦੇ ਹੱਕਾਂ ਲਈ ਲੜਨ ਵਾਲੀ ਪਾਰਟੀ ਹੈ ਜੋ ਫਿਰਕੂ ਸਦਭਾਵਨਾ ਕਾਇਮ ਰੱਖਦਿਆਂ ਮਿਹਨਤਕਸ਼ ਜਨਤਾ ਹੱਥ ਸੱਤਾ ਪਰਿਵਰਤਨ ਲਿਆਉਣਾ ਚਾਹੁੰਦੀ ਹੈ ਕਿਉਂਕਿ ਇਸ ਧਰਤੀ ਦੀ ਸਾਰੀ ਦੌਲਤ ਦੇ ਅਸਲ ਵਾਰਸ ਮਜ਼ਦੂਰ, ਕਿਸਾਨ ਤੇ ਹੋਰ ਮਿਹਨਤਕਸ਼ ਲੋਕ ਹਨ, ਪਰ ਇਸ ਦੌਲਤ 'ਤੇ ਕਬਜ਼ਾ ਕਾਰਪੋਰੇਟ ਘਰਾਣਿਆਂ ਦਾ ਹੋ ਗਿਆ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਵਲਟੋਹਾ, ਬਿੱਲਾ ਖੂਹ ਵਾਲਾ, ਹਰਬਿੰਦਰ ਸਿੰਘ ਕਸੇਲ, ਪਲਵਿੰਦਰ ਸਿੰਘ ਬੂਹ, ਬਲਬੀਰ ਸਿੰਘ ਲਹਿਰੀ, ਬਲਵਿੰਦਰ ਸਿੰਘ ਮੂਸੇ, ਜਗਤਾਰ ਸਿੰਘ ਜੱਗਾ ਸਮੇਤ ਕਈ ਆਗੂ ਤੇ ਵਰਕਰ ਹਾਜ਼ਰ ਸਨ।

## ਉਂਕਾਰ ਸਿੰਘ ਸੋਢੀ ਨੂੰ ਸਰਬਸੰਮਤੀ ਨਾਲ ਗੁਰਦੁਆਰਾ ਥੰਮ ਸਾਹਿਬ ਦਾ ਪ੍ਰਧਾਨ ਥਾਪਿਆ



ਪੱਟੀ (ਸ਼ਮਸ਼ੇਰ ਸਿੰਘ ਯੋਧਾ) : ਗੁਰਦੁਆਰਾ ਥੰਮ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਂਕਾਰ ਸਿੰਘ ਸੋਢੀ ਨੂੰ ਸਰਬਸੰਮਤੀ ਨਾਲ ਗੁਰਦੁਆਰਾ ਥੰਮ ਸਾਹਿਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਗੁਰੂ ਸਾਹਿਬ ਵੱਲੋਂ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।ਇਸ ਮੌਕੇ ਨਵੀਂ ਜ਼ਿੰਮੇਵਾਰੀ ਸੰਭਾਲਣ ਉਪਰੰਤ ਉਂਕਾਰ ਸਿੰਘ ਸੋਢੀ ਨੇ ਸਮੂਹ ਕਮੇਟੀ ਮੈਂਬਰਾਂ ਅਤੇ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਗੁਰੂ ਘਰ ਦੀ ਸੇਵਾ ਪੂਰੀ ਨਿਸ਼ਠਾ, ਇਮਾਨਦਾਰੀ ਅਤੇ ਸੰਪੂਰਨਤਾ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਧਾਰਮਿਕ, ਸਮਾਜਿਕ ਅਤੇ ਸੇਵਾਮੁਖੀ ਕਾਰਜਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਇਆ ਜਾਵੇਗਾ।ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਉਂਕਾਰ ਸਿੰਘ ਸੋਢੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ 16 ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਆਲਮ ਵਿਜੇ ਸਿੰਘ ਪੱਤੂ ਮੀਤ ਪ੍ਰਧਾਨ, ਰਵੇਲ ਸਿੰਘ ਭੂਰਾ ਸਟੇਜ ਸੈਕਟਰੀ, ਭੁਪਿੰਦਰ ਸਿੰਘ ਸਟੋਰ ਇੰਚਾਰਜ, ਸਰਵਣ ਸਿੰਘ ਭੰਡਾ ਅਤੇ ਗੁਰਪ੍ਰੀਤ ਸਿੰਘ ਬਿੱਟੂ ਦੋਨੋਂ ਖਜ਼ਾਨਚੀ, ਸੁੱਖਵਿੰਦਰ ਸਿੰਘ, ਤਜਿੰਦਰ ਸਿੰਘ ਨੰਬਰਦਾਰ, ਮੀਟਿੰਗ ਦੌਰਾਨ ਗੁਰਦੁਆਰਾ ਸਾਹਿਬ ਦੇ ਵਿਕਾਸ, ਸੰਗਤ ਦੀਆਂ ਸਹੂਲਤਾਂ ਅਤੇ ਆਉਣ ਵਾਲੇ ਧਾਰਮਿਕ ਸਮਾਗਮਾਂ ਸਬੰਧੀ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਹਰ ਸਾਲ ਮਨਾਏ ਜਾਣ ਵਾਲੇ ਮੇਲੇ ਨੂੰ ਪੂਰੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾਵੇਗਾ।ਪ੍ਰਧਾਨ ਉਂਕਾਰ ਸਿੰਘ ਸੋਢੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੁਰਦੁਆਰਾ ਥੰਮ ਸਾਹਿਬ ਵਿਖੇ ਮਾਘੀ ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਸੰਗਤਾਂ ਦੂਰੋਂ ਦੂਰੋਂ ਆ ਕੇ ਨਤਮਸਤਕ ਹੁੰਦੀਆਂ ਹਨ ਅਤੇ ਪੂਰੀ ਸ਼ਰਧਾ ਭਾਵਨਾ ਨਾਲ ਇਸ਼ਨਾਨ ਕਰਦੀਆਂ ਹਨ।ਇਸ ਮੌਕੇ ਭਲਵਾਨ ਮਨਜੀਤ ਸਿੰਘ ਸੋਢੀ, ਭਲਵਾਨ ਸੰਦੀਪ ਸਿੰਘ ਸੋਢੀ, ਸ਼ਮਸ਼ੇਰ ਸਿੰਘ ਸ਼ੇਰਾ, ਅੰਸ਼ਦੀਪ ਸਿੰਘ, ਵਿਸ਼ਾਲ ਸ਼ਰਮਾ, ਬੱਲੂ ਸੋਢੀ ਆਦਿ ਹਾਜ਼ਰ ਸਨ।

## ਲੁਟੇਰੇ ਰਾਗੀ ਤੋਂ ਮੋਬਾਇਲ ਤੇ ਨਕਦੀ ਵਾਲਾ ਪਰਸ ਖੋਹ ਕੇ ਫਰਾਰ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਕੋਹਾਲੀ ਵਿਖੇ ਕੀਰਤਨ ਕਰਨ ਜਾ ਰਹੇ ਇੱਕ ਰਾਗੀ ਨਾਲ ਲੁੱਟ-ਖੋਹ ਦੀ ਵਾਰਦਾਤ ਵਾਪਰ ਗਈ।ਪ੍ਰਾਪਤ ਜਾਣਕਾਰੀ ਅਨੁਸਾਰ ਸਵੇਰੇ ਕਰੀਬ 3:45 ਵਜੇ ਅੱਡਾ ਬਾਊਲੀ ਨੇੜੇ ਸਥਿਤ ਲੁੱਕ ਪਲਾਂਟ ਕੋਲ ਤਿੰਨ ਅਣਪਛਾਤੇ ਲੁਟੇਰਿਆਂ ਨੇ ਰਾਗੀ ਭਾਈ ਸੁਖਵਿੰਦਰ ਸਿੰਘ ਦਾ ਰਾਹ ਰੋਕ ਕੇ ਉਸ ਕੋਲੋਂ ਮੋਬਾਇਲ ਫੋਨ ਅਤੇ ਨਕਦੀ ਸਮੇਤ ਪਰਸ ਖੋਹ ਲਿਆ।ਪੀੜਤ ਭਾਈ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਮੋਟਰਸਾਈਕਲ 'ਤੇ ਗੁਰਦੁਆਰਾ ਸਾਹਿਬ ਵੱਲ ਜਾ ਰਹੇ ਸਨ।ਇਸ ਦੌਰਾਨ ਪਿੱਛੋਂ ਆਏ ਤਿੰਨ ਨੌਜਵਾਨਾਂ ਨੇ ਆਪਣਾ ਮੋਟਰਸਾਈਕਲ ਉਨ੍ਹਾਂ ਦੇ ਅੱਗੇ ਲਾ ਦਿੱਤਾ।ਇਸ ਦੌਰਾਨ ਲੁਟੇਰੇ ਨੇ ਦਾਤਰ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਤਿੰਨੋ ਉਸ ਨੂੰ ਘੇਰ ਕੇ ਮੋਬਾਇਲ ਫੋਨ ਅਤੇ ਪਰਸ ਖੋਹ ਕੇ ਫ਼ਰਾਰ ਹੋ ਗਏ।ਪਰਸ ਵਿੱਚ ਨਕਦੀ ਤੋਂ ਇਲਾਵਾ ਜ਼ਰੂਰੀ ਦਸਤਾਵੇਜ਼ ਮੌਜੂਦ ਸਨ।ਰਾਗੀ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਵੀ ਇਸੇ ਥਾਂ 'ਤੇ ਇੱਕ ਪਾਠੀ ਨਾਲ ਲੁੱਟ-ਖੋਹ ਦੀ ਵਾਰਦਾਤ ਹੋਈ ਸੀ, ਜਿਸ ਕਾਰਨ ਇਲਾਕੇ ਵਿੱਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਬਣਿਆ ਹੋਇਆ ਹੈ।ਪੀੜਤ ਨੇ ਉੱਚ ਪੁਲਸ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਇਸ ਸੜਕ 'ਤੇ ਰਾਤ ਸਮੇਂ ਪੁਲਸ ਗਸ਼ਤ ਵਿੱਚ ਵਾਧਾ ਕੀਤਾ ਜਾਵੇ ਤਾਂ ਜੋ ਲਗਾਤਾਰ ਵੱਧ ਰਹੀਆਂ ਲੁੱਟ-ਖੋਹ ਦੀਆਂ ਵਾਰਦਾਤਾਂ 'ਤੇ ਨੱਥ ਪਾਈ ਜਾ ਸਕੇ ਅਤੇ ਆਮ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਮੁੜ ਬਹਾਲ ਹੋ ਸਕੇ।

## ਏਸ਼ੀਅਨ ਚੈਂਪੀਅਨਸ਼ਿਪ ਦੇ ਤਮਗਾ ਜੇਤੂ ਹਰਸ਼ ਸ਼ਰਮਾ ਦਾ ਸ਼ਾਨਦਾਰ ਸਵਾਗਤ



ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਬਪਾਲ ਸਿੰਘ) : ਜਾਰਡਨ ਵਿਚ ਹੋਈ ਕੈਡਿਟ ਐਂਡ ਜੂਨੀਅਰ ਏਸ਼ੀਅਨ ਜੂਡੋ ਚੈਂਪੀਅਨਸ਼ਿਪ ਦੌਰਾਨ ਜੂਨੀਅਰ ਦੇ 100 ਕਿਲੋਗ੍ਰਾਮ ਭਾਰ ਵਰਗ ਵਿਚ ਕਾਂਸੀ ਦਾ ਤਮਗਾ ਜਿੱਤਣ ਵਾਲੇ ਹਰਸ਼ ਸ਼ਰਮਾ ਦਾ ਸ੍ਰੀ ਗੁਰੂ ਰਾਮਦਾਸ ਜੀ ਇੰਟਰਨੈਸ਼ਨਲ ਹਵਾਈ ਅੱਡਾ, ਰਾਜਾਸਾਂਸੀ ਪੁੱਜਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ।

ਹਵਾਈ ਅੱਡੇ ਪੁੱਜਣ 'ਤੇ ਹਰਸ਼ ਸ਼ਰਮਾ ਨੂੰ ਹਾਰਾਂ ਨਾਲ ਲੱਦ ਦਿੱਤਾ ਗਿਆ, ਢੋਲ ਦੇ ਡੱਗੇ 'ਤੇ ਭੰਗੜੇ ਪਾਏ ਗਏ ਤੇ ਲੱਡੂ ਵੰਡੇ ਗਏ। ਇਸ ਮੌਕੇ ਹਰਸ਼ ਸ਼ਰਮਾ ਦੇ ਕੋਚ ਕਰਮਜੀਤ ਸਿੰਘ ਕਰਮ(ਗਾਇਕ ਐਂਡ ਗੇਨ ਫਿਟਨੈੱਸ ਸੈਂਟਰ) ਨੇ ਕਿਹਾ ਕਿ ਹਰਸ਼ ਸ਼ਰਮਾ ਨੇ ਕਾਂਸੀ ਦਾ ਤਗਮਾ ਜਿੱਤ ਕੇ ਆਪਣੇ ਮਾਪਿਆਂ, ਅੰਮ੍ਰਿਤਸਰ, ਸੂਬੇ ਤੇ ਦੇਸ਼ ਦਾ ਨਾਮ ਰੋਸ਼ਨ ਕੀਤਾ ਹੈ।ਉਨ੍ਹਾਂ ਕਿਹਾ ਕਿ ਹਰਸ਼ ਸ਼ਰਮਾ ਇਸ ਤੋਂ ਪਹਿਲਾਂ ਵਰਲਡ ਯੂਨੀਵਰਸਿਟੀ ਤੇ ਏਸ਼ੀਅਨ ਕੱਪ ਵਿਚ ਵੀ ਚਿੰਨ੍ਹ ਲੈ ਚੁੱਕੇ ਹਨ। ਹਰਸ਼ ਸ਼ਰਮਾ ਦੇ ਮਿਹਨਤੀ ਖਿਡਾਰੀ ਹੈ ਤੇ ਉਸ ਤੋਂ ਬਹੁਤ ਉਮੀਦਾਂ ਹਨ। ਹਰਸ਼ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦਾ ਟੀਚਾ ਭਵਿੱਖ ਵਿਚ ਉਲੰਪਿਕ, ਏਸ਼ੀਅਨ ਤੇ ਕਾਮਨਵੈਲਥ ਖੇਡਾਂ ਵਿਚ ਦੇਸ਼ ਲਈ ਸੋਨ ਤਮਗਾ ਜਿੱਤਣ ਹੈ, ਜਿਸਦੇ ਲਈ ਉਹ ਸਖ਼ਤ ਅਭਿਆਸ ਕਰ ਰਹੇ ਹਨ। ਹਰਸ਼ ਸ਼ਰਮਾ ਦੇ ਪਿਤਾ ਇੰਸਪੈਕਟਰ ਪਵਨ ਕੁਮਾਰ(ਸਾਬਕਾ ਕੌਮਾਂਤਰੀ ਜੂਡੋ ਖਿਡਾਰੀ) ਨੇ ਕਿਹਾ ਕਿ ਉਹ ਆਸਵੰਦ ਹਨ ਕਿ ਹਰਸ਼ ਕੌਮਾਂਤਰੀ ਪੱਧਰ 'ਤੇ ਹੋਰ ਸਾਰੇ ਤਮਗੇ ਜਿੱਤ ਕੇ ਦੇਸ਼ ਦੇ ਨੌਜਵਾਨਾਂ ਨੂੰ ਖੇਡਾਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕਰੇਗਾ। ਜ਼ਿਲ੍ਹਾ ਜੂਡੋ ਐਸੋਸੀਏਸ਼ਨ ਅੰਮ੍ਰਿਤਸਰ ਦੇ ਪ੍ਰਧਾਨ ਤੇ ਸਾਬਕਾ ਕੌਮਾਂਤਰੀ ਜੂਡੋ ਖਿਡਾਰੀ ਇੰਸਪੈਕਟਰ ਹਰਜਿੰਦਰ ਸਿੰਘ ਬਿਜਲੀ ਨੇ ਕਿਹਾ ਕਿ ਜ਼ਿਲ੍ਹਾ ਐਸੋਸੀਏਸ਼ਨ ਖਿਡਾਰੀਆਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰ ਰਹੀ ਹੈ, ਤਾਂ ਜੋ ਅੰਮ੍ਰਿਤਸਰ 'ਚ ਜੂਡੋ ਦੇ ਕੌਮਾਂਤਰੀ ਖਿਡਾਰੀ ਤਿਆਰ ਕੀਤੇ ਜਾ ਸਕਣ। ਇਸ ਮੌਕੇ ਹਰਸ਼ ਸ਼ਰਮਾ ਦੇ ਦਾਦਾ ਸਤਕ ਰਾਮ, ਦਾਦੀ ਕਾਂਤਾ ਸ਼ਰਮਾ, ਮਾਤਾ ਅਨੂੰ ਸ਼ਰਮਾ, ਭੈਣ ਮੇਘਾ ਸ਼ਰਮਾ, ਭਰਾ (ਜੂਡੋ ਖਿਡਾਰੀ) ਕ੍ਰਿਸ਼ਨਾ ਸ਼ਰਮਾ ਤੋਂ ਇਲਾਵਾ ਸਾਬਕਾ ਕੌਮਾਂਤਰੀ ਜੂਡੋ ਖਿਡਾਰੀ ਇੰਸਪੈਕਟਰ ਜ਼ਿਲ੍ਹਾ ਜੂਡੋ ਐਸੋਸੀਏਸ਼ਨ ਅੰਮ੍ਰਿਤਸਰ ਦੇ ਕੈਸ਼ੀਅਰ ਬਲਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਜੂਡੋ ਖਿਡਾਰੀ ਲਖਵਿੰਦਰ ਸਿੰਘ ਲੱਖਾ, ਸਾਬਕਾ ਜੂਡੋ ਖਿਡਾਰੀ ਮਨੋਜ ਕੁਮਾਰ(ਡਾਕ ਵਿਭਾਗ), ਸੀਨੀਅਰ ਭਾਜਪਾ ਆਗੂ ਡਾ. ਜਤਿੰਦਰ ਬੱਧਣ, ਸੂਰਜ ਕੁਮਾਰ, ਸਾਹਿਲ ਕੁਮਾਰ, ਮਨਦੀਪ ਸਿੰਘ ਰਾਜੂ, ਜਗਜੀਤ ਸਿੰਘ ਜੱਗੀ, ਜੂਡੋ ਖਿਡਾਰੀ ਆਰਿਅਨ ਬੱਧਣ ਤੇ ਅਵਿਕ੍ਰਿਤ ਸਿੰਘ ਵੀ ਮੌਜੂਦ ਸਨ।

## ਰੰਧਾਵਾ ਨੇ ਵੱਖ-ਵੱਖ ਪਿੰਡਾਂ 'ਚ ਲਿੰਕ ਸੜਕਾਂ ਦੇ ਕੰਮ ਦਾ ਨੀਂਹ ਪੱਥਰ ਰੱਖਿਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਹਲਕੇ ਅੰਦਰ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤਹਿਤ ਪਿੰਡ ਉਦੋਵਾਲੀ ਕਲਾਂ, ਬਸੰਤਕੋਟ, ਤਲਵੰਡੀ ਗੋਰਾਇਆ ਅਤੇ ਕਾਦੀਆਂ ਗੁੱਜਰਾਂ ਦੀਆਂ ਨਵੀਆਂ ਲਿੰਕ ਸੜਕਾਂ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਇਹ ਵਿਕਾਸ ਕਾਰਜ ਇਲਾਕੇ ਦੇ ਲੋਕਾਂ ਨੂੰ ਬਿਹਤਰ ਆਵਾਜਾਈ ਸਹੂਲਤਾਂ ਪ੍ਰਦਾਨ ਕਰਨ ਦੇ ਨਾਲ-ਨਾਲ ਪੇਂਡੂ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰੇਗਾ।ਉਨ੍ਹਾਂ ਦੱਸਿਆ ਕਿ ਲੋਕਾਂ ਦੀ ਇਹ ਪੁਰਾਣੀ ਮੰਗ ਸੀ ਕਿ ਇਨ੍ਹਾਂ ਸੜਕਾਂ ਦਾ ਸੁਧਾਰ ਕੀਤਾ ਜਾਵੇ ਜੋ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਪੂਰਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਿੰਡਾਂ ਦੀਆਂ ਸੜਕਾਂ ਦੇ ਕਾਇਆ ਕਲਪ ਲਈ ਵੱਡੇ ਪੱਧਰ 'ਤੇ ਕੰਮ ਕੀਤੇ ਹਨ।ਉਨ੍ਹਾਂ ਕਿਹਾ ਕਿ ਇਸੇ ਤਹਿਤ ਪਿਛਲੇ ਚਾਰ ਸਾਲਾਂ ਦੌਰਾਨ ਕਰੋੜਾਂ ਰੁਪਏ ਦੀ ਲਾਗਤ ਨਾਲ ਹਲਕੇ ਅੰਦਰ ਸੜਕਾਂ ਦੀ ਵੀ ਨੁਹਾਰ ਬਦਲੀ ਗਈ ਹੈ।ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ 'ਚ ਇਸ ਕੰਮ ਵਿੱਚ ਹੋਰ ਵੀ ਤੇਜ਼ੀ ਲਿਆਂਦੀ ਜਾਵੇਗੀ।ਉਨ੍ਹਾਂ ਕਿਹਾ ਕਿ ਹਲਕਾ ਡੇਰਾ ਬਾਬਾ ਨਾਨਕ ਨੂੰ ਵਿਕਾਸ ਦੀਆਂ ਬੁਲੰਦੀਆਂ ਤੇ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਇਸ ਮੌਕੇ ਸਬੰਧਤ ਇਲਾਕਿਆਂ ਦੀਆਂ ਅਹਿਮ ਸ਼ਖ਼ਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਸਬ-ਡਵੀਜ਼ਨ ਧਾਰੀਵਾਲ ਦਫਤਰ ਅੱਗੇ ਬਿਜਲੀ ਮੁਲਾਜ਼ਮਾਂ ਦਿੱਤਾ ਧਰਨਾ



ਧਾਰੀਵਾਲ (ਮਨਦੀਪ ਵਿੱਕੀ)-ਜੁਆਇੰਟ ਫੋਰਮ ਅਤੇ ਏਕਤਾ ਮੰਚ ਦੇ ਸੱਦੇ ਤੇ ਪਾਵਰਕੌਮ ਸਬ-ਡਵੀਜ਼ਨ ਧਾਰੀਵਾਲ ਦੇ ਬਿਜਲੀ ਮੁਲਾਜ਼ਮਾਂ ਨੇ ਦੋ ਦਿਨ (21 ਅਤੇ 22 ਜੁਲਾਈ) ਨੂੰ ਸਮੂਹਿਕ ਛੁੱਟੀ ਤੇ ਚਲਦਿਆਂ ਅੱਜ ਹੜਤਾਲ ਕਰਕੇ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਦੇ ਚੇਅਰਮੈਨ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਧਰਨੇ ਵਿੱਚ ਉਚੇਚੇ ਤੌਰ ਤੇ ਪਹੁੰਚੇ ਪੰਜਾਬ ਰਾਜ ਬਿਜਲੀ ਬੋਰਡ ਦੇ ਕਰਮਚਾਰੀ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਗਿੱਲ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਦੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਹੱਲ ਕਰਨ ਪ੍ਰਤੀ ਅੜੀਅਲ ਰਵਈਏ ਦੀ ਸਖਤ ਨਿੰਦਾ ਕੀਤੀ।ਇਸ ਮੌਕੇ ਡਿਵੀਜ਼ਨ ਪ੍ਰਧਾਨ ਗੁਰਦੀਪ ਸਿੰਘ ਗਿੱਲ, ਸਬ ਡਿਵੀਜ਼ਨ ਪ੍ਰਧਾਨ ਮਨੋਜ ਕੁਮਾਰ, ਜੇਈ ਹਰਵਿੰਦਰ ਸਿੰਘ ਕਲੇਰ, ਸਭ ਡਿਵੀਜ਼ਨ ਪ੍ਰਧਾਨ ਦਵਿੰਦਰ ਸਿੰਘ ਵੜੈਚ, ਜੇਈ ਕਵਲਦੀਪ ਸਿੰਘ ਸੇਵਕ, ਸਰਕਲਾ ਮਨਜੀਤ ਸਿੰਘ ਕਲੇਰ, ਤਜਿੰਦਰ ਸਿੰਘ ਸੀਸੀ, ਗੁਰਮੀਤ ਸਿੰਘ ਕਲੇਰ, ਮਲਕੀਤ ਸਿੰਘ ਕੰਗ, ਲਾਈਨਮੈਨ ਰਾਕੇਸ਼ ਕੁਮਾਰ, ਏਲਮ ਵਿਜੇ ਕੁਮਾਰ, ਗੁਰਵਿੰਦਰ ਸਿੰਘ ਸੋਹਲ ਆਦਿ ਬਿਜਲੀ ਮੁਲਾਜ਼ਮ ਧਰਨੇ ਵਿੱਚ ਸਾਂਵਲ ਸਨ।

# ਜਾਇਜ਼ ਮੰਗਾਂ ਨੂੰ ਲੈ ਕੇ ਬਿਜਲੀ ਮੁਲਾਜ਼ਮਾਂ ਵੱਲੋਂ ਰੋਹ ਦਾ ਪ੍ਰਗਟਾਵਾ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪਾਵਰਕੌਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵੱਲੋਂ ਬਿਜਲੀ ਕਾਮਿਆਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਪ੍ਰਤੀ ਧਾਰਨ ਕੀਤੇ ਅੜੀਅਲ ਵਤੀਰੇ ਵਿਰੁੱਧ ਵੱਖ-ਵੱਖ ਜਥੇਬੰਦੀਆਂ ਵੱਲੋਂ ਦੋ ਦਿਨ ਤੱਕ ਸਮੂਹਿਕ ਛੁੱਟੀ ਤੇ ਜਾਣ ਦੇ ਸੱਦੇ 'ਤੇ ਬਿਜਲੀ ਕਾਮਿਆਂ ਵੱਲੋਂ ਮੰਡਲ ਦਫ਼ਤਰ ਕਾਦੀਆਂ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਦੀ ਅਗਵਾਈ ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ ਸਬ ਡਵੀਜ਼ਨ ਕਾਦੀਆਂ ਦੇ ਆਗੂ ਸੁਰਜੀਤ ਸਿੰਘ ਗੁਰਾਇਆ, ਫੈਡਰੇਸ਼ਨ ਏਟਕ ਦੇ ਆਗੂ ਹਰਪ੍ਰੀਤ ਸਿੰਘ ਭਿੰਡਰ, ਇੰਪਲਾਈਜ਼ ਫੈਡਰੇਸ਼ਨ ਚਾਹਲ ਦੇ ਆਗੂ ਮਨਦੀਪ ਸਿੰਘ ਕੋਟਲਾ ਨੇ ਸਾਂਝੇ ਤੌਰ 'ਤੇ ਕੀਤੀ।ਬਿਜਲੀ ਕਾਮਿਆਂ ਵੱਲੋਂ ਮੰਗ ਕੀਤੀ ਗਈ ਕਿ ਨਿੱਜੀਕਰਨ ਦੀ ਨੀਤੀ ਰੱਦ ਕੀਤੀ ਜਾਵੇ, ਬਿਜਲੀ ਐਕਟ 2003 ਅਤੇ ਸੋਧ ਬਿੱਲ 2025 ਰੱਦ ਕੀਤਾ ਜਾਵੇ, ਨਿੱਜੀਕਰਨ ਦੀ ਨੀਤੀ ਤਹਿਤ ਬਿਜਲੀ ਕਾਮਿਆਂ ਨੂੰ ਜਬਰੀ ਮੋਬਾਇਲ ਫੋਨ ਦੇਣ ਦੀ ਨੀਤੀ ਰੱਦ ਕੀਤੀ ਜਾਵੇ, 17/7/2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਤੇ ਪਾਵਰਕੌਮ ਦੇ ਸਕੇਲਾਂ ਦੀ ਥਾਂ ਕੇਂਦਰ ਸਰਕਾਰ ਦੇ ਸਕੇਲ ਲਾਗੂ ਕਰਨ ਦੀ ਨੀਤੀ ਰੱਦ ਕੀਤੀ ਜਾਵੇ, ਆਰ. ਟੀ. ਐੱਮ. ਤੋਂ ਪ੍ਰਮੋਟ ਹੋਏ ਮੁਲਾਜ਼ਮਾਂ ਨੂੰ 35400 ਦਾ ਸਕੇਲ ਲਾਗੂ ਕੀਤਾ ਜਾਵੇ, 2004 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਘੱਟ ਗਿਣਤੀ ਕਾਮਿਆਂ ਤੋਂ ਵੱਧ ਕੰਮ ਲੈਣ ਦੀ ਨੀਤੀ ਰੱਦ ਕੀਤੀ ਜਾਵੇ, ਬਰੇਕ ਡਾਊਨ ਤੇ ਸ਼ਿਕਾਇਤਾਂ ਇੱਕ ਘੰਟੇ ਵਿੱਚ ਹੱਲ ਕਰਨ ਦੇ ਨਾਦਰਸ਼ਾਹੀ ਫੁਰਮਾਨ ਰੱਦ ਕੀਤੇ ਜਾਣ, ਬਿਜਲੀ ਦੇ ਪੱਕੇ ਕੰਮ ਖੇਤਰ ਵਿੱਚ ਪੱਕੇ ਰੁਜ਼ਗਾਰ ਦੀ ਨੀਤੀ ਲਾਗੂ ਕੀਤੀ ਜਾਵੇ, ਸਾਲਾਂ ਬੱਧੀ ਅਰਸੇ ਤੋਂ ਆਊਟਸੋਰਸਡ ਦੇ ਰੂਪ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਤੁਰੰਤ ਵਿਭਾਗ ਵਿੱਚ ਲਿਆ ਕੇ ਰੈਗੂਲਰ ਕੀਤਾ ਜਾਵੇ।ਇਸ ਮੌਕੇ ਜਗਤਾਰ ਸਿੰਘ ਖੁੰਡਾ, ਪਿਆਰਾ ਸਿੰਘ ਭਾਮੜੀ, ਦਲਜੀਤ ਸਿੰਘ ਸਿੱਧਵਾਂ, ਗੁਰਮੇਜ ਸਿੰਘ, ਯਾਦਵਿੰਦਰ ਸਿੰਘ ਨਾਥਪੁਰਾ, ਬਲਜਿੰਦਰ ਸਿੰਘ ਬਾਜਵਾ, ਗੁਰਨਾਮ ਸਿੰਘ, ਰਮੇਸ਼ ਕੁਮਾਰ, ਵਰਿੰਦਰਜੀਤ ਸਿੰਘ, ਸੁਨੀਲ ਕੁਮਾਰ ਜੇ ਈ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਿਜਲੀ ਮੁਲਾਜ਼ਮ ਸ਼ਾਮਲ ਹੋਏ।

## ਜ਼ਿਲ੍ਹਾ ਗਾਈਡੈਂਸ ਕੌਂਸਲਰ ਮੁਕੇਸ਼ ਵਰਮਾ ਨੇ ਕਾਹਨੂੰਵਾਨ ਬਲਾਕ ਦੇ ਸਕੂਲਾਂ ਦਾ ਕੀਤਾ ਦੌਰਾ

ਧਾਰੀਵਾਲ/ਕਾਹਨੂੰਵਾਨ, (ਮਨਦੀਪ ਵਿੱਕੀ)-ਜ਼ਿਲ੍ਹਾ ਗਾਈਡੈਂਸ ਕੌਂਸਲਰ ਮੁਕੇਸ਼ ਵਰਮਾ ਵੱਲੋਂ ਕਾਹਨੂੰਵਾਨ ਬਲਾਕ-1 ਅਤੇ ਬਲਾਕ-2 ਦੇ ਵੱਖ-ਵੱਖ ਸਰਕਾਰੀ ਸਕੂਲਾਂ ਦਾ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਦੇ ਨਾਲ ਬਲਾਕ ਗਾਈਡੈਂਸ ਕੌਂਸਲਰ ਜਸਵਿੰਦਰ ਸਿੰਘ (ਸਟੇਟ ਐਵਾਰਡੀ) ਵੀ ਮੌਜੂਦ ਸਨ।ਦੌਰੇ ਦੌਰਾਨ ਮੁਕੇਸ਼ ਵਰਮਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਕਾਹਨੂੰਵਾਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਕਾਹਨੂੰਵਾਨ, ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਕੋਟ ਧੰਦਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੈਣੇਕੋਟ ਦਾ ਨਿਰੀਖਣ ਕੀਤਾ।ਉਨ੍ਹਾਂ ਨੇ ਸਕੂਲਾਂ ਵਿੱਚ ਚੱਲ ਰਹੀਆਂ ਅਕਾਦਮਿਕ ਅਤੇ ਗਾਈਡੈਂਸ ਗਤੀਵਿਧੀਆਂ ਦਾ ਜਾਇਜ਼ਾ ਲੈਂਦਿਆਂ ਸਕੂਲ ਮੁਖੀਆਂ, ਗਾਈਡੈਂਸ ਕੌਂਸਲਰਾਂ ਅਤੇ ਅਧਿਆਪਕਾਂ ਨਾਲ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ।ਇਸ ਮੌਕੇ ਇੰਚਾਰਜ ਰਵਿੰਦਰ ਕੌਰ, ਅਮਨਦੀਪ ਕੌਰ, ਵੀਨਾ ਕੁਮਾਰੀ, ਰਜਿੰਦਰ ਕੁਮਾਰ, ਬਲਾਕ ਗਾਈਡੈਂਸ ਕੌਂਸਲਰ ਕਾਹਨੂੰਵਾਨ-2 ਗੁਰਪ੍ਰੀਤ ਸਿੰਘ, ਵਿਕਾਸ ਕੁਮਾਰ, ਇੰਚਾਰਜ ਗੁਰਪ੍ਰੀਤ ਸਿੰਘ ਅਤੇ ਹੋਰ ਅਧਿਆਪਕ ਹਾਜ਼ਰ ਸਨ



# ਰਾਮਪੁਰਾ ਦੀ ਇੱਕੋ ਗਲੀ 'ਚ ਨਸ਼ਾ ਛੇ ਲੋਕਾਂ ਨੂੰ ਨਿਗਲ ਗਿਆ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਹਾਸ਼ੀਆ ਲੋਕ ਦਲ ਦੇ ਪ੍ਰਧਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਲੋਹਾਰਕਾ ਕਲਾਂ, ਲੋਹਾਰਕਾ ਖੁਰਦ ਅਤੇ ਰਾਮਪੁਰ ਵਿਖੇ ਨਸਲ ਅਤੇ ਫਸਲ ਬਚਾਓ ਮੁਹਿੰਮ ਤਹਿਤ ਮੀਟਿੰਗਾਂ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਬਾਬਾ ਕੁਲਵੰਤ ਸਿੰਘ, ਗੁਰਨਾਮ ਸਿੰਘ, ਧੰਨਦੀਪ ਸਿੰਘ, ਲੋਹਾਰਕਾ ਖੁਰਦ ਤੋਂ ਗੁਰਸੇਵਕ ਸਿੰਘ, ਰਾਮਪੁਰ ਤੋਂ ਚੈਂਚਲ ਸਿੰਘ, ਸਰਬਜੀਤ ਕੌਰ, ਕੁਲਜੀਤ ਕੌਰ, ਬਲਵਿੰਦਰ ਸਿੰਘ ਅਤੇ ਹੋਰ ਬਹੁਤ ਸਾਰੀਆਂ ਬੀਬੀਆਂ ਅਤੇ ਬੱਚੇ ਸ਼ਾਮਿਲ ਹੋਏ।ਇਸ ਸਮੇ ਰੋਂਦੀਆਂ ਬੀਬੀਆਂ ਨੇ ਦੱਸਿਆ ਕਿ ਪਿੰਡ ਰਾਮਪੁਰਾ ਵਿੱਚ ਇੱਕ ਅਜਿਹੀ ਗਲੀ ਹੈ ਜਿਸ ਵਿੱਚ ਦਸ ਘਰ ਹਨ। ਇਨ੍ਹਾਂ 10 ਘਰਾਂ ਵਿੱਚੋਂ 6 ਲੋਕਾਂ ਦੀਆਂ ਮੌਤਾਂ ਨਸ਼ਿਆਂ ਦੀ ਗ੍ਰਿਫਤ ਵਿੱਚ ਹੋਣ ਕਰਕੇ ਹੋ ਚੁੱਕੀਆਂ ਹਨ ਅਤੇ ਬਹੁਤ ਸਾਰੇ ਨੌਜਵਾਨ ਮਾਰੂ ਨਸ਼ਿਆਂ ਦੀ ਗ੍ਰਿਫਤ 'ਚ ਹਨ। ਡਾ: ਕਸ਼ਮੀਰ ਸਿੰਘ ਖੁੰਡਾ ਪ੍ਰਧਾਨ ਹਾਸ਼ੀਆ ਲੋਕ ਦਲ (ਗ਼ੈਰ-ਰਾਜਨੀਤਕ) ਨੇ ਬੱਚਿਆਂ ਦੀਆਂ ਮਾਵਾਂ ਨੂੰ ਕਿਹਾ ਕਿ ਘੱਟੋ-ਘੱਟ ਛੋਟੇ ਬੱਚਿਆਂ ਨੂੰ ਨਸ਼ੇ ਦੀ ਦਲਦਲ 'ਚੋਂ ਫਸਣ ਤੋਂ ਬਚਾਉਣ ਲਈ ਇਨਵਾਂ ਦਾ ਧਿਆਨ ਰੱਖੀਏ, ਕਿਉਂਕਿ ਨਸ਼ਾ ਤਸਕਰ ਛੋਟੇ ਬੱਚਿਆਂ ਤੋਂ ਥੋੜ੍ਹੇ ਥੋੜ੍ਹੇ ਪੈਸਿਆਂ ਦਾ ਲਾਲਚ ਦੇ ਕੇ ਨਸ਼ੇ ਦੀ ਡਲਿਵਰੀ ਕਰਵਾਉਂਦੇ ਹਨ ਜੋ ਆਉਣ ਵਾਲੇ ਸਮੇਂ 'ਚ ਮਾਰੂ ਨਸ਼ਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਸਮੇਂ ਸ: ਰਣਜੀਤ ਸਿੰਘ ਰਾਣਾ ਅਤੇ ਸ: ਚੰਚਲ ਸਿੰਘ ਨੇ ਵੀ ਵਿਚਾਰ ਵਟਾਂਦਰਾ ਕੀਤਾ।

# ਕਿਰਤੀ ਕਿਸਾਨ ਯੂਨੀਅਨ ਇਕਾਈ ਭਾਮ ਦੀ ਚੋਣ



ਧਾਰੀਵਾਲ/ ਹਰਚੋਵਾਲ, (ਮਨਦੀਪ ਵਿੱਕੀ)-ਕਿਰਤੀ ਕਿਸਾਨ ਯੂਨੀਅਨ ਇਕਾਈ ਭਾਮ ਦੀ ਚੋਣ ਜ਼ਿਲ੍ਹਾ ਸਕੱਤਰ ਅਨੋਕ ਸਿੰਘ ਘੋੜੇਵਾਹ ਦੀ ਅਗਵਾਈ ਵਿੱਚ ਕੀਤੀ ਗਈ।ਇਸ ਮੌਕੇ ਸੂਬੇਦਾਰ ਗੁਰਦਿਆਲ ਸਿੰਘ ਨੂੰ ਪ੍ਰਧਾਨ, ਦਵਿੰਦਰ ਸਿੰਘ ਨੂੰ ਸਕੱਤਰ, ਅਰਸ਼ਦੀਪ ਸਿੰਘ ਨੂੰ ਪ੍ਰਚਾਰ ਸਕੱਤਰ, ਹਰਪ੍ਰੀਤ ਸਿੰਘ ਨੂੰ ਖਜਾਨਚੀ, ਡਾਕਟਰ ਰਮਿੰਦਰ ਸਿੰਘ ਨੂੰ ਉਪ ਪ੍ਰਧਾਨ ਅਤੇ ਜਸ ਸਿਮਰਨਦੀਪ ਸਿੰਘ ਨੂੰ ਕਾਰਜਕਾਰੀ ਮੈਂਬਰ ਵਜੋਂ ਚੁਣਿਆ ਗਿਆ ਜਦਕਿ ਸੁੱਚਾ ਸਿੰਘ, ਲਖਵਿੰਦਰ ਸਿੰਘ, ਗੁਰਨਾਮ ਸਿੰਘ ਰਿਆੜ, ਲਖਬੀਰ ਸਿੰਘ, ਲਵਪ੍ਰੀਤ ਸਿੰਘ, ਮੱਘਰ ਸਿੰਘ, ਸੁਖਦੇਵ ਸਿੰਘ, ਰਣਜੀਤ ਸਿੰਘ,ਰਵੇਲ ਸਿੰਘ ਨੂੰ ਮੈਂਬਰ ਚੁਣਿਆ ਗਿਆ।ਕਮੇਟੀ ਦੀ ਚੋਣ ਤੋਂ ਬਾਅਦ ਪ੍ਰੈੱਸ ਦੇ ਨਾਲ ਬਿਆਨ ਜਾਰੀ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲਾ ਸਕੱਤਰ ਅਨੋਖ ਸਿੰਘ ਘੋੜੇਵਾਹ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਫਰੀ ਟਰੇਡ ਐਗਰੀਮੈਂਟ ਕਰਨ ਤੋਂ ਬਾਅਦ ਕਿਸਾਨਾਂ ਮੂਹਰੇ ਇੱਕ ਬਹੁਤ ਵੱਡੀ ਚੁਣੌਤੀ ਖੜੀ ਹੋ ਗਈ ਹੈ ਜਿਸ ਦਾ ਸਾਹਮਣਾ ਸਿਰਫ ਤੇ ਸਿਰਫ ਜਥੇਬੰਦ ਹੋ ਕੇ ਹੀ ਕੀਤਾ ਜਾ ਸਕਦਾ ਹੈ। ਕਿਸਾਨਾਂ ਨੂੰ ਜਥੇਬੰਦ ਕਰਨ ਲਈ ਅਤੇ ਕਿਸਾਨੀ ਉੱਪਰ ਕੇਂਦਰ ਸਰਕਾਰ ਦੇ ਮਾਰੂ ਹਮਲਿਆਂ ਤੋਂ ਜਾਗਰੂਕ ਕਰਵਾਉਣ ਲਈ ਕਿਰਤੀ ਕਿਸਾਨ ਯੂਨੀਅਨ ਵੱਲੋਂ ਸੂਬੇ ਭਰ ਵਿੱਚ ਇਕਾਈਆਂ ਦੀ ਚੋਣ ਕੀਤੀ ਜਾ ਰਹੀ ਹੈ ਅਤੇ ਨਾਲ ਹੀ ਕਿਸਾਨਾਂ ਨੂੰ ਚੇਤਨ ਕੀਤਾ ਜਾ ਰਿਹਾ ਹੈ।ਪਿੰਡ ਭਾਮ ਦੇ ਚੁਣੇ ਗਏ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਇਲਾਕਾ ਵਾਸੀਆਂ ਨੂੰ ਕਿਹਾ ਕਿ ਭਵਿੱਖ ਵਿੱਚ ਉਹ ਕਿਸਾਨਾਂ ਦੇ ਹੱਕਾਂ ਨੂੰ ਬਚਾਉਣ ਲਈ ਸੰਘਰਸ਼ ਕਰਨਗੇ ਅਤੇ ਹੋਰਨਾਂ ਲੋਕਾਂ ਨੂੰ ਵੀ ਕਿਰਤੀ ਕਿਸਾਨ ਯੂਨੀਅਨ ਦੇ ਝੰਡੇ ਹੇਠ ਜਥੇਬੰਦ ਕਰਨਗੇ।

## 2 ਰੋਜ਼ਾ ਹੜਤਾਲ ਦੌਰਾਨ ਪਾਵਰਕਾਮ ਮੈਨੇਜਮੈਂਟ ਵਿਰੁੱਧ ਨਾਅਰੇਬਾਜ਼ੀ



ਬਿਆਸ (ਰੱਖੜਾ) ਰਈਆ ਮੰਡਲ ਬਿਆਸ (ਸਬ-ਡਵੀਜ਼ਨ ਬਾਬਾ ਬਕਾਲਾ ਸਾਹਿਬ) ਵਿਖੇ ਮੰਗਲਵਾਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਮੁਲਾਜ਼ਮਾਂ ਵੱਲੋਂ ਪਾਵਰਕਾਮ ਅਤੇ ਪੰਜਾਬ ਸਰਕਾਰ ਵਿਰੁੱਧ 2 ਰੋਜ਼ਾ ਹੜਤਾਲ ਨੂੰ ਲੈ ਕੇ ਗੇਟ ਰੈਲੀ ਕੱਢੀ ਗਈ। ਮੈਨੇਜਮੈਂਟ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਬਿਜਲੀ ਮੁਲਾਜ਼ਮਾਂ ਨੇ ਦੱਸਿਆ ਕਿ ਜਿਨ੍ਹਾਂ ਚਿਰ ਸਾਡੀਆਂ ਜਾਇਜ਼ ਮੰਗਾਂ ਨਾ ਮੰਨੀਆਂ ਗਈਆਂ, ਓਨਾ ਚਿਰ ਇਹ ਹੜਤਾਲ ਏਦਾਂ ਹੀ ਜਾਰੀ ਰਹੇਗੀ। ਇਸ ਮੌਕੇ ਪ੍ਰਧਾਨ ਹਰਜਿੰਦਰ ਸਿੰਘ, ਪ੍ਰਧਾਨ ਸੁੱਚਾ ਸਿੰਘ, ਜੇ ਈ ਮਲਕੀਤ ਸਿੰਘ, ਜੇ ਈ ਲਖਵਿੰਦਰ ਸਿੰਘ, ਜੇ ਈ ਸੁਖਬੀਰ ਸਿੰਘ ਤੇ ਹੋਰ ਮੁਲਾਜ਼ਮ ਹਾਜ਼ਰ ਸਨ।

## ਦਸਮੇਸ਼ ਵਿੱਦਿਅਕ ਸੰਸਥਾਵਾਂ 'ਚ ਕਰੀਅਰ ਗਾਈਡੈਂਸ ਸੈਮੀਨਾਰ ਦਾ ਆਯੋਜਨ





ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਦਸ਼ਮੇਸ਼ ਵਿੱਦਿਅਕ ਸੰਸਥਾਵਾਂਮਹਿਤਾ ਚੌਕ ਵੱਲੋਂ ਵਿਦਿਆਰਥੀਆਂ ਦੇ ਭਵਿੱਖ ਨੂੰ ਉੱਜਵਲ ਬਣਾਉਣ ਦੇ ਮਕਸਦ ਨਾਲ ਇੱਕ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਇਸ ਤਹਿਤ ਚਿਤਕਾਰਾ ਯੂਨੀਵਰਸਿਟੀ, ਚੰਡੀਗੜ੍ਹ ਦੇ ਸਹਿਯੋਗ ਨਾਲ ਇੱਕ 'ਕਰੀਅਰ ਗਾਈਡੈਂਸ' ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਸੈਮੀਨਾਰ ਦੌਰਾਨ ਯੂਨੀਵਰਸਿਟੀ ਤੋਂ ਆਏ ਕਰੀਅਰ ਕੌਂਸਲਰਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਦੇ ਵਿਸ਼ਿਆਂ ਅਨੁਸਾਰ ਅੱਗੇ ਵਧਣ ਲਈ ਅਹਿਮ ਦਿਸ਼ਾ-ਨਿਰਦੇਸ਼ ਦਿੱਤੇ, ਤਾਂ ਜੋ ਉਹ ਭਵਿੱਖ ਵਿੱਚ ਆਪਣੀ ਮੰਜ਼ਿਲ ਆਸਾਨੀ ਨਾਲ ਹਾਸਲ ਕਰ ਸਕਣ।

ਇਸ ਦੌਰਾਨ ਵਿਦਿਆਰਥੀਆਂ ਨੇ ਆਪਣੇ ਕਰੀਅਰ ਨਾਲ ਸਬੰਧਤ ਕਈ ਸਵਾਲ ਵੀ ਪੁੱਛੇ, ਜਿਨ੍ਹਾਂ ਦੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨੇ ਤਸੱਲੀਬਖ਼ਸ਼ ਉੱਤਰ ਦੇ ਕੇ ਉਨ੍ਹਾਂ ਦੀ ਜਿਗਿਆਸਾ ਨੂੰ ਸ਼ਾਂਤ ਕੀਤਾ।ਕੌਂਸਲਰਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਜ਼ਿੰਦਗੀ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਮਿਹਨਤ ਅਤੇ ਹਿੰਮਤ ਦਾ ਪੱਲਾ ਫੜਨਾ ਬਹੁਤ ਜ਼ਰੂਰੀ ਹੈ ਅਤੇ ਆਪਣੇ ਅੰਦਰੋਂ ਡਰ ਤੇ ਨਿਰਾਸ਼ਾ ਨੂੰ ਖ਼ਤਮ ਕਰਨਾ ਚਾਹੀਦਾ ਹੈ।

ਇਸ ਸੈਮੀਨਾਰ ਵਿੱਚ ਸੰਸਥਾ ਦੇ ਸਕੂਲਾਂ ਦੇ 11ਵੀਂ ਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਸਮੇਤ ਕਾਲਜ ਦੀਆਂ ਵਿਦਿਆਰਥਣਾਂ ਨੇ ਵੀ ਉਤਸ਼ਾਹਪੂਰਵਕ ਭਾਗ ਲਿਆ।ਸਮਾਗਮ ਵਿੱਚ ਪ੍ਰਿੰਸੀਪਲ ਮੈਡਮ ਗੁਰਬੀਰ ਕੌਰ, ਮੈਡਮ ਹਰਪ੍ਰੀਤ ਕੌਰ, ਮੈਡਮ ਰਵਨੀਤ ਕੌਰ, ਮੈਡਮ ਰਵਿੰਦਰ ਕੌਰ ਤੋਂ ਇਲਾਵਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

## ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਵੱਲੋਂ ਬਿਜਲੀ ਕਾਮਿਆਂ ਦੀ ਹਮਾਇਤ



ਗੁਰਦਾਸਪੁਰ, (ਜਨਕ ਮਹਾਜਨ)-ਬਿਜਲੀ ਕਾਮਿਆਂ ਦੀਆਂ 17 ਤੋਂ ਵੱਧ ਜਥੇਬੰਦੀਆਂ ਦੇ ਸਾਂਝੇ ਥੜੇ ਵਲੋਂ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਮੰਨੀਆਂ ਹੋਈਆਂ ਮੰਗਾਂ ਲਾਗੂ ਨਾ ਕਰਨ ਦੇ ਰੋਸ ਵਜੋਂ ਉਲੀਕੇ ਸੰਘਰਸ਼ ਪ੍ਰੋਗਰਾਮ ਜਿਸ ਦੇ ਤਹਿਤ 21, 22 ਜੁਲਾਈ ਸਮੂਹਿਕ ਛੁੱਟੀ ਦੇ ਜਾਣ ਦੇ ਫੈਸਲੇ ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਵੱਲੋਂ ਜ਼ੋਰਦਾਰ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਪੈਨਸ਼ਨਰਜ਼ ਯੂਨੀਅਨ ਏਟਕ ਦੇ ਜ਼ਿਲਾ ਆਗੂ ਕਾਮਰੇਡ ਬਲਵਿੰਦਰ ਉਦੀਪੁਰ ਨੇ ਦੱਸਿਆ ਕਿ ਪਾਵਰਕੌਮ ਦੀ ਮੈਨੇਜਮੈਂਟ ਪਿਛਲੇ ਲੰਬੇ ਸਮੇਂ ਬਿਜਲੀ ਕਾਮਿਆਂ ਦੀਆਂ ਮੰਗਾਂ ਨਾਲ ਖਿਲਵਾੜ ਕਰ ਰਹੀ ਹੈ। ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਆਗੂ ਸਾਥੀ ਉਦੀਪੁਰ ਨੇ ਸਮੂਹ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਹੱਕਾਂ ਦੀ ਰਾਖੀ ਲਈ ਚਲ ਰਹੇ ਸ਼ੰਘਰਸ਼ ਵਿਚ ਸ਼ਾਮਿਲ ਹੋਣ। ਸਾਥੀ ਉਦੀਪੁਰ ਨੇ ਇਹ ਵੀ ਦੱਸਿਆ ਕਿ ਜਿਥੇ ਬਿਜਲੀ ਕਾਮਿਆਂ ਵੱਲੋਂ ਦੋ ਦਿਨ ਦੀ ਸਮੂਹਿਕ ਛੁੱਟੀ ਭਰ ਮਹਿਕਮੇ ਦਾ ਕੰਮ ਠੱਪ ਕੀਤਾ ਹੈ ਉਥੇ ਪੈਨਸ਼ਨਰਜ਼ ਸਾਥੀ 22 ਜੁਲਾਈ ਨੂੰ ਡੀ. ਸੀ ਦਫ਼ਤਰ ਅੱਗੇ ਕਾਲੇ ਝੰਡਿਆਂ ਨਾਲ ਵਿਖਾਵਾ ਕਰਕੇ ਆਪਣੇ ਆਪ ਨੂੰ ਗ੍ਰਿਫ਼ਤਾਰੀਆਂ ਲਈ ਪੇਸ਼ ਕਰਨਗੇ।

# ਖੋਜੇਪੁਰ 'ਚ ਲੋਕ ਗੋਡੇ-ਗੋਡੇ ਪਾਣੀ 'ਚੋਂ ਲੰਘਣ ਲਈ ਮਜਬੂਰ; ਛੱਪੜ ਦਾ ਗੰਦਾ ਪਾਣੀ ਘਰਾਂ 'ਚ ਵੜਿਆ



ਗੁਰਦਾਸਪੁਰ, (ਜਨਕ ਮਹਾਜਨ)-ਭਾਰਤ-ਪਿੰਡ ਖੋਜੇਪੁਰ ਦੀ ਗੱਲ ਕਰੀਏ ਤਾਂ ਪਿੰਡ ਅੰਦਰ ਅਜੇ ਤੀਕ ਗਲੀਆਂ ਨਾਲੀਆਂ ਦੇ ਪਾਣੀ ਦੇ ਨਿਕਾਸ ਦਾ ਪੰਜਾਬ ਸਰਕਾਰ ਕੋਈ ਵੀ ਪ੍ਰਬੰਧ ਨਹੀਂ ਕਰਵਾ ਸਕੀ। ਸਗੋਂ ਲੋਕ ਬਰਸਾਤਾਂ ਦੇ ਦਿਨਾਂ ਵਿਚ ਗੰਦੇ ਪਾਣੀ ਵਿਚੋਂ ਲੰਘ ਕੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਕਈ ਲੋਕ ਸੱਟਾਂ ਵਗੈਰਾ ਲਗਵਾ ਕੇ ਜ਼ਖਮੀ ਹੋ ਜਾਂਦੇ ਹਨ। ਖ਼ਾਸ ਕਰਕੇ ਸਕੂਲੀ ਬੱਚਿਆਂ ਨੂੰ ਸਕੂਲ ਜਾਣ ਵੇਲੇ ਕਾਫ਼ੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਪਿੰਡ ਵਾਸੀਆਂ ਨੇ ਦੱਸਿਆ ਕਿ ਇਹ ਮਾਮਲਾ ਕਈ ਵਾਰ ਹਲਕਾ ਵਿਧਾਇਕਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਂਦਾ ਗਿਆ ਸੀ ਪਰ ਉਹ ਵੀ ਇਸ ਮਾਮਲੇ ਵੱਲ ਗੰਭੀਰਤਾ ਨਹੀਂ ਦਿਖਾ ਰਹੇ। ਇਥੋਂ ਤੱਕ ਕਿ ਪਿੰਡ ਅੰਦਰ ਇਕ ਛੱਪੜ ਹੈ। ਜਦੋਂ ਬਰਸਾਤਾਂ ਆਉਂਦੀਆਂ ਹਨ ਤਾਂ ਛੱਪੜ ਦਾ ਪਾਣੀ ਓਵਰਫਲੋ ਹੋ ਕੇ ਗੰਦਾ ਪਾਣੀ ਲੋਕਾਂ ਦੇ ਘਰਾਂ ਵਿਚ ਦਾਖਲ ਹੋ ਕੇ ਭਾਰੀ ਨੁਕਸਾਨ ਕਰਦਾ ਹੈ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਪਿੰਡ ਦੇ ਸਰਪੰਚ ਦੇ ਧਿਆਨ ਹਿੱਤ ਵੀ ਲਿਆਂਦਾ ਗਿਆ ਹੈ ਪਰ ਗਰਾਂਟ ਨਾ ਮਿਲਣ ਕਰਕੇ ਉਹ ਟਾਲਮਟੋਲ ਦੀ ਨੀਤੀ ਅਪਣਾ ਜਾਂਦਾ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਵੋਟਾਂ ਸਮੇਂ ਰਾਜਨੀਤਿਕ ਲੀਡਰ ਪਿੰਡ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿੰਦੇ ਹਨ ਪਰ ਵੋਟਾਂ ਹੋਣ ਤੋਂ ਬਾਅਦ ਪਿੰਡ ਦੀਆਂ ਮੁਸ਼ਕਲਾਂ ਦਾ ਕੋਈ ਹੱਲ ਨਹੀਂ ਨਿਕਲਦਾ।

ਉਨ੍ਹਾਂ ਕਿਹਾ ਜੇਕਰ ਕੁਝ ਹੋਰ ਦਿਨ ਮੀਂਹ ਲਗਾਤਾਰ ਪੈਂਦਾ ਰਿਹਾ ਤਾਂ ਪਿੰਡਾ ਦੇ ਹਾਲਾਤ ਹੋਰ ਵੀ ਬਦਤਰ ਹੋ ਜਾਣਗੇ। ਪਿੰਡ ਵਾਸੀਆਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਪਿੰਡ ਖੋਜੇਪੁਰ ਅੰਦਰ ਪਾਣੀ ਦੀ ਨਿਕਾਸੀ ਦਾ ਪੱਕਾ ਹੱਲ ਕਰਵਾਉਣ ਲਈ ਪਿੰਡ ਦੇ ਸਰਪੰਚ ਨੂੰ ਅਖ਼ਤਿਆਰੀ ਫ਼ੰਡ ਵਿਚੋਂ ਗਰਾਂਟ ਮੁਹੱਈਆ ਕਰਵਾਈ ਜਾਵੇ ਤਾਂ ਜੋ ਪਿੰਡ ਵਾਸੀਆਂ ਨੂੰ ਆ ਰਹੀ ਮੁਸਕਿਲ ਤੋਂ ਰਾਹਤ ਮਿਲ ਸਕੇ।

## ਈ ਟੀ ਓ ਵੱਲੋਂ ਡੇਹਰੀਵਾਲ ਵਿਖੇ ਨਵੇਂ ਪੰਚਾਇਤ ਘਰ ਦਾ ਉਦਘਾਟਨ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਹਲਕਾ ਜੰਡਿਆਲਾ ਗੁਰੂ ਨਾਲ ਸੰਬੰਧਿਤ ਪੁਰਾਣੇ ਬਲਾਕ ਤਰਸਿੱਕਾ ਦੇ ਪਿੰਡ ਡੇਅਰੀਵਾਲ ਵਿਖੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ 22 ਲੱਖ ਰੁਪਏ ਦੀ ਲਾਗਤ ਨਾਲ ਬਣ ਕੇ ਤਿਆਰ ਹੋਏ ਪੰਚਾਇਤ ਘਰ ਦਾ ਉਦਘਾਟਨ ਕੀਤਾ ਗਿਆ।ਇਸ ਦੌਰਾਨ ਮੰਤਰੀ ਈਟੀਓ ਨੇ ਸਰਪੰਚ ਪਰਮਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਪਿੰਡ ਡੇਹਰੀਵਾਲ ਵਿਖੇ ਕਰਵਾਏ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਪਿੰਡ ਦੀਆਂ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਬਣਾਉਣ ਅਤੇ ਲੋਕਾਂ ਦੀਆਂ ਲੋੜਾਂ ਨੂੰ ਪਹਿਲ ਦੇ ਆਧਾਰ ਤੇ ਪੂਰਾ ਕਰਨ ਲਈ ਪੰਚਾਇਤ ਵੱਲੋਂ ਕੀਤੇ ਜਾ ਰਹੇ ਕੰਮ ਪਿੰਡ ਦੇ ਸਰਬਪੱਖੀ ਵਿਕਾਸ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ। ਉਨ੍ਹਾਂ ਸਰਪੰਚ ਪਰਮਿੰਦਰ ਸਿੰਘ ਨੂੰ ਲੋਕ-ਹਿੱਤ ਵਿੱਚ ਇਸੇ ਤਰ੍ਹਾਂ ਇਮਾਨਦਾਰੀ ਅਤੇ ਲਗਨ ਨਾਲ ਕੰਮ ਕਰਦੇ ਰਹਿਣ ਲਈ ਥਾਪੜਾ ਦਿੱਤਾ।ਮੰਤਰੀ ਈਟੀਓ ਨੇ ਕਿਹਾ ਕਿ ਸਰਕਾਰ ਸਿੱਖਿਆ, ਸਿਹਤ, ਸੜਕਾਂ, ਬੁਨਿਆਦੀ ਢਾਂਚੇ ਅਤੇ ਹੋਰ ਹਰ ਖੇਤਰ ਵਿੱਚ ਲੋਕਾਂ ਨੂੰ ਵੱਧ ਤੋਂ ਵੱਧ ਰਾਹਤ ਅਤੇ ਸਹੂਲਤਾਂ ਦੇਣ ਲਈ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ।ਇਸ ਮੌਕੇ ਸਰਪੰਚ ਪਰਮਿੰਦਰ ਸਿੰਘ ਅੰਜਲਾ, ਠੇਕੇਦਾਰ ਲਖਵਿੰਦਰ ਸਿੰਘ, ਸਾਬਕਾ ਸਰਪੰਚ ਮਨਪ੍ਰੀਤ ਸਿੰਘ, ਸਾਬਕਾ ਸਰਪੰਚ ਪਰਮਜੀਤ ਸਿੰਘ, ਚੇਅਰਮੈਨ ਅਮਰੀਕ ਸਿੰਘ ਸੋਢੀ, ਸਰਪੰਚ ਸੁਖਜਿੰਦਰ ਸਿੰਘ, ਮੈਂਬਰ ਗੁਰਦੀਪ ਸਿੰਘ, ਸ਼ਿੰਦਾ ਸਿੰਘ, ਰਣਜੀਤ ਸਿੰਘ, ਹਰਦੇਵ ਸਿੰਘ ਦੇਬਾ, ਦਿਲਬਾਗ ਸਿੰਘ (ਸਾਰੇ ਪੰਚ), ਮਾਸਟਰ ਗੁਰਮੀਤ ਸਿੰਘ, ਸੂਬੇਦਾਰ ਸੇਵਾ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਦੇ ਲੋਕ ਮੌਜੂਦ ਸਨ।

# ਅਹਿਮ ਮੰਗਾਂ ਮੰਨਵਾਉਣ ਲਈ ਰੋਸ ਪ੍ਰਦਰਸ਼ਨ



ਬਿਆਸ (ਪਰਮਜੀਤ ਸਿੰਘ ਰੱਖੜਾ)-ਸਬ-ਡਵੀਜ਼ਨ ਰਈਆ ਦੇ ਸਾਰੇ ਮੁਲਾਜ਼ਮ ਸਾਥੀਆਂ ਵੱਲੋਂ ਮੰਗਲਵਾਰ ਜੁਆਇੰਟ ਫੋਰਮ ਅਤੇ ਏਕਤਾ ਮੰਚ ਸਾਂਝੇ ਥੜੇ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਪੰਜਾਬ ਸਰਕਾਰ ਅਤੇ ਬਿਜਲੀ ਬੋਰਡ ਦੀ ਘਟੀਆ ਮੈਨੇਜਮੈਂਟ ਵੱਲੋਂ ਜੋ ਕਿ ਪਿਛਲੇ ਲੰਮੇ ਸਮੇਂ ਤੋਂ ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਅਹਿਮ ਮੰਗਾਂ ਨੂੰ ਸਰਕਾਰਾ ਵੱਲੋਂ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ, ਜਿਵੇਂ ਕਿ ਪੇ ਬੈਂਡ ਲਾਗੂ 18 ਫੀਸਦੀ ਡੀ ਏ ਕਿਸ਼ਤ, ਪੁਰਾਣੀ ਪੈਨਸ਼ਨ ਬਹਾਲੀ ਕਰਵਾਉਣਾ, ਬਰਾਬਰ ਕੰਮ ਬਰਾਬਰ ਤਨਖਾਹ, ਸੀ ਆਰ ਏ ਦੇ ਕੰਟੈਰਕਟ ਸਮੇਂ ਨੂੰ ਰੈਗੂਲਰ ਸੇਵਾ ਵਿਚ ਜੋੜਨਾ ਤੇ ਹੋਰ ਅਹਿਮ ਮੰਗਾਂ ਨੂੰ ਮੰਨਵਾਉਣ ਲਈ ਰੋਸ ਪ੍ਰਦਰਸ਼ਨ ਕੀਤਾ ਗਿਆ।

ਸੰਘਰਸ਼ ਵਿਚ ਇੰਪਲਾਈਜ ਫੈਡਰੇਸ਼ਨ ਪਹਿਲਵਾਨ ਜਥੇਬੰਦੀ ਸਬ-ਡਵੀਜਨ ਪ੍ਰਧਾਨ ਹਰਜਿੰਦਰ ਸਿੰਘ, ਸਕੱਤਰ ਗੁਰਵਿੰਦਰ ਸਿੰਘ ਬਾਠ, ਕੈਸ਼ੀਅਰ ਦਿਲਬਾਗ ਸਿੰਘ, ਸੀਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ, ਸਰਕਲ ਸਕੱਤਰ ਪਵਨ ਕੁਮਾਰ, ਵਰੁਣਦੀਪ ਸਿੰਘ, ਜੇ ਈ ਹਰਜੀਤ ਸਿੰਘ, ਜੋਬਨਪ੍ਰੀਤ ਸਿੰਘ, ਕੁਲਦੀਪ ਕੁਮਾਰ, ਜੋਬਨ ਬੂਲੇ ਨੰਗਲ, ਸੁਰਿੰਦਰਪਾਲ ਮਿੰਟੂ, ਲਵਪ੍ਰੀਤ ਭਲਵਾਨ, ਗੁਰਜੀਤ ਸਿੰਘ, ਸਵਿੰਦਰ ਸਿੰਘ, ਲਵਪ੍ਰੀਤ ਸਿੰਘ, ਕਰਮਚਾਰੀ ਦਲ ਮੈਂਬਰ ਗੁਰਮੁਖ ਸਿੰਘ, ਸਰਵਨ ਸਿੰਘ ਤੇ ਹੋਰ ਮੁਲਜ਼ਮ ਸਾਥੀਆਂ ਵੱਲੋਂ ਸਰਕਾਰਾ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

## ਪੰਜਾਬ ਪ੍ਰੈੱਸ ਕਲੱਬ ਵੱਲੋਂ ਵਿਦਿਆਰਥੀਆਂ 'ਤੇ ਲਾਠੀਚਾਰਜ ਦੀ ਨਿੰਦਾ

ਜਲੰਧਰ, (ਰਾਜੇਸ਼ ਥਾਪਾ, ਲਖਵਿੰਦਰ ਸਿੰਘ ਆਧੀ)-ਨਵੀਂ ਦਿੱਲੀ ਵਿਚ ਜੰਤਰ ਮੰਤਰ ਵਿਖੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਦੇਸ਼ ਭਰ ਦੇ ਵਿਦਿਆਰਥੀਆਂ 'ਤੇ ਪੁਲਸ ਵੱਲੋਂ ਲਾਠੀਚਾਰਜ ਕਰਨ ਅਤੇ ਬੇਤਹਾਸ਼ਾ ਤਸ਼ੱਦਦ ਕਰਨ ਦੀ ਪੰਜਾਬ ਪ੍ਰੈੱਸ ਕਲੱਬ ਸਖਤ ਨਿੰਦਾ ਕਰਦੀ ਹੈ। ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਦੀ ਅਗਵਾਈ ਵਿਚ ਗਵਰਨਿੰਗ ਕੌਂਸਲ ਮੈਂਬਰਾਂ ਪੁਨੀਤ ਸਹਿਗਲ, ਰਾਜੇਸ਼ ਥਾਪਾ, ਤੇਜਿੰਦਰ ਕੌਰ ਥਿੰਦ, ਪਰਮਜੀਤ ਸਿੰਘ ਰੰਗਪੁਰੀ, ਮਨਦੀਪ ਸ਼ਰਮਾ, ਸ਼ਿਵ ਸ਼ਰਮਾ, ਰਾਜੇਸ਼ ਯੋਗੀ, ਸੁਕਰਾਂਤ ਸਫਰੀ ਨੇ ਜਾਰੀ ਇਕ ਸਾਂਝੇ ਪ੍ਰੈੱਸ ਨੋਟ ਵਿਚ ਕਿਹਾ ਕਿ ਲੋਕਤੰਤਰ ਵਿਚ ਸ਼ਾਂਤਮਈ ਢੰਗ ਨਾਲ ਆਪਣੇ ਵਿਚਾਰ ਪ੍ਰਗਟਾਉਣੇ ਅਤੇ ਰੋਸ ਪ੍ਰਦਰਸ਼ਨ ਕਰਨਾ ਸਭਾ ਦਾ ਹੱਕ ਹੈ ਪ੍ਰੰਤੂ ਹੁਣ ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਵੱਲੋਂ ਲੋਕਾਂ ਦਾ ਇਹ ਜਮਹੂਰੀ ਹੱਕ ਵੀ ਖੋਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪ੍ਰੈੱਸ ਕਲੱਬ ਹਮੇਸ਼ਾ ਲੋਕਤੰਤਰ ਵਿਚ ਵਿਚਾਰਾਂ ਦੇ ਪ੍ਰਗਟਾਵੇ ਦਾ ਸਮਰਥਨ ਕਰਦਾ ਰਿਹਾ ਹੈ ਅਤੇ ਗੈਰ-ਲੋਕਤੰਤਰਿਕ ਕਾਰਵਾਈਆਂ ਦੀ ਸਖ਼ਤ ਨਿੰਦਾ ਕਰਦਾ ਹੈ।

## ਟੋਲ ਪਲਾਜਾ ਅੱਜ 12 ਵਜੇ ਤੋਂ 3 ਵਜੇ ਤੱਕ ਬੰਦ ਰਹੇਗਾ

ਫਿਲੌਰ (ਨਿਰਮਲ)-ਸੰਯੁਕਤ ਕਿਸਾਨ ਮੋਰਚੇ ਦੀ ਕਾਲ ਹੇਠ 22 ਜੁਲਾਈ ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤਕ ਸਾਰੇ ਭਾਰਤ ਦੇ ਟੋਲ ਪਲਾਜ਼ਾ 3 ਘੰਟੇ ਲਈ ਫ੍ਰੀ ਕੀਤੇ ਜਾਣਗੇ ਅਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਬੀਜੇਪੀ ਦੇ ਜ਼ਿਲ੍ਹਾ ਹੈਡ ਕੁਆਟਰ ਅੱਗੇ ਧਰਨੇ ਲਗਾਏ ਜਾਣਗੇ। ਇਹ ਧਰਨਾ ਅਮਰੀਕਾ ਨਾਲ ਹੋ ਰਹੇ ਵਪਾਰਕ ਸਮਝੌਤੇ ਨੂੰ ਰੱਦ ਕਰਾਉਣ ਲਈ , ਲੈਂਡ - ਪੂਲਿੰਗ ਪਾਲਿਸੀ ਨੂੰ ਰੱਦ ਕਰਾਉਣ ਲਈ ਅਤੇ ਸੀਡ ਬਿੱਲ 2025 ਰੱਦ ਕਰਾਉਣ ਲਈ ਲਗਾਇਆ ਜਾ ਰਿਹਾ ਹੈ ।

# ਰੋਟਰੀ ਕਲੱਬ ਅੰਮ੍ਰਿਤਸਰ ਈਕੋ ਨੇ ਕਰਵਾਇਆ ਪਰਿਵਾਰ ਮਿਲਣ ਸਮਾਰੋਹ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਰੋਟਰੀ ਕਲੱਬ ਅੰਮ੍ਰਿਤਸਰ ਈਕੋ ਵਲੋਂ ਪ੍ਰਧਾਨ ਪੁਨੀਤ ਨਾਗਪਾਲ ਦੀ ਪ੍ਰਧਾਨਗੀ ਅਤੇ ਚਾਰਟਰ ਪ੍ਰਧਾਨ ਐੱਸਐੱਸ ਬੱਤਰਾ ਦੀ ਦੇਖ ਰੇਖ ਵਿਚ ਸਾਲ 2026-27 ਦਾ ਪਹਿਲਾ ਪਰਿਵਾਰ ਮਿਲਣ ਸਮਾਰੋਹ ਸਥਾਨਕ ਸਰਵਿਸ ਕਲੱਬ ਵਿਚ ਆਯੋਜਿਤ ਕੀਤਾ ਗਿਆ।ਪ੍ਰਧਾਨ ਪੁਨੀਤ ਨਾਗਪਾਲ ਨੇ ਸਾਰੇ ਮੈਂਬਰਾਂ ਅਤੇ ਮਹਿਮਾਨਾਂ ਦਾ ਨਿੱਘਾ ਸਵਾਗਤ ਕਰਦੇ ਹੋਏ ਕਿਹਾ ਕਿ ਫੈਲੋਸ਼ਿਪ ਮੀਟ ਦਾ ਮਕਸਦ ਮੈਂਬਰਾਂ ਦੇ ਵਿਚ ਆਪਸੀ ਪਿਆਰ, ਵਿਸ਼ਵਾਸ ਅਤੇ ਸਦਭਾਵਨਾ ਨੂੰ ਬੜਾਵਾ ਦੇਣਾ ਹੈ।

ਚਾਰਟਰ ਪ੍ਰਧਾਨ ਐੱਸ ਐੱਸ ਬੱਤਰਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਕਲੱਬ ਵੱਲੋਂ ਕੀਤੇ ਜਾਣ ਵਾਲੇ ਪ੍ਰੋਜੈਕਟਾਂ 'ਤੇ ਰੌਸ਼ਨੀ ਪਾਈ, ਜਿਸ ਵਿਚ ਵਾਤਾਵਰਨ ਦਿਵਸ, ਇੰਸਟਾਲੇਸ਼ਨ ਸਮਾਰੋਹ ਅਤੇ ਸਾਵਨ ਮਹੀਨੇ ਦਾ ਵਿਸ਼ੇਸ਼ ਪ੍ਰੋਗਰਾਮ ਪ੍ਰਮੁੱਖ ਸਨ।ਇਸ ਦੇ ਨਾਲ ਹੀ ਪਿਛਲੇ ਸਾਲ ਵਿਚ ਕਲੱਬ ਵਲੋਂ ਕੀਤੇ ਕੀਤੇ ਗਏ ਸ਼ਾਨਦਾਰ ਕਾਰਜਾਂ ਲਈ ਪ੍ਰਸ਼ੰਸਾ ਕੀਤੀ ਗਈ, ਜਿਸ ਵਿਚ ਡਿਸਟ੍ਰਿਕਟ ਲੈਵਲ ਦੇ ਸਾਰੇ ਪ੍ਰਮੁੱਖ ਪੁਰਸਕਾਰਾਂ ਨਾਲ ਰੋਟਰੀ ਕਲੱਬ ਈਕੋ ਨੂੰ ਨਿਵਾਜਿਆ ਗਿਆ। ਉਨ੍ਹਾਂ ਪ੍ਰਧਾਨ ਹਰਬੀਰ ਸਿੰਘ ਦੀ ਪ੍ਰਸ਼ੰਸ਼ਾ ਕੀਤੀ ਅਤੇ ਆਸ ਜਾਹਰ ਕੀਤੀ ਕਿ ਕਲੱਬ ਇਸ ਸਾਲ ਵੀ ਆਪਣਾ ਚੰਗਾ ਪ੍ਰਦਰਸ਼ਨ ਜਾਰੀ ਰੱਖੇਗਾ ਇਸ ਮੌਕੇ ਰੋਟੇਰੀਅਨ ਵਿਪਨ ਸ਼ਰਮਾ, ਸੁਮਿਤ ਬੇਦੀ, ਜਸਪ੍ਰੀਤ ਨਾਗਪਾਲ, ਕੁਲਬੀਰ ਸਿੰਘ, ਬਿਕਰਮਜੀਤ ਸਿੰਘ, ਪ੍ਰਵੀਨ ਕੁਮਾਰ, ਸੰਜੇ ਮਹਿਰਾ, ਵਰੁਣ ਅਗਰਵਾਲ, ਸਵਰਾਜ ਸਿੰਘ, ਸੁਰਿੰਦਰਪਾਲ ਸਿੰਘ, ਹਰਿੰਦਰਪਾਲ ਸਿੰਘ, ਨੀਰੂ ਕਪੂਰ, ਕੰਵਲ ਬੱਤਰਾ, ਗੁਰਜੀਤ ਕੌਰ, ਹਰਲੀਨ ਕੌਰ, ਦਲਜੀਤ ਕੌਰ, ਗੀਤਾ ਸ਼ਰਮਾ, ਸੁਰਿੰਦਰ ਕੌਰ ਆਦਿ ਹਾਜ਼ਰ ਸਨ।

## 5.10 ਗ੍ਰਾਮ ਹੈਰੋਇਨ ਸਮੇਤ ਦੋ ਕਾਬੂ

ਪਠਾਨਕੋਟ (ਦਵਿੰਦਰ ਸਿੰਘ)-ਯੁੱਧ ਨਸ਼ੇ ਵਿਰੁੱਧ ਮੁਹਿਮ ਦੇ ਤਹਿਤ ਪਠਾਨਕੋਟ ਪੁਲਸ ਵੱਲੋਂ ਪੰਜ ਪੁਆਇੰਟ 10 ਗ੍ਰਾਮ ਹੈਰੋਇਨ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ।ਥਾਣਾ ਡਿਵੀਜ਼ਨ ਨੰਬਰ ਇੱਕ ਦੇ ਏਐੱਸਆਈ ਕੇਵਲ ਸਿੰਘ ਆਪਣੀ ਪੁਲਸ ਪਾਰਟੀ ਨਾਲ ਗਸ਼ਤ ਕਰ ਰਹੇ ਸਨ, ਜਦੋਂ ਉਹ ਇਨਕਲੇਵ ਮੋੜ 'ਤੇ ਪਹੁੰਚੇ ਤਾਂ ਉਨਾਂ ਦੇਖਿਆ ਕਿ ਦੋ ਨੌਜਵਾਨ ਪੈਦਲ ਆ ਰਹੇ ਹਨ, ਜੋ ਪੁਲਸ ਨੂੰ ਦੇਖ ਕੇ ਘਬਰਾ ਗਏ ਤੇ ਪਿੱਛੇ ਨੂੰ ਮੁੜਨ ਲੱਗੇ ਪਰ ਪੁਲਸ ਵੱਲੋਂ ਨੌਜਵਾਨਾਂ ਨੂੰ ਕਾਬੂ ਕੀਤਾ ਗਿਆ, ਅਤੇ ਕੋਲੋਂ ਪੰਜ ਪੁਆਇੰਟ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਸ ਵੱਲੋਂ ਦੋਸ਼ੀਆਂ ਦੇ ਖਿਲਾਫ ਥਾਣਾ ਡਿਵੀਜ਼ਨ ਨੰਬਰ ਇੱਕ ਵਿੱਚ ਐੱਨਡੀਪੀਸੀ ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ। ਦੋਸ਼ੀਆਂ ਦੀ ਪਹਿਚਾਣ ਜਿੰਦੂ ਪੁੱਤਰ ਸ਼ਿੰਦਾ ਅਤੇ ਪ੍ਰਿੰਸ ਪੁੱਤਰ ਸ਼ਿੰਦਾ ਬਾਸੀ ਮੁਹੱਲਾ ਬਾਵਿਆਂ ਪਠਾਨਕੋਟ ਦੇ ਰੂਪ ਵਿੱਚ ਹੋਈ ਹੈ।

# ਐੱਲ ਪੀ ਯੂ ਪਲੇਸਮੈਂਟ 'ਚ 2,000 ਤੋਂ ਵੱਧ ਵਿਦਿਆਰਥੀਆਂ ਨੂੰ 10 ਲੱਖ ਤੋਂ ਵੱਧ ਦੀਆਂ ਪੇਸ਼ਕਸ਼ਾਂ




**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਖੇਤਰ ਵਿੱਚ ਹਰ ਸਾਲ ਨਵੀਆਂ ਉਚਾਈਆਂ ਪ੍ਰਾਪਤ ਕਰਕੇ ਨਵੀਆਂ ਪ੍ਰਾਪਤੀਆਂ ਕਰ ਰਹੀ ਹੈ। ਇਸ ਸਾਲ, ਐੱਲ ਪੀ ਯੂ ਦੇ 2025 ਅਤੇ 2026 ਬੈਚਾਂ ਨੇ ਪਲੇਸਮੈਂਟ ਸੀਜ਼ਨ ਵਿੱਚ ਰਿਕਾਰਡ ਸਫਲਤਾ ਪ੍ਰਾਪਤ ਕੀਤੀ। 2,000 ਤੋਂ ਵੱਧ ਵਿਦਿਆਰਥੀਆਂ ਨੂੰ 10 ਲੱਖ ਤੋਂ 60 ਲੱਖ ਤੱਕ ਦੇ ਪੈਕੇਜ ਪ੍ਰਾਪਤ ਹੋਏ। ਪਲੇਸਮੈਂਟ ਰਿਕਾਰਡਾਂ ਦੇ ਅਨੁਸਾਰ ਐੱਲ ਪੀ ਯੂ ਦੇ ਚੋਟੀ ਦੇ 10 ਪ੍ਰਤੀਸ਼ਤ ਵਿਦਿਆਰਥੀਆਂ ਦਾ ਔਸਤ ਪੈਕੇਜ 14 ਲੱਖ ਹੈ। ਇਹ ਅੰਕੜਾ ਕਈ ਚੋਟੀ ਦੇ ਆਈ ਆਈ ਟੀਜ਼ ਦੀ ਔਸਤ ਨਾਲੋਂ ਵੱਧ ਹੈ। ਇਹ ਪ੍ਰਤਿਭਾ ਵਿਕਾਸ ਵਿੱਚ ਇੱਕ ਮੋਹਰੀ ਯੂਨੀਵਰਸਿਟੀ ਵਜੋਂ ਐੱਲ ਪੀ ਯੂ ਦੀ ਸਾਖ ਨੂੰ ਹੋਰ ਮਜ਼ਬੂਤ ਕਰਦਾ ਹੈ। 2026 ਦੇ ਗ੍ਰੈਜੂਏਟ ਬੈਚ ਦੀਆਂ ਮੁੱਖ ਗੱਲਾਂ ਵਿੱਚ, ਤਿੰਨ ਬੀ.ਟੈਕ ਵਿਦਿਆਰਥੀਆਂ ਨੂੰ ਮਾਈਕ੍ਰੋਸਾਫਟ ਇੰਡੀਆ ਤੋਂ 60 ਲੱਖ ਪ੍ਰਤੀ ਸਾਲ ਦੀਆਂ ਪੇਸ਼ਕਸ਼ਾਂ ਪ੍ਰਾਪਤ ਹੋਈਆਂ। ਇਨ੍ਹਾਂ ਵਿਦਿਆਰਥੀਆਂ ਵਿੱਚ ਆਯੁਸ਼ ਕੁਮਾਰ ਜੋਸ਼ੀ (ਸਾਈਬਰ ਸੁਰੱਖਿਆ ਅਤੇ ਬਲਾਕਚੇਨ ਵਿੱਚ ਮੁਹਾਰਤ ਦੇ ਨਾਲ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿੱਚ ਬੀ.ਟੈਕ ਕਰ ਰਹੇ ਹਨ), ਅਤੇ ਨਾਲ ਹੀ ਨਿਤੇਸ਼ ਅਤੇ ਅਦਿਤੀ ਗੁਪਤਾ (ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿੱਚ ਬੀ.ਟੈਕ ਕਰ ਰਹੇ ਹਨ) ਸ਼ਾਮਲ ਹਨ।

# ਸੀ ਪੀ ਐਮ ਤੇ ਸੀਟੂ ਦੇ ਸੱਦੇ 'ਤੇ ਮੋਦੀ ਦਾ ਪੁਤਲਾ ਫੂਕਿਆ

**ਮਾਹਿਲਪੁਰ (ਸਫਰੀ)**- ਇੱਥੇ ਸੀ ਪੀ ਐਮ ਅਤੇ ਸੀਟੂ ਦੇ ਸੱਦੇ 'ਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ। ਇਸ ਮੌਕੇ ਮਹਿੰਦਰ ਕੁਮਾਰ ਬੱਡੋਆਣ, ਗੁਰਬਖ਼ਸ਼ ਕੌਰ, ਨੀਲਮ ਬੱਡੋਆਣ ਨੇ ਕਿਹਾ ਕਿ ਜਿਸ ਤਰ੍ਹਾਂ ਸੋਨਮ ਵਾਂਗਚੁਕ ਨੂੰ ਜੋ ਕਿ ਵਿਦਿਆਰਥੀਆਂ ਦੀਆਂ ਮੰਗਾਂ ਨੂੰ ਲੈ ਕੇ ਅਨਸ਼ਨ 'ਤੇ ਬੈਠਾ ਸੀ, ਉਸ ਨੂੰ ਕਿਵੇਂ ਪੁਲਸ ਬਲਾਂ ਵਲੋਂ ਧੱਕੇ ਨਾਲ ਚੁੱਕ ਕੇ ਲਿਜਾਇਆ ਗਿਆ, ਦੀ ਨਿਖੇਧੀ ਕੀਤੀ ਤੇ ਸਿੱਖਿਆ ਮੰਤਰੀ ਨੂੰ ਵਜ਼ਾਰਤ ਵਿਚੋਂ ਕੱਢਣ ਦੀ ਮੰਗ ਕੀਤੀ ਗਈ। ਆਗੂਆਂ ਨੇ ਕਿਹਾ ਕਿ ਸਿੱਖਿਆ ਮੰਤਰੀ ਨੂੰ ਵਿਦਿਆਰਥੀਆਂ ਦੇ ਪੇਪਰ ਲੀਕ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਤੁਰੰਤ ਅਸਤੀਫ਼ਾ ਦੇਣਾ ਚਾਹੀਦਾ ਹੈ। ਸੀ ਪੀ ਐਮ ਅਤੇ ਸੀਟੂ ਦੇ ਆਗੂਆਂ ਨੇ ਕਿਹਾ ਕਿ ਭਾਜਪਾ ਦੇ ਸੱਤਾ 'ਚ ਆਉਣ ਤੋਂ ਬਾਅਦ ਦੇਸ਼ ਵਿਚ ਲਗਾਤਾਰ ਸਾਹਮਣੇ ਆ ਰਹੇ ਪੇਪਰ ਲੀਕ ਘਪਲਿਆਂ ਨੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ। ਸਰਕਾਰ ਦੀ ਨਾਕਾਮੀ ਅਤੇ ਲਾਪਰਵਾਹੀ ਕਾਰਨ ਕਰੋੜਾਂ ਨੌਜਵਾਨਾਂ ਦਾ ਸਰਕਾਰੀ ਭਰਤੀ ਪ੍ਰਣਾਲੀ ਅਤੇ ਪ੍ਰੀਖਿਆਵਾਂ ਤੋਂ ਵਿਸ਼ਵਾਸ ਉਠਦਾ ਜਾ ਰਿਹਾ ਹੈ। ਆਗੂਆਂ ਅੱਗੇ ਕਿਹਾ ਕਿ ਇਹਨਾਂ ਘਪਲਿਆਂ ਦੀ ਨੈਤਿਕ ਅਤੇ ਰਾਜਨੀਤਕ ਜ਼ੁੰਮੇਵਾਰੀ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ 'ਤੇ ਬਣਦੀ ਹੈ। ਇਸ ਲਈ ਉਹ ਤੁਰੰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਵੇ ਅਤੇ ਕੇਂਦਰ ਸਰਕਾਰ ਇਸ ਨੂੰ ਸਵੀਕਾਰ ਕਰੇ ਅਤੇ ਪੇਪਰ ਲੀਕ ਕਾਂਡਾਂ ਦੀ ਸੁਤੰਤਰ ਨਿਰਪੱਖ ਅਤੇ ਸਮਾਂਬੱਧ ਜਾਂਚ ਕਰਵਾ ਕੇ ਦੋਸ਼ੀਆਂ ਨੂੰ



ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਪ੍ਰਭਾਵਤ ਵਿਦਿਆਰਥੀਆਂ ਨੂੰ ਨਿਆਂ ਦਿੱਤਾ ਜਾਵੇ। ਆਗੂਆਂ ਕਿਹਾ ਕਿ ਸਾਰੀ ਪਾਰਟੀ ਅਤੇ ਜਨਤਕ ਜਥੇਬੰਦੀਆਂ ਵਿਦਿਆਰਥੀਆਂ ਦੇ ਚੱਲ ਰਹੇ ਘੋਲ ਦੀ ਹਿਮਾਇਤ ਕਰਦੀਆਂ ਹਨ, ਤੇ ਇਕ ਮਤਾ ਵੀ ਪਾਸ ਕੀਤਾ ਗਿਆ ਜੋ ਲੋਕਾਂ ਦੇ ਹੱਕਾਂ ਲਈ ਲੜਦੇ ਮਹਿੰਦਰ ਕੁਮਾਰ ਬੱਡੋਆਣ ਤੇ 14 ਤੇ 17 ਸਾਲਾਂ ਤੋਂ ਠਾਣਿਆਂ ਅੰਦਰ ਬੰਦ ਪਏ ਕੇਸ ਰੱਦ ਕੀਤੇ ਜਾਣ। ਇਸ ਮੌਕੇ ਜਗਮੋਹਨ ਕੌਰ, ਕਸ਼ਮੀਰ ਕੌਰ, ਪ੍ਰਮੋਦ ਕੁਮਾਰ, ਹਰਪਾਲ ਸਿੰਘ, ਹਰਮੇਸ਼ ਲਾਲ ਜੱਗਾ, ਕਮਲੇਸ਼ ਰਾਣੀ, ਧਰਮਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ।

# ਪੰਜਾਬੀ ਸਾਹਿਤ ਸਭਾ ਵੱਲੋਂ ਸਾਲਾਨਾ ਸਮਾਗਮ ਕਰਵਾਉਣ ਸੰਬੰਧੀ ਮੀਟਿੰਗ

**ਬੰਗਾ (ਅਵਤਾਰ ਕਲੇਰ)**- ਪੰਜਾਬੀ ਸਾਹਿਤ ਸਭਾ (ਰਜਿ.) ਦੁਸਾਂਝ ਕਲਾਂ ਦੀ ਮੀਟਿੰਗ ਸਭਾ ਪ੍ਰਧਾਨ ਸੋਹਣ ਸਿੰਘ ਢਿੱਲੋਂ, ਵਰਿੰਦਰ ਸਿੰਘ ਚੋਟ ਅਤੇ ਸਰਪੰਚ ਨਿਰਮਲ ਕੁਮਾਰ ਦੇ ਸੰਚਾਲਨ ਹੇਠ ਕੀਤੀ। ਸਭਾ ਜਨਰਲ ਸਕੱਤਰ, ਰਾਮ ਪ੍ਰਕਾਸ਼ ਨੇ ਮੀਟਿੰਗ ਦਾ ਪ੍ਰਯੋਜਨ ਦੱਸਿਆ। ਸਭਾ ਦੇ ਮੁੱਖ ਸਰਪ੍ਰਸਤ ਗਿਆਨ ਸਿੰਘ ਦੁਸਾਂਝ ਨੇ ਇਕੱਤਰਤਾ ਦੇ ਸਾਲਾਂ ਤੋਂ ਯਤਨਸ਼ੀਲ ਸਭਾ ਦੀ ਸਥਾਪਨਾ ਵਿਚਾਰ ਅਤੇ ਸਰਗਰਮੀਆਂ ਉੱਪਰ ਭਰਪੂਰ ਚਾਨਣਾ ਪਾਇਆ।



ਮੀਟਿੰਗ ਦੀ ਸਰਪ੍ਰਸਤੀ ਕਰਨ ਲਈ ਉਚੇਚੇ ਤੌਰ ਤੇ ਪਹੁੰਚੇ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਕਾਰਜਕਾਰਨੀ ਦੇ ਮੈਂਬਰ ਡਾ. ਛਿੰਦਰਪਾਲ ਸਿੰਘ ਨੇ ਸਾਹਿਤ ਪ੍ਰੇਮ ਕਰਦਿਆਂ ਸਭਾ ਦੇ ਸੱਤਰ ਸਾਲਾਂ ਸ਼ਾਨਮੱਤੇ ਇਤਿਹਾਸ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਕੀਤੇ ਕਾਰਜਾਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਉਚੇਚਾ ਜ਼ੋਰ ਦਿੱਤਾ ਕਿ ਸਭਾ ਦੇ ਸਵਿਧਾਨ ਅਨੁਸਾਰ 31 ਜੁਲਾਈ ਤੱਕ ਸਿਰਫ ਯੋਗ ਹੀ ਨਵੇਂ ਲੇਖਕ ਮੈਂਬਰ ਬਣਾਏ ਜਾਣ ਅਤੇ ਪਿਛਲੇ ਮੈਂਬਰਾਂ ਦੀ ਮੈਂਬਰਸ਼ਿਪ ਨਵਿਆਈ ਜਾਵੇ। ਮੀਟਿੰਗ ਵਿਚ ਸੁਸ਼ੀਲ ਦੁਸਾਂਝ ਨੇ ਆਪਣੇ ਸੁਰਗਵਾਸੀ ਪਿਤਾ ਪ੍ਰਕਾਸ਼ ਚੰਦ ਅਤੇ ਸੁਰਗਵਾਸੀ ਮਾਤਾ ਰਕਸ਼ਾ ਦੇਵੀ ਦੀ ਪਵਿੱਤਰ ਯਾਦ ਵਿੱਚ ਯਾਦਗਾਰੀ ਸਭਾ ਟਰੱਸਟ ਸਥਾਪਿਤ ਕਰਨ ਦਾ ਐਲਾਨ ਕੀਤਾ ਅਤੇ ਕਿਤਾਬਾਂ ਦਾ ਸੈੱਟ ਵੀ ਭੇਂਟ ਕੀਤਾ। ਮੀਟਿੰਗ ਵਿੱਚ ਸੁਸ਼ੀਲ ਦੁਸਾਂਝ ਦੇ ਲੇਖ, ਗਿਆਨ ਸਿੰਘ ਦੁਸਾਂਝ ਦੇ ਲੇਖ ਅਤੇ ਦਲਜੀਤ ਦੁਸਾਂਝ ਦੀ ਪਾਬੰਦੀਸ਼ੁਦਾ ਫ਼ਿਲਮ ਸਤਲੁਜ ਉੱਪਰ ਭਰਪੂਰ ਗੋਸ਼ਟੀ ਕੀਤੀ ਗਈ। ਮੀਟਿੰਗ ਵਿੱਚ ਉਚੇਚੀ ਹਾਜ਼ਰੀ ਲੁਆਉਣ ਵਾਲਿਆਂ ਵਿਚ ਪ੍ਰਿੰਸੀਪਲ ਗਿਆਨੀ ਸਿੰਘ ਦੁਸਾਂਝ, ਸਰਪੰਚ ਨਿਰਮਲ ਕੁਮਾਰ, ਸੁਸ਼ੀਲ ਦੁਸਾਂਝ, ਢਾਡੀ ਜਗਿੰਦਰ ਸਿੰਘ ਦੁਸਾਂਝ, ਸਭਾ ਖਜ਼ਾਨਚੀ ਰਵਿੰਦਰ ਸਿੰਘ, ਲਾਇਬ੍ਰੇਰੀਅਨ ਪਰਮਿੰਦਰ ਸਿੰਘ ਦੁਸਾਂਝ, ਯਸ਼ੂ ਗੁਪਤਾ, ਵਰਿੰਦਰ ਸਿੰਘ ਚੋਟ, ਚੌਧਰੀ ਮਹਿਣ ਲਾਲ, ਮੰਗਤ ਰਾਏ, ਸਾਬਕਾ ਸਰਪੰਚ ਮੱਖਣ ਸਿੰਘ, ਪ੍ਰਿੰਸ ਦੁਸਾਂਝ, ਪ੍ਰਧਾਨ ਬਲਵੀਰ ਸਿੰਘ, ਜਸਵੀਰ ਸਿੰਘ ਦੁਸਾਂਝ, ਸੁਰਿੰਦਰ ਰਾਮ, ਸਰਦੂਲ ਸਿੰਘ ਬਾਜਵਾ, ਸੁਰਿੰਦਰ ਪਾਲ ਕੁੱਕੂ ਆਦਿ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਕੇਸ਼ਵ ਕੁਮਾਰ ਸਿੰਗਲਾ
ਨਿਹਾਲ ਸਿੰਘ ਵਾਲਾ

# ਨੌਜਵਾਨਾਂ 'ਤੇ ਲਾਠੀਚਾਰਜ ਖਿਲਾਫ ਆਵਾਜ਼ ਬੁਲੰਦ ਕਰੋ : ਜਮਹੂਰੀ ਅਧਿਕਾਰ ਸਭਾ

**ਜਲੰਧਰ (ਕੇਸਰ)**- ਵਿਦਿਅਕ ਪ੍ਰਬੰਧਾਂ ਦੀ ਨਿਘਰਦੀ ਅਵਸਥਾ ਦੀ ਜਵਾਬਦੇਹੀ ਤੈਅ ਕਰਵਾਉਣ ਲਈ ਦਿੱਲੀ ਵਿਖੇ ਸੰਸਦ ਵੱਲ ਰੋਸ ਪ੍ਰਦਰਸ਼ਨ ਕਰਨ ਖਾਤਰ ਵੱਧਦੇ ਹਜ਼ਾਰਾਂ ਨੌਜਵਾਨਾਂ ਉੱਤੇ ਕੇਂਦਰੀ ਹਕੂਮਤ ਦੇ ਸੁਰੱਖਿਆ ਬਲਾਂ ਵੱਲੋਂ ਕੀਤੇ ਲਾਠੀਚਾਰਜ ਦੀ ਜਮਹੂਰੀ ਅਧਿਕਾਰ ਸਭਾ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸਿੱਖਿਆ ਅਮਲ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਹੈ ਤੇ ਜਨਤਕ ਜਮਹੂਰੀ ਜਥੇਬੰਦੀਆਂ ਨੂੰ ਇਕੱਠੇ ਹੋ ਕੇ ਇਸ ਜਬਰ ਦੇ ਖਿਲਾਫ ਸੰਘਰਸ਼ ਕਰਨ ਦਾ ਸੱਦਾ ਦਿੱਤਾ ਹੈ। ਸਭਾ ਦੇ ਪ੍ਰਧਾਨ ਪ੍ਰੋਫੈਸਰ ਜਗਮੋਹਨ ਸਿੰਘ ਸਕੱਤਰ ਪ੍ਰਿਤਪਾਲ ਸਿੰਘ ਅਤੇ ਪ੍ਰੈਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਦੱਸਿਆ ਕਿ ਮੈਡੀਕਲ ਸਿੱਖਿਆ ਦੀ ਦਾਖਲਾ ਪ੍ਰੀਖਿਆ ਨੀਟ ਵਿੱਚ ਹੋਏ ਪੇਪਰ ਲੀਕ ਘੁਟਾਲੇ ਕਾਰਨ 40 ਤੋਂ ਵਧੇਰੇ ਨੌਜਵਾਨਾਂ ਦੀ ਆਤਮ ਹੱਤਿਆ ਅਤੇ ਸੀ ਬੀ ਐਸ ਈ ਦੀ ਬਾਰਵੀਂ ਜਮਾਤ ਦੀ ਸਾਲਾਨਾ ਪ੍ਰੀਖਿਆਵਾਂ ਵਿੱਚ ਹੋਏ ਘਪਲੇ, ਤੋਂ ਤੰਗ ਆ ਕੇ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫੇ ਦੀ ਮੰਗ ਨੂੰ ਲੈਕੇ ਸ਼ਾਂਤਮਈ ਰੂਪ ਵਿੱਚ ਸੰਘਰਸ਼ ਕਰ ਰਹੇ ਨੌਜਵਾਨਾਂ ਤੇ ਪੁਲਸੀਆ ਤਸ਼ੱਦਦ ਕਾਰਨ ਪੂਰੇ ਭਾਰਤ ਵਿੱਚ ਰੋਸ ਫੈਲ ਗਿਆ ਹੈ। ਪ੍ਰਦਰਸ਼ਨਕਾਰੀਆਂ ਵਾਲੀਆਂ ਸੜਕਾਂ ਉੱਤੇ ਲਾਈਆਂ ਤਮਾਮ ਰੋਕਾਂ ਨੂੰ ਤੋੜਕੇ ਜਦ ਨੌਜਵਾਨਾਂ ਦਾ ਕਾਫਲਾ ਅੱਗੇ ਵਧਿਆ ਤਾਂ ਉਹਨਾਂ ਨੂੰ ਬਿਨਾਂ ਕੋਈ ਅਗਾਊਂ ਚਿਤਾਵਨੀ ਦਿੱਤਿਆਂ ਬੁਰੀ ਤਰ੍ਹਾਂ ਨਾਲ ਜਬਰ ਦਾ ਨਿਸ਼ਾਨਾ ਬਣਾਇਆ ਗਿਆ। ਲਦਾਖੀ ਵਾਤਾਵਰਨ ਪ੍ਰੇਮੀ ਤੇ ਵਿਦਿਆਦਾਨੀ ਸੋਨਮ ਵਾਂਗਚੁਕ ਨੂੰ ਬਿਨਾਂ ਕਿਸੇ ਠੋਸ ਕਰਨ ਦੇ ਹਿਰਾਸਤ ਵਿੱਚ ਲਿਆ। ਇਸ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਸਿੱਖਿਆ ਦੇ ਭਗਵੇਂਕਰਨ ਖਿਲਾਫ ਲੜਦੇ ਰੋਸ ਜਾਹਰ ਕਰਦੇ ਵਿਦਿਆਰਥੀਆਂ ਤੇ ਵੀ ਜਬਰ ਢਾਇਆ ਗਿਆ। ਉਨ੍ਹਾਂ ਸਮੂਹ ਇਨਸਾਫ਼ ਪਸੰਦ ਲੋਕਾਂ ਨੂੰ ਇਸ ਫਾਸ਼ੀਵਾਦੀ ਨੀਤੀਆਂ ਖਿਲਾਫ ਇੱਕਜੁਟ ਹੋ ਟਾਕਰਾ ਕਰਨ ਦਾ ਸੱਦਾ ਦਿੱਤਾ ਹੈ।

# ਅੱਖਾਂ ਤੇ ਜਨਰਲ ਮਰੀਜ਼ਾਂ ਦਾ ਚੈੱਕਅੱਪ ਕੈਂਪ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਪੰਜਾਬ ਸਰਕਾਰ ਦੇ ਹੁਕਮਾਂ ਤੇ ਸਿਵਲ ਸਰਜਨ ਹੁਸ਼ਿਆਰਪੁਰ ਡਾਕਟਰ ਮਨਦੀਪ ਕਮਲ ਜ ਦੇ ਦਿਸ਼ਾ ਨਿਰਦੇਸ਼ਾਂ ਐਸ.ਐਮ.ਓ. ਇੰਚਾਰਜ ਡਾਕਟਰ



ਜਸਵੰਤ ਸਿੰਘ ਥਿੰਦ ਦੀ ਯੋਗ ਅਗਵਾਈ ਹੇਠ ਡਾਕਟਰ ਬਲਜਿੰਦਰ ਕੁਮਾਰ ਸਰਜੀਕਲ ਸਪੈਸ਼ਲਿਸਟ ਦੀ ਦੇਖ ਰੇਖ ਹੇਠ ਪਰਮਿੰਦਰ ਸਿੰਘ ਅਪਥੈਲਮਿਕ ਅਫਸਰ ਤੇ ਸਰਵਣ ਸਿੰਘ ਐੱਮ ਐੱਲ ਟੀ ਨੇ ਡੇਰਾ ਬਾਬਾ ਕੱਲਰਾਂ ਸ਼ੇਰਪੁਰ ਵਿਖੇ ਅੱਖਾਂ ਅਤੇ ਜਨਰਲ ਮਰੀਜ਼ਾਂ ਦਾ ਚੈੱਕ ਅਪ ਕੈਂਪ ਲਗਾਇਆ ਜਿਸ ਵਿੱਚ ਪਰਮਿੰਦਰ ਸਿੰਘ ਨੇ ਅੱਖਾਂ ਦਾ ਚੈੱਕਅੱਪ ਕਰਨ ਉਪਰੰਤ 40 ਤੋਂ 60 ਸਾਲ ਦੇ ਮਰੀਜ਼ਾਂ ਦੇ ਐਨਕਾਂ ਦੇ ਨੰਬਰ ਚੈੱਕ ਕੀਤੇ। ਐੱਮ ਐੱਲ ਏ ਚੱਬੇਵਾਲ ਡਾ. ਇਸ਼ਾਕ ਕੁਮਾਰ ਤੇ ਬਾਬਾ ਰਮੇਸ਼ ਦਾਸ ਨੇ ਪਿੰਡ ਦੇ ਸਰਪੰਚ ਕੁਲਦੀਪ ਸਿੰਘ, ਮੈਂਬਰ ਪੰਚਾਇਤ ਹਰਭਜਨ ਸਿੰਘ, ਮਨਦੀਪ ਸਿੰਘ, ਸਰਬਜੋਤ ਕੌਰ, ਸੁਖਜੀਤ ਕੌਰ ਅਤੇ ਦਿਲਵਾਰਾ ਸਿੰਘ ਦੀ ਹਾਜ਼ਰੀ ਵਿੱਚ 100 ਐਨਕਾਂ ਮਰੀਜ਼ਾਂ ਨੂੰ ਵੰਡੀਆਂ ਜਿਹੜੀਆਂ ਕਿ ਪੰਜਾਬ ਸਰਕਾਰ ਵੱਲੋਂ ਭੇਜੀਆਂ ਗਈਆਂ ਸਨ। ਲੋਕਾਂ ਨੇ ਪੰਜਾਬ ਸਰਕਾਰ ਅਤੇ ਐੱਮ ਐੱਲ ਏ ਡਾਕਟਰ ਇਸ਼ਾਕ ਕੁਮਾਰ ਦਾ ਧੰਨਵਾਦ ਕੀਤਾ। ਡੇਰੇ ਵੱਲੋਂ ਚਾਹ ਪਾਣੀ ਅਤੇ ਗੁਰੂ ਕਾ ਲੰਗਰ ਚਲਾਇਆ ਗਿਆ। ਅੱਖਾਂ ਚੈਕ ਕਰਨ ਤੋਂ ਬਾਅਦ ਪਰਮਿੰਦਰ ਸਿੰਘ ਅਪਥੈਲਮਿਕ ਅਫਸਰ ਨੇ ਅੱਖਾਂ ਦੀ ਸਾਂਭ ਸੰਭਾਲ ਲਈ ਮਰੀਜ਼ਾਂ ਨੂੰ ਉਹਨਾਂ ਨਾਲ ਆਏ ਬੱਚਿਆਂ ਨੂੰ ਮੋਬਾਈਲ ਫੋਨ ਤੇ ਟੈਲੀਵਿਜ਼ਨ ਦੇਖਣ ਤੋਂ ਬਚਣ ਲਈ ਪ੍ਰੇਰਿਆ। ਇਸ ਟੀਮ ਵਿੱਚ ਡਾਕਟਰ ਬਲਜਿੰਦਰ ਨੇ ਹਰਨੀਆਂ, ਗਾਲਬਲੈਡਰ, ਗੁਰਦੇ ਦੀ ਪੱਥਰੀ ਅਤੇ ਸਰਜੀਕਲ ਨਾਲ ਸੰਬੰਧਿਤ ਮਰੀਜ਼ਾਂ ਨੂੰ ਮਾਹਿਲਪੁਰ ਹਸਪਤਾਲ ਰੈਫਰ ਕੀਤਾ, ਜਿੱਥੇ ਮਰੀਜ਼ਾਂ ਦੇ ਮੁਫਤ ਅਪਰੇਸ਼ਨ ਕੀਤੇ ਜਾਂਦੇ ਹਨ। ਸਰਵਣ ਸਿੰਘ ਨੇ 100 ਤੋਂ ਵੱਧ ਮਰੀਜ਼ਾਂ ਦੀ ਬਲੱਡ ਸ਼ੂਗਰ ਤੇ ਖੂਨ ਦੀ ਮਾਤਰਾ ਚੈੱਕ ਕੀਤੀ।

ਅਖੀਰ ਵਿੱਚ ਸੰਤ ਰਮੇਸ਼ ਦਾਸ ਨੇ ਡਾਕਟਰੀ ਟੀਮ ਦਾ ਧੰਨਵਾਦ ਕੀਤਾ ਤੇ ਸਾਰੀ ਟੀਮ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸਰਪੰਚ ਕੁਲਦੀਪ ਸਿੰਘ, ਪੰਚ ਹਰਭਜਨ ਸਿੰਘ, ਪੰਚ ਮਨਦੀਪ ਸਿੰਘ, ਪੰਚ ਸਰਬਜੀਤ ਕੌਰ, ਪੰਚ ਸੁਖਜੀਤ ਕੌਰ, ਪੰਚ ਦਿਲਵਾਰਾ ਸਿੰਘ, ਡਾ. ਬਲਜਿੰਦਰ ਕੁਮਾਰ, ਪਰਮਿੰਦਰ ਸਿੰਘ ਅਪਥੈਲਮਿਕ ਅਫਸਰ, ਸਰਵਨ ਸਿੰਘ ਐੱਮ ਐੱਲ ਟੀ, ਗਗਨਦੀਪ ਸਿੰਘ, ਅਨਿਲ ਕੁਮਾਰ, ਗੁਰਮੀਤ ਸਿੰਘ, ਸਰਬਜੀਤ ਕੌਰ, ਗਗਨਦੀਪ ਸਿੰਘ ਭਾਮ ਆਦਿ ਹਾਜ਼ਰ ਸਨ।

# ਪ੍ਰੀਖਿਆ ਪ੍ਰਣਾਲੀ ਨੂੰ ਨਿਰਪੱਖ ਤੇ ਭਰੋਸੇਯੋਗ ਬਣਾਉਣ ਦੀ ਮੰਗ

**ਚੰਡੀਗੜ੍ਹ (ਸੁਰਜੀਤ ਸੁਮਨ)**- ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੇ ਨੀਟ ਪ੍ਰੀਖਿਆ ਨਾਲ ਜੁੜੇ ਵਿਦਿਆਰਥੀਆਂ ਦੇ ਸੰਘਰਸ਼ ਨਾਲ ਇਕਜੁੱਟਤਾ ਪ੍ਰਗਟ ਕਰਦਿਆਂ ਜੰਤਰ-ਮੰਤਰ ਅਤੇ ਸੰਸਦ ਵੱਲ ਮਾਰਚ ਕਰ ਰਹੇ ਵਿਦਿਆਰਥੀਆਂ ਉੱਤੇ ਪੁਲਸ ਵੱਲੋਂ ਕੀਤੇ ਗਏ ਲਾਠੀਚਾਰਜ, ਹੰਝੂ ਗੈਸ ਦੇ ਗੋਲਿਆਂ ਦੀ ਵਰਤੋਂ ਅਤੇ ਹੋਰ ਬਲ-ਪ੍ਰਯੋਗ ਦੀ ਸਖ਼ਤ ਨਿਖੇਧੀ ਕੀਤੀ ਹੈ। ਸਭਾ ਨੇ ਕਿਹਾ ਕਿ ਜਮਹੂਰੀ ਢੰਗ ਨਾਲ ਆਪਣੀ ਗੱਲ ਰੱਖ ਰਹੇ ਵਿਦਿਆਰਥੀਆਂ ਨਾਲ ਬਲ-ਪ੍ਰਯੋਗ ਕਰਨਾ ਲੋਕਤੰਤਰੀ ਕਦਰਾਂ-ਕੀਮਤਾਂ ਦੇ ਉਲਟ ਹੈ। ਇਸ ਦੇ ਨਾਲ ਹੀ ਸਭਾ ਨੇ ਕਿਹਾ ਕਿ ਪ੍ਰੀਖਿਆ ਪ੍ਰਣਾਲੀ ਦੀ ਭਰੋਸੇਯੋਗਤਾ ਨੂੰ ਹਰ ਹਾਲ ਵਿੱਚ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਅਤੇ ਦੇਸ਼ ਦੇ ਲੱਖਾਂ ਨੌਜਵਾਨਾਂ ਦੇ ਭਵਿੱਖ ਨਾਲ ਜੁੜੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਨੂੰ ਕਿਸੇ ਵੀ ਤਰ੍ਹਾਂ ਦੀ ਬੇਨਿਯਮਤਾ, ਲਾਪਰਵਾਹੀ ਜਾਂ ਅਵਿਸ਼ਵਾਸ ਦਾ ਸ਼ਿਕਾਰ ਨਹੀਂ ਬਣਨ ਦਿੱਤਾ ਜਾ ਸਕਦਾ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਵੱਲੋਂ ਜਾਰੀ ਸਾਂਝੇ ਬਿਆਨ ਵਿੱਚ ਕਿਹਾ ਗਿਆ ਕਿ ਐੱਨ ਡੀ ਏ ਸਰਕਾਰ ਦੀ ਮੌਜੂਦਾ ਸਿੱਖਿਆ ਨੀਤੀ ਅਤੇ ਨੀਟ ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਸੰਚਾਲਨ ਨੂੰ ਲੈ ਕੇ ਲਗਾਤਾਰ ਉੱਠ ਰਹੇ ਵਿਵਾਦ ਨੌਜਵਾਨਾਂ ਵਿੱਚ ਡੂੰਘੀ ਬੇਚੈਨੀ ਅਤੇ ਨਿਰਾਸ਼ਾ ਪੈਦਾ ਕਰ ਰਹੇ ਹਨ। ਜਦੋਂ ਵਾਰ-ਵਾਰ ਪ੍ਰੀਖਿਆਵਾਂ ਦੀ ਨਿਰਪੱਖਤਾ ਅਤੇ ਭਰੋਸੇਯੋਗਤਾ ਉੱਤੇ ਸਵਾਲ ਉੱਠਦੇ ਹਨ ਤਾਂ ਇਹ ਸਿਰਫ਼ ਇੱਕ ਪ੍ਰੀਖਿਆ ਦਾ ਨਹੀਂ, ਸਗੋਂ ਦੇਸ਼ ਦੀ ਸਮੁੱਚੀ ਸਿੱਖਿਆ ਪ੍ਰਣਾਲੀ ਦਾ ਸਵਾਲ ਬਣ ਜਾਂਦਾ ਹੈ। ਅਹੁਦੇਦਾਰਾਂ ਨੇ ਕਿਹਾ ਕਿ ਐਨ.ਡੀ.ਏ. ਸਰਕਾਰ ਦੀਆਂ ਸਿੱਖਿਆ ਨੀਤੀਆਂ ਵਿੱਚ ਵਿਦਿਆਰਥੀਆਂ ਦੀਆਂ ਅਸਲ ਲੋੜਾਂ, ਬਰਾਬਰੀ ਦੇ ਮੌਕਿਆਂ ਅਤੇ ਜਨਤਕ ਸਿੱਖਿਆ ਦੀ ਮਜ਼ਬੂਤੀ ਦੀ ਥਾਂ ਕੇਂਦਰੀਕਰਨ ਅਤੇ ਪ੍ਰੀਖਿਆ-ਕੇਂਦਰਿਤ ਪ੍ਰਣਾਲੀ ਨੂੰ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਨੀਟ ਸਮੇਤ ਕਈ ਪ੍ਰਤੀਯੋਗੀ ਪ੍ਰੀਖਿਆਵਾਂ ਨੂੰ ਲੈ ਕੇ ਸਾਹਮਣੇ ਆਏ ਵਿਵਾਦਾਂ ਨੇ ਇਹ ਚਿੰਤਾ ਹੋਰ ਗੰਭੀਰ ਕਰ ਦਿੱਤੀ ਹੈ ਕਿ ਸਰਕਾਰ ਵਿਦਿਆਰਥੀਆਂ ਦਾ ਭਰੋਸਾ ਬਹਾਲ ਕਰਨ ਵਿੱਚ ਨਾਕਾਮ ਰਹੀ ਹੈ। ਸਭਾ ਨੀਟ ਨਾਲ ਜੁੜੇ ਵਿਦਿਆਰਥੀਆਂ ਦੇ ਜਮਹੂਰੀ ਸੰਘਰਸ਼ ਨਾਲ ਆਪਣੀ ਪੂਰੀ ਇਕਜੁੱਟਤਾ ਦਾ ਪ੍ਰਗਟਾਵਾ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਦੇਸ਼ ਦੀ ਸਿੱਖਿਆ ਪ੍ਰਣਾਲੀ ਨੂੰ ਹੋਰ ਨਿਰਪੱਖ, ਭਰੋਸੇਯੋਗ ਅਤੇ ਵਿਦਿਆਰਥੀ-ਪੱਖੀ ਬਣਾਉਣ ਲਈ ਤੁਰੰਤ ਠੋਸ ਕਦਮ ਚੁੱਕੇ ਜਾਣ।

# ਬਾਬਾ ਸੁਖਦੇਵ ਸਿੰਘ ਬੇਦੀ ਗੁਰਮਤਿ ਪ੍ਰਚਾਰ ਲਈ ਸਵਿਟਜ਼ਰਲੈਂਡ ਤੇ ਜਰਮਨ ਲਈ ਰਵਾਨਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)**- ਗੁਰਦੁਆਰਾ ਗੁਰੂ ਨਾਨਕ ਦਰਬਾਰ ਅਸਥਾਨ ਬਾਬਾ ਸ੍ਰੀ ਚੰਦ ਜੀ ਟਾਂਡਾ ਸ੍ਰੀ ਹਰਗੋਬਿੰਦਪੁਰ ਰੋਡ ਨੇੜੇ ਪਿੰਡ ਗਿੱਲ ਕੋਟਲੀ ਵਿਖੇ ਸਾਉਣ ਮਹੀਨੇ ਦੀ ਪੂਰਨਮਾਸ਼ੀ ਦਾ ਪਵਿੱਤਰ ਦਿਹਾੜਾ 29 ਜੁਲਾਈ ਨੂੰ ਸ਼ਰਧਾ, ਸਤਿਕਾਰ ਤੇ ਸੇਵਾ ਭਾਵਨਾ ਨਾਲ ਮਨਾਇਆ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਸੁਖਦੇਵ ਸਿੰਘ ਬੇਦੀ 16ਵੀਂ ਸੰਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਅੰਸ ਵੰਸ਼ ਦਰਬਾਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਵਾਲਿਆਂ ਨੇ ਗੁਰਮਤਿ ਦੇ ਪ੍ਰਚਾਰ ਲਈ ਸਵਿਟਜ਼ਰਲੈਂਡ ਅਤੇ ਜਰਮਨ ਦੀ ਵਿਦੇਸ਼ ਫੇਰੀ ਲਈ ਰਵਾਨਾ ਹੋਣ ਤੋਂ ਪਹਿਲਾਂ ਦੱਸਿਆ ਕਿ ਪੂਰਨਮਾਸ਼ੀ ਦੇ ਸਬੰਧ ਵਿੱਚ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਭਲਕੇ 23 ਜੁਲਾਈ ਨੂੰ ਆਰੰਭ ਹੋਣਗੇ ਇਸ ਤੋਂ ਇਲਾਵਾ 27 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਆਰੰਭ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਸ੍ਰੀ ਸਹਿਜ ਪਾਠ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 29 ਜੁਲਾਈ ਨੂੰ ਸਵੇਰੇ 10 ਵਜੇ ਪਾਉਣ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਵੇਗੀ। ਇਸ ਤੋਂ ਇਲਾਵਾ ਗੁਰਮਤਿ ਸਮਾਗਮ ਵਿੱਚ ਗਿਆਨੀ ਤਰਸੇਮ ਸਿੰਘ ਖਾਲਸਾ ਅੰਮ੍ਰਿਤਸਰ, ਬਾਬਾ ਗੁਰਜੀਤ ਸਿੰਘ ਗਰਜਾ ਗਿਆਨੀ ਵੀਰ ਸਿੰਘ ਅਤੇ ਹੋਰ ਰਾਗੀ ਢਾਡੀ ਜਥੇ ਪਹੁੰਚ ਕਰਕੇ ਸਰਬੱਤ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਕਥਾ ਵਿਚਾਰਾਂ ਦੁਆਰਾ ਨਿਹਾਲ ਕਰਦੇ ਹੋਏ ਗੁਰੂ ਚਰਨਾਂ ਨਾਲ ਜੋੜਨਗੇ। ਇਸ ਮੌਕੇ ਬਾਬਾ ਜੀ ਦੇ ਨਾਲ ਵਿਦੇਸ਼ੀ ਫੇਰੀ ਲਈ ਰਵਾਨਾ ਹੋਏ ਐਮ.ਬੀ.ਬੀ.ਐਸ ਡਾ. ਜਸ਼ਨਜੋਤ ਸਿੰਘ ਬੇਦੀ ਨੇ ਦੱਸਿਆ ਕਿ ਬਾਬਾ ਸੁਖਦੇਵ ਸਿੰਘ ਆਪਣੀ 10 ਦਿਨਾਂ ਦੀ ਫੇਰੀ ਦੌਰਾਨ ਦੇ ਗੁਰੂ ਘਰਾਂ ਵਿੱਚ ਹੋਣ ਵਾਲੇ ਸਮਾਗਮਾਂ ਦੌਰਾਨ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਅਤੇ ਸਿਧਾਂਤਾਂ ਤੋਂ ਜਾਣੂ ਕਰਵਾਉਂਦੇ ਹੋਏ ਗੁਰੂ ਚਰਨਾਂ ਨਾਲ ਜੋੜਨਗੇ।



ਇਸ ਮੌਕੇ ਉਹਨਾਂ ਤੋਂ ਇਲਾਵਾ ਬਾਬਾ ਸੁਖਵਿੰਦਰ ਸਿੰਘ ਬੇਦੀ, ਕਮੇਟੀ ਪ੍ਰਧਾਨ ਨਾਜਰ ਸਿੰਘ ਸਹਿਬਾਜਪੁਰ, ਡਾ. ਸੁਖਪ੍ਰੀਤ ਸਿੰਘ ਬੇਦੀ, ਲਖਬੀਰ ਸਿੰਘ ਗਿੱਲਾਂ, ਮਾਸਟਰ ਵਿਸਾਖਾ ਸਿੰਘ ਤੋਂ ਇਲਾਵਾ ਹੋਰ ਸੰਗਤਾਂ ਵੀ ਹਾਜ਼ਰ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਮੈਥਾਡੋਨ ਮੇਨਟੇਨੈਂਸ ਥੈਰੇਪੀ ਦੀ ਸ਼ੁਰੂਆਤ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਨੇ ਗੰਭੀਰ ਰੂਪ ਵਿੱਚ ਸਿੰਥੈਟਿਕ ਨਸ਼ੇ (ਓਪੀਓਇਡ) ਨਾਲ ਜੂਝ ਰਹੇ ਲੋਕਾਂ ਲਈ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਨਸ਼ਾ ਛੁਡਾਊ ਇਲਾਜ ਮੈਥਾਡੋਨ ਮੇਨਟੇਨੈਂਸ ਥੈਰੇਪੀ (ਐੱਮ ਐੱਮ ਟੀ) ਦੀ ਸ਼ੁਰੂਆਤ ਕੀਤੀ ਹੈ। ਮੈਥਾਡੋਨ ਦੀ ਸ਼ੁਰੂਆਤ ਸੂਬੇ ਦੀ ਨਸ਼ਿਆਂ ਵਿਰੁੱਧ ਇਲਾਜ-ਕੇਂਦਰਿਤ ਰਣਨੀਤੀ ਨੂੰ ਹੋਰ ਮਜ਼ਬੂਤ ਕਰਨ ਵੱਲ ਮਹੱਤਵਪੂਰਨ ਕਦਮ ਹੈ। ਹੁਣ ਤੱਕ ਸੂਬੇ ਵਿੱਚ ਨਸ਼ਾ ਪੀੜਤਾਂ ਦਾ ਇਲਾਜ ਮੁੱਖ ਤੌਰ 'ਤੇ 500 ਤੋਂ ਵੱਧ ਆਊਟਪੇਸ਼ੈਂਟ ਓਪੀਓਇਡ ਅਸਿਸਟਡ ਟ੍ਰੀਟਮੈਂਟ (ਓ ਓ ਏ ਟੀ) ਕੇਂਦਰਾਂ ਰਾਹੀਂ ਬਿਊਪ੍ਰੇਨੋਰਫਿਨ ਆਧਾਰਿਤ ਓਪੀਓਇਡ ਸਬਸਟੀਚਿਊਸ਼ਨ ਥੈਰੇਪੀ ਨਾਲ ਕੀਤਾ ਜਾਂਦਾ ਸੀ। ਇਸ ਥੈਰੇਪੀ ਵਿੱਚ ਹਾਨੀਕਾਰਕ ਓਪੀਓਇਡ ਦੀ ਥਾਂ ਡਾਕਟਰੀ ਨਿਗਰਾਨੀ ਹੇਠ ਨਿਯੰਤਰਿਤ ਦਵਾਈਆਂ ਦੀ ਵਰਤੋਂ ਕਰਕੇ ਨਸ਼ੇ ਦੇ ਸ਼ਿਕਾਰ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ। ਹੁਣ, ਮੈਥਾਡੋਨ ਮੇਨਟੇਨੈਂਸ ਥੈਰੇਪੀ ਉਨ੍ਹਾਂ ਮਰੀਜ਼ਾਂ ਲਈ ਇਲਾਜ ਦਾ ਵਾਧੂ ਵਿਕਲਪ ਮੁਹੱਈਆ ਕਰਵਾਏਗੀ, ਜੋ ਲੰਬੇ ਸਮੇਂ ਤੋਂ ਸਿੰਥੈਟਿਕ ਨਸ਼ਿਆਂ 'ਤੇ ਨਿਰਭਰ ਹਨ ਅਤੇ ਜਿਨ੍ਹਾਂ 'ਤੇ ਮੌਜੂਦਾ ਇਲਾਜ ਜ਼ਿਆਦਾ ਅਸਰਦਾਰ ਸਾਬਤ ਨਹੀਂ ਹੋਏ ਹਨ। ਇਸ ਵੇਲੇ ਪੰਜਾਬ ਵਿੱਚ ਛੇ ਸਮਰਪਿਤ ਮੈਥਾਡੋਨ ਕਲੀਨਿਕ ਚਾਲੂ ਹਨ। ਇਹ ਸਰਕਾਰੀ ਮੈਡੀਕਲ ਕਾਲਜ ਫ਼ਰੀਦਕੋਟ, ਸਿਵਲ ਹਸਪਤਾਲ ਲੁਧਿਆਣਾ, ਸਰਕਾਰੀ ਮੈਡੀਕਲ ਕਾਲਜ ਪਟਿਆਲਾ ਅਤੇ ਗੁਰਦਾਸਪੁਰ, ਮੋਹਾਲੀ ਤੇ ਜਲੰਧਰ ਦੇ ਜ਼ਿਲ੍ਹਾ ਹਸਪਤਾਲਾਂ ਵਿੱਚ ਸਥਾਪਤ ਕੀਤੇ ਗਏ ਹਨ।

# ਐੱਸ ਆਈ ਆਰ ਦੇ ਸੋਧੇ ਸ਼ਡਿਊਲ ਬਾਰੇ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਦੀਆਂ ਸਾਰੀਆਂ ਮਾਨਤਾ ਪ੍ਰਾਪਤ ਰਾਜਨੀਤਕ



ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਭਾਰਤ ਚੋਣ ਕਮਿਸ਼ਨ ਵੱਲੋਂ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ.ਆਈ.ਆਰ.) -2026 ਲਈ ਜਾਰੀ ਕੀਤੇ ਸੋਧੇ ਪ੍ਰੋਗਰਾਮ ਦੀ ਜਾਣਕਾਰੀ ਦਿੱਤੀ। ਮੀਟਿੰਗ ਵਿੱਚ ਦੱਸਿਆ ਗਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ 15 ਜੁਲਾਈ 2026 ਨੂੰ ਐੱਸ.ਆਈ.ਆਰ.-2026 ਦਾ ਸੋਧਿਆ ਹੋਇਆ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ। ਇਸ ਅਨੁਸਾਰ ਬੂਥ ਲੈਵਲ ਅਫ਼ਸਰ (ਬੀ.ਐੱਲ.ਓ.) ਵੱਲੋਂ ਘਰ-ਘਰ ਜਾ ਕੇ ਵੋਟਰਾਂ ਦਾ ਸਰਵੇਖਣ 3 ਅਗਸਤ 2026 ਤੱਕ ਕੀਤਾ ਜਾਵੇਗਾ। ਇਸ ਤੋਂ ਬਾਅਦ 3 ਅਗਸਤ ਨੂੰ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜ਼ੇਸ਼ਨ ਅਤੇ ਪੁਨਰ-ਵਿਵਸਥਾ, 13 ਅਗਸਤ ਨੂੰ ਵੋਟਰ ਸੂਚੀ ਦਾ ਡਰਾਫਟ ਪ੍ਰਕਾਸ਼ਨ, 13 ਅਗਸਤ ਤੋਂ 12 ਸਤੰਬਰ ਤੱਕ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਦੀ ਮਿਆਦ, 13 ਅਗਸਤ ਤੋਂ 8 ਅਕਤੂਬਰ ਤੱਕ ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ ਅਤੇ 12 ਅਕਤੂਬਰ 2026 ਨੂੰ ਅੰਤਿਮ ਵੋਟਰ ਸੂਚੀ ਪ੍ਰਕਾਸ਼ਿਤ ਕੀਤੀ ਜਾਵੇਗੀ। ਆਸ਼ਿਕਾ ਜੈਨ ਨੇ ਰਾਜਨੀਤਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਮੁਹਿੰਮ ਦਾ ਵੱਧ ਤੋਂ ਵੱਧ ਪ੍ਰਚਾਰ-ਪ੍ਰਸਾਰ ਕਰਨ ਤਾਂ ਜੋ ਵੱਧ ਤੋਂ ਵੱਧ ਯੋਗ ਨਾਗਰਿਕ ਇਸ ਪ੍ਰਕਿਰਿਆ ਦਾ ਲਾਭ ਲੈ ਸਕਣ। ਉਨ੍ਹਾਂ ਕਿਹਾ ਕਿ ਘਰ-ਘਰ ਸਰਵੇ ਮੁਹਿੰਮ ਨੂੰ ਸਮੇਂ ਸਿਰ ਪੂਰਾ ਕਰਨ ਲਈ ਰਾਜਨੀਤਕ ਪਾਰਟੀਆਂ ਆਪਣੇ-ਆਪਣੇ ਨਿਯੁਕਤ ਬੂਥ ਲੈਵਲ ਏਜੰਟਾਂ (ਬੀ.ਐੱਲ.ਏ.) ਨੂੰ ਹਦਾਇਤ ਕਰਨ ਕਿ ਉਹ ਬੀ.ਐੱਲ.ਓ. ਵੱਲੋਂ ਮੀਟਿੰਗ ਦਾ ਨੋਟਿਸ ਮਿਲਣ ਤੇ ਨਿਰਧਾਰਿਤ ਸਮੇਂ ਅਨੁਸਾਰ ਮੀਟਿੰਗ ਵਿੱਚ ਲਾਜ਼ਮੀ ਸ਼ਾਮਲ ਹੋਣ। ਇਸ ਮੌਕੇ ਆਮ ਆਦਮੀ ਪਾਰਟੀ ਤੋਂ ਖੁਸ਼ੀ ਰਾਮ ਧੀਮਾਨ, ਇੰਡੀਅਨ ਨੈਸ਼ਨਲ ਕਾਂਗਰਸ ਤੋਂ ਰਜਨੀਸ਼ ਟੰਡਨ, ਸੀ ਪੀ ਆਈ (ਐੱਮ) ਤੋਂ ਬਲਵਿੰਦਰ ਸਿੰਘ, ਤਹਿਸੀਲਦਾਰ ਚੋਣ ਰਮਨਦੀਪ ਕੌਰ ਤੇ ਚੋਣ ਕਾਨੂੰਨਗੋ ਲਖਬੀਰ ਸਿੰਘ ਵੀ ਹਾਜ਼ਰ ਸਨ।

# ਗੁਰਜੋਤ ਕੌਰ ਗੁਰੂ ਨਾਨਕ ਦੇਵ 'ਵਰਸਿਟੀ ਦੇ ਬੋਰਡ ਆਫ਼ ਕੰਟਰੋਲ ਦੇ ਬਣੇ ਮੈਂਬਰ

**ਜਲੰਧਰ (ਰਾਜੇਸ਼ ਥਾਪਾ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਇਕ ਅਹਿਮ ਫ਼ੈਸਲਾ ਲੈਂਦਿਆਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਲੰਬਰਦਾਰ ਅਦਾਰਾ ਅਜੀਤ ਦੇ ਸੀਨੀਅਰ ਐਗਜ਼ੀਕਿਊਟਿਵ ਮੈਡਮ ਗੁਰਜੋਤ ਕੌਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਬੋਰਡ ਆਫ਼ ਕੰਟਰੋਲ ਦੇ 6ਵੀਂ ਵਾਰ ਮੈਂਬਰ ਨਿਯੁਕਤ ਕੀਤਾ ਹੈ। ਉਹ ਇਸ ਅਹਿਮ ਅਹੁਦੇ 'ਤੇ 1 ਜੁਲਾਈ 2026 ਤੋਂ ਲੈ ਕੇ 30 ਜੂਨ 2027 ਤੱਕ ਆਪਣੀਆ ਸੇਵਾਵਾਂ ਨਿਭਾਉਣਗੇ। ਉਨ੍ਹਾਂ ਦੀ ਨਿਯੁਕਤੀ ਬੋਰਡ ਆਫ ਕੰਟਰੋਲ 'ਚ ਪੰਜਾਬੀ ਵਿਸ਼ੇ 'ਤੇ ਕੀਤੀ ਗਈ ਹੈ।



ਜ਼ਿਕਰਯੋਗ ਹੈ ਕਿ ਬੋਰਡ ਆਫ ਕੰਟਰੋਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਭ ਤੋਂ ਅਹਿਮ ਸੰਸਥਾ ਹੈ। ਗੁਰਜੋਤ ਕੌਰ ਬੋਰਡ ਆਫ਼ ਕੰਟਰੋਲ ਦੇ ਨਾਲ-ਨਾਲ ਇਸ ਤੋਂ ਪਹਿਲਾ 'ਵਰਸਿਟੀ ਦੇ ਬੋਰਡ ਆਫ ਸਟੱਡੀਜ਼ ਦੇ ਮੈਂਬਰ ਵੀ ਰਹਿ ਚੁੱਕੇ ਹਨ। ਬੋਰਡ ਆਫ ਕੰਟਰੋਲ ਨੇ ਹੀ ਪੰਜਾਬੀ ਵਿਸ਼ੇ ਦਾ ਮੁੱਢਲੇ ਤੋਂ ਲੈ ਕੇ ਪੀ ਐੱਚ ਡੀ. ਤੱਕ ਦਾ ਸਿਲੇਬਸ ਤਿਆਰ ਕਰਨਾ ਹੁੰਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ: ਕਰਮਜੀਤ ਸਿੰਘ ਵਲੋਂ ਬੋਰਡ ਆਫ ਕੰਟਰੋਲ 'ਚ ਬਤੌਰ ਉੱਘੇ ਸਨਅਤਕਾਰ ਵਜੋਂ ਗੁਰਜੋਤ ਕੌਰ ਤੋਂ ਇਲਾਵਾ ਪੰਜਾਬੀ ਅਧਿਐਨ ਸਕੂਲ ਦੇ ਮੁੱਖੀ ਪ੍ਰੋ: ਡਾ. ਮਨਜਿੰਦਰ ਸਿੰਘ ਨੂੰ ਚੇਅਰਪਰਸਨ, ਪ੍ਰੋ: ਡਾ. ਰਵੀ ਰਵਿੰਦਰ ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ ਨੂੰ ਵਿਸ਼ਾ ਮਾਹਿਰ ਵਜੋਂ ਨਿਯੁਕਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਅਧਿਐਨ ਸਕੂਲ ਦੇ ਡਾ. ਬਲਜੀਤ ਕੌਰ, ਡਾ. ਹਰਿੰਦਰ ਕੌਰ, ਡਾ. ਮੇਘਾ ਸਲਵਾਨ, ਡਾ. ਰਾਜਵਿੰਦਰ ਕੌਰ, ਡਾ. ਸਿਮਰਨਜੀਤ ਸਿੰਘ ਮੈਂਬਰ ਹੋਣਗੇ। ਇਸ ਸਬੰਧੀ ਮੈਡਮ ਗੁਰਜੋਤ ਕੌਰ ਨੇ 'ਵਰਸਿਟੀ ਵਲੋਂ ਸੌਂਪੀ ਗਈ ਜ਼ਿੰਮੇਵਾਰੀ ਲਈ ਉਪ ਕੁਲਪਤੀ ਪ੍ਰੋ: ਕਰਮਜੀਤ ਸਿੰਘ ਦਾ ਧੰਨਵਾਦ ਕਰਦਿਆ ਕਿਹਾ ਕਿ ਉਨ੍ਹਾਂ ਵਲੋਂ ਹਮੇਸ਼ਾ ਹੀ ਆਪਣੇ ਪਰਵਾਰ ਖਾਸ ਕਰਕੇ ਪਿਤਾ ਪਦਮ ਵਿਭੂਸ਼ਣ ਡਾ. ਬਰਜਿੰਦਰ ਸਿੰਘ ਹਮਦਰਦ ਪਾਸੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੰਮ ਕਰਨ ਸੰਬੰਧੀ ਬਹੁਤ ਕੁੱਝ ਸਿੱਖਿਆ ਹੈ ਅਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਉਹ ਹਮੇਸ਼ਾ ਮਾਂ ਬੋਲੀ ਪੰਜਾਬੀ ਨੂੰ ਪ੍ਰਫੁਲਿਤ ਕਰਨ ਲਈ ਯਤਨਸ਼ੀਲ ਰਹੇ ਹਨ ਅਤੇ ਅਜਿਹੇ 'ਚ ਉਹ ਵਰਸਿਟੀ ਵਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਪਹਿਲਾਂ ਵਾਂਗ ਹੀ ਹਰ ਸੰਭਵ ਉਪਰਾਲਾ ਕਰਨਗੇ ਤਾਂ ਜੋ ਮਾਂ ਬੋਲੀ ਪੰਜਾਬੀ ਨੂੰ ਜਿਥੇ ਬਣਦਾ ਮਾਣ ਸਤਿਕਾਰ ਮਿਲਦਾ ਰਹੇ ਉਥੇ ਹੀ ਅਜੋਕੇ ਸਮੇਂ ਦੌਰਾਨ ਵਿਦਿਆਰਥੀਆ ਲਈ ਪੰਜਾਬੀ ਭਾਸ਼ਾ 'ਚ ਵਧੇਰੇ ਰੁਜਗਾਰ ਦੇ ਵਸੀਲੇ ਪੈਦਾ ਕਰਨ ਲਈ ਲੋੜੀਦੇ ਕਦਮ ਅਤੇ ਆਧੁਨਿਕ ਢੰਗ ਤਰੀਕਿਆ ਨਾਲ ਮਾਂ ਬੋਲੀ ਨੂੰ ਹੋਰ ਪ੍ਰਫੁਲਿਤ ਕਰਨ ਲਈ ਹਮੇਸ਼ਾ ਵਾਂਗ ਤਤਪਰ ਰਹਿਣਗੇ।

# ਬੱਡੋਆਣ ਵਿਖੇ ਉਸਾਰੀ ਕਿਰਤੀਆਂ ਦਾ ਕੈਂਪ ਲਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪਿੰਡ ਬੱਡੋਆਣ ਵਿਖੇ ਕੰਸਟ੍ਰਕਸ਼ਨ ਵੈਲਫੇਅਰ ਬੋਰਡ ਵਲੋਂ ਸਹਾਇਕ ਕਿਰਤ ਕਮਿਸ਼ਨਰ ਦੇ ਦਿਸ਼ਾ ਨਿਰਦੇਸ਼ ਹੇਠ ਉਸਾਰੀ ਕਿਰਤੀਆਂ ਦਾ ਕੈਂਪ ਲਾਇਆ ਗਿਆ।



ਇਸ ਮੌਕੇ ਟੈਕਨੀਕਲ ਅਸਿਸਟੈਂਟ ਬੰਧਨਾਂ ਅਨੰਦ, ਆਲ ਬੀ ਉ ਸੀ ਬੋਰਡ ਰਣਬੀਰ ਸਿੰਘ, ਸੀਟੂ ਆਗੂ ਮਹਿੰਦਰ ਕੁਮਾਰ ਬੱਡੋਆਣ, ਸੰਜੀਵ ਕੁਮਾਰ, ਕਿਸ਼ਨ ਦਿਆਲ ਹਾਜ਼ਰੀ ਹੇਠ ਘੱਟੋ ਘੱਟ ਤੀਹ ਕਿਰਤੀਆਂ ਦੀ ਸਹਾਇਕ ਕਿਰਤੀ ਐਪ ਦੁਆਰਾ ਰਜਿਸਟ੍ਰੇਸ਼ਨ ਕੀਤੀ ਗਈ। ਸੀਟੂ ਆਗੂਆਂ ਨੇ ਮੰਗ ਕੀਤੀ ਰਜਿਸਟ੍ਰੇਸ਼ਨ ਪ੍ਰਣਾਲੀ ਸੁਖਾਲੀ ਕੀਤੀ ਜਾਵੇ। ਬਲਾਕ ਲੇਬਰ ਤੋਂ ਜ਼ਿਲੇ ਤੱਕ ਲੇਬਰ ਦਫ਼ਤਰ ਖੋਲੇ ਜਾਣ, ਰਜਿਸਟ੍ਰੇਸ਼ਨ ਲਾਭ ਲੈਣ ਲਈ ਆਨਲਾਈਨ ਅਤੇ ਆਫਲਾਇਨ ਦੋਨੋ ਪ੍ਰਣਾਲੀ ਵਿਚ ਰਜਿਸਟਰੇਸ਼ਨ ਕੀਤੀ ਜਾਣੀ ਯਕੀਨੀ ਬਣਾਈ ਜਾਵੇ, ਤਕਰੀਬਨ 2017 ਤੋਂ 26 ਲੱਖ ਕਿਰਤੀ ਰਜਿਸਟ੍ਰੇਸ਼ਨ ਹੋਈ ਹੈ ਪਰ ਲੱਖਾ ਕਿਰਤੀ ਲਾਭ ਲੈਣ ਤੋਂ ਵਾਝੇ ਹਨ ਕਿਉਂਕਿ ਉਹਨਾਂ ਦੇ ਕੇਸਾ ਤੇ ਇਤਰਾਜ਼ ਲੱਗੇ ਪਏ ਹਨ। ਕਿਰਤੀਆਂ ਦੇ ਬਨਦੇ ਲਾਭ ਤੁਰੰਤ ਦਿਤੇ ਜਾਣ 5000 ਤੋਂ ਉਪਰ ਐਕਸੀਡੈਂਟ ਕੇਸ ਪੈਡਿਗ ਪਏ ਹਨ ਉਹਨਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।

# ਡਾ. ਰਾਜੀਵ ਪਰਾਸ਼ਰ ਨੇ ਸਿਵਲ ਸਰਜਨ ਵਜੋਂ ਅਹੁਦਾ ਸੰਭਾਲਿਆ



**ਕਪੂਰਥਲਾ (ਡਾ. ਰਮਨ)**- ਡਾ. ਰਾਜੀਵ ਪਰਾਸ਼ਰ ਵੱਲੋਂ ਸਿਵਲ ਸਰਜਨ ਕਪੂਰਥਲਾ ਦਾ ਅਹੁਦਾ ਸੰਭਾਲਿਆ ਗਿਆ। ਦਫਤਰ ਸਿਵਲ ਸਰਜਨ ਦੇ ਸਮੂਹ ਪ੍ਰੋਗਰਾਮ ਆਫਿਸਰ ਅਤੇ ਸਟਾਫ਼ ਵਲੋ ਡਾ ਰਾਜੀਵ ਪ੍ਰਾਸ਼ਰ ਨੂੰ ਫੁੱਲਾਂ ਦਾ ਗੁੱਲਦਸਤਾ ਦੇ ਕੇ ਸਵਾਗਤ ਕੀਤਾ। ਡਾ ਰਾਜੀਵ ਪਰਾਸ਼ਰ ਨੇ ਨਵੰਬਰ 1995 ਵਿੱਚ ਫ਼ਿਰੋਜ਼ਪੁਰ ਵਿਖੇ ਬਤੌਰ ਮੈਡੀਕਲ ਅਫ਼ਸਰ ਸਿਹਤ ਵਿਭਾਗ ਵਿੱਚ ਤਾਇਨਾਤ ਹੋਏ ਸਨ। ਇਸ ਉਪਰੰਤ ਉਨ੍ਹਾਂ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਆਮ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾ ਪ੍ਰਦਾਨ ਕੀਤੀਆ। ਡਾ. ਰਾਜੀਵ ਪ੍ਰਾਸ਼ਰ ਵੱਲੋਂ ਕਪੂਰਥਲਾ ਜ਼ਿਲ੍ਹੇ ਵਿੱਚ ਬਤੌਰ ਜ਼ਿਲਾ ਸਿਹਤ ਅਫਸਰ ਦੇ ਅਹੁਦੇ ਤੇ ਵੀ ਸੇਵਾਵਾਂ ਨਿਭਾਈਆਂ। ਜ਼ਿਕਰਯੋਗ ਹੈ ਕਿ ਡਾਕਟਰ ਪਰਾਸ਼ਰ ਇਸ ਤੋਂ ਪਹਿਲਾਂ ਡਾਇਰੈਕਟਰ ਪ੍ਰਕਿਓਰਮੈਂਟ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਜੋਂ ਸੇਵਾਵਾਂ ਦੇ ਰਹੇ ਸਨ ਬਦਲੀ ਉਪਰੰਤ ਸਿਵਲ ਸਰਜਨ ਕਪੂਰਥਲਾ ਦਾ ਅਹੁਦਾ ਸੰਭਾਲਣ ਤੋਂ ਬਾਅਦ ਡਾਕਟਰ ਰਾਜੀਵ ਪਰਾਸ਼ਰ ਨੇ ਕਿਹਾ ਕਿ ਸਾਰੇ ਸਰਕਾਰੀ ਪ੍ਰੋਗਰਾਮਾਂ ਨੂੰ ਇੰਨ-ਬਿੰਨ ਲਾਗੂ ਕਰਨਾ ਅਤੇ ਆਮ ਆਦਮੀ ਕਲੀਨਿਕ ਅਤੇ ਸਰਕਾਰੀ ਹਸਪਤਾਲਾਂ ਵਿੱਚ ਆਮ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣਾਂ ਹੀ ਮੇਰਾ ਮੁੱਖ ਮਕਸਦ ਹੈ।

# ਗੱਤਕਾ ਖੇਡਣ ਤੇ ਦੁਮਾਲਾ ਸਜਾਉਣ ਦੇ ਮੁਕਾਬਲਿਆਂ 'ਚ ਭਾਗ ਲੈਣ ਵਾਲੀਆਂ ਟੀਮਾਂ ਦਾ ਸਨਮਾਨ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਗੱਤਕਾ ਖੇਡਣ ਅਤੇ ਦੁਮਾਲਾ ਸਜਾਉਣ ਦੇ ਮੁਕਾਬਲਿਆ 'ਚ ਭਾਗ ਲੈਣ ਵਾਲੀਆਂ ਟੀਮਾਂ ਦਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬ ਰੇਲਵੇ ਰੋਡ ਹੁਸ਼ਿਆਰਪੁਰ ਵਿਖੇ ਲਾਇਨਜ਼ ਕਲੱਬ ਇੰਟਰਨੈਸ਼ਨਲ ਵੱਲੋ, ਲਾਇਨਜ ਕਲੱਬ ਰਿਹਾਣਾ ਜੱਟਾ ਕੋਹਿਨੂਰ 3214 ਦੇ ਪ੍ਰਧਾਨ ਲਾਇਨ ਡਾਕਟਰ ਮੁੱਖਤਿਆਰ ਸਿੰਘ ਧਾਲੀਵਾਲ, ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ, ਹੁਸ਼ਿਆਰਪੁਰ ਸਮਰਪਣ ਐਕਟਿਵ ਦੇ ਡਾਇਰੈਕਟਰ ਲਾਇਨ ਐਮ ਪੀ ਸਿੱਧੂ ਦੀ ਅਗਵਾਈ ਹੇਠ ਪੁਰਜੋਰ ਸਵਾਗਤ ਤੇ ਸਨਮਾਨ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋ 50 ਤੋ ਵੱਧ ਗੁਰਸਿੱਖ ਸੰਗਤ ਲਈ ਗੁਰੂ ਸਾਹਿਬ ਦੇ ਲੰਗਰ ਅਤੇ ਚਾਹ ਪਾਣੀ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ। ਜੱਜ ਦੀ ਸੇਵਾ ਨਿਭਾਅ ਰਹ ਜਥੇਦਾਰ ਗੁਰਪ੍ਰੀਤ ਸਿੰਘ, ਜਥੇਦਾਰ ਸਤਪਾਲ ਸਿੰਘ ਬਾਗੀ, ਜਥੇਦਾਰ ਕੁਲਜੀਤ ਸਿੰਘ ਅਤੇ ਅੰਤਰ ਰਾਸ਼ਟਰੀ ਗੱਤਕਾ ਖਿਡਾਰੀ ਗੁਰਪ੍ਰੀਤ




ਸਿੰਘ ਬਬਰ ਨੂਰ ਲਾਇਨਜ ਇੰਟਰਨੈਸ਼ਨਲ ਵੱਲੋ ਵਿਸੇਸ਼ ਸਨਮਾਨ ਪੱਤਰ ਭੇਟ ਕੀਤੇ ਗਏ। ਗਤਕਾ ਪਾਰਟੀਆ ਬੁਲੋਵਾਲ , ਸਤੋਰ, ਹੁਸ਼ਿਆਰਪੁਰ, ਕੰਧਾਲਾ ਜੱਟਾ, ਢਡੇ ਫਤਿਹ ਸਿੰਘ, ਦਸੂਹਾ ਤੋ ਭਾਗ ਲਿਆ।

# ਵੈਂਟੀਲੇਟਰ ਐਂਬੂਲੈਂਸ ਦਾ ਲੋਕ ਅਰਪਣ ਤੇ ਖੂਨ-ਦਾਨ ਕੈਂਪ 26 ਨੂੰ

**ਫਗਵਾੜਾ (ਡਾ. ਰਮਨ)**- ਸਮਾਜ ਸੇਵਾ ਦੇ ਖੇਤਰ ਵਿੱਚ ਸਰਗਰਮ ਨਵਿਆ ਹੈਲਪਿੰਗ ਹੈਂਡਜ਼ (ਸਾਂਪਲਾ ਫਾਊਂਡੇਸ਼ਨ) ਵੱਲੋਂ 26 ਜੁਲਾਈ, ਦਿਨ ਐਤਵਾਰ ਨੂੰ ਫਗਵਾੜਾ ਵਿਖੇ ਲੋਕ ਭਲਾਈ ਲਈ ਇਕ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ। ਇੱਥੇ ਆਯੋਜਿਤ ਪ੍ਰੈਸ ਵਾਰਤਾ ਦੌਰਾਨ ਨਵਿਆ ਹੈਲਪਿੰਗ ਹੈਂਡਜ ਦੇ ਚੇਅਰਮੈਨ ਵਿਜੇ ਸਾਂਪਲਾ (ਸਾਬਕਾ ਕੇਂਦਰੀ ਮੰਤਰੀ ਤੇ ਸਾਬਕਾ ਚੇਅਰਮੈਨ ਐੱਸ ਸੀ ਕਮਿਸ਼ਨ) ਨੇ ਦੱਸਿਆ ਕਿ 26 ਜੁਲਾਈ ਨੂੰ ਆਧੂਨਿਕ ਸਹੂਲਤਾਂ ਨਾਲ ਲੈਸ ਵੈਂਟੀਲੇਟਰ ਐਂਬੂਲੈਂਸ ਲੋਕਾਂ ਨੂੰ ਸਮਰਪਿਤ ਕੀਤੀ ਜਾਵੇਗੀ। ਇਸ ਦੇ ਨਾਲ ਹੀ ਵਿਸ਼ਾਲ ਖੂਨਦਾਨ ਕੈਂਪ ਵੀ ਲਗਾਇਆ ਜਾਵੇਗਾ। ਸਮਾਗਮ ਦਾ ਆਯੋਜਨ ਮਹਾਰਾਜਾ ਪੈਲੇਸ, ਬੰਗਾ ਰੋਡ, ਫਗਵਾੜਾ ਵਿਖੇ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਕੀਤਾ ਜਾਵੇਗਾ।



ਉਹਨਾਂ ਦੱਸਿਆ ਕਿ ਐਂਬੂਲੈਂਸ ਨੂੰ ਲੋਕ ਅਰਪਣ ਅਤੇ ਖੂਨ ਦਾਨ ਕੈਂਪ ਦਾ ਉਦਘਾਟਨ ਕਰਨ ਲਈ ਮੁੱਖ ਮਹਿਮਾਨ ਵਜੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸ਼ਿਰਕਤ ਕਰਨਗੇ। ਨਵਿਆ ਹੈਲਪਿੰਗ ਹੈਂਡਜ ਦੇ ਪ੍ਰਧਾਨ ਆਸ਼ੂ ਸਾਂਪਲਾ ਨੇ ਦੱਸਿਆ ਕਿ ਸਾਂਪਲਾ ਫਾਊਂਡੇਸ਼ਨ ਦੇ ਚੇਅਰਮੈਨ ਵਜੋਂ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ। ਆਸ਼ੂ ਸਾਂਪਲਾ ਨੇ ਦੱਸਿਆ ਕਿ ਫਗਵਾੜਾ ਦੇ ਵਸਨੀਕਾਂ ਨੂੰ ਐਮਰਜੈਂਸੀ ਮੈਡੀਕਲ ਸੇਵਾਵਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਇਸ ਵੈਂਟੀਲੇਟਰ ਐਂਬੂਲੈਂਸ ਦੀ ਸੇਵਾ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਦਾ ਵਾਅਦਾ ਸ਼ਹਿਰ ਵਾਸੀਆਂ ਦੇ ਨਾਲ ਸਾਬਕਾ ਮੰਤਰੀ ਵਿਜੇ ਸਾਂਪਲਾ ਵਲੋਂ ਕੀਤਾ ਗਿਆ ਸੀ। ਇਸ ਮੌਕੇ ਸਾਬਕਾ ਨਗਰ ਕੌਂਸਲ ਫਗਵਾੜਾ ਦੇ ਪ੍ਰਧਾਨ ਬਲਭੱਦਰ ਸੈਨ ਦੁੱਗਲ, ਨਗਰ ਸੁਧਾਰ ਟਰੱਸਟ ਫਗਵਾੜਾ ਦੇ ਸਾਬਕਾ ਚੇਅਰਮੈਨ ਤੇਜਸਵੀ ਭਾਰਦਵਾਜ, ਮਹਿੰਦਰ ਥਾਪਰ, ਪ੍ਰਮੋਦ ਮਿਸ਼ਰਾ, ਬਲਵਿੰਦਰ ਠਾਕੁਰ, ਆਸ਼ੂ ਪੁਰੀ, ਰਾਜਿੰਦਰ ਸੋਂਧੀ, ਰਮਨ ਨਹਿਰਾ, ਸੁਰਿੰਦਰ ਜੋਰਡਨ, ਮੁਨੀਸ਼ ਸ਼ਰਮਾ, ਸ਼ਿਵਰੰਜਨ ਦੁੱਗਲ, ਜਤਿਨ ਵੋਹਰਾ, ਅਸ਼ੋਕ ਦੁੱਗਲ, ਵਰਿੰਦਰ ਸ਼ਰਮਾ, ਰਾਜਿੰਦਰ ਸ਼ਰਮਾ, ਰਾਜਕੁਮਾਰ ਰਾਣਾ, ਜਤਿਨ ਰਾਜਪੂਤ, ਮਨੀਸ਼ ਸ਼ਰਮਾ, ਡਾ. ਨਿਖਿਲ ਖੋਸਲਾ, ਰਜਨੀ ਬਾਲਾ, ਭਾਰਤੀ ਸ਼ਰਮਾ, ਰਾਧਿਕਾ ਸੇਖੜੀ, ਸੀਮਾ ਚੱਢਾ, ਅੰਜਲੀ ਪਾਂਡੇ, ਰਿੰਪੀ, ਅੰਕਿਤਾ ਕੌੜਾ, ਸਿਧਾਰਥ ਰਾਜ, ਦੀਪਕ ਮਲਹੋਤਰਾ, ਬੇਵਨ ਸ਼ਰਮਾ ਆਦਿ ਹਾਜਰ ਸਨ।

# ਸੰਘੀ ਗੁੰਡਾਗਰਦੀ ਖਿਲਾਫ ਪੁਤਲਾ ਫੂਕ ਮੁਜ਼ਾਹਰੇ 23 ਤੋਂ 30 ਤੱਕ

**ਜਲੰਧਰ (ਰਾਜੇਸ਼ ਥਾਪਾ, ਲਖਵਿੰਦਰ ਸਿੰਘ ਆਧੀ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ), ਸੀ ਪੀ ਆਈ (ਐਮ ਐਲ) ਨਿਊ ਡੈਮੋਕ੍ਰੇਸੀ, ਸੀ ਪੀ ਆਈ (ਐਮ ਐਲ) ਲਿਬ੍ਰੇਸ਼ਨ ਤੇ ਐਮ ਸੀ ਪੀ ਆਈ-ਯੂ ਨੇ ਨਵੀਂ ਦਿੱਲੀ ਪੁਲਸ ਵਲੋਂ ਅੰਦੋਲਨਕਾਰੀ ਨੌਜਵਾਨਾਂ, ਖਾਸ ਕਰਕੇ ਲੜਕੀਆਂ 'ਤੇ ਢਾਹੇ ਵਹਿਸ਼ੀਆਨਾ ਜਬਰ ਵਿਰੁੱਧ 23 ਤੋਂ 30 ਜੁਲਾਈ ਤੱਕ ਪਿੰਡਾਂ-ਸ਼ਹਿਰਾਂ 'ਚ ਭਰਵੇਂ ਇਕੱਠ ਕਰਕੇ ਮੋਦੀ ਸਰਕਾਰ ਤੇ ਸੰਘ-ਭਾਜਪਾ ਦੇ ਪੁਤਲੇ ਫੂਕੇ ਜਾਣ ਦਾ ਐਲਾਨ ਕੀਤਾ ਹੈ। ਉਕਤ ਰੋਸ ਐਕਸ਼ਨਾਂ ਦੌਰਾਨ ਪ੍ਰਾਂਤ ਦੀਆਂ ਬਾਕੀ ਖੱਬੀਆਂ ਪਾਰਟੀਆਂ ਨੂੰ ਵੀ ਨਾਲ ਲੈਣ ਦੇ ਸਿਰਤੋੜ ਯਤਨ ਕੀਤੇ ਜਾਣਗੇ।

ਇਹ ਜਾਣਕਾਰੀ ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਚੌਹਾਂ ਪਾਰਟੀਆਂ ਦੇ ਸੂਬਾਈ ਆਗੂਆਂ ਪਰਗਟ ਸਿੰਘ ਜਾਮਾਰਾਏ, ਅਜਮੇਰ ਸਿੰਘ ਸਮਰਾ, ਰਾਜਬਿੰਦਰ ਸਿੰਘ ਰਾਣਾ ਤੇ ਕਿਰਨਜੀਤ ਸਿੰਘ ਸੇਖੋਂ ਨੇ ਦਿੱਤੀ ਹੈ।

ਆਗੂਆਂ ਨੇ ਕਿਹਾ ਹੈ ਕਿ ਪੁਲਸ ਦੇ ਨਾਲ ਮਿਲ ਕੇ ਨੌਜਵਾਨਾਂ 'ਤੇ ਕਹਿਰ ਢਾਹੁਣ ਵਾਲੇ ਸੰਘ ਪਰਵਾਰ ਦੇ ਗੁਰਗਿਆਂ, ਜਿਨ੍ਹਾਂ ਚੋਂ ਬਹੁਤਿਆਂ ਦੀ ਬਾਖੂਬੀ ਪਛਾਣ ਕੀਤੀ ਜਾ ਚੁੱਕੀ ਹੈ, ਵਿਰੁੱਧ ਕਾਨੂੰਨ ਦੀਆਂ ਬਣਦੀਆਂ ਧਾਰਾਵਾਂ ਤਹਿਤ ਪਰਚੇ ਦਰਜ ਕੀਤੇ ਜਾਣ। ਆਗੂਆਂ ਨੇ ਸੈਂਕੜਿਆਂ ਦੀ ਗਿਣਤੀ 'ਚ ਪ੍ਰੀਖਿਆ ਪਰਚੇ ਲੀਕ ਹੋਣੋਂ ਨਾਕਾਮ ਰਹਿਣ ਵਾਲੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਫੌਰੀ ਅਸਤੀਫੇ ਦੀ ਮੰਗ ਵੀ ਕੀਤੀ ਹੈ।

# ਵਿਧਾਇਕ ਨੇ ਖੇਡ ਮੈਦਾਨ ਦੇ ਕੰਮ ਦਾ ਜਾਇਜ਼ਾ ਲਿਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਹਲਕਾ ਨਕੋਦਰ ਅਧੀਨ ਪਿੰਡਾਂ ਵਿੱਚ ਬਣ ਰਹੇ ਦੇ ਕੰਮਾਂ ਦਾ ਜਾਇਜ਼ਾ ਲੈਣ ਲਈ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਸੰਬੰਧਿਤ ਅਫ਼ਸਰ ਤੋਂ ਮੀਟਿੰਗ ਦੌਰਾਨ ਜਾਣਿਆ ਕਿ ਬਣ ਰਹੇ ਖੇਡ ਦੇ ਮੈਦਾਨ ਦੀ ਕੀ ਪੁਜੀਸ਼ਨ ਹੈ। ਕੰਮ ਨੂੰ ਹੋਰ ਤੇਜ਼ ਕਰਨ ਲਈ ਬੀਬੀ ਮਾਨ ਨੇ ਕਿਹਾ ਕਿ ਇਹ 30 ਗਰਾਉਂਡ ਤਿਆਰ ਹੋਣ ਉਪਰੰਤ ਅਗਲੇ 30 ਗਰਾਉਂਡਾਂ ਦਾ ਕੰਮ ਜਲਦ ਸ਼ੁਰੂ ਹੋਵੇਗਾ ਜਿਸ ਨੂੰ ਲੈ ਕੇ ਕੰਮ ਦੀ ਰਫ਼ਤਾਰ ਹੋਰ ਵਧਾਉਣ ਲਈ ਹਦਾਇਤ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਲੇਬਰ ਦੀ ਕਮੀ ਕਾਰਨ ਕੰਮ ਦੀ ਰਫ਼ਤਾਰ ਤੇ ਫਰਕ ਪਿਆ ਹੈ। ਇਸ ਮੀਟਿੰਗ ਵਿੱਚ ਐੱਸ ਡੀ ਓ ਅਸ਼ਵਨੀ ਗੇੜਾ, ਬੀ ਡੀ ਓ ਅਭੈ ਚੰਦਰ ਕੈਲਾ, ਜੇ ਈ ਅਵਿਨਾਸ਼, ਡੀ ਪੀ ਹਰਮੇਸ਼ ਲਾਲ, ਰਾਜਿੰਦਰ ਸਿੰਘ ਬਿਲਗਾ ਹਾਜ਼ਰ ਸਨ।



# ਪੀਰ ਬਾਬਾ ਲੱਖਾ ਦੀ ਦਰਗਾਹ 'ਤੇ ਸਾਲਾਨਾ ਮੇਲਾ ਮਨਾਇਆ

**ਜਲੰਧਰ (ਲਖਵਿੰਦਰ ਸਿੰਘ ਆਧੀ)**- ਜ਼ਿਲ੍ਹਾ ਜਲੰਧਰ ਦੇ ਪਿੰਡ ਆਧੀ ਵਿਖੇ ਪੀਰ ਬਾਬਾ ਲੱਖਾ ਜੀ ਦੀ ਦਰਗਾਹ 'ਤੇ 27ਵਾਂ ਸਾਲਾਨਾ ਦੋ-ਰੋਜ਼ਾ ਮੇਲਾ ਬੜੀ ਹੀ ਸ਼ਰਧਾ-ਭਾਵਨਾ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਇਹ ਮੇਲਾ ਸਮੂਹ ਐੱਨ ਆਰ ਆਈ, ਗ੍ਰਾਮ ਪੰਚਾਇਤ ਤੇ ਸਮੂਹ ਨਗਰ ਨਿਵਾਸੀਆਂ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਇਆ ਗਿਆ।



ਮੇਲੇ ਦੇ ਪਹਿਲੇ ਦਿਨ, 16 ਜੁਲਾਈ ਨੂੰ ਰਵਾਇਤੀ ਤਰੀਕੇ ਨਾਲ ਝੰਡੇ ਦੀ ਰਸਮ ਅਦਾ ਕੀਤੀ ਗਈ, ਜਿਸ ਉਪਰੰਤ ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। 17 ਜੁਲਾਈ ਨੂੰ ਸੱਭਿਆਚਾਰਕ ਪ੍ਰੋਗਰਾਮ ਦਾ ਆਗਾਜ਼ ਦੁਪਹਿਰ 12 ਵਜੇ ਗ੍ਰਾਮ ਪੰਚਾਇਤ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਨਾਮਵਰ ਕਲਾਕਾਰਾਂ ਅਮਰੀਕ ਮਾਈਕਲ, ਨੂਰ ਸਿੱਧੂ (ਦੋਗਾਣਾ ਜੋੜੀ), ਸੀਮਾ ਅਨਜਾਨ, ਗੁਰਪ੍ਰੀਤ ਗੋਪੀ, ਜਗਤਾਰ ਤਾਰੀ, ਜੇ ਸੰਧੂ, ਰਾਜਵੀਰ ਰੱਜੀ, ਅੰਕੁਸ਼ ਆਧੀ ਅਤੇ ਸੁਨੀਲ ਮੱਟੂ ਨੇ ਆਪਣੀ ਗਾਇਕੀ ਰਾਹੀਂ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਪ੍ਰੋਗਰਾਮ ਦੌਰਾਨ ਆਮ ਆਗੂ ਬਲਦੇਵ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਕੜਕਦੀ ਧੁੱਪ ਵਿੱਚ ਬੈਠ ਕੇ ਪ੍ਰੋਗਰਾਮ ਦਾ ਆਨੰਦ ਮਾਣ ਰਹੇ ਸਮੂਹ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਮਨਜੀਤ ਰਾਣੀ ਸਰਪੰਚ, ਅਮਰਜੀਤ ਕੌਰ ਪੰਚ, ਗੁਰਵਿੰਦਰ ਕੌਰ ਪੰਚ, ਸਰਬਜੀਤ ਕੌਰ ਪੰਚ, ਬਲਵੀਰ ਸਿੰਘ, ਦਲਜੀਤ ਸਿੰਘ, ਰਣਬੀਰ ਸਿੰਘ ਨੂਰਾ ,ਹਰਨੇਕ ਸਿੰਘ (ਸਾਬਕਾ ਪੰਚ), ਜਸਵਿੰਦਰ ਸਿੰਘ (ਸਾਬਕਾ ਪੰਚ), ਕੈਪਟਨ ਚਰਨ ਸਿੰਘ (ਸਾਬਕਾ ਸਰਪੰਚ), ਗੁਰਦੀਪ ਚੰਦ (ਸਾਬਕਾ ਪੰਚ), ਸੋਡੀ, ਜਗਤਾਰ ਸਿੰਘ ਤਾਰੀ, ਜੀਤਾ, ਸੁਖਦੇਵ ਸਿੰਘ ਬੱਗਾ, ਡਾ. ਗਿਆਨੀ, ਹਰਮੇਲ ਸਿੰਘ, ਪੀਤਾ, ਸਾਬੀ, ਮੋਹਣ ਸਿੰਘ, ਲਵਪ੍ਰੀਤ, ਗੁਰਦੇਵ ਸਿੰਘ ਬਿੱਟੂ, ਮੇਜਰ ਸਿੰਘ ਪਿੱਲੂ, ਯਾਦਵਿੰਦਰ ਸਿੰਘ ਯਾਦੋ, ਜਗਵਿੰਦਰ ਸਿੰਘ ਜੱਗਾ, ਲੱਖੀ ਟੇਲਰ ਸਮੇਤ ਸਮੂਹ ਕਮੇਟੀ ਮੈਂਬਰ, ਪੰਚਾਇਤ ਮੈਂਬਰ ਅਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ। ਮੇਲਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਰਾਤ ਦਿਨ ਇਕ ਕਰਕੇ ਮੇਲੇ ਦੀ ਜ਼ੁਮੇਵਾਰੀ ਨਿਭਾਈ ਤੇ ਮੇਲਾ ਯਾਦਗਾਰੀ ਹੋ ਨਿੱਬੜਿਆ। ਮੇਲੇ ਦੌਰਾਨ ਸੇਵਾਦਾਰਾਂ ਵੱਲੋਂ ਸੰਗਤਾਂ ਦੀ ਸਹੂਲਤ ਲਈ ਠੰਢੇ-ਮਿੱਠੇ ਜਲ ਅਤੇ ਜੀਰੇ ਵਾਲੀ ਸ਼ਬੀਲ ਲਗਾਈ ਗਈ। ਸਮੁੱਚੇ ਮੇਲੇ ਦੌਰਾਨ ਗੁਰੂ ਕਾ ਲੰਗਰ ਨਿਰਵਿਘਨ ਵਰਤਦਾ ਰਿਹਾ, ਜਿਸ ਦਾ ਸੰਗਤਾਂ ਨੇ ਭਰਪੂਰ ਆਨੰਦ ਮਾਣਿਆ।

# ਐਡਵੋਕੇਟ ਪ੍ਰਮਿੰਦਰ ਸਿੰਘ ਗਿੱਲ ਬਣੇ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ

**ਚੰਡੀਗੜ੍ਹ (ਸੁਰਜੀਤ ਸੁਮਨ)**- ਪੰਜਾਬੀ ਸਾਹਿਤ ਸਭਾ (ਰਜਿ.) ਮੁਹਾਲੀ ਦੀ ਇਕੱਤਰਤਾ ਨਗਰ ਨਿਗਮ ਦੀ ਪਬਲਿਕ ਲਾਇਬ੍ਰੇਰੀ, ਸੈਕਟਰ 69, ਮੁਹਾਲੀ ਵਿਖੇ ਸੁਸ਼ੀਲ ਦੁਸਾਂਝ ਦੀ ਪ੍ਰਧਾਨਗੀ ਹੇਠ ਹੋਈ। ਸਰਬਸੰਮਤੀ ਨਾਲ ਸਭਾ ਦੀ ਨਵੀਂ ਚੁਣੀ



ਪ੍ਰਬੰਧਕੀ-ਕਮੇਟੀ ਬਾਰੇ ਦੱਸਿਆ ਗਿਆ, ਜਿਸ 'ਤੇ ਸਾਰੇ ਮੈਂਬਰਾਂ ਨੇ ਸਹਿਮਤੀ ਪ੍ਰਗਟਾਈ। ਨਵੀਂ ਚੁਣੀ ਪ੍ਰਬੰਧਕੀ ਕਮੇਟੀ ਵਿੱਚ ਚੇਅਰਮੈਨ ਡਾ. ਦੀਪਕ ਮਨਮੋਹਨ ਸਿੰਘ, ਪ੍ਰਧਾਨ ਐਡਵੋਕੇਟ ਪ੍ਰਮਿੰਦਰ ਸਿੰਘ ਗਿੱਲ, ਜਰਨਲ ਸਕੱਤਰ ਸਵੈਰਾਜ ਸੰਧੂ, ਸੀਨੀਅਰ ਮੀਤ ਪ੍ਰਧਾਨ ਭੁਪਿੰਦਰ ਸਿੰਘ ਮਟੌਰਵਾਲਾ, ਮੀਤ ਪ੍ਰਧਾਨ ਹਰਿੰਦਰਜੀਤ ਸਿੰਘ ਹਰ, ਵਿੱਤ ਸਕੱਤਰ ਡਾ. ਨਿਰਮਲ ਸਿੰਘ ਬਾਸੀ, ਪ੍ਰੈੱਸ ਸਕੱਤਰ ਇੰਦਰਜੀਤ ਸਿੰਘ ਜਾਵਾ ਅਤੇ ਬਲਵਿੰਦਰ ਸਿੰਘ ਧਨੋਆ, ਜਰਨੈਲ ਸਿੰਘ ਰੰਗੀ, ਡਾ. ਪਰਮਜੀਤ ਸਿੰਘ ਭੁੱਲਰ, ਡਾ. ਸੁਰਿੰਦਰ ਗਿੱਲ, ਡਾ. ਸ਼ਿੰਦਰਪਾਲ ਸਿੰਘ, ਦਵਿੰਦਰ ਗਰੇਵਾਲ - ਯੂ.ਐਸ.ਏ., ਡਾ. ਗੁਰਮੇਜ ਸਿੰਘ, ਜਗਜੀਤ ਸਿੰਘ ਲੱਟੀ-ਯੂ ਐੱਸ ਏ ਨੂੰ ਸਰਪ੍ਰਸਤ ਚੁਣਿਆ ਗਿਆ। ਇਸੇ ਤਰ੍ਹਾਂ ਪ੍ਰੋ. ਅਵਤਾਰ ਸਿੰਘ, ਡਾ. ਮਲਕੀਅਤ ਸਿੰਘ ਬੈਦਵਾਣ, ਬਲਵਿੰਦਰ ਸਿੰਘ ਢਿੱਲੋਂ, ਕਰਮਜੀਤ ਸਿੰਘ ਚਿੱਲਾ, ਸੁਰਜੀਤ ਸੁਮਨ, ਰਘਬੀਰ ਸਿੰਘ ਭੁੱਲਰ, ਚਰਨਜੀਤ ਕੌਰ ਅਤੇ ਸਿਮਰਨਜੀਤ ਕੌਰ ਗਰੇਵਾਲ ਨੂੰ ਕਾਰਜਕਾਰੀ ਅਧਿਕਾਰੀ ਚੁਣਿਆ ਗਿਆ ਹੈ। ਸਭਾ ਦੇ ਪ੍ਰੈੱਸ ਸਕੱਤਰ ਇੰਦਰਜੀਤ ਜਾਵਾ ਨੇ ਕਿਹਾ ਕਿ ਕੈਨੇਡਾ ਫੇਰੀ ਤੋਂ ਵਾਪਸ ਪਰਤੇ ਐਡਵੋਕੇਟ ਪ੍ਰਮਿੰਦਰ ਸਿੰਘ ਗਿੱਲ ਨੇ ਟਰਾਂਟੋ, ਬਰੈਂਪਟਨ ਅਤੇ ਇਸ ਦੇ ਆਸ-ਪਾਸ ਸਾਹਿਤਕ ਸਰਗਰਮੀਆਂ, ਪੰਜਾਬੀ ਕਾਨਫਰੰਸ ਅਤੇ ਕੁਝ ਪੰਜਾਬੀ ਪ੍ਰੇਮੀਆਂ ਦਾ ਖੁੱਲ੍ਹ ਕੇ ਜ਼ਿਕਰ ਕਰਦਿਆਂ ਕਿਹਾ ਕਿ ਮਾਂ ਬੋਲੀ ਪੰਜਾਬੀ ਦਾ ਸੱਤ ਸਮੁੰਦਰੋਂ ਪਾਰ ਵੀ ਝੰਡਾ ਬੁਲੰਦ ਹੈ। ਸਰੋਤਿਆਂ ਦੇ ਸਵਾਲਾਂ ਦੇ ਜਵਾਬ ਵਿਚ ਉਨ੍ਹਾਂ ਨੇ ਮਾਂ ਬੋਲੀ ਬਾਰੇ ਵੱਡਮੁੱਲੀ ਜਾਣਕਾਰੀ ਸਾਂਝੀ ਕੀਤੀ ਹੈ। ਇਸ ਮੌਕੇ ਪ੍ਰੋ. ਬਲਬੀਰ ਸਿੰਘ ਖੰਨਾ ਨੇ ਆਪਣੀ ਕਹਾਣੀ 'ਹਨੇਰੀਆਂ ਰਾਤਾਂ ਦਾ ਸੱਚ' ਪੜ੍ਹਕੇ ਸੁਣਾਈ।

# ਬੀਬੀ ਸਰੋਜ ਰਾਣੀ ਨਾਹਰ ਦੀ ਅੰਤਮ ਯਾਤਰਾ 'ਚ ਸੈਂਕੜੇ ਲੋਕ ਸ਼ਾਮਲ ਹੋਏ

**ਅੰਤਿਮ ਅਰਦਾਸ 26 ਨੂੰ**

**ਸ਼ਾਹਕੋਟ (ਗਿਆਨ ਸੈਦਪੁਰੀ)**- ਭਾਰਤੀ ਜਨਤਾ ਪਾਰਟੀ ਦੇ ਆਗੂ ਤੇ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ ਕਮਲ ਕੁਮਾਰ ਨਾਹਰ ਦੀ ਪਤਨੀ ਤੇ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ ਬੀਬੀ ਸਰੋਜ ਰਾਣੀ ਨਾਹਰ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਹ 18 ਜੁਲਾਈ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੇ ਪੁੱਤਰ ਵਿਸ਼ਾਲ ਨਾਹਰ ਦੇ ਵਿਦੇਸ਼ ਪਰਤਣ ਤੋਂ ਬਾਅਦ ਮੰਗਲਵਾਰ ਨੂੰ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਬੀਬੀ ਸਰੋਜ ਰਾਣੀ ਨਾਹਰ ਦੇ ਅੰਤਿਮ ਸੰਸਕਾਰ ਮੌਕੇ ਸੈਂਕੜੇ ਲੋਕ ਸ਼ਾਮਲ ਹੋਏ। ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਕੈਂਪ ਇੰਚਾਰਜ ਭਾਜਪਾ ਵਿਧਾਨ ਸਭਾ ਹਲਕਾ ਸ਼ਾਹਕੋਟ ਰਾਣਾ ਹਰਦੀਪ ਸਿੰਘ, ਸਾਬਕਾ ਮੈਂਬਰ ਪਾਰਲੀਮੈਂਟ ਸੁਸ਼ੀਲ ਰਿੰਕੂ ਨੇ ਅੰਤਿਮ ਯਾਤਰਾ ਵਿੱਚ ਸ਼ਾਮਲ ਹੋ ਕੇ ਕਮਲ ਕੁਮਾਰ ਨਾਹਰ ਤੇ ਸਮੁੱਚੇ ਨਾਹਰ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਅੰਤਮ ਯਾਤਰਾ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ ਗੁਲਜ਼ਾਰ ਸਿੰਘ ਥਿੰਦ, ਸੀਨੀਅਰ ਭਾਜਪਾ ਆਗੂ ਤੇ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ ਹਰਦੇਵ ਸਿੰਘ ਪੀਟਾ, ਕਾਂਗਰਸ ਬਲਾਕ ਪ੍ਰਧਾਨ ਤੇ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ, ਸੁਰਿੰਦਰਜੀਤ ਸਿੰਘ ਚੱਠਾ, ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਮਹਿਤਪੁਰ ਬਲਕਾਰ ਸਿੰਘ ਚੱਠਾ, ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਜਥੇਦਾਰ ਸੁਲੱਖਣ ਸਿੰਘ ਨਿਮਾਜੀਪੁਰ, ਸੀਨੀਅਰ ਆਗੂ ਵਰਿੰਦਰ ਚੌਧਰੀ, ਆਜ਼ਾਦ ਸਪੋਰਟਸ ਕਲੱਬ ਦੇ ਪ੍ਰਧਾਨ ਬੂਟਾ ਸਿੰਘ ਕਲਸੀ, ਮੈਂਬਰ ਨਗਰ ਪੰਚਾਇਤ ਸ਼ਾਹਕੋਟ ਸਤੀਸ਼ ਰਿਹਾਨ ਸਾਬਕਾ ਐਮ. ਸੀ. ਜਤਿੰਦਰ ਪਾਲ ਸਿੰਘ ਜੱਸਲ, ਪ੍ਰਿੰਸੀਪਲ ਮਨਜੀਤ ਸਿੰਘ, ਅੰਮ੍ਰਿਤ ਲਾਲ ਕਾਕਾ, ਡਾ. ਅਰਵਿੰਦਰ ਸਿੰਘ ਰੂਪਰਾ, ਸੂਬਾ ਪ੍ਰਧਾਨ ਡਾ. ਬੀ.ਆਰ ਅੰਬੇਡਕਰ ਕੁਲਵੰਤ ਸਿੰਘ ਕੰਤਾ ਢੰਡੋਵਾਲ, ਸੋਨੂੰ ਕੰਗ ਪੀ.ਏ, ਪਹਿਲਵਾਨ ਲਹਿੰਬਰ ਸਿੰਘ, ਪਹਿਲਵਾਨ ਮਜੀਦਾ, ਕਰਾਂਤੀਜੀਤ ਸਾਬਕਾ ਮੈਂਬਰ ਨਗਰ ਪੰਚਾਇਤ ਮਹਿਤਪੁਰ, ਭਾਜਪਾ ਆਗੂ ਦਲਬੀਰ ਸਿੰਘ ਸੱਭਰਵਾਲ, ਅਨਿਲ ਕੁਮਾਰ ਮਲਸੀਆਂ, ਡਾ. ਨਗਿੰਦਰ ਸਿੰਘ ਬਾਂਸਲ, ਵਿਵੇਕ ਸ਼ਰਮਾ, ਸਾਬਕਾ ਐਮ.ਸੀ. ਤਾਰਾ ਚੰਦ, ਸੀ ਪੀ ਆਈ (ਐਮ) ਦੇ ਸੂਬਾਈ ਆਗੂ ਵਰਿੰਦਰਪਾਲ ਕਾਲਾ, ਸਾਬਕਾ ਐਮ.ਸੀ ਰੋਮੀ ਗਿੱਲ, ਡਾ ਵਿਜੈ ਸਡਾਨਾ, ਤਰਲੋਕ ਸਿੰਘ ਰੂਪਰਾ, ਭਾਜਪਾ ਆਗੂ ਅਸ਼ਵਨੀ ਮਿੱਤਲ, ਵਾਤਾਵਰਣ ਸੁਸਾਇਟੀ ਦੇ ਪ੍ਰਧਾਨ ਬੰਟੀ ਬਠੱਲਾ ਆਦਿ ਸ਼ਾਮਲ ਸਨ। ਬੀਬੀ ਸਰੋਜ ਰਾਣੀ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਪੁੱਤਰਾਂ ਵਰਿੰਦਰ ਨਾਹਰ ਤੇ ਵਿਸ਼ਾਲ ਨਾਹਰ ਨੇ ਵਿਖਾਈ। ਪਰਵਾਰਕ ਸੂਤਰਾਂ ਅਨੁਸਾਰ ਬੀਬੀ ਸਰੋਜ ਰਾਣੀ ਨਾਹਰ ਨਮਿਤ ਅੰਤਿਮ ਅਰਦਾਸ 26 ਜੁਲਾਈ ਦਿਨ ਐਤਵਾਰ ਗੁਰਦੁਆਰਾ ਸਿੰਘ ਸਭਾ ਸ਼ਾਹਕੋਟ 1 ਵਜੇ ਤੋਂ 2 ਵਜੇ ਤੱਕ ਹੋਵੇਗੀ।

